ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 22 | Issue 186| 30 July to 5 August, 2025 | Ph.: (510) 240-5949 | Email: asrtimes@gmail.com

# ਕੀ ਲੈਂਡ ਪੂਲਿੰਗ ਨੀਤੀ ਦੇ ਪ੍ਰਤੀਕਰਮ ’ਚ ਕਿਸਾਨ ਅੰਦੋਲਨ ਮੁੜ ਭੜਕੇਗਾ ?

## ‘ਆਪ’ ਸਰਕਾਰ ਦਾ ਸਿਆਸੀ ਸੰਕਟ ਹੋਇਆ ਡੂੰਘਾ: ਪੇਂਡੂ ਵੋਟ ਬੈਂਕ ’ਤੇ ਪੈ ਸਕਦਾ ਹੈ ਅਸਰ

### ਵਿਰੋਧੀ ਪਾਰਟੀਆਂ ਸਰਕਾਰ ਖ਼ਿਲਾਫ਼, ਕਿਸਾਨਾਂ ਵੱਲੋਂ ਸੂਬੇ ਭਰ ’ਚ ਟਰੈਕਟਰ ਮਾਰਚ

### ਸਰਕਾਰੀ ਨੀਤੀ ਨੂੰ ਖੇਤੀ ਤੇ ਆਰਥਿਕ ਉਜਾੜੇ ਦੀ ਸਾਜ਼ਿਸ਼ ਮੰਨ ਰਹੇ ਹਨ ਕਿਸਾਨ

ਲੈਂਡ ਪੂਲਿੰਗ ਨੀਤੀ ਨੂੰ ਲੈ ਕੇ ਪੰਜਾਬ ਦੇ ਕਿਸਾਨਾਂ ਵਿੱਚ ਗੁੱਸਾ ਸਿਖਰਾਂ ’ਤੇ ਹੈ। ਸੰਯੁਕਤ ਕਿਸਾਨ ਮੋਰਚਾ ਨੇ ਅੱਜ ਬੁੱਧਵਾਰ ਨੂੰ ਸੂਬੇ ਭਰ ਵਿੱਚ ਟਰੈਕਟਰ ਮਾਰਚ ਕੀਤਾ ਹੈ, ਜੋ ਦਰਸਾਉਂਦਾ ਹੈ ਕਿ ਅੰਦੋਲਨ ਦੀਆਂ ਤਿਆਰੀਆਂ ਜ਼ੋਰਾਂ ’ਤੇ ਹਨ। ਕਿਸਾਨ ਸੰਗਠਨਾਂ ਨੇ ਸਰਕਾਰ ਦੀ ਸੋਧੀ ਹੋਈ ਨੀਤੀ, ਜਿਸ ਵਿੱਚ ਜ਼ਮੀਨ ਦੇ ਬਦਲੇ ਪਲਾਟ, ਸਾਲਾਨਾ 1 ਲੱਖ ਰੁਪਏ ਅਤੇ 50,000 ਰੁਪਏ ਦਾ ਚੈੱਕ ਦੇਣ ਦੀ ਗੱਲ ਕੀਤੀ ਗਈ ਹੈ, ਨੂੰ ਵੀ ਨਕਾਰ ਦਿੱਤਾ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਇਹ ਸਾਰਾ ਢਾਂਚਾ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਬਣਾਇਆ ਗਿਆ ਹੈ, ਜਿਸ ਵਿੱਚ ਜ਼ਰਖੇਜ਼ ਜ਼ਮੀਨਾਂ ਨੂੰ ਕੰਕਰੀਟ ਦੇ ਜੰਗਲਾਂ ਵਿੱਚ ਬਦਲਿਆ ਜਾਵੇਗਾ।

ਪੰਜਾਬ ਦੇ 107 ਪਿੰਡਾਂ ਦੀਆਂ ਪੰਚਾਇਤਾਂ ਨੇ ਇਸ ਨੀਤੀ ਵਿਰੁੱਧ ਮਤੇ ਪਾਸ ਕਰਕੇ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਉਹ ਆਪਣੀਆਂ ਜ਼ਮੀਨਾਂ ਨਹੀਂ ਛੱਡਣਗੇ। ਸੋਸ਼ਲ ਮੀਡੀਆ ’ਤੇ ਵੀ ਵੀਡੀਓਜ਼ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ ਵਿੱਚ ਕਿਸਾਨ ਸਰਕਾਰੀ ਅਧਿਕਾਰੀਆਂ ਜਾਂ ਆਪ ਸਮਰਥਕਾਂ ਨੂੰ ਪਿੰਡਾਂ ਵਿੱਚ ਦਾਖਲ ਹੋਣ ’ਤੇ ਸਖ਼ਤ ਨਤੀਜਿਆਂ ਦੀਆਂ ਧਮਕੀਆਂ ਦੇ ਰਹੇ ਹਨ। ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਪ੍ਰਧਾਨ ਮਨਜੀਤ ਸਿੰਘ ਰਾਏ ਵਰਗੇ ਆਗੂਆਂ ਨੇ ਖੁੱਲ੍ਹ ਕੇ ਕਿਹਾ ਹੈ ਕਿ ਉਹ ਜ਼ਮੀਨ ’ਤੇ ਦਾਖਲ ਹੋਣ ਵਾਲਿਆਂ ਨੂੰ ਨਹੀਂ ਬਖ਼ਸ਼ਣਗੇ।

ਇਹ ਸਾਰੇ ਸੰਕੇਤ ਦਰਸਾਉਂਦੇ ਹਨ ਕਿ ਲੈਂਡ ਪੂਲਿੰਗ ਨੀਤੀ ਦੇ ਵਿਰੁੱਧ ਅੰਦੋਲਨ ਨਾ ਸਿਰਫ਼ ਭੜਕੇਗਾ, ਸਗੋਂ ਸ਼ੰਭੂ ਬਾਰਡਰ ਵਰਗੇ ਪਿਛਲੇ ਅੰਦੋਲਨਾਂ ਵਾਂਗ ਤਿੱਖਾ ਅਤੇ ਲੰਮਾ ਵੀ ਹੋ ਸਕਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਿਸਾਨ ਅੰਦੋਲਨ ਕਾਰਨ ਸਰਕਾਰ ਲਈ ਇਸ ਨੀਤੀ ਨੂੰ ਅੱਗੇ ਵਧਾਉਣਾ ਔਖਾ ਹੋਵੇਗਾ। ਲੈਂਡ ਪੂਲਿੰਗ ਨੀਤੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਸਿਆਸੀ ਸੰਕਟ ਪੈਦਾ ਕਰ ਦਿੱਤਾ ਹੈ। ਪੰਜਾਬ ਦੇ ਪੇਂਡੂ ਖੇਤਰਾਂ ਨੇ 2014 ਅਤੇ 2022 ਦੀਆਂ ਚੋਣਾਂ ਵਿੱਚ ਆਪ ਨੂੰ ਮਜ਼ਬੂਤ ਸਮਰਥਨ ਦਿੱਤਾ ਸੀ, ਪਰ ਹੁਣ ਇਹ ਨੀਤੀ ਪੇਂਡੂ ਵੋਟਰਾਂ ਵਿੱਚ ਆਪ ਦੀ ਸਾਖ ਨੂੰ ਡੋਬਣ ਦਾ ਕਾਰਨ ਬਣ ਰਹੀ ਹੈ। ਕਿਸਾਨ ਸੰਗਠਨਾਂ ਦੇ ਵਿਰੋਧ ਅਤੇ ਵਿਰੋਧੀ ਪਾਰਟੀਆਂ ਦੀ ਆਲੋਚਨਾ ਨੇ ਆਪ ਦੀ ਸਰਕਾਰ ਨੂੰ ਬਚਾਅ ਦੀ ਸਥਿਤੀ ਵਿੱਚ ਲਿਆ ਖੜ੍ਹਾ ਕਰ ਦਿੱਤਾ ਹੈ।



**ਆਪ ਨੇਤਾ ਤੇ ਕੇਡਰ ਸਰਕਾਰ ਦੀ ਪਾਲਿਸੀ ਵਿਰੁਧ**

ਸਿਆਸੀ ਵਿਰੋਧੀਆਂ, ਕਿਸਾਨਾਂ ਤੋਂ ਬਾਅਦ ਹੁਣ ਆਪ ਆਗੂ ਵੀ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਨਿੱਤਰਨ ਲੱਗੇ ਹਨ। ਪਾਰਟੀ ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਜਿੱਥੇ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਐਕਸ ਅਤੇ ਫੇਸਬੁੱਕ ਪੇਜ਼ ’ਤੇ ਪੋਸਟ ਸਾਂਝੀ ਕਰਦਿਆਂ ਪਾਰਟੀ ਸੁਪਰੀਮੋ ਕੇਜ਼ਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਸਲਾਹ ਦਿੱਤੀ ਸੀ। ਉਥੇ ਪਾਰਟੀ ਦੇ ਇੱਕ ਬਲਾਕ ਪ੍ਰਧਾਨ ਤਪਿੰਦਰ ਸਿੰਘ ਗਰੇਵਾਲ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪਾਰਟੀ ਦੇ ਐੱਮ.ਪੀ. ਵੱਲੋਂ ਕਿਸਾਨਾਂ ਦੇ ਹੱਕ ਵਿੱਚ ਖੜ੍ਹੇ ਹੋਣ ਨਾਲ ਪਾਰਟੀ ਲਈ ਮੁਸੀਬਤ ਖੜ੍ਹੀ ਹੋ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਕੰਗ ਦੀ ਪੋਸਟ ਐਕਸ ’ਤੇ ਡਲੀਟ ਹੋ ਗਈ ਹੈ, ਪਰ ਫੇਸਬੁਕ ਪੇਜ਼ ’ਤੇ ਅਜੇ ਤੱਕ ਬਣੀ ਹੋਈ ਹੈ। ਸੱਤਾ ਦੇ ਗਲਿਆਰਿਆ ਵਿੱਚ ਚਰਚਾ ਹੈ ਕਿ ਕੰਗ ਦੀ ਪੋਸਟ ਨਾਲ ਸਰਕਾਰ ਦੀ ਕਿਰਕਰੀ ਹੋਈ , ਜਿਸ ਕਰਕੇ ਇਹ ਪੋਸਟ ਹਟਾ ਦਿੱਤੀ ਗਈ ਸੀ।

ਇੱਥੇ ਦੱਸਿਆ ਜਾਂਦਾ ਹੈ ਕਿ ਮਾਲਵਿੰਦਰ ਸਿੰਘ ਕੰਗ ਪਹਿਲਾਂ ਭਾਜਪਾ ਦੇ ਜਨਰਲ ਸਕੱਤਰ ਸਨ ਅਤੇ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਵਿਰੋਧ ਵਿੱਚ ਉਹਨਾਂ ਭਾਜਪਾ ਦਾ ਸਾਥ ਛੱਡ ਦਿੱਤਾ ਸੀ।

**ਕਿਸਾਨਾਂ ਵੱਲੋਂ ਤਿੱਖਾ ਵਿਰੋਧ, ਲਹਿਰ ਬਣਨ ਦੀ ਸੰਭਾਵਨਾ**

ਹਾਲਾਂ ਕਿ ਪਿੰਡਾਂ ਵਿੱਚ ਕਿਸਾਨਾਂ ਵੱਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। ਕਈ ਪਿੰਡਾਂ ਨੇ ਆਪ ਆਗੂਆਂ ਦੀ ਪਿੰਡਾਂ ਵਿੱਚ ਪ੍ਰਵੇਸ਼ ਨੂੰ ਲੈ ਕੇ ਪੋਸਟਰ ਵੀ ਲਗਾ ਦਿੱਤੇ ਹਨ, ਇਸ ਦੇ ਬਾਵਜੂਦ ਸਰਕਾਰ ਇਸ ਨੀਤੀ ਨੂੰ ਹਰ ਹਾਲਤ ਵਿੱਚ ਲਾਗੂ ਕਰਨਾ ਚਾਹੁੰਦੀ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ਼ ਸਤਿੰਦਰ ਜੈਨ ਪਾਰਟੀ ਵਿਧਾਇਕਾਂ, ਵੱਖ ਵੱਖ ਵਿੰਗਾਂ ਦੇ ਅਹੁਦੇਦਾਰਾਂ ਅਤੇ ਪਾਰਟੀ ਆਗੂਆਂ ਨਾਲ ਤਿੰਨ ਮੀਟਿੰਗਾਂ ਕਰ ਚੁੱਕੇ ਹਨ। ਉਨ੍ਹਾਂ ਨੂੰ ਲੈਂਡ ਪੂਲਿੰਗ ਸੰਬੰਧੀ ਪੈਂਫਲੇਟ ਵੀ ਦਿੱਤੇ ਗਏ ਹਨ ਤਾਂ ਜੋ ਉਹ ਉਨ੍ਹਾਂ ਨੂੰ ਕਿਸਾਨਾਂ ਦੇ ਇਤਰਾਜ਼ਾਂ ਤੋਂ ਜਾਣੂ ਕਰਵਾ ਸਕਣ। ਪੰਜਾਬ ਕੈਬਨਿਟ ਪਾਲਸੀ ਵਿੱਚ ਸੋਧ ਵੀ ਕਰ ਚੁੱਕੀ ਹੈ। ਇਸ ਦੇ ਬਾਵਜੂਦ ਕਿਸਾਨਾਂ ਦਾ ਗੁੱਸਾ ਠੰਡਾ ਨਹੀਂ ਹੋ ਰਿਹਾ।

ਜੇਕਰ ਕਿਸਾਨ ਅੰਦੋਲਨ ਤਿੱਖਾ ਹੋਇਆ, ਤਾਂ ਆਪ ਨੂੰ ਪੇਂਡੂ ਖੇਤਰਾਂ ਵਿੱਚ ਵੱਡਾ ਸਿਆਸੀ ਨੁਕਸਾਨ ਹੋ ਸਕਦਾ ਹੈ, ਜੋ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਪੱਸ਼ਟ ਨਜ਼ਰ ਆਵੇਗਾ। ਆਪ ਦੇ ਜ਼ਮੀਨੀ ਕੇਡਰ, ਖਾਸ ਤੌਰ ’ਤੇ ਪੇਂਡੂ ਖੇਤਰਾਂ ਵਿੱਚ, ਨੀਤੀ ਦੇ ਵਿਰੁੱਧ ਖੜ੍ਹੇ ਕਿਸਾਨਾਂ ਦੇ ਦਬਾਅ ਹੇਠ ਹਨ। ਕਈ ਵਿਧਾਇਕ ਅਤੇ ਸਥਾਨਕ ਆਗੂ ਪਿੰਡਾਂ ਵਿੱਚ ਜਾਣ ਤੋਂ ਝਿਜਕ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ, ਆਪ ਦਾ ਕੇਡਰ ਪੂਰੀ ਤਰ੍ਹਾਂ ਨੀਤੀ ਨਾਲ ਸਹਿਮਤ ਨਹੀਂ ਜਾਪਦਾ। ਕਈ ਪਿੰਡਾਂ ਵਿੱਚ ਆਪ ਦੇ ਨੁਮਾਇੰਦਿਆਂ ਨੂੰ ਦਾਖਲ ਹੋਣ ਤੋਂ ਰੋਕਣ ਦੀਆਂ ਧਮਕੀਆਂ ਮਿਲ ਰਹੀਆਂ ਹਨ।

ਬੀਤੇ ਦਿਨੀਂ ਸੰਯੁਕਤ ਕਿਸਾਨ ਮੋਰਚਾ ਨੇ ਸਰਬ-ਪਾਰਟੀ ਮੀਟਿੰਗ ਵਿੱਚ ਵਿਰੋਧੀ ਧਿਰਾਂ ਨੂੰ ਸੱਦਿਆ ਸੀ ਅਤੇ ਇਨ੍ਹਾਂ ਪਾਰਟੀਆਂ ਨੇ ਕਿਸਾਨਾਂ ਦੇ ਵਿਰੋਧ ਦੀ ਪੂਰੀ ਹਮਾਇਤ ਕੀਤੀ ਹੈ। ਖਾਸ ਤੌਰ ’ਤੇ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ, ਜਿਨ੍ਹਾਂ ਦਾ ਪੇਂਡੂ ਖੇਤਰਾਂ ਵਿੱਚ ਮਜ਼ਬੂਤ ਅਧਾਰ ਹੈ, ਇਸ ਮੁੱਦੇ ਨੂੰ ਆਪ ਦੀ ਸਰਕਾਰ ਵਿਰੁੱਧ ਵੱਡੇ ਹਥਿਆਰ ਵਜੋਂ ਵਰਤ ਸਕਦੀਆਂ ਹਨ। ਇਥੋਂ ਤੱਕ ਬਸਪਾ ਵੀ ਕਿਸਾਨਾਂ ਦੇ ਹੱਕ ਵਿੱਚ ਨਿੱਤਰ ਆਈ ਹੈ।


ਸ਼ਹਿਰੀ ਖੇਤਰਾਂ ਵਿੱਚ ਵੀ ਇਸ ਨੀਤੀ ਦੇ ਹੱਕ ਵਿੱਚ ਕੋਈ ਮਜ਼ਬੂਤ ਸਮਰਥਨ ਨਹੀਂ ਉੱਠਿਆ। ਸ਼ੰਭੂ ਬਾਰਡਰ ਅੰਦੋਲਨ ਦੌਰਾਨ ਵਪਾਰੀਆਂ ਅਤੇ ਉਦਯੋਗਿਕ ਸੈਕਟਰ ਨੇ ‘ਆਪ’ ਦੀ ਹਮਾਇਤ ਕੀਤੀ ਸੀ, ਪਰ ਲੈਂਡ ਪੂਲਿੰਗ ਨੀਤੀ ਦੇ ਮਾਮਲੇ ਵਿੱਚ ਅਜਿਹੀ ਕੋਈ ਆਵਾਜ਼ ਨਹੀਂ ਸੁਣਾਈ ਦੇ ਰਹੀ। ਇਸ ਲਈ, ਪੰਜਾਬੀਆਂ ਦਾ ਵੱਡਾ ਹਿੱਸਾ, ਖਾਸ ਤੌਰ ’ਤੇ ਪੇਂਡੂ ਖੇਤਰ, ‘ਆਪ’ ਦਾ ਸਾਥ ਛੱਡ ਸਕਦਾ ਹੈ।

ਕਿਸਾਨ ਸੰਗਠਨਾਂ ਦਾ ਮੁੱਖ ਇਤਰਾਜ਼ ਹੈ ਕਿ ਲੈਂਡ ਪੂਲਿੰਗ ਨੀਤੀ ਪੰਜਾਬ ਦੀਆਂ ਜ਼ਰਖੇਜ਼ ਜ਼ਮੀਨਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਕੇ ਖੇਤੀਬਾੜੀ ਨੂੰ ਖਤਮ ਕਰਨ ਦੀ ਸਾਜ਼ਿਸ਼ ਹੈ। ਉਹ ਇਸ ਨੀਤੀ ਨੂੰ 2020 ਦੇ ਕੇਂਦਰੀ ਖੇਤੀ ਕਾਨੂੰਨਾਂ ਨਾਲ ਜੋੜਦੇ ਹਨ, ਜਿਨ੍ਹਾਂ ਨੂੰ ਕਿਸਾਨਾਂ ਨੇ ‘ਕਾਲੇ ਕਾਨੂੰਨ’ ਦੱਸਿਆ ਸੀ। ਕਿਸਾਨਾਂ ਦਾ ਮੰਨਣਾ ਹੈ ਕਿ ਇਹ ਨੀਤੀ ਉਨ੍ਹਾਂ ਦੀ ਜ਼ਮੀਨ ਖੋਹ ਕੇ ਕੰਕਰੀਟ ਦੇ ਜੰਗਲ (ਕਲੋਨੀਆਂ ਅਤੇ ਉਦਯੋਗਿਕ ਜ਼ੋਨ) ਬਣਾਉਣ ਦੀ ਯੋਜਨਾ ਹੈ, ਜਿਸ ਨਾਲ ਪੰਜਾਬ ਦੀ ਖੇਤੀ ਅਰਥਚਾਰਾ, ਜੋ ਸੂਬੇ ਦੀ ਰੀੜ੍ਹ ਦੀ ਹੱਡੀ ਹੈ, ਨੂੰ ਨੁਕਸਾਨ ਪਹੁੰਚੇਗਾ। ਕਿਸਾਨ ਆਗੂ, ਜਿਵੇਂ ਕਿ ਬਲਬੀਰ ਸਿੰਘ ਰਾਜੇਵਾਲ ਅਤੇ ਹਰਿੰਦਰ ਸਿੰਘ ਲੱਖੋਵਾਲ ਨੇ ਸਰਕਾਰ ’ਤੇ ਦੋਸ਼ ਲਾਇਆ ਹੈ ਕਿ ਇਹ ਨੀਤੀ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਲਈ ਬਣਾਈ ਗਈ ਹੈ, (**ਬਾਕੀ ਸਫ਼ਾ 31 ’ਤੇ**)

## ਲੈਂਡ ਪੂਲਿੰਗ ਨੀਤੀ ਵਿਰੁੱਧ ਹਾਈ ਕੋਰਟ ’ਚ ਪਟੀਸ਼ਨ ਦਾਇਰ

### ਉਪਜਾਊ ਜ਼ਮੀਨ ਐਕਵਾਇਰ ਕਰਨ ਦਾ ਦੋਸ਼

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਨੋਟੀਫਾਈ ਕੀਤੀ ਗਈ ਲੈਂਡ ਪੂਲਿੰਗ ਨੀਤੀ ਬਾਰੇ ਹੁਣ ਇੱਕ ਕਾਨੂੰਨੀ ਚੁਣੌਤੀ ਸਾਹਮਣੇ ਆਈ ਹੈ। ਇਸ ਨੀਤੀ ਨੂੰ ਰੱਦ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ (ਪੀ.ਆਈ.ਐਲ.) ਦਾਇਰ ਕੀਤੀ ਗਈ ਹੈ। ਹਾਈ ਕੋਰਟ ਨੇ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ ਜਲਦੀ ਹੀ ਤੈਅ ਹੋਣ ਦੀ ਸੰਭਾਵਨਾ ਹੈ। ਪਟੀਸ਼ਨ ਵਿੱਚ ਇਲਜ਼ਾਮ ਲਗਾਇਆ ਗਿਆ ਹੈ ਕਿ ਇਹ ਨੀਤੀ ਨਾ ਤਾਂ ਵਾਤਾਵਰਣ ਅਤੇ ਸਮਾਜਿਕ ਪ੍ਰਭਾਵਾਂ ਦਾ ਮੁਲਾਂਕਣ ਕਰਦੀ ਹੈ, ਨਾ ਹੀ ਬਰਾਬਰ ਮੁਆਵਜ਼ਾ ਯਕੀਨੀ ਬਣਾਉਂਦੀ ਹੈ, ਨਾ ਹੀ ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ ਅਤੇ ਕਾਨੂੰਨੀ ਸੁਰੱਖਿਆ ਦੇ ਪ੍ਰਬੰਧਾਂ ਦੀ ਪਾਲਣਾ ਕਰਦੀ ਹੈ।




ਇਹ ਪਟੀਸ਼ਨ ਅਜਿਹੇ ਸਮੇਂ ਦਾਇਰ ਕੀਤੀ ਗਈ ਹੈ ਜਦੋਂ ਇਸ ਨੀਤੀ ਦਾ ਪਹਿਲਾਂ ਹੀ ਕਿਸਾਨ ਸੰਗਠਨਾਂ ਅਤੇ ਵਿਰੋਧੀ ਪਾਰਟੀਆਂ ਵੱਲੋਂ ਸਖ਼ਤ ਵਿਰੋਧ ਹੋ ਰਿਹਾ ਹੈ। ਪਟੀਸ਼ਨਕਰਤਾ ਨਵਿੰਦਰ ਪੀ.ਕੇ. ਸਿੰਘ ਅਤੇ ਸਮਿਤ ਕੌਰ ਨੇ ਵਕੀਲਾਂ ਸਾਹਿਰ ਸਿੰਘ ਵਿਰਕ ਅਤੇ ਵੀ.ਬੀ. ਗੋਦਾਰਾ ਰਾਹੀਂ ਇਹ ਪਟੀਸ਼ਨ ਦਾਇਰ ਕੀਤੀ ਹੈ।

## ਕੀ ਜ਼ਮੀਨ ਉਦਯੋਗਿਕ ਘਰਾਣਿਆਂ ਜਾਂ ਕਾਰਪੋਰੇਟ ਨੂੰ ਦਿੱਤੀ ਜਾਵੇਗੀ ?

ਸਰਕਾਰ ਦਾ ਦਾਅਵਾ ਹੈ ਕਿ ਜ਼ਮੀਨ ਪੂਲਿੰਗ ਨੀਤੀ ਵਿਕਾਸ ਲਈ ਹੈ ਅਤੇ ਕਿਸਾਨਾਂ ਦੀ ਜ਼ਮੀਨ ਜਬਰੀ ਨਹੀਂ ਲਈ ਜਾਵੇਗੀ। ਪਰ ਕਿਸਾਨ ਸੰਗਠਨਾਂ ਦਾ ਮੰਨਣਾ ਹੈ ਕਿ ਇਹ ਨੀਤੀ ਕਾਰਪੋਰੇਟ ਘਰਾਣਿਆਂ ਅਤੇ ਉਦਯੋਗਿਕ ਗਰੁੱਪਾਂ ਨੂੰ ਲਾਭ ਪਹੁੰਚਾਉਣ ਲਈ ਬਣਾਈ ਗਈ ਹੈ। ਸਰਕਾਰ ਨੇ 65,533 ਏਕੜ ਜ਼ਮੀਨ ਐਕੁਆਇਰ ਕਰਨ ਦਾ ਟੀਚਾ ਰੱਖਿਆ ਹੈ, ਜਿਸ ਵਿੱਚ 21,550 ਏਕੜ ਉਦਯੋਗਿਕ ਜ਼ੋਨ ਲਈ ਵਰਤੀ ਜਾਵੇਗੀ। ਕਿਸਾਨਾਂ ਦਾ ਡਰ ਹੈ ਕਿ ਇਹ ਜ਼ਮੀਨ ਵੱਡੀਆਂ ਕੰਪਨੀਆਂ ਨੂੰ ਸੌਂਪੀ ਜਾਵੇਗੀ, ਜਿਸ ਨਾਲ ਉਨ੍ਹਾਂ ਦੀ ਖੇਤੀ ਅਤੇ ਰੋਜ਼ੀ-ਰੋਟੀ ਖਤਮ ਹੋ ਜਾਵੇਗੀ। ਲੈਂਡ ਪੂਲਿੰਗ ਨੀਤੀ ਨੇ ਪੰਜਾਬ ਵਿੱਚ ਸਿਆਸੀ ਅਤੇ ਸਮਾਜਿਕ ਸੰਕਟ ਪੈਦਾ ਕਰ ਦਿੱਤਾ ਹੈ। ਕਿਸਾਨ ਸੰਗਠਨਾਂ ਦਾ ਵਿਰੋਧ ਅਤੇ ਸੰਗਠਿਤ ਅੰਦੋਲਨ ਸਰਕਾਰ ਲਈ ਵੱਡੀ ਚੁਣੌਤੀ ਬਣ ਰਿਹਾ ਹੈ।

ਆਪ ਨੂੰ ਪੇਂਡੂ ਵੋਟ ਬੈਂਕ ਦੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਦਕਿ ਵਿਰੋਧੀ ਪਾਰਟੀਆਂ ਇਸ ਮੁੱਦੇ ਦਾ ਸਿਆਸੀ ਲਾਭ ਲੈਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪੰਜਾਬ ਦੀ ਜ਼ਰਖੇਜ਼ ਜ਼ਮੀਨ ਨੂੰ ਬਚਾਉਣ ਅਤੇ ਵਾਤਾਵਰਣ ਸੁਰੱਖਿਆ ਦੀ ਲੋੜ ਨੂੰ ਦੇਖਦਿਆਂ, ਸਰਕਾਰ ਨੂੰ ਕਿਸਾਨਾਂ ਨਾਲ ਗੰਭੀਰ ਗੱਲਬਾਤ ਕਰਕੇ ਹੀ ਅੱਗੇ ਵਧਣਾ ਚਾਹੀਦਾ। ਨਹੀਂ ਤਾਂ, ਇਹ ਨੀਤੀ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਢਾਂਚੇ ਨੂੰ ਢਾਹ ਲਾਉਣ ਦਾ ਕਾਰਨ ਬਣ ਸਕਦੀ ਹੈ। ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਮੱਛੀ ਪੱਥਰ ਚੱਟ ਕੇ ਮੋੜਾ ਕੱਟ ਰਹੀ ਹੈ। ਮੋੜਾ ਕੱਟਣ ਦਾ ਤਟ ਫਟ ਕਾਰਨ ਸਮੁੱਚੇ ਪੰਜਾਬ ਅੰਦਰ ਦਿੱਲੀ ਵਿਰੁੱਧ ਬਗ਼ਾਵਤੀ ਰੌਂ ਦਾ ਉੱਠਣਾ ਹੈ। ਹਾਲਾਤ ਸਾਰੇ ਖੇਤਰ ਨੂੰ ਰਾਜਸੀ ਅਸਥਿਰਤਾ ਵੱਲ ਲੈ ਜਾਣ ਵਾਲੇ ਬਣ ਗਏ। ਸੀਨੀਅਰ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਦਾ ਵਿਸ਼ਵਾਸ ਹੈ ਕਿ ਲੈਂਡ ਪੂਲਿੰਗ ਹੋਰ ਕੁੱਝ ਨਹੀਂ, ਬਲਕਿ ਝਾੜੂ ਦਲ ਅਤੇ ਬੀ.ਜੇ.ਪੀ. ਦੀ ਪੰਜਾਬ ਵਿੱਚ ਭਈਆ ਆਬਾਦੀ ਨੂੰ ਵਸਾ ਕੇ ਇਸ ਦੀ ਵਸੋਂ ਨੂੰ ਘੱਟਗਿਣਤੀ ਵਿੱਚ ਬਦਲਣ ਦੀ ਸਾਂਝੀ ਸਾਜ਼ਿਸ਼ ਹੈ। ਇੰਝ ਲੈਂਡ ਪੂਲਿੰਗ ਮਹਿਜ਼ ਆਰਥਿਕ ਗੇਮ ਨਹੀਂ, ਇਹ ਕਿਤੇ ਵਧ ਰਾਜਸੀ ਉਥਲ ਪੁਥਲ ਦੀ ਵਿਉਂਤਬੰਦੀ ਹੈ। ਇਹ ਵਿਉਂਤ ਇੱਕ ਦਿਨ ਪੰਜਾਬ ਲਈ ਦੂਜੀ ਹਿੰਸਕ ਵੰਡ ਦਾ ਰੱਖਿਆ ਨੀਂਹ ਪੱਥਰ ਸਾਬਤ ਹੋ ਸਕਦੀ ਹੈ।


## ਕੀ ਪਹਿਲਾਂ ਵਾਲੀਆਂ ਕਲੋਨੀਆਂ ਵਿਕਸਤ ਹੋਈਆਂ ਹਨ ?

ਪੰਜਾਬ ਦੇ ਸ਼ਹਿਰਾਂ ਦੇ ਆਸ-ਪਾਸ ਪਹਿਲਾਂ ਤੋਂ ਹੀ ਲੱਖਾਂ ਏਕੜ ਜ਼ਮੀਨ ’ਤੇ ਕਲੋਨੀਆਂ ਬਣਾਉਣ ਦੀਆਂ ਯੋਜਨਾਵਾਂ ਬਣੀਆਂ ਸਨ, ਪਰ ਇਹ ਕਲੋਨੀਆਂ ਜ਼ਿਆਦਾਤਰ ਵਿਹਲੀਆਂ ਅਤੇ ਬੇਆਬਾਦ ਪਈਆਂ ਹਨ।

ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਰਗੇ ਸ਼ਹਿਰਾਂ ਦੇ ਬਾਹਰ 10-15 ਕਿਲੋਮੀਟਰ ਦੇ ਖੇਤਰ ਵਿੱਚ ਸੜਕਾਂ, ਬਿਜਲੀ ਦੇ ਖੰਭੇ ਅਤੇ ਕਲੋਨੀਆਂ ਦੇ ਨਾਵਾਂ ਦੇ ਬੋਰਡ ਲੱਗੇ ਹੋਏ ਹਨ, ਪਰ ਪਿਛਲੇ 10-12 ਸਾਲਾਂ ਤੋਂ ਇਹ ਪਲਾਟ ਵਿਕ ਨਹੀਂ ਰਹੇ। ਇਸ ਦਾ ਮੁੱਖ ਕਾਰਨ ਹੈ ਕਿ ਇਹ ਪਲਾਟ ਜ਼ਿਆਦਾਤਰ ਵਪਾਰੀਆਂ ਅਤੇ ਵਿਦੇਸ਼ੀ ਪੰਜਾਬੀਆਂ ਨੇ ਨਿਵੇਸ਼ ਦੇ ਤੌਰ ’ਤੇ ਖ਼ਰੀਦੇ ਹੋਏ ਹਨ, ਨਾ ਕਿ ਰਿਹਾਇਸ਼ ਲਈ।

ਇਸ ਨਾਲ ਨਾ ਸਿਰਫ਼ ਜ਼ਰਖੇਜ਼ ਜ਼ਮੀਨ ਵਿਹਲੀ ਪਈ ਹੈ, ਸਗੋਂ ਲੱਖਾਂ ਟਨ ਖੇਤੀ ਉਤਪਾਦਨ ਦਾ ਨੁਕਸਾਨ ਹੋਇਆ ਹੈ। ਇਹ ਸਥਿਤੀ ਸਵਾਲ ਖੜ੍ਹਾ ਕਰਦੀ ਹੈ ਕਿ ਜੇਕਰ ਪਹਿਲਾਂ ਵਾਲੀਆਂ ਕਲੋਨੀਆਂ ਵੀ ਵਿਕਸਤ ਨਹੀਂ ਹੋਈਆਂ, ਤਾਂ ਨਵੀਆਂ ਕਲੋਨੀਆਂ ਬਣਾਉਣ ਦੀ ਲੋੜ ਕੀ ਹੈ ? ਕਿਸਾਨ ਸੰਗਠਨਾਂ ਦਾ ਤਰਕ ਹੈ ਕਿ ਸਰਕਾਰ ਨੂੰ ਪਹਿਲਾਂ ਵਿਹਲੀਆਂ ਜ਼ਮੀਨਾਂ ਦੀ ਵਰਤੋਂ ਨੂੰ ਯਕੀਨੀ ਬਣਾਉਣਾ ਚਾਹੀਦਾ ਸੀ।

# ਸਿੱਖ ਲਹਿਰ ਦੇ ਵਿਕਾਸ ਲਈ ਸਿੱਖ ਇਤਿਹਾਸ ਦੀ ਸਾਂਭ-ਸੰਭਾਲ, ਖੋਜ ਕਿਉਂ ਜ਼ਰੂਰੀ ?



ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916



ਸਿੱਖ ਇਤਿਹਾਸ, ਜੋ ਸ਼ਹਾਦਤਾਂ ਦੀ ਗਾਥਾ, ਮਨੁੱਖਤਾ ਦੀ ਸਾਂਝ ਅਤੇ ਗੁਰੂ ਦੀ ਦਾਰਸ਼ਨਿਕਤਾ ਦਾ ਸੰਗਮ ਹੈ, ਨੂੰ ਸਹੀ ਢੰਗ ਨਾਲ ਸਮਝਣ, ਸੰਭਾਲਣ ਅਤੇ ਸਿੱਖ ਵਿਰੋਧੀ ਸਿਆਸਤ ਦੇ ਹਮਲਿਆਂ ਤੋਂ ਬਚਾਉਣ ਦੀ ਲੋੜ ਹੈ।

ਸਿੱਖ ਇਤਿਹਾਸ ਸਿਰਫ਼ ਤਾਰੀਖ਼ਾਂ ਦੀ ਗਿਣਤੀ ਨਹੀਂ, ਨਾ ਹੀ ਪੀਲੀਆਂ ਪੋਥੀਆਂ ਵਿੱਚ ਬੰਦ ਕੋਈ ਮਰਿਆ-ਮੁਕਿਆ ਸਫ਼ਰ ਹੈ। ਇਹ ਤਾਂ ਜੀਵੰਤ ਇਤਿਹਾਸਕ ਲਹਿਰ ਹੈ, ਜੋ ਕਿ ਸਤਿਗੁਰੂ ਬਾਬੇ ਨਾਨਕ ਜੀ ਦੀਆਂ ਜਗਤ ਤਾਰਨ ਲਈ ਕੀਤੀਆਂ ਯਾਤਰਾਵਾਂ ਤੇ ਸ਼ਬਦ ਫ਼ੁਰਮਾਨਾਂ ਤੇ ਮਰਦਾਨੇ ਦੀ ਰਬਾਬ ਨਾਲ ਸਿਰਜੀ ਗਈ ਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਨਾਲ ਖ਼ਾਲਸਾ ਪੰਥ ਦੇ ਰੂਪ ਵਿੱਚ ਤਿੱਖੀ ਹੋਈ ਅਤੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਖ਼ਾਲਸਾ ਰਾਜ ਦੀ ਸਿਰਜਣਾ ਤੇ ਸ਼ਹਾਦਤ ਨਾਲ ਬੁਲੰਦ ਹੋਈ ।

ਪਰ ਇਹ ਸਫ਼ਰ ਸਿਰਫ਼ ਸ਼ਹਾਦਤਾਂ ਦਾ ਬੀਰ ਰਸੀ ਵਾਰ ਨਹੀਂ, ਇਹ ਸੰਗਤ ਦੀ ਸਾਂਝ, ਕਿਰਤੀਆਂ ਦੇ ਹੱਕ-ਸੱਚ ਸਬੰਧੀ ਸੰਘਰਸ਼ ਦਾ ਸੰਗਮ ਹੈ। ਇਹ ਇਤਿਹਾਸ ਸਾਡੇ ਵਰਤਮਾਨ ਦੀ ਨੀਂਹ ਹੈ, ਸਾਡੇ ਭਵਿੱਖ ਦੀ ਜੋਤ ਹੈ। ਪਰ ਫ਼ਿਰ ਵੀ, ਇਹ ਅਧੂਰਾ ਕਿਉਂ ? ਸਿੱਖ ਇਤਿਹਾਸ ਸਹੀ ਢੰਗ ਨਾਲ ਲਿਖਿਆ ਕਿਉਂ ਨਹੀਂ ਗਿਆ ? ਅਤੇ ਸਭ ਤੋਂ ਵੱਡਾ ਸਵਾਲ—ਇਸ ਨੂੰ ਸਿੱਖ ਵਿਰੋਧੀਆਂ ਦੇ ਤਰੋੜ-ਮਰੋੜ ਤੇ ਕਾਲੇ ਪਰਛਾਂਵਿਆਂ ਤੋਂ ਕਿਵੇਂ ਬਚਾਇਆ ਜਾਵੇ ?

**ਸਿੱਖ ਇਤਿਹਾਸ ਦੀ ਅਧੂਰੀ ਤਸਵੀਰ**

ਸਿੱਖ ਇਤਿਹਾਸ ਅਧੂਰਾ ਹੈ, ਜਿਵੇਂ ਕੋਈ ਅਧਵਾਟੇ ਛੱਡਿਆ ਚਿੱਤਰ ਹੈ,ਜਿਸ ਦੇ ਤੱਥ ਤੇ ਬਿਰਤਾਂਤ ਅਧੂਰਾ ਹੈ।ਇਸ ਪਿੱਛੇ ਕਈ ਕਾਰਨ ਹਨ। ਸਭ ਤੋਂ ਪਹਿਲਾਂ, ਸਿੱਖ ਪੰਥ ਨੇ ਇਤਿਹਾਸ ਸਿਰਜਿਆ ਗਿਆ ਹੈ, ਪਰ ਲਿਖਿਆ ਨਹੀਂ ਗਿਆ। ਗੁਰੂ ਸਾਹਿਬਾਨ ਦੇ ਸਿੱਖਾਂ ਨੇ ਜੋ ਸੰਘਰਸ਼ ਕੀਤਾ, ਜੋ ਸ਼ਹਾਦਤਾਂ ਦਿੱਤੀਆਂ, ਘੱਲੂਘਾਰਿਆਂ, ਜ਼ੁਲਮਾਂ ਦਾ ਸਾਹਮਣਾ ਕੀਤਾ, ਉਹ ਸਭ ਬਿਰਤਾਂਤ ਸੱਤਾ ਦੀ ਜ਼ੁਲਮੀ ਤਲਵਾਰ ਦੀ ਧਾਰ ਵਿਰੁੱਧ ਸੰਘਰਸ਼ ਰਾਹੀਂ ਸੀਨੇ ਬ ਸੀਨੇ ਸਿੱਖ ਇਤਿਹਾਸ ਸਫ਼ਰ ਕਰਦਾ ਰਿਹਾ। ਜਦੋਂ ਸਿੱਖ ਪੰਥ ਲਈ ਮਹਾਰਾਜਾ ਰਣਜੀਤ ਸਿੰਘ ਦਾ ਸੁਨਹਿਰੀ ਸਮਾਂ ਆਇਆ, ਤਾਂ ਸਿੱਖਾਂ ਦੇ 40 ਸਾਲ ਦੀ ਸੱਤਾ ਸੰਭਾਲਣ ਦੀ ਜੱਦੋ-ਜਹਿਦ ਵਿੱਚ ਲੰਘ ਗਏ, ਅਫ਼ਗਾਨੀ ਹਮਲਿਆਂ ਤੇ ਬ੍ਰਿਟਿਸ਼ ਹਕੂਮਤ ਦੀਆਂ ਚਾਲਬਾਜ਼ੀਆਂ ਕਾਰਨ ਇਤਿਹਾਸ ਲਿਖਣ ਦੀ ਵਿਹਲ ਨਾ ਮਿਲੀ। ਜੇ 40 ਸਾਲ ਹੋਰ ਮਿਲੇ ਹੁੰਦੇ, ਤਾਂ ਸ਼ਾਇਦ ਸਿੱਖ ਇਤਿਹਾਸ ਦੇ ਅੱਖਰ-ਅੱਖਰ, ਤੱਥ, ਬਿਰਤਾਂਤ ਸਹੀ ਢੰਗ ਨਾਲ ਸੰਭਾਲੇ ਜਾਂਦੇ। ਪਰ ਅਫ਼ਸੋਸ, ਸਮਾਂ ਸਿੱਖ ਪੰਥ ਦੇ ਹੱਕ ਵਿੱਚ ਨਹੀਂ ਸੀ।ਡੋਗਰਿਆਂ ਤੇ ਸੰਧੇਵਾਲੀਆ ਦੀਆਂ ਗਦਾਰੀਆਂ ਨੇ ਖ਼ਾਲਸਾ ਰਾਜ ਉਜਾੜ ਦਿੱਤਾ, ਬ੍ਰਿਟਿਸ਼ ਹਕੂਮਤ ਦਾ ਗੁਲਾਮ ਬਣਾ ਦਿੱਤਾ।

ਦੂਜਾ, ਜਿਹੜੇ ਸਰੋਤ ਸਾਡੇ ਕੋਲ ਹਨ, ਉਹ ਅਕਸਰ ਵਿਰੋਧੀਆਂ ਦੀ ਕਲਮ ਵਿੱਚੋਂ ਨਿਕਲੇ ਹਨ। ਇਹ ਕਿੰਨੇ ਕੁ ਸੱਚਾਈ ਤੇ ਤੱਥਾਂ ਨੇੜੇ ਹਨ,ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਮੁਗਲਾਂ ਦੀਆਂ ਰੋਜ਼ਨਾਮਚਿਆਂ, ਮੁਗਲ ਰਾਜਿਆਂ ਦੇ ਦਰਬਾਰੀ ਲੇਖਕਾਂ ਜਾਂ ਅੰਗਰੇਜ਼ਾਂ ਦੀਆਂ ਰਿਪੋਰਟਾਂ ਨੇ ਸਿੱਖ ਲਹਿਰ ਨੂੰ 'ਬਾਗੀ', 'ਲੁਟੇਰੇ' ਦੱਸਿਆ ਹੈ। ਇਹ ਸਰੋਤ ਨਾ ਸਿਰਫ਼ ਪੱਖਪਾਤੀ ਸਨ, ਸਗੋਂ ਸਿੱਖ ਸੰਘਰਸ਼ ਦੀ ਰੂਹ ਨੂੰ ਸਮਝਣ ਵਿੱਚ ਨਾਕਾਮ ਰਹੇ ਹਨ। ਸਿੱਖਾਂ ਦੀ ਆਪਣੀ ਲਿਖਤੀ ਪਰੰਪਰਾ ਮੁੱਖ ਤੌਰ 'ਤੇ ਮੌਖਿਕ ਸੀ 'ਜਨਮਸਾਖੀਆਂ, ਵਾਰਾਂ ਤੇ ਕਥਾਵਾਂ ਵਿੱਚ '। ਇਸ ਨੇ ਸਿੱਖ ਇਤਿਹਾਸ ਦੀ ਸੰਭਾਲ ਨੂੰ ਹੋਰ ਜਟਿਲ ਕਰ ਦਿੱਤਾ,ਕਿਉਂ ਕਿ ਇਹਨਾਂ ਵਿੱਚ ਸ਼ਰਧਾ ਸੀ, ਤੱਥ ਨਹੀਂ ਸਨ।

ਤੀਜਾ, ਅਜੋਕੇ ਸਮੇਂ ਵਿੱਚ ਸਿੱਖ ਇਤਿਹਾਸ ਦਾ 'ਭਗਵਾਂਕਰਨ' ਹੋ ਰਿਹਾ ਹੈ। ਗੁਰੂ ਸਾਹਿਬਾਨ ਦੀ ਮੁਗਲਾਂ ਨਾਲ ਟੱਕਰ ਨੂੰ 'ਹਿੰਦੂ ਧਰਮ ਦੀ ਰਾਖੀ' ਦੱਸਿਆ ਜਾ ਰਿਹਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ 'ਵੀਰ ਬੈਰਾਗੀ ਹਿੰਦੂ' ਦਾ ਖਿਤਾਬ ਦਿੱਤਾ ਜਾ ਰਿਹਾ ਹੈ। ਇਹ ਸਭ ਸਿੱਖ ਲਹਿਰ ਦੀ ਸੰਗਤੀ ਰੂਹ ਨੂੰ ਮੇਟਣ ਦੀ ਸਾਜ਼ਿਸ਼ ਹੈ, ਜਿਸ ਦੀਆਂ ਜੜ੍ਹਾਂ ਸੱਤਾ ਦੀ ਲਾਲਸਾ ਤੇ ਸਿੱਖ ਪੰਥ ਦਾ ਨਿਰਾਲਾ ਵਜੂਦ ਮਿਟਾਉਣ ਵਿੱਚ ਹਨ। ਅਕਾਲੀ ਅਤੇ ਧਾਰਮਿਕ ਲੀਡਰਸ਼ਿਪ ਦੀ ਇਸ ਮਾਇਆ-ਮੋਹਣੀ ਦੇ ਮੋਹ ਦੀ ਸਿਆਸਤ ਨੇ ਸਿੱਖ ਪੰਥ ਤੇ ਇਤਿਹਾਸ ਲਈ ਸਭ ਤੋਂ ਵੱਡਾ ਖ਼ਤਰਾ ਪੈਦਾ ਕੀਤਾ।

ਸਿੱਖ ਇਤਿਹਾਸਕਾਰ ਦਾ ਕੰਮ ਸਿਰਫ਼ ਤੱਥਾਂ ਨੂੰ ਇਕੱਠਾ ਕਰਨਾ ਨਹੀਂ, ਸਗੋਂ ਸੱਚ ਦੀ ਖੋਜ ਕਰਨਾ ਹੈ। ਸਿੱਖ ਇਤਿਹਾਸਕਾਰ ਖੋਜੀ ਹੁੰਦਾ ਹੈ, ਜੋ ਪੁਰਾਣੇ ਸਰੋਤਾਂ 'ਤਾਮਰ ਪੱਤਰ, ਸ਼ਿਲਾਲੇਖ, ਜਨਮ-ਸਾਖੀਆਂ ਜਾਂ ਮੌਖਿਕ ਪਰੰਪਰਾਵਾਂ' ਵਿੱਚੋਂ ਸਿੱਖ ਲਹਿਰ ਦੀ ਰੂਹ ਲੱਭਦਾ ਹੈ। ਪਰ ਇਹ ਸਰੋਤ ਸਿਰਫ਼ ਪੜ੍ਹਨ ਨਾਲ ਕੰਮ ਨਹੀਂ ਚੱਲਦਾ। ਇਤਿਹਾਸਕਾਰ ਨੂੰ ਇਹ ਜਾਨਣਾ ਹੁੰਦਾ ਹੈ: ਇਹ ਕਿਸ ਨੇ ਲਿਖਿਆ ? ਕਿਉਂ ਲਿਖਿਆ ? ਕਿਸ ਦੇ ਹੱਕ ਵਿੱਚ ਲਿਖਿਆ ? ਮੁਗਲ ਰੋਜ਼ਨਾਮਚੇ ਨੇ ਸਿੱਖਾਂ ਨੂੰ 'ਬਾਗੀ' ਕਿਉਂ ਦੱਸਿਆ ? ਅੰਗਰੇਜ਼ੀ ਰਿਪੋਰਟਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਸੱਤਾ ਨੂੰ 'ਅਸਥਿਰ' ਕਿਉਂ ਕਿਹਾ ? ਇਹ ਸਵਾਲ ਸਿੱਖ ਇਤਿਹਾਸ ਸਿਰਜਣ ਦੀ ਨੀਂਹ ਹਨ ਤੇ ਸਿੱਖ ਇਤਿਹਾਸਕਾਰ ਦੇ ਕਾਰਜ ਲਈ ਜ਼ਰੂਰੀ ਹਨ।

ਇਤਿਹਾਸਕਾਰ ਨੂੰ ਸਰੋਤਾਂ ਦੀ ਆਲੋਚਨਾ ਕਰਨੀ ਪੈਂਦੀ ਹੈ, ਉਹਨਾਂ ਦੀਆਂ ਚੁੱਪੀਆਂ, ਘੁਣਤਰਾਂ ਨੂੰ ਪੜ੍ਹਨਾ ਪੈਂਦਾ ਹੈ। ਜਿਵੇਂ, ਜੇ ਬਾਬਾ ਬਿਨੋਦ ਸਿੰਘ ਦੇ ਮੁਗਲ ਸਰਕਾਰ ਨਾਲ ਸਮਝੌਤੇ ਦੀ ਗੱਲ ਹੈ, ਤਾਂ ਸਵਾਲ ਇਹ ਹੈ, ਉਸ ਨੇ ਅਜਿਹਾ ਕਿਉਂ ਕੀਤਾ ? ਕੀ ਉਹ ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਤੋਂ ਔਖਾ ਸੀ ? ਕੀ ਉਹ ਸਿੱਖ ਲਹਿਰ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਬਦਨਾਮ ਕਰਕੇ ਉਸ ਦੀ ਥਾਂ ਲੈਣਾ ਚਾਹੁੰਦਾ ਸੀ ? ਕੀ ਉਸ ਦੀ ਕਾਰਵਾਈ ਸਿੱਖ ਲਹਿਰ ਨੂੰ ਨੁਕਸਾਨ ਪਹੁੰਚਾਉਣ ਵਾਲੀ ਸੀ ? ਜੇ ਅਸੀਂ ਇਹ ਸਵਾਲ ਨਹੀਂ ਪੁੱਛਦੇ, ਤਾਂ ਅਸੀਂ ਇਤਿਹਾਸ ਦੀ ਡੂੰਘਾਈ ਤੇ ਸੱਚ ਵਿੱਚ ਨਹੀਂ ਪਹੁੰਚ ਸਕਦੇ। ਸਿੱਖ ਇਤਿਹਾਸਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸਰੋਤਾਂ ਨੂੰ ਸੱਚ ਦੀ ਨਜ਼ਰ ਨਾਲ ਪਰਖੇ ਤੇ ਸਹੀ ਇਤਿਹਾਸ ਲਿਖੇ।

ਗੁਰਦੁਆਰੇ ਸਿੱਖ ਇਤਿਹਾਸ ਦੀ ਸੰਭਾਲ ਦਾ ਸਭ ਤੋਂ ਵੱਡਾ ਕੇਂਦਰ ਹੋ ਸਕਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਤਿਹਾਸ ਦੀ ਸੰਭਾਲ ਅਤੇ ਪ੍ਰਸਾਰ ਦੀ ਵੱਡੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਪੁਰਾਣੀਆਂ ਜਨਮਸਾਖੀਆਂ, ਗੁਰਬਿਲਾਸ ਅਤੇ ਸਿੱਖ ਲਹਿਰ ਦੀਆਂ ਹੱਥ-ਲਿਖਤ ਪੋਥੀਆਂ ਨੂੰ ਡਿਜੀਟਲ ਰੂਪ ਵਿੱਚ ਸੰਭਾਲਣਾ ਚਾਹੀਦਾ ਹੈ। ਗੁਰਦੁਆਰਿਆਂ ਵਿੱਚ ਸਿੱਖ ਇਤਿਹਾਸ ਦੀ ਸਿੱਖਿਆ ਲਈ ਵਰਕਸ਼ਾਪਾਂ, ਸੈਮੀਨਾਰਾਂ ਅਤੇ ਬੱਚਿਆਂ ਲਈ ਖਾਸ ਕਲਾਸਾਂ ਦਾ ਆਯੋਜਨ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਨੂੰ ਸਿੱਖ ਇਤਿਹਾਸ ਦੀ ਖੋਜ ਲਈ ਇੱਕ ਸੁਤੰਤਰ ਸੰਸਥਾਨ ਸਥਾਪਤ ਕਰਨਾ ਚਾਹੀਦਾ, ਜਿੱਥੇ ਸਿੱਖ ਇਤਿਹਾਸਕਾਰ, ਸਰੋਤਾਂ ਦੀ ਆਲੋਚਨਾਤਮਕ ਜਾਂਚ ਕਰ ਸਕਣ, ਅਤੇ ਨਵੇਂ ਸਰੋਤਾਂ ਦੀ ਖੋਜ ਕਰ ਸਕਣ।

ਸਿੱਖ ਇਤਿਹਾਸ 'ਤੇ ਸਹੀ ਅਤੇ ਸੰਗਤੀ ਦ੍ਰਿਸ਼ਟੀਕੋਣ ਵਾਲੀਆਂ ਕਿਤਾਬਾਂ, ਲੇਖ, ਅਤੇ ਡਿਜੀਟਲ ਸਮੱਗਰੀ ਪ੍ਰਕਾਸ਼ਤ ਕਰਨੀ ਚਾਹੀਦੀ ਹੈ। ਇਹ ਸਮੱਗਰੀ ਪੰਜਾਬੀ ਦੇ ਨਾਲ-ਨਾਲ ਹੋਰ ਭਾਸ਼ਾਵਾਂ ਵਿੱਚ ਵੀ ਹੋਣੀ ਚਾਹੀਦੀ, ਤਾਂ ਜੋ ਸਿੱਖ ਇਤਿਹਾਸ ਦੀ ਪਹੁੰਚ ਵਿਸ਼ਵ ਪੱਧਰ 'ਤੇ ਹੋਵੇ।

ਗੁਰਦੁਆਰਿਆਂ ਵਿੱਚ ਸਿੱਖ ਇਤਿਹਾਸ ਦੀਆਂ ਪ੍ਰਦਰਸ਼ਨੀਆਂ, ਡਾਕੂਮੈਂਟਰੀਆਂ, ਅਤੇ ਨਾਟਕਾਂ ਦਾ ਆਯੋਜਨ ਕਰਨਾ ਚਾਹੀਦਾ ਹੈ। ਇਹ ਸਭ ਸੰਗਤ ਨੂੰ ਇਤਿਹਾਸ ਨਾਲ ਜੋੜਨ ਦਾ ਸਭ ਤੋਂ ਸੁਖਾਲਾ ਤਰੀਕਾ ਹੈ।

ਸਿੱਖ ਇਤਿਹਾਸ ਦੀ ਸਹੀ ਸਮਝ ਸੰਗਤ ਤੱਕ ਪਹੁੰਚਾਉਣੀ ਪਵੇਗੀ। ਜਦੋਂ ਸੰਗਤ ਆਪਣੇ ਇਤਿਹਾਸ ਦੀ ਡੂੰਘਾਈ ਨੂੰ ਸਮਝੇਗੀ, ਤਾਂ ਸਿੱਖ ਇਤਿਹਾਸ ਤੇ ਲਹਿਰ ਬਾਰੇ ਸਿੱਖ ਵਿਰੋਧੀ ਪ੍ਰਚਾਰ ਆਪਣੇ-ਆਪ ਨਾਕਾਮ ਹੋ ਜਾਵੇਗਾ।

ਸਿੱਖ ਨੌਜਵਾਨਾਂ ਨੂੰ ਇਤਿਹਾਸ ਨੂੰ ਆਲੋਚਨਾਤਮਕ ਨਜ਼ਰ ਨਾਲ ਪੜ੍ਹਨ ਦੀ ਸਿਖਲਾਈ ਦੇਣੀ ਪਵੇਗੀ। ਉਹਨਾਂ ਨੂੰ ਸਮਝਣਾ ਪਵੇਗਾ ਕਿ ਹਰ ਸਰੋਤ ਪੱਖਪਾਤੀ ਹੋ ਸਕਦਾ ਹੈ, ਉਨ੍ਹਾਂ ਸੱਚ ਦੀ ਖੋਜ ਸਵਾਲ ਪੁੱਛਣ ਨਾਲ ਸ਼ੁਰੂ ਹੁੰਦੀ ਹੈ।

ਅਜੋਕੇ ਸਮੇਂ ਵਿੱਚ ਸਿੱਖ ਇਤਿਹਾਸ ਨੂੰ ਡਿਜੀਟਲ ਪਲੇਟਫ਼ਾਰਮਾਂ 'ਸੋਸ਼ਲ ਮੀਡੀਆ, ਵੈਬਸਾਈਟਾਂ, ਅਤੇ ਯੂਟਿਊਬ' 'ਤੇ ਪਹੁੰਚਾਉਣਾ ਜ਼ਰੂਰੀ ਹੈ। ਸਿੱਖ ਨੌਜਵਾਨਾਂ ਨੂੰ ਇਸ ਦਿਸ਼ਾ ਵਿੱਚ ਸਰਗਰਮ ਕਰਨਾ ਪਵੇਗਾ।

ਸਿੱਖ ਇਤਿਹਾਸ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਸਹੀ ਸਮੱਗਰੀ ਤਿਆਰ ਕਰਨੀ ਪਵੇਗੀ। ਇਹ ਸਮੱਗਰੀ ਸਿੱਖ ਲਹਿਰ ਦੀ ਸੰਗਤੀ ਅਤੇ ਸਮਾਜਿਕ ਨਿਆਂ ਦੀ ਭਾਵਨਾ ਨੂੰ ਉਜਾਗਰ ਕਰੇ।ਸਿੱਖ ਇਤਿਹਾਸ ਕਿਸੇ ਜਾਤ ਜਾਂ ਕਬੀਲੇ ਦਾ ਨਹੀਂ, ਇਹ ਸੰਗਤ ਦੀ ਸਾਂਝੀ ਵਿਰਾਸਤ ਹੈ। ਮਜ਼ਹਬੀ ਸਿੱਖ, ਜੱਟ ਸਿੱਖ, ਜਾਂ ਕਿਸੇ ਹੋਰ ਵਰਗ ਦੇ ਦ੍ਰਿਸ਼ਟੀਕੋਣ ਨਾਲ ਇਤਿਹਾਸ ਲਿਖਣਾ, ਗੁਰੂ ਦੀ ਲਹਿਰ ਨੂੰ ਛੋਟਾ ਕਰਨ ਵਾਲੀ ਗੱਲ ਹੈ। ਸਿੱਖ ਇਤਿਹਾਸ ਸੰਗਤ ਦੀ ਸਾਂਝ ਦਾ ਇਤਿਹਾਸ ਹੈ, ਜਿੱਥੇ ਹਰ ਸਿੱਖ 'ਚਾਹੇ ਉਸ ਦੀ ਜਾਤ, ਪਿੱਛਾ, ਜਾਂ ਸਮਾਜਿਕ ਸਥਿਤੀ ਕੋਈ ਵੀ ਹੋਵੇ' ਬਰਾਬਰ ਹੈ। ਆਓ, ਆਪਣੇ ਇਤਿਹਾਸ ਤੇ ਵਿਰਾਸਤ ਨੂੰ ਸੰਭਾਲੀਏ, ਸੱਚ ਦੀ ਖੋਜ ਕਰੀਏ ਅਤੇ ਸਿੱਖ ਪੰਥ ਦੀ ਸੁਨਹਿਰੀ ਵਿਰਾਸਤ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਈਏ।

# ਵਿਰਸਾ ਫਾਊਂਡੇਸ਼ਨ ਵੱਲੋਂ ਵਿਰਾਸਤੀ ਮਿਲਣੀ 'ਚ ਨਾਮਵਰ ਸ਼ਖ਼ਸੀਅਤਾਂ ਦਾ ਸਨਮਾਨ

## ਲੇਖਕ, ਪੱਤਰਕਾਰ ਤੇ ਕਲਾਕਾਰ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ, ਮਨੁੱਖੀ ਹੱਕਾਂ ਲਈ ਖੜਨ : ਡਾ. ਗੁਰਵਿੰਦਰ ਸਿੰਘ

ਐਬਸਫੋਰਡ/ਏ.ਟੀ.ਨਿਊਜ਼: ਪੰਜਾਬੀ ਸੱਭਿਆਚਾਰ ਨੂੰ ਸਮਰਪਿਤ 'ਵਿਰਸਾ ਫਾਊਂਡੇਸ਼ਨ' ਐਬਸਫੋਰਡ ਵੱਲੋਂ ਸ਼ਾਨਦਾਰ ਉਪਰਾਲਾ ਕਰਦਿਆਂ, ਧਰਮਵੀਰ ਕੌਰ, ਦਵਿੰਦਰ ਬਚਰਾ, ਬਲਜਿੰਦਰ ਕੌਰ ਸੰਧੂ ਦੀ ਰਹਿਨੁਮਾਈ ਵਿੱਚ ਸਾਂਝੇ ਯਤਨਾਂ ਰਾਹੀਂ ਐਬਸਫੋਰਡ ਸਥਿਤ ਫਾਰਮ ਹਾਊਸ 'ਤੇ ਸ਼ਾਨਦਾਰ ਢੰਗ ਨਾਲ ਕਰਵਾਇਆ ਗਿਆ। ਪੰਜਾਬੀ ਸੱਭਿਆਚਾਰ ਦੇ ਸਾਜੋ-ਸਮਾਨ ਨਾਲ ਸਜਾਏ ਖ਼ੂਬਸੂਰਤ ਮੰਚ ਉੱਪਰ, ਸੱਭਿਆਚਾਰਕ ਪੋਸ਼ਾਕਾਂ ਵਿੱਚ ਸਜੀਆਂ ਕੈਨੇਡੀਅਨ ਪੰਜਾਬਣਾਂ ਨੇ ਲੋਕ ਬੋਲੀਆਂ ਤੇ ਗਿੱਧੇ ਨਾਲ ਵਿਰਾਸਤੀ ਮਿਲਣੀ ਨੂੰ ਚਾਰ ਚੰਦ ਲਾਉਂਦਿਆਂ,ਪੰਜਾਬੀ ਵਿਰਸੇ ਤੇ ਸਭਿਆਚਾਰ ਦੀ ਅਮੀਰੀ ਨੂੰ ਉਜਾਗਰ ਕੀਤਾ। ਮਰਹੂਮ ਆਰਟਿਸਟ ਸ. ਜਰਨੈਲ ਸਿੰਘ ਦੀ ਯਾਦ ਨੂੰ ਸਮਰਪਿਤ ਸਮਾਗਮ ਦੌਰਾਨ, ਉਹਨਾਂ ਦੇ ਪਰਿਵਾਰ ਨੂੰ ਵਿਸ਼ੇਸ਼ ਤੌਰ 'ਤੇ ਪ੍ਰਬੰਧਕਾਂ ਵੱਲੋਂ ਸਤਿਕਾਰ ਦਿੱਤਾ ਗਿਆ।

ਵਿਰਸਾ ਫਾਊਂਡੇਸ਼ਨ ਵੱਲੋਂ ਸਾਹਿਤ, ਸੱਭਿਆਚਾਰ ਅਤੇ ਮੀਡੀਏ ਨੂੰ ਸਮਰਪਿਤ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਦਾ ਮਾਣ ਸਨਮਾਨ ਕੀਤਾ ਗਿਆ। ਫਾਊਂਡੇਸ਼ਨ ਵੱਲੋਂ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੂੰ ਮਾਨਵੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਬਦਲੇ 'ਹਿਊਮਨ ਰਾਈਟਸ ਐਕਟਵਿਸਟ' ਵਜੋਂ ਸਨਮਾਨਿਤ ਕੀਤਾ ਗਿਆ। ਡਾ. ਧਾਲੀਵਾਲ ਨੇ ਆਪਣੇ ਭਾਸ਼ਨ 'ਚ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ, ਜ਼ੁਲਮ ਖ਼ਿਲਾਫ਼ ਡਟਣ ਅਤੇ ਮਨੁੱਖੀ ਹੱਕਾਂ ਲਈ ਖੜਨ ਦਾ ਸੁਨੇਹਾ ਦਿੱਤਾ।



ਸਨਮਾਨਿਤ ਲਿਖਾਰੀਆਂ ਵਿੱਚ ਡਾ. ਗੁਰਮਿੰਦਰ ਕੌਰ, ਹਰਕੀਰਤ ਕੌਰ ਚਾਹਲ, ਪ੍ਰੋ ਹਰਿੰਦਰ ਕੌਰ ਸੋਹੀ, ਨਵਤੇਜ ਭਾਰਤੀ, ਗੁਰਦੀਪ ਸਿੰਘ ਭੁੱਲਰ, ਜਸਬੀਰ ਕੌਰ ਮਾਨ, ਮੋਹਨ ਬਚੜਾ, ਅਜਮੇਰ ਰੋਡੇ, ਮਨਜੀਤ ਗਿੱਲ, ਬਿੰਦੂ ਮਠਾੜੂ, ਬਲਵੀਰ ਕੌਰ ਢਿੱਲੋਂ, ਜੱਸ ਮਲਕੀਤ, ਜੈਜ ਗਿੱਲ, ਹਰਸ਼ਰਨ ਕੌਰ, ਸ਼ੈਰੀ, ਪ੍ਰੀਤਪਾਲ ਕੌਰ ਪੂਨੀ ਅਟਵਾਲ, ਸੁਰਿੰਦਰ ਕੌਰ ਕੋਟਲੀ, ਸੁਰਜੀਤ ਕਲਸੀ, ਗੁਰਨੂਰ ਸਿੱਧੂ, ਪੱਤਰਕਾਰ ਸਿਮਰਨ ਸਿੰਘ ਸਿਆਟਲ, ਐਂਡੀ ਸਿੱਧੂ,ਹਰਕੀਰਤ ਸਿੰਘ, ਗੁਰਸੇਵ ਸਿੰਘ ਪੰਧੇਰ, ਸੁਖਵਿੰਦਰ ਸਿੰਘ ਚੋਹਲਾ, ਜਰਨੈਲ ਸਿੰਘ ਖੰਡੋਲੀ ਜੀ.ਕੇ.ਐਮ. ਟੀ.ਵੀ. ਤੇ ਹੋਰ ਸ਼ਖ਼ਸੀਅਤਾਂ ਦਾ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨ ਕੀਤਾ ਗਿਆ। ਪ੍ਰਬੰਧਕ ਬੀਬੀ ਧਰਮਵੀਰ ਕੌਰ ਧਾਲੀਵਾਲ ਨੇ ਦੱਸਿਆ ਕਿ ਵਿਰਸਾ ਫਾਊਂਡੇਸ਼ਨ ਵੱਲੋਂ 9ਵਾਂ ਸਾਲਾਨਾ ਮੇਲਾ ਇਸੇ ਥਾਂ 'ਤੇ 9 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਡਾ. ਬਲਵਿੰਦਰ ਕੌਰ ਬਰਾੜ, ਬਚਿੰਤ ਕੌਰ ਬਰਾੜ ਤੇ ਸਰਬਜੀਤ ਮਾਂਗਟ ਸਮੇਤ ਪ੍ਰਸਿੱਧ ਕਲਾਕਾਰ ਪੁੱਜ ਰਹੇ ਹਨ।

ਵਿਰਾਸਤੀ ਮਿਲਣੀ ਵਿੱਚ ਲਹਿੰਦੇ ਪੰਜਾਬ ਵਿੱਚੋਂ ਪ੍ਰਸਿੱਧ ਲੇਖਕਾ ਡਾ ਆਸਮਾ ਕਾਦਰੀ ਦੀ ਪੁਸਤਕ 'ਜਿਮੀਂ ਪੁੱਛੇ ਅਸਮਾਨ', ਡਾ. ਰਿਸ਼ੀ ਸਿੰਘ ਤੇ ਸੰਦੀਪ ਸ਼ੰਕਰ ਦੀ ਇਤਿਹਾਸਕ ਪੁਸਤਕ 'ਸਿੱਖ ਹੈਰੀਟੇਜ', ਚੜ੍ਹਦੇ ਪੰਜਾਬ ਵਿੱਚੋਂ ਮਨਜੀਤ ਕੌਰ ਗਿੱਲ ਦੀ ਪੁਸਤਕ 'ਵਿਰਸੇ ਦਾ ਸੰਦੂਕ', ਹਰਪ੍ਰੀਤ ਧਾਲੀਵਾਲ ਦੀ ਪੁਸਤਕ 'ਸੈਲਫ ਇਪਾਰਵਮੈਂਟ' ਤੇ ਡਾ ਸੁਦਰਸ਼ਨ ਭਗਤ ਤੇ ਡਾ. ਨਿਸ਼ਾ ਡੋਗਰਾ ਦੀ ਪੁਸਤਕ 'ਸਿਹਤ ਵੇਲਾ' ਲੋਕ ਅਰਪਣ ਕਰਨ ਦਾ ਸ਼ਾਨਦਾਰ ਉਪਰਾਲਾ ਕੀਤਾ ਗਿਆ। ਰਿਲੀਜ਼ ਕੀਤੀਆਂ ਗਈਆਂ ਕਿਤਾਬਾਂ ਬਾਰੇ ਲਿਖਾਰੀਆਂ ਨੇ ਉਹਨਾਂ ਦੀ ਅਹਿਮੀਅਤ ਬਾਰੇ ਖ਼ੂਬਸੂਰਤ ਸ਼ਬਦਾਂ ਚਾਨਣਾ ਪਾਇਆ। ਸੱਭਿਆਚਾਰਕ ਇਕੱਤਰਤਾ ਦੌਰਾਨ ਖਾਣ ਪਕਵਾਨ ਅਤੇ ਬੇਮਿਸਾਲ ਪ੍ਰਾਹੁਣਚਾਰੀ ਸਦਕਾ ਵਿਰਾਸਤੀ ਮਿਲਣੀ ਅਭੁੱਲ ਹੋ ਨਿੱਬੜੀ।


## ਸੁਪਨਿਆਂ ਤੂੰ ਸੁਲਤਾਨ ਹੈਂ...

# ਮੁੱਖ ਮੰਤਰੀ ਦੀ 'ਕੁਰਸੀ' ਦਾ ਸੁਪਨਾ ਵੇਖ ਰਹੇ ਹਨ ਕਈ ਸਿਆਸੀ ਆਗੂ

## ਸਿਆਸੀ ਦਲਾਂ ਨੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਵਿੱਢੀਆਂ

ਜਗਮੋਹਨ ਸਿੰਘ
9463819174







ਪੰਜਾਬ ਦੇ ਅਨੇਕਾਂ 'ਵੱਡੇ' ਸਿਆਸੀ ਆਗੂ ਇਸ ਸਮੇਂ ਸੁਪਨੇ ਵੀ 'ਵੱਡੇ' ਵੇਖ ਰਹੇ ਹਨ। ਵੱਡੀ ਗਿਣਤੀ ਸਿਆਸੀ ਆਗੂ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਅਗਲੀ ਸਰਕਾਰ ਉਹਨਾਂ ਦੀ ਹੀ ਪਾਰਟੀ ਦੀ ਬਣੇਗੀ ਜਦੋਂ ਕਿ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਹੋਣ ਵਿੱਚ ਅਜੇ ਕਰੀਬ ਡੇਢ ਸਾਲ ਦਾ ਸਮਾਂ ਪਿਆ ਹੈ, ਪਰ ਇਹਨਾਂ ਚੋਣਾਂ ਸਬੰਧੀ ਸਿਆਸੀ ਮਾਹੌਲ ਹੁਣੇ ਤੋਂ ਬਣਨਾ ਸ਼ੁਰੂ ਹੋ ਗਿਆ ਹੈ। ਪੰਜਾਬ 'ਚ ਸਰਗਰਮ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ 'ਮਿਸ਼ਨ 2027' ਲਈ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ। ਵੱਖ- ਵੱਖ ਸਿਆਸੀ ਪਾਰਟੀਆਂ ਦੇ ਅਨੇਕਾਂ ਆਗੂ ਆਪਣੇ ਆਪ ਨੂੰ 'ਪੰਜਾਬ ਦਾ ਅਗਲਾ ਮੁੱਖ ਮੰਤਰੀ' ਹੋਣ ਦਾ ਸੁਪਨਾ ਵੀ ਵੇਖ ਰਹੇ ਹਨ। ਹਰ ਸਿਆਸੀ ਪਾਰਟੀ ਵਿੱਚ ਮੁੱਖ ਮੰਤਰੀ ਅਹੁਦੇ ਦੇ ਕਈ ਕਈ ਦਾਅਵੇਦਾਰ ਹਨ। ਵੱਡੇ ਸੁਪਨੇ ਲੈਣ ਵਾਲੇ ਇਹਨਾਂ ਸਿਆਸੀ ਆਗੂਆਂ ਨਾਲ 'ਵਾਹ ਕਿਸਮਤ ਦੇ ਬਲੀਆ, ਰਿੱਝੀ ਖੀਰ ਤੇ ਬਣ ਗਿਆ ਦਲੀਆ' ਵਾਲੀ ਗੱਲ ਵੀ ਹੋ ਸਕਦੀ ਹੈ।)

'ਸਾਵਣ' ਮਹੀਨਾ ਚਲਦਾ ਹੋਣ ਕਾਰਨ ਪੰਜਾਬ 'ਚ ਮੌਸਮ ਕਾਫ਼ੀ ਸੋਹਾਵਣਾ ਬਣਿਆ ਹੋਇਆ ਹੈ, ਪਰ ਅਜਿਹੇ ਖੁਸ਼ਨੁਮਾ ਮੌਸਮ ਦੇ ਬਾਵਜੂਦ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਗਰਮੀ ਆਈ ਹੋਈ ਹੈ। ਪੰਜਾਬ 'ਚ ਰੁਕ ਰੁਕ ਕੇ ਪੈ ਰਹੀ 'ਰਿਮਝਿਮ ਬਰਸਾਤ' ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਬਣਾਈ ਗਈ 'ਲੈਂਡ ਪੂਲਿੰਗ ਪਾਲਿਸੀ' ਅਤੇ ਹੋਰ ਕਈ ਮੁੱਦਿਆਂ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਅਤੇ ਹੋਰ ਸਿਆਸੀ ਧਿਰਾਂ ਵੱਲੋਂ ਧਰਨਿਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਇਹਨਾਂ ਧਰਨਿਆਂ ਦਾ ਇੱਕੋ ਇੱਕ ਮਕਸਦ ਆਪੋ ਆਪਣੀਆਂ ਜਥੇਬੰਦੀਆਂ ਦੇ ਆਧਾਰ ਨੂੰ ਮਜ਼ਬੂਤ ਕਰਨਾ ਹੈ, ਤਾਂ ਕਿ ਇਸ ਦਾ ਲਾਹਾ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਲਿਆ ਜਾ ਸਕੇ।

ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਦਾ ਕਾਰਜਕਾਲ ਅਜੇ ਡੇਢ ਸਾਲ ਹੋਰ ਪਿਆ ਹੈ, ਪਰ ਸਿਆਸੀ ਪਾਰਟੀਆਂ ਵੱਲੋਂ ਇਹਨਾਂ ਚੋਣਾਂ ਸਬੰਧੀ ਹੁਣੇ ਤੋਂ 'ਸਿਆਸੀ ਰੱਸਾਕਸ਼ੀ' ਖੇਡਣੀ ਸ਼ੁਰੂ ਕਰ ਦਿੱਤੀ ਗਈ ਹੈ। ਆਮ ਆਦਮੀ ਪਾਰਟੀ ਬਾਰੇ ਕਿਹਾ ਜਾਂਦਾ ਹੈ ਕਿ ਇਹ ਧਰਨਿਆਂ ਵਿਚੋਂ ਨਿਕਲੀ ਹੋਈ ਸਿਆਸੀ ਪਾਰਟੀ ਹੈ, ਪਰ ਪੰਜਾਬ ਵਿੱਚ ਇਸ ਪਾਰਟੀ ਦੀ ਸਰਕਾਰ ਹੋਣ ਕਰਕੇ ਇਸ ਨੂੰ ਹੁਣ ਖੁਦ ਹੀ ਧਰਨਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੱਤਾਧਾਰੀ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ 'ਆਪ' ਸਰਕਾਰ ਵੱਲੋਂ ਲਿਆਂਦੀ 'ਲੈਂਡ ਪੂਲਿੰਗ ਪਾਲਿਸੀ' ਸਬੰਧੀ ਕਿਸਾਨਾਂ ਨੂੰ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂ ਗੁੰਮਰਾਹ ਕਰ ਰਹੇ ਹਨ। 'ਆਪ' ਆਗੂ ਇਸ ਪਾਲਿਸੀ ਨੂੰ ਕਿਸਾਨਾਂ ਦੇ ਹਿੱਤ ਅਤੇ ਪੱਖ ਵਿੱਚ ਦਸ ਰਹੇ ਹਨ ਅਤੇ ਦਾਅਵਾ ਕਰ ਰਹੇ ਹਨ ਕਿ ਇਸ ਪਾਲਿਸੀ ਨਾਲ ਕਿਸਾਨਾਂ ਦਾ ਹੀ ਫ਼ਾਇਦਾ ਹੋਵੇਗਾ। ਦੂਜੇ ਪਾਸੇ ਅਕਾਲੀ, ਕਾਂਗਰਸੀ ਅਤੇ ਭਾਜਪਾ ਆਗੂ ਇਸ ਪਾਲਿਸੀ ਨੂੰ ਪੰਜਾਬ ਦੇ ਕਿਸਾਨਾਂ ਲਈ ਨੁਕਸਾਨਦੇਹ ਦਸ ਰਹੇ ਹਨ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਤਾਂ ਸਪਸ਼ਟ ਦੋਸ਼ ਲਗਾ ਰਹੇ ਹਨ ਕਿ 'ਆਪ' ਸਰਕਾਰ ਨੇ ਇਸ ਪਾਲਿਸੀ ਨਾਲ ਪੰਜਾਬੀਆਂ ਦੀ ਜ਼ਮੀਨ ਖੋਹਣ ਦਾ ਯਤਨ ਕੀਤਾ ਹੈ। ਉਹ ਦਾਅਵਾ ਕਰ ਰਹੇ ਹਨ ਕਿ ਅਕਾਲੀ ਦਲ ਸਰਕਾਰ ਨੂੰ ਪੰਜਾਬੀਆਂ ਦੀ ਇੱਕ ਇੰਚ ਵੀ ਜ਼ਮੀਨ ਖੋਹਣ ਨਹੀਂ ਦੇਵੇਗਾ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਵੀ ਕਹਿ ਰਹੇ ਹਨ ਕਿ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਕਿਸਾਨਾਂ ਦੀ ਜ਼ਮੀਨ ਹੜੱਪਣ ਲਈ ਲਿਆਂਦੀ ਗਈ ਹੈ। ਇਸ ਲਈ ਕਿਸਾਨਾਂ ਨੂੰ ਇਸ ਪਾਲਿਸੀ ਦਾ ਵਿਰੋਧ ਕਰਨਾ ਚਾਹੀਦਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਕਹਿੰਦੇ ਹਨ ਕਿ ਸਰਕਾਰ ਦੀ ਇਹ ਪਾਲਿਸੀ ਕਿਸਾਨਾਂ ਦੇ ਹਿੱਤ ਵਿੱਚ ਨਹੀਂ ਹੈ।

ਪੰਜਾਬ ਦੀ 'ਆਪ' ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਦੇ ਗੁਣ ਗਾਉਣ ਅਤੇ ਵਿਰੋਧੀ ਪਾਰਟੀਆਂ ਵੱਲੋਂ ਇਸ ਨੂੰ ਕਿਸਾਨ ਵਿਰੋਧੀ ਅਤੇ ਪੰਜਾਬ ਦਾ ਉਜਾੜਾ ਕਰਨ ਵਾਲੀ ਕਹਿਣ ਨਾਲ ਆਮ ਲੋਕਾਂ ਨੂੰ ਸਮਝ ਨਹੀਂ ਆ ਰਹੀ ਕਿ ਦੋਵਾਂ ਧਿਰਾਂ ਵਿੱਚ ਕਿਹੜੀ ਧਿਰ ਠੀਕ ਹੈ। ਜਿਸ ਕਰਕੇ ਲੈਂਡ ਪੂਲਿੰਗ ਪਾਲਿਸੀ ਸਬੰਧੀ ਆਮ ਲੋਕਾਂ ਵਿੱਚ ਇਸ ਸਮੇਂ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ। ਏਨਾ ਜ਼ਰੂਰ ਹੈ ਕਿ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਪਾਲਿਸੀ ਨਾਲ ਪੰਜਾਬ ਦੀ ਸਿਆਸਤ ਵਿੱਚ ਉਬਾਲ ਆ ਗਿਆ ਹੈ। ਵਿਰੋਧੀ ਸਿਆਸੀ ਪਾਰਟੀਆਂ ਇਸ ਪਾਲਿਸੀ ਨੂੰ ਵੱਡੇ ਹਥਿਆਰ ਵਜੋਂ ਵਰਤਣ ਦੀ ਤਿਆਰੀ ਵਿੱਚ ਹਨ ਅਤੇ ਉਹ ਇਸ ਪਾਲਿਸੀ ਦੇ ਵਿਰੋਧ ਦਾ ਲਾਹਾ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਲੈਣ ਦਾ ਯਤਨ ਕਰਨਗੀਆਂ। ਹਰ ਦਿਨ ਹੀ ਕਿਸਾਨ ਮੋਰਚੇ ਅਤੇ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਇਸ ਪਾਲਿਸੀ ਵਿਰੁੱਧ ਧਰਨੇ ਦਿੱਤੇ ਜਾ ਰਹੇ ਹਨ, ਜਿਸ ਕਰਕੇ ਪੰਜਾਬ ਵਿੱਚ ਚੋਣਾਂ ਵਾਲਾ ਮਾਹੌਲ ਬਣਦਾ ਜਾ ਰਿਹਾ ਹੈ।

ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਤਰਨਤਾਰਨ ਦੀ ਜ਼ਿਮਨੀ ਚੋਣ ਵੀ ਹੋਣੀ ਹੈ, ਜਿਸ ਲਈ ਸਿਆਸੀ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ ਹਨ। ਤਰਨ ਤਾਰਨ ਦੀ ਜ਼ਿਮਨੀ ਚੋਣ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਸੈਮੀਫ਼ਾਈਨਲ ਕਿਹਾ ਜਾ ਰਿਹਾ ਹੈ। ਜਿਸ ਕਰਕੇ ਇਸ ਚੋਣ ਨੂੰ ਜਿੱਤਣ ਲਈ ਸਾਰੀਆਂ ਸਿਆਸੀ ਧਿਰਾਂ ਵੱਲੋਂ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਜਿਹੜੀ ਵੀ ਸਿਆਸੀ ਪਾਰਟੀ ਤਰਨ ਤਾਰਨ ਜ਼ਿਮਨੀ ਚੋਣ ਜਿੱਤ ਜਾਵੇਗੀ, ਉਸ ਨੂੰ ਇਸ ਜਿੱਤ ਦਾ ਫ਼ਾਇਦਾ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਲਣ ਦੀ ਸੰਭਾਵਨਾ ਹੋ ਸਕਦੀ ਹੈ। ਜ਼ਿਮਨੀ ਚੋਣ ਦੇ ਬਹਾਨੇ ਸਿਆਸੀ ਪਾਰਟੀਆਂ ਆਪੋ ਆਪਣਾ ਸ਼ਕਤੀ ਪ੍ਰਦਰਸ਼ਨ ਵੀ ਕਰ ਰਹੀਆਂ ਹਨ ਅਤੇ ਆਪਣੇ ਜਨਤਕ ਆਧਾਰ ਨੂੰ ਵੀ ਮਜ਼ਬੂਤ ਕਰ ਰਹੀਆਂ ਹਨ।

ਅਗਲੀਆਂ ਚੋਣਾਂ ਸਬੰਧੀ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਹੁਣੇ ਤੋਂ ਵੱਡੇ ਸੁਪਨੇ ਵੇਖਣ ਲੱਗ ਪਏ ਹਨ। ਅਕਾਲੀ ਆਗੂ ਖਾਸ ਕਰਕੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਈ ਵਾਰ ਦਾਅਵਾ ਕਰ ਚੁੱਕੇ ਹਨ ਕਿ ਪੰਜਾਬ ਵਿੱਚ ਅਗਲੀ ਸਰਕਾਰ ਅਕਾਲੀ ਦਲ ਬਾਦਲ ਦੀ ਹੀ ਬਣੇਗੀ। ਸੁਖਬੀਰ ਬਾਦਲ ਵੀ ਆਪਣੇ ਆਪ ਨੂੰ ਪੰਜਾਬ ਦਾ ਅਗਲਾ ਮੁੱਖ ਮੰਤਰੀ ਬਣਨ ਦਾ ਸੁਪਨਾ ਵੇਖ ਰਹੇ ਹਨ। ਕਈ ਅਕਾਲੀ ਆਗੂ ਇਹ ਦਾਅਵਾ ਕਰਦੇ ਹਨ ਕਿ ਚੋਣਾਂ ਹੋਣ ਦੀ ਦੇਰ ਹੈ ਕਿ ਪੰਜਾਬ ਵਿੱਚ ਅਕਾਲੀ ਸਰਕਾਰ ਆਈ ਕਿ ਆਈ। ਕਾਂਗਰਸ ਪਾਰਟੀ ਦੇ ਆਗੂਆਂ ਦਾ ਵੀ ਇਹ ਹਾਲ ਹੈ। ਪੰਜਾਬ ਕਾਂਗਰਸ ਦੇ ਕਈ ਸੀਨੀਅਰ ਆਗੂ ਵਾਰ- ਵਾਰ ਇਹ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਅਗਲੀ ਸਰਕਾਰ ਸਿਰਫ਼ ਕਾਂਗਰਸ ਦੀ ਹੀ ਬਣੇਗੀ। ਇਸ ਤੋਂ ਇਲਾਵਾ ਕਈ ਕਾਂਗਰਸੀ ਆਗੂਆਂ ਵਿੱਚ ਕਾਂਗਰਸ ਪਾਰਟੀ ਵੱਲੋਂ ਪੰਜਾਬ ਦਾ ਅਗਲਾ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਬਣਨ ਲਈ ਵੀ ਦੌੜ ਸ਼ੁਰੂ ਹੋ ਗਈ ਹੈ। ਪੰਜਾਬ ਕਾਂਗਰਸ ਦੇ ਵੱਡੀ ਗਿਣਤੀ ਆਗੂ ਹੁਣੇ ਤੋਂ ਪੰਜਾਬ ਵਿੱਚ ਅਗਲੀ ਸਰਕਾਰ ਕਾਂਗਰਸ ਦੀ ਬਣਨ ਦਾ ਸੁਪਨਾ ਵੇਖਣ ਲੱਗ ਪਏ ਹਨ। ਇਸੇ ਤਰ੍ਹਾਂ ਭਾਜਪਾ ਦੀ ਪੰਜਾਬ ਇਕਾਈ ਦੇ ਕਈ ਆਗੂ ਦਾਅਵਾ ਕਰ ਰਹੇ ਹਨ ਕਿ ਭਾਜਪਾ ਪੰਜਾਬ ਵਿੱਚ ਇੱਕ ਦਿਨ ਆਪਣੀ ਸਰਕਾਰ ਬਣਾਉਣ ਵਿੱਚ ਕਾਮਯਾਬ ਜ਼ਰੂਰ ਹੋਵੇਗੀ। ਭਾਜਪਾ ਵੱਲੋਂ ਪੂਰੇ ਸੰਗਠਿਤ ਤਰੀਕੇ ਨਾਲ ਪੰਜਾਬ ਵਿੱਚ ਪਾਰਟੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਸ਼ਹਿਰੀ ਖੇਤਰਾਂ ਦੇ ਨਾਲ ਪਿੰਡਾਂ ਵਿੱਚ ਵੀ ਭਾਜਪਾ ਦਾ ਆਧਾਰ ਵਧਾਉਣ ਬਾਰੇ ਯਤਨ ਕੀਤੇ ਜਾ ਰਹੇ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਚਾਹੁੰਦੇ ਹਨ ਕਿ ਭਾਜਪਾ ਦਾ ਅਕਾਲੀ ਦਲ ਨਾਲ ਮੁੜ ਸਿਆਸੀ ਸਮਝੌਤਾ ਹੋ ਜਾਵੇ ਪਰ ਉਹਨਾਂ ਅਜੇ ਇਹ ਸਪਸ਼ਟ ਨਹੀਂ ਕੀਤਾ ਕਿ ਉਹ ਭਾਜਪਾ ਦਾ ਸਮਝੌਤਾ ਬਾਦਲ ਦਲ ਨਾਲ ਚਾਹੁੰਦੇ ਹਨ ਜਾਂ ਭਰਤੀ ਕਮੇਟੀ ਵੱਲੋਂ ਬਣਾਏ ਜਾ ਰਹੇ ਨਵੇਂ ਅਕਾਲੀ ਦਲ ਨਾਲ।

ਜੇ ਹੁਣ ਆਮ ਆਦਮੀ ਪਾਰਟੀ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿੱਚ ਇਹ ਪਾਰਟੀ ਸਰਕਾਰ ਹੋਣ ਕਰਕੇ ਸੱਤਾ ਦਾ ਸੁੱਖ ਮਾਣ ਰਹੀ ਹੈ। ਇਸ ਦੀ ਸੀਨੀਅਰ ਲੀਡਰਸ਼ਿਪ ਇਹ ਦਾਅਵਾ ਕਰ ਚੁੱਕੀ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਵੱਲੋਂ ਅਗਲੀਆਂ ਚੋਣਾਂ ਭਗਵੰਤ ਮਾਨ ਦੀ ਅਗਵਾਈ ਵਿੱਚ ਲੜੀਆਂ ਜਾਣਗੀਆਂ। ਆਪ ਸੁਪਰੀਮੋ ਕੇਜਰੀਵਾਲ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ 'ਸੁਨਾਮੀ' ਆਵੇਗੀ। ਇਸ ਪਾਰਟੀ ਦੇ ਆਗੂਆਂ ਨੂੰ ਆਸ ਹੈ ਕਿ ਇਸ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਵੇਖਦਿਆਂ ਪੰਜਾਬ ਦੇ ਲੋਕ ਇਸ ਪਾਰਟੀ ਨੂੰ ਪੰਜਾਬ ਵਿੱਚ ਮੁੜ ਸਰਕਾਰ ਬਣਾਉਣ ਦਾ ਮੌਕਾ ਦੇਣਗੇ।

ਪੰਜਾਬ ਵਿੱਚ ਅਕਾਲੀ ਦਲ ਦੇ ਹੋਰ ਧੜੇ, ਬਸਪਾ ਅਤੇ ਹੋਰ ਸਿਆਸੀ ਪਾਰਟੀਆਂ ਵੀ ਸਰਗਰਮ ਹਨ। ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਸਰਗਰਮ ਹੋ ਗਏ ਹਨ। ਵੱਖ ਵੱਖ ਸਿਆਸੀ ਪਾਰਟੀਆਂ ਵਿੱਚ ਅਨੇਕਾਂ ਆਗੂ ਅਜਿਹੇ ਹਨ ਜੋ ਕਿ ਹੁਣੇ ਤੋਂ ਆਪਣੇ ਆਪ ਨੂੰ ਪੰਜਾਬ ਦਾ ਅਗਲਾ ਮੁੱਖ ਮੰਤਰੀ ਹੋਣ ਦਾ ਸੁਪਨਾ ਵੇਖ ਰਹੇ ਹਨ। ਕਰੀਬ ਡੇਢ ਸਾਲ ਪਹਿਲਾਂ ਹੀ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਰਗਰਮੀਆਂ ਸ਼ੁਰੂ ਹੋਣ ਨਾਲ ਇਹ ਤਾਂ ਪਤਾ ਲੱਗ ਗਿਆ ਹੈ ਕਿ ਇਹਨਾਂ ਚੋਣਾਂ ਦੌਰਾਨ ਵੱਖ ਵੱਖ ਸਿਆਸੀ ਪਾਰਟੀਆਂ ਵਿਚਾਲੇ ਸਖ਼ਤ ਮੁਕਾਬਲੇ ਹੋਣਗੇ ਪਰ ਪੰਜਾਬ ਵਿੱਚ ਅਗਲੀ ਸਰਕਾਰ ਬਣਾਉਣ ਦਾ ਸੁਪਨਾ ਕਿਸ ਸਿਆਸੀ ਪਾਰਟੀ ਦਾ ਪੂਰਾ ਹੋਵੇਗਾ? ਅਤੇ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਣ ਦਾ ਸੁਪਨਾ ਕਿਸ ਸਿਆਸੀ ਆਗੂ ਦਾ ਪੂਰਾ ਹੋਵੇਗਾ? ਇਸ ਦਾ ਪਤਾ ਤਾਂ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਹੀ ਲੱਗੇਗਾ।

# ਅਮਰੀਕਾ ਦਾ ਵੀਜ਼ਾ ਲੈਣਾ ਹੋਇਆ ਹੁਣ ਹੋਰ ਮੁਸ਼ਕਿਲ

## ਇਮੀਗ੍ਰੇਸ਼ਨ ਨੀਤੀ ਨੂੰ ਹੋਰ ਸਖ਼ਤ ਕਰਨ ਜਾ ਰਹੇ ਹਨ ਡੋਨਾਲਡ ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਇਮੀਗ੍ਰੇਸ਼ਨ ਨੀਤੀ ਨੂੰ ਹੋਰ ਸਖ਼ਤ ਕਰਨ ਜਾ ਰਹੇ ਹਨ। ਤਾਜ਼ਾ ਜਾਣਕਾਰੀ ਮੁਤਾਬਕ ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੇ ਗ਼ੈਰ-ਪਰਵਾਸੀ ਵੀਜ਼ਾ ਇੰਟਰਵਿਊ ਛੋਟ ਪ੍ਰੋਗਰਾਮ ਵਿੱਚ ਕਈ ਵੱਡੇ ਬਦਲਾਅ ਦਾ ਐਲਾਨ ਕੀਤਾ ਹੈ। ਇਹ ਬਦਲਾਅ ਇਸ ਸਾਲ 2 ਸਤੰਬਰ ਤੋਂ ਲਾਗੂ ਹੋਣਗੇ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐਸ.ਸੀ.ਆਈ.ਐਸ.) ਨੇ ਇਨ੍ਹਾਂ ਬਦਲਾਅ ਬਾਰੇ ਜਾਣਕਾਰੀ ਦਿੱਤੀ ਹੈ। ਨਵੇਂ ਨਿਯਮਾਂ ਨੇ 18 ਫਰਵਰੀ ਦੀ ਨੀਤੀ ਨੂੰ ਪਲਟਾਉਂਦੇ ਹੋਏ ਯੋਗਤਾ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ। ਨਵੇਂ ਨਿਯਮ ਤਹਿਤ 14 ਸਾਲ ਤੋਂ ਘੱਟ ਉਮਰ ਦੇ ਅਤੇ 79 ਸਾਲ ਤੋਂ ਵੱਧ ਉਮਰ ਦੇ ਬਿਨੈਕਾਰਾਂ ਨੂੰ ਹੁਣ ਇੰਟਰਵਿਊ ਦੇਣੇ ਪੈਣਗੇ, ਖਾਸ ਵੀਜ਼ਾ ਸ਼੍ਰੇਣੀਆਂ ਅਤੇ ਨਵੀਨੀਕਰਨ ਅਪਵਾਦਾਂ ਨੂੰ ਛੱਡ ਕੇ। ਭਾਰਤ ਦੇ ਲੋਕ ਇਨ੍ਹਾਂ ਬਦਲਾਵਾਂ ਤੋਂ ਖਾਸ ਤੌਰ 'ਤੇ ਪ੍ਰਭਾਵਿਤ ਹੋ ਸਕਦੇ ਹਨ, ਕਿਉਂਕਿ ਅਮਰੀਕਾ ਵਿੱਚ ਰਹਿਣ ਵਾਲੇ ਵਿਦੇਸ਼ੀ ਲੋਕਾਂ ਵਿਚ ਭਾਰਤੀ ਵੱਡੀ ਗਿਣਤੀ ਵਿਚ ਹਨ।



ਵਿਦੇਸ਼ ਵਿਭਾਗ ਅਨੁਸਾਰ ਇਸ ਬਦਲਾਅ ਦਾ ਉਦੇਸ਼ ਸੁਰੱਖਿਆ ਨੂੰ ਵਧਾਉਣਾ ਹੈ। ਹਾਲਾਂਕਿ ਇਸ ਨਾਲ ਯਾਤਰੀਆਂ ਵਿੱਚ ਪ੍ਰੋਸੈਸਿੰਗ ਸਮੇਂ ਅਤੇ ਪਹੁੰਚ ਬਾਰੇ ਚਿੰਤਾਵਾਂ ਪੈਦਾ ਹੋ ਗਈਆਂ ਹਨ। ਨਵੇਂ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਆਦਾਤਰ ਗੈਰ-ਪ੍ਰਵਾਸੀ ਵੀਜ਼ਾ ਬਿਨੈਕਾਰਾਂ ਨੂੰ ਲਾਜ਼ਮੀ ਕੌਂਸਲਰ ਇੰਟਰਵਿਊ ਦਾ ਸਾਹਮਣਾ ਕਰਨਾ ਪਵੇਗਾ। ਇਸ ਨਾਲ ਏ-1, ਏ-2, ਸੀ-3, ਜੀ-1 ਤੋਂ ਜੀ-4, ਐਨ.ਏ.ਟੀ.ਓ.-1 ਤੋਂ ਐਨ.ਏ.ਟੀ.ਓ.-6 ਅਤੇ ਟੀ.ਟੀ.ਸੀ.ਆਰ.ਓ.-1 ਵੀਜ਼ਾ ਬਿਨੈਕਾਰ, ਡਿਪਲੋਮੈਟਿਕ ਅਤੇ ਅਧਿਕਾਰਤ ਵੀਜ਼ਾ ਧਾਰਕਾਂ ਨੂੰ ਛੋਟ ਮਿਲੇਗੀ। ਇੱਕ ਮੁੱਖ ਨਿਯਮ ਉਹਨਾਂ ਵਿਅਕਤੀਆਂ 'ਤੇ ਲਾਗੂ ਹੁੰਦਾ ਹੈ ਜੋ ਪੂਰੀ-ਵੈਧਤਾ ਵਾਲੇ ਬੀ-1, ਬੀ-2, ਬੀ1/ਬੀ2 ਵੀਜ਼ਾ, ਜਾਂ ਮੈਕਸੀਕਨ ਬਾਰਡਰ ਕਰਾਸਿੰਗ ਕਾਰਡ/ਫੋਇਲ ਨੂੰ ਰੀਨਿਊ ਕਰਦੇ ਹਨ, ਬਸ਼ਰਤੇ ਕਿ ਨਵੀਨੀਕਰਨ ਪਿਛਲੇ ਵੀਜ਼ੇ ਦੀ ਮਿਆਦ ਪੁੱਗਣ ਤੋਂ 12 ਮਹੀਨਿਆਂ ਦੇ ਅੰਦਰ ਕੀਤਾ ਗਿਆ ਹੋਵੇ। ਵੀਜ਼ਾ ਜਾਰੀ ਹੋਣ ਸਮੇਂ ਬਿਨੈਕਾਰ ਘੱਟੋ-ਘੱਟ 18 ਸਾਲ ਦਾ ਹੋਵੇ ਅਤੇ ਉਸ ਨੇ ਆਪਣੀ ਕੌਮੀਅਤ ਜਾਂ ਨਿਵਾਸ ਵਾਲੇ ਦੇਸ਼ ਤੋਂ ਅਰਜ਼ੀ ਦਿੱਤੀ ਹੋਵੇ। ਹਾਲਾਂਕਿ ਇਹਨਾਂ ਬਿਨੈਕਾਰਾਂ ਦੀ ਕੋਈ ਪਹਿਲਾਂ ਵੀਜ਼ਾ ਰਿਫਿਊਜਲ ਨਹੀਂ ਹੋਣੀ ਚਾਹੀਦੀ।

ਯੂ.ਐਸ.ਸੀ.ਆਈ.ਐਸ. ਦਾ ਕਹਿਣਾ ਹੈ ਕਿ ਕੌਂਸਲੇਟ ਅਧਿਕਾਰੀਆਂ ਨੂੰ ਅਜੇ ਵੀ ਕੇਸ-ਦਰ-ਕੇਸ ਜਾਂ ਸਥਾਨਕ ਆਧਾਰ 'ਤੇ ਨਿੱਜੀ ਇੰਟਰਵਿਊ ਦੀ ਲੋੜ ਹੋ ਸਕਦੀ ਹੈ। ਅਸੀਂ ਬਿਨੈਕਾਰਾਂ ਨੂੰ ਵੀਜ਼ਾ ਅਰਜ਼ੀ ਦੀਆਂ ਜ਼ਰੂਰਤਾਂ ਅਤੇ ਪ੍ਰਕਿਰਿਆਵਾਂ ਬਾਰੇ ਵਧੇਰੇ ਵਿਸਤ੍ਰਿਤ ਜਾਣਕਾਰੀ ਲਈ ਦੂਤਘਰ ਦੀ ਵੈੱਬਸਾਈਟ 'ਤੇ ਜਾਣ ਦੀ ਸਲਾਹ ਦਿੰਦੇ ਹਾਂ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਨੀਤੀਗਤ ਤਬਦੀਲੀ ਵਿਸ਼ਵਵਿਆਪੀ ਸੁਰੱਖਿਆ ਚਿੰਤਾਵਾਂ ਵਿਚਕਾਰ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਦੀ ਸਖ਼ਤ ਜਾਂਚ ਤੋਂ ਬਾਅਦ ਕੀਤੀ ਗਈ ਹੈ। ਨਵੇਂ ਬਦਲਾਵਾਂ ਦੀ ਵੱਡੇ ਪੱਧਰ 'ਤੇ ਆਲੋਚਨਾ ਹੋ ਰਹੀ ਹੈ।

# ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘਟੀ



ਨਿਊਯਾਰਕ/ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਕਾਰਨ ਅਮਰੀਕਾ ਵਿੱਚ ਭਾਰਤੀਆਂ ਦੇ ਦਾਖਲੇ ਵਿੱਚ ਵੱਡੀ ਬ੍ਰੇਕ ਲੱਗਣ ਦੀ ਸੰਭਾਵਨਾ ਹੈ। ਇਮੀਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਦੀ ਇੱਕ ਰਿਪੋਰਟ ਅਨੁਸਾਰ ਨਵੰਬਰ 2028 ਤੱਕ ਟਰੰਪ ਦੇ ਸ਼ਾਸਨਕਾਲ ਦੌਰਾਨ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਵਿੱਚ 50 ਪ੍ਰਤੀਸ਼ਤ ਦੀ ਕਮੀ ਆਉਣ ਦੀ ਸੰਭਾਵਨਾ ਹੈ। ਵਰਤਮਾਨ ਵਿੱਚ ਭਾਰਤ ਤੋਂ ਹਰ ਸਾਲ ਲਗਭਗ 7.5 ਲੱਖ ਪ੍ਰਵਾਸੀ ਅਮਰੀਕਾ ਵਿੱਚ ਦਾਖਲ ਹੋ ਰਹੇ ਹਨ। ਇਨ੍ਹਾਂ ਵਿੱਚੋਂ ਲਗਭਗ 3.31 ਲੱਖ ਨੂੰ ਵਿਦਿਆਰਥੀ ਵੀਜ਼ਾ, 2 ਲੱਖ ਨੂੰ ਵਰਕ ਵੀਜ਼ਾ, 50 ਹਜ਼ਾਰ ਨੂੰ ਨਾਗਰਿਕਤਾ ਅਤੇ 1.71 ਲੱਖ ਨੂੰ ਗ੍ਰੀਨ ਕਾਰਡ ਮਿਲਦਾ ਹੈ। ਇੰਸਟੀਚਿਊਟ ਦੀ ਪ੍ਰੋਫੈਸਰ ਮੈਡੇਲੀਨ ਗ੍ਰੀਨ ਦਾ ਕਹਿਣਾ ਹੈ ਕਿ ਇਹ ਖਦਸ਼ਾ ਟਰੰਪ ਦੇ ਹੁਣ ਤੱਕ ਦੇ ਵੀਜ਼ਾ ਡੇਟਾ ਰਿਲੀਜ਼ ਦੇ ਅਧਾਰ 'ਤੇ ਇਮੀਗ੍ਰੇਸ਼ਨ ਮਾਡਲ ਤੋਂ ਸਾਹਮਣੇ ਆਇਆ ਹੈ।

ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਗਿਰਾਵਟ

ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਗਿਰਾਵਟ ਦਾ ਅਸਰ ਦਿਖਣਾ ਸ਼ੁਰੂ ਹੋ ਗਿਆ ਹੈ। 2024 ਦੇ ਮੁਕਾਬਲੇ ਹੁਣ ਤੱਕ ਸਿਰਫ਼ 1.5 ਲੱਖ ਵਿਦਿਆਰਥੀ ਹੀ ਅਮਰੀਕਾ ਵਿੱਚ ਦਾਖਲਾ ਲੈ ਸਕੇ ਹਨ। ਇਸਦਾ ਵੱਡਾ ਕਾਰਨ ਟਰੰਪ ਵੱਲੋਂ ਸੋਸ਼ਲ ਮੀਡੀਆ ਪ੍ਰੋਫਾਈਲਾਂ ਦੀ ਜਾਂਚ, ਸਖ਼ਤ ਵੀਜ਼ਾ ਨਿਯਮ ਅਤੇ ਲੰਬੇ ਸਮੇਂ ਤੋਂ ਵਿਦਿਆਰਥੀ ਵੀਜ਼ਾ ਇੰਟਰਵਿਊ 'ਤੇ ਪਾਬੰਦੀ ਸ਼ਾਮਲ ਹੈ।

**ਵਰਕ ਵੀਜ਼ਾ ਵਿੱਚ ਗਿਰਾਵਟ**

ਵਰਕ ਵੀਜ਼ਿਆਂ ਵਿੱਚ ਵੀ ਗਿਰਾਵਟ ਆਉਣ ਦੀ ਸੰਭਾਵਨਾ ਹੈ। ਪਿਛਲੇ ਸਾਲ ਵਰਕ ਵੀਜ਼ਾ ਸ਼੍ਰੇਣੀ ਵਿੱਚ ਕੁੱਲ 2 ਲੱਖ ਵਿੱਚੋਂ ਭਾਰਤੀਆਂ ਨੂੰ 72 ਹਜ਼ਾਰ ਐਚ1ਬੀ ਵੀਜ਼ੇ ਮਿਲੇ ਸਨ, ਜਦੋਂ ਕਿ ਸਤੰਬਰ 2025 ਤੋਂ ਨਵੀਂ ਐਚ1ਬੀ ਵੀਜ਼ਾ ਵਿੰਡੋ ਵਿੱਚ ਗਿਰਾਵਟ ਆਉਣ ਦੀ ਸੰਭਾਵਨਾ ਹੈ। ਅਮਰੀਕਾ ਵਿੱਚ ਹੁਣ ਤੱਕ ਐਚ1ਬੀ ਵੀਜ਼ਿਆਂ ਵਿੱਚ ਭਾਰਤੀਆਂ ਦਾ ਹਿੱਸਾ ਸਭ ਤੋਂ ਵੱਧ ਹੈ।

**ਅਮਰੀਕਾ ਫਸਟ ਸਭ ਤੋਂ ਵੱਡਾ ਕਾਰਨ**

ਅਮਰੀਕਨ ਇਮੀਗ੍ਰੇਸ਼ਨ ਕੌਂਸਲ ਦੇ ਸੀਨੀਅਰ ਫੈਲੋ ਐਰੋਨ ਮੇਲਨਿਕ ਦਾ ਕਹਿਣਾ ਹੈ ਕਿ ਟਰੰਪ ਦੀ 'ਅਮਰੀਕਾ ਫਸਟ' ਨੀਤੀ ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਹੈ। ਟਰੰਪ ਅਮਰੀਕਾ ਵਿੱਚ ਉਦਯੋਗ ਸਥਾਪਤ ਕਰਨ ਦੇ ਨਾਮ 'ਤੇ ਇਮੀਗ੍ਰੇਸ਼ਨ ਵੀਜ਼ਾ ਕੋਟੇ ਦੀ ਵਰਤੋਂ ਕਰਨਗੇ।

## ਅਮਰੀਕਾ 'ਚ ਜਨਮ ਅਧਿਕਾਰ ਨਾਗਰਿਕਤਾ ਬਾਰੇ ਟਰੰਪ ਦੇ ਫ਼ੈਸਲੇ 'ਤੇ ਅਦਾਲਤ ਨੇ ਰੋਕ ਲਗਾਈ



ਬੋਸਟਨ/ਏ.ਟੀ.ਨਿਊਜ਼: ਅਮਰੀਕਾ ਦੇ ਇੱਕ ਫ਼ੈਡਰਲ ਜੱਜ ਨੇ ਟਰੰਪ ਪ੍ਰਸ਼ਾਸਨ ਦੇ ਜਨਮ ਅਧਿਕਾਰ ਨਾਗਰਿਕਤਾ ਵਾਲੇ ਉਸ ਫ਼ੈਸਲੇ 'ਤੇ ਰੋਕ ਲਾ ਦਿੱਤੀ ਹੈ ਜਿਸ ਅਧੀਨ ਉਨ੍ਹਾਂ ਮਾਪਿਆਂ ਦੇ ਬੱਚਿਆਂ ਲਈ ਜਨਮ ਅਧਿਕਾਰ ਨਾਗਰਿਕਤਾ ਨੂੰ ਖ਼ਤਮ ਕੀਤਾ ਗਿਆ ਸੀ, ਜੋ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਰਹਿ ਰਹੇ ਹਨ। ਜੂਨ ਵਿੱਚ ਸੁਪਰੀਮ ਕੋਰਟ ਦੇ ਇੱਕ ਮਹੱਤਵਪੂਰਨ ਫ਼ੈਸਲੇ ਤੋਂ ਬਾਅਦ ਦੇਸ਼ ਭਰ ਵਿੱਚ ਜਨਮ ਅਧਿਕਾਰ ਦੇ ਆਦੇਸ਼ ਨੂੰ ਰੋਕਣ ਵਾਲਾ ਇਹ ਤੀਜਾ ਅਦਾਲਤੀ ਫ਼ੈਸਲਾ ਜਾਰੀ ਕੀਤਾ ਗਿਆ ਹੈ ।ਅਮਰੀਕੀ ਜ਼ਿਲ੍ਹਾ ਜੱਜ ਲੀਓ ਸੋਰੋਕਿਨ, ਇੱਕ ਹੋਰ ਜ਼ਿਲ੍ਹਾ ਅਦਾਲਤ ਦੇ ਨਾਲ-ਨਾਲ ਜੱਜਾਂ ਦੇ ਇੱਕ ਅਪੀਲੀ ਪੈਨਲ ਨੇ ਇਹ ਫ਼ੈਸਲਾ ਦਿੱਤਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਅਪਵਾਦ ਦੇ ਤਹਿਤ ਇੱਕ ਦਰਜਨ ਤੋਂ ਵੱਧ ਰਾਜਾਂ ਨੂੰ ਦਿੱਤਾ ਗਿਆ ਦੇਸ਼ ਵਿਆਪੀ ਹੁਕਮ ਲਾਗੂ ਰਹੇਗਾ। ਇਸ ਫ਼ੈਸਲੇ ਨੇ ਹੇਠਲੀਆਂ ਅਦਾਲਤਾਂ ਦੇ ਜੱਜਾਂ ਦੀ ਦੇਸ਼ ਵਿਆਪੀ ਹੁਕਮ ਜਾਰੀ ਕਰਨ ਦੀ ਸ਼ਕਤੀ ਨੂੰ ਸੀਮਤ ਕਰ ਦਿੱਤਾ।

ਸੂਬਿਆਂ ਨੇ ਦਲੀਲ ਦਿੱਤੀ ਹੈ ਕਿ ਟਰੰਪ ਪ੍ਰਸ਼ਾਸਨ ਦਾ ਜਨਮ ਅਧਿਕਾਰ ਨਾਗਰਿਕਤਾ ਨੂੰ ਖ਼ਤਮ ਕਰਨ ਵਾਲਾ ਫ਼ੈਸਲਾ ਗ਼ੈਰਸੰਵਿਧਾਨਕ ਹੈ। ਇਸਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਇਸ ਨਾਲ ਨਾਗਰਿਕਤਾ ਸਥਿਤੀ 'ਤੇ ਨਿਰਭਰ ਸਿਹਤ ਬੀਮਾ ਸੇਵਾਵਾਂ ਨੂੰ ਲੱਖਾਂ ਡਾਲਰਾਂ ਦਾ ਨੁਕਸਾਨ ਹੋਵੇਗਾ। ਇਸ ਮੁੱਦੇ ਦੇ ਜਲਦ ਹੀ ਦੇਸ਼ ਦੀ ਸਰਵਉੱਚ ਅਦਾਲਤ ਵਿੱਚ ਵਾਪਸ ਜਾਣ ਦੀ ਉਮੀਦ ਹੈ।

# ਯੂਰਪ ਨੂੰ ਤਬਾਹ ਕਰ ਰਹੀ ਹੈ ਵਧਦੀ ਇਮੀਗ੍ਰੇਸ਼ਨ: ਟਰੰਪ

## ਯੂਰਪ ਵਿੱਚ ਰਹਿੰਦੇ ਹਨ 8 ਕਰੋੜ 70 ਲੱਖ ਅੰਤਰਰਾਸ਼ਟਰੀ ਪਰਵਾਸੀ



ਸਕਾਟਲੈਂਡ/ਏ.ਟੀ.ਨਿਊਜ਼: ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਸ਼ਰਨਾਰਥੀਆਂ 'ਤੇ ਕਾਰਵਾਈ ਕਰਨ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਹੁਣ ਯੂਰਪ 'ਤੇ ਨਜ਼ਰਾਂ ਰੱਖ ਰਹੇ ਹਨ। ਉਨ੍ਹਾਂ ਨੇ ਯੂਰਪੀ ਦੇਸ਼ਾਂ ਨੂੰ ਇਮੀਗ੍ਰੇਸ਼ਨ ਰੋਕਣ ਦੀ ਸਲਾਹ ਦਿੱਤੀ ਹੈ। ਟਰੰਪ ਨੇ ਇਸ ਨੂੰ 'ਭਿਆਨਕ ਹਮਲਾ' ਵੀ ਕਿਹਾ ਹੈ।

ਸਕਾਟਲੈਂਡ ਦੇ ਏਅਰ ਫੋਰਸ ਸਟੇਸ਼ਨ 'ਤੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ, ਟਰੰਪ ਨੇ ਯੂਰਪੀ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਤੁਹਾਨੂੰ ਇਸ 'ਭਿਆਨਕ ਹਮਲੇ' ਨੂੰ ਤੁਰੰਤ ਰੋਕਣ ਦੀ ਲੋੜ ਹੈ।

ਟਰੰਪ ਦੇ ਅਨੁਸਾਰ, 'ਤੁਹਾਨੂੰ ਸਾਰਿਆਂ ਨੂੰ ਇਮੀਗ੍ਰੇਸ਼ਨ 'ਤੇ ਇਕੱਠੇ ਕਾਰਵਾਈ ਕਰਨੀ ਚਾਹੀਦੀ ਹੈ। ਨਹੀਂ ਤਾਂ ਯੂਰਪ ਖ਼ਤਮ ਹੋ ਜਾਵੇਗਾ। ਬਹੁਤ ਸਾਰੇ ਦੇਸ਼ਾਂ ਦੇ ਲੋਕ ਆ ਰਹੇ ਹਨ ਅਤੇ ਯੂਰਪ ਵਿੱਚ ਵਸ ਰਹੇ ਹਨ। ਤੁਹਾਨੂੰ ਇਸ 'ਭਿਆਨਕ ਹਮਲੇ' ਨੂੰ ਰੋਕਣਾ ਪਵੇਗਾ।'

ਟਰੰਪ ਨੇ ਕਿਹਾ- 'ਕੁਝ ਲੋਕ ਇਮੀਗ੍ਰੇਸ਼ਨ ਨੂੰ ਰੋਕਣਾ ਨਹੀਂ ਚਾਹੁੰਦੇ। ਜੇ ਮੈਂ ਚਾਹਾਂ ਤਾਂ ਮੈਂ ਹੁਣੇ ਉਨ੍ਹਾਂ ਦਾ ਨਾਮ ਲੈ ਸਕਦਾ ਹਾਂ ਪਰ ਮੈਂ ਕਿਸੇ ਨੂੰ ਸ਼ਰਮਿੰਦਾ ਨਹੀਂ ਕਰਨਾ ਚਾਹੁੰਦਾ। ਵਧਦੀ ਇਮੀਗ੍ਰੇਸ਼ਨ ਯੂਰਪ ਨੂੰ ਤਬਾਹ ਕਰ ਰਹੀ ਹੈ।

ਟਰੰਪ ਨੇ ਅਮਰੀਕਾ-ਮੈਕਸੀਕੋ ਸਰਹੱਦ ਦੇ ਬੰਦ ਹੋਣ ਦਾ ਹਵਾਲਾ ਦਿੰਦੇ ਹੋਏ ਕਿਹਾ, 'ਤੁਸੀਂ ਜਾਣਦੇ ਹੋ, ਪਿਛਲੇ ਮਹੀਨੇ ਤੋਂ ਬਾਅਦ ਕੋਈ ਵੀ ਸਾਡੇ ਦੇਸ਼ ਵਿੱਚ ਦਾਖਲ ਨਹੀਂ ਹੋ ਸਕਦਾ। ਅਸੀਂ ਦੇਸ਼ ਤੋਂ ਬਹੁਤ ਸਾਰੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਵੀ ਰਿਹਾਅ ਕਰਵਾਇਆ ਹੈ।'

ਸੰਯੁਕਤ ਰਾਸ਼ਟਰ ਦੀ 2020 ਦੀ ਰਿਪੋਰਟ ਦੇ ਅਨੁਸਾਰ, ਲਗਪਗ 87 ਮਿਲੀਅਨ (8 ਕਰੋੜ 70 ਲੱਖ) ਅੰਤਰਰਾਸ਼ਟਰੀ ਪਰਵਾਸੀ ਯੂਰਪ ਵਿੱਚ ਰਹਿੰਦੇ ਹਨ। ਟਰੰਪ ਨੇ ਜਨਵਰੀ ਵਿੱਚ ਅਮਰੀਕਾ ਵਿੱਚ ਸੱਤਾ ਸੰਭਾਲਣ ਤੋਂ ਬਾਅਦ ਗ਼ੈਰ-ਕਾਨੂੰਨੀ ਪਰਵਾਸੀਆਂ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਟਰੰਪ ਨੇ ਬਹੁਤ ਸਾਰੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਛੱਡ ਦਿੱਤਾ ਸੀ।

## ਅਮਰੀਕਾ 'ਚ ਇੱਕ ਵਿਅਕਤੀ ਨੇ ਚਾਕੂ ਨਾਲ ਹਮਲਾ ਕਰਕੇ 11 ਵਿਅਕਤੀਆਂ ਨੂੰ ਕੀਤਾ ਜ਼ਖ਼ਮੀ

ਟਰੈਵਰਸ ਸਿਟੀ (ਅਮਰੀਕਾ)/ ਏ.ਟੀ.ਨਿਊਜ਼: ਅਮਰੀਕਾ ਦੀ ਟਰੈਵਰਸ ਸਿਟੀ ਦੇ ਵਾਲਮਾਰਟ ਸਟੋਰ ਵਿੱਚ ਪਿਛਲੇ ਦਿਨੀਂ ਘੱਟੋ-ਘੱਟ 11 ਵਿਅਕਤੀਆਂ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ, ਜਿਨ੍ਹਾਂ ਵਿੱਚੋਂ ਛੇ ਦੀ ਹਾਲਤ ਗੰਭੀਰ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਸ਼ੱਕੀ ਹਮਲਾਵਰ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ।

ਗਰੈਂਡ ਟਰੈਵਰਸ ਕਾਊਂਟੀ ਦੇ ਸ਼ੈਰਿਫ ਮਾਈਕਲ ਸ਼ੀਆ ਨੇ ਮੀਡੀਆ ਨੂੰ ਦੱਸਿਆ ਕਿ ਇਸ ਹਮਲੇ ਵਿੱਚ ਘੱਟੋ-ਘੱਟ 11 ਵਿਅਕਤੀ ਜ਼ਖ਼ਮੀ ਹੋਏ ਹਨ। ਟਰੈਵਰਸ ਸਿਟੀ ਤੋਂ ਲਗਪਗ 25 ਮੀਲ ਦੂਰ ਔਨਰ ਵਿੱਚ ਰਹਿਣ ਵਾਲੀ 36 ਸਾਲਾ ਟਿਫਨੀ ਡੈਫੈਲ ਨੇ ਦੱਸਿਆ ਕਿ ਜਦੋਂ ਉਹ ਪਾਰਕਿੰਗ ਵਾਲੀ ਥਾਂ 'ਤੇ ਮੌਜੂਦ ਸੀ ਤਾਂ ਉਸ ਨੇ ਆਪਣੇ ਆਸ-ਪਾਸ ਹਫ਼ੜਾ-ਦਫ਼ੜੀ ਮਚੀ ਦੇਖੀ। ਉਸ ਨੇ ਕਿਹਾ, "ਇਹ ਅਸਲੀਅਤ ਵਿੱਚ ਡਰਾਉਣਾ ਸੀ। ਮੈਂ ਤੇ ਮੇਰੀ ਭੈਣ ਬਹੁਤ ਘਬਰਾ ਗਏ ਸੀ।"

'ਮੁਨਸਨ ਹੈਲਥਕੇਅਰ' ਨੇ ਸੋਸ਼ਲ ਮੀਡੀਆ ਰਾਹੀਂ ਦੱਸਿਆ ਕਿ ਉੱਤਰੀ ਮਿਸ਼ੀਗਨ ਸਥਿਤ ਇਸ ਹਸਪਤਾਲ ਵਿੱਚ 11 ਵਿਅਕਤੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਹਸਪਤਾਲ ਦੀ ਤਰਜਮਾਨ ਮੈਗਨ ਬਰਾਊਨ ਨੇ ਦੱਸਿਆ ਕਿ ਸਾਰੇ ਵਿਅਕਤੀ ਚਾਕੂ ਲੱਗਣ ਕਾਰਨ ਜ਼ਖ਼ਮੀ ਹੋਏ ਹਨ। ਉਨ੍ਹਾਂ ਦੱਸਿਆ ਕਿ ਬੀਤੀ ਦੇਰ ਰਾਤ ਤੱਕ ਛੇ ਜ਼ਖ਼ਮੀਆਂ ਦੀ ਹਾਲਤ ਨਾਜ਼ੁਕ ਸੀ ਅਤੇ ਪੰਜ ਦੀ ਹਾਲਤ ਗੰਭੀਰ ਸੀ। ਮਿਸ਼ੀਗਨ ਸੂਬੇ ਦੀ ਪੁਲਿਸ ਨੇ ਦੱਸਿਆ ਕਿ ਸ਼ੱਕੀ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਸ਼ੀਆ ਨੇ ਦੱਸਿਆ ਕਿ ਸ਼ੱਕੀ ਵਿਅਕਤੀ ਸੰਭਾਵੀ ਤੌਰ 'ਤੇ ਮਿਸ਼ੀਗਨ ਦਾ ਵਸਨੀਕ ਹੈ ਪਰ ਉਨ੍ਹਾਂ ਹੋਰ ਵਧੇਰੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਗਵਰਨਰ ਗ੍ਰੈਚੇਨ ਵ੍ਹਿਮਟਰ ਨੇ ਪੀੜਤਾਂ ਪ੍ਰਤੀ ਹਮਦਰਦੀ ਜ਼ਾਹਿਰ ਕੀਤੀ ਹੈ। ਵਾਲਮਾਰਟ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਜਾਂਚ ਵਿੱਚ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦਾ ਸਹਿਯੋਗ ਕਰ ਰਿਹਾ ਹੈ।

## ਅਦਾਲਤ ਵੱਲੋਂ ਮਾਨਵੀ ਗਰਾਂਟਾਂ ਰੱਦ ਕਰਨ 'ਤੇ ਆਰਜ਼ੀ ਰੋਕ

ਵਾਸ਼ਿੰਗਟਨ/ਏ.ਟੀ.ਨਿਊਜ਼: ਨਿਊਯਾਰਕ ਦੀ ਜ਼ਿਲ੍ਹਾ ਅਦਾਲਤ ਨੇ ਬੀਤੀ ਰਾਤ ਨੈਸ਼ਨਲ ਐਂਡੋਮੈਂਟ ਫਾਰ ਦਿ ਹਿਊਮੈਨਿਟੀਜ਼ ਵੱਲੋਂ ਆਥਰਜ਼ ਗਿਲਡ ਦੇ ਮੈਂਬਰਾਂ ਨੂੰ ਦਿੱਤੀਆਂ ਗਰਾਂਟਾਂ ਨੂੰ ਰੱਦ ਕਰਨ 'ਤੇ ਮੁੱਢਲੀ ਰੋਕ ਲਗਾ ਦਿੱਤੀ ਹੈ। ਇਹ ਰੋਕ ਇਸ ਆਧਾਰ 'ਤੇ ਲਾਈ ਗਈ ਕਿ ਇਸ ਨਾਲ ਉਨ੍ਹਾਂ ਦੇ ਪਹਿਲੇ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਵਿੱਚ ਅਮਰੀਕੀ ਜ਼ਿਲ੍ਹਾ ਅਦਾਲਤ ਦੀ ਜੱਜ ਕੌਲੀਨ ਮੈਕਮੋਹਨ ਨੇ ਗਿਲਡ ਦੇ ਮੈਂਬਰਾਂ ਨੂੰ ਪਹਿਲਾਂ ਤੋਂ ਜਾਰੀ ਗਰਾਂਟਾਂ ਨੂੰ ਰੱਦ ਕਰਨ ਉੱਤੇ ਰੋਕ ਲਗਾ ਦਿੱਤੀ ਅਤੇ ਹੁਕਮ ਦਿੱਤਾ ਕਿ ਕੇਸ ਦੀ ਸੁਣਵਾਈ ਹੋਣ ਤੱਕ ਗਰਾਂਟਾਂ ਨਾਲ ਜੁੜੇ ਕਿਸੇ ਵੀ ਫੰਡ ਨੂੰ ਮੁੜ ਰੋਕਿਆ ਨਾ ਜਾਵੇ।

ਗਿਲਡ ਵੱਲੋਂ ਮਈ ਵਿੱਚ ਦਾਇਰ ਕੀਤੇ ਗਏ ਇਸ ਮੁਕੱਦਮੇ ਵਿੱਚ ਕਿਹਾ ਗਿਆ ਹੈ ਕਿ ਡੀ.ਓ.ਜੀ.ਈ. ਨੇ ਆਪਣਾ ਗਰਾਂਟ ਪ੍ਰੋਗਰਾਮ ਖਤਮ ਕਰਕੇ ਮਨੁੱਖੀ ਕੌਂਸਲਾਂ ਦੇ ਅਹਿਮ ਕੰਮ ਵਿੱਚ ਰੁਕਾਵਟ ਪਾਈ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰੂਸ-ਨਾਟੋ ਤਣਾਅ ਵਧਿਆ: ਪਰਮਾਣੂ ਯੁੱਧ ਤੇ ਤੀਜੇ ਵਿਸ਼ਵ ਯੁੱਧ ਦਾ ਖਤਰਾ ਮੰਡਰਾਇਆ

## ਰੂਸੀ ਮੀਡੀਆ ਅਤੇ ਮਾਹਿਰਾਂ ਮੁਤਾਬਕ, ਨਾਟੋ ਦੇਸ਼ ਰੂਸ ਵਿਰੁੱਧ ਪਰਮਾਣੂ ਹਮਲੇ ਦੀ ਕਰ ਰਹੇ ਨੇ ਤਿਆਰੀ

ਰੂਸ ਅਤੇ ਨਾਟੋ ਦੇਸ਼ਾਂ ਵਿਚਕਾਰ ਵਧਦਾ ਤਣਾਅ ਅੱਜਕੱਲ੍ਹ ਅੰਤਰਰਾਸ਼ਟਰੀ ਸੁਰਖੀਆਂ ਦਾ ਵੱਡਾ ਵਿਸ਼ਾ ਬਣਿਆ ਹੋਇਆ ਹੈ। ਰੂਸੀ ਮੀਡੀਆ ਅਤੇ ਮਾਹਿਰਾਂ ਦੀਆਂ ਰਿਪੋਰਟਾਂ ਮੁਤਾਬਕ, ਨਾਟੋ ਦੇਸ਼ ਰੂਸ ਵਿਰੁੱਧ ਵੱਡੇ ਪੈਮਾਨੇ 'ਤੇ ਪਰਮਾਣੂ ਹਮਲੇ ਦੀ ਤਿਆਰੀ ਕਰ ਰਹੇ ਹਨ, ਜਿਸ ਨਾਲ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ ਨੂੰ ਹੋਰ ਬਲ ਮਿਲ ਰਿਹਾ ਹੈ। ਦੂਜੇ ਪਾਸੇ, ਰੂਸ ਅਤੇ ਯੂਕ੍ਰੇਨ ਵਿਚਕਾਰ ਸ਼ਾਂਤੀ ਵਾਰਤਾ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ, ਪਰ ਇਹ ਵਾਰਤਾ ਅਜੇ ਤੱਕ ਸਫ਼ਲ ਨਹੀਂ ਹੋ ਸਕੀ। ਇਸ ਸਥਿਤੀ ਵਿੱਚ ਸਵਾਲ ਇਹ ਹੈ ਕਿ ਕੀ ਰੂਸ ਅਤੇ ਨਾਟੋ ਵਿਚਕਾਰ ਸੰਘਰਸ਼ ਤੀਜੇ ਵਿਸ਼ਵ ਯੁੱਧ ਦਾ ਰੂਪ ਲਵੇਗਾ ?

**ਰੂਸੀ ਮੀਡੀਆ ਦੀਆਂ ਚਿਤਾਵਨੀਆਂ**

ਰੂਸ ਦੇ ਪ੍ਰਮੁੱਖ ਅਖਬਾਰ ਕੋਮਸੋਮੋਲਸਕਾਇਆ ਪ੍ਰਾਵਦਾ ਸਮੇਤ ਸਰਕਾਰੀ ਸਮਰਥਨ ਵਾਲੇ ਕਈ ਮੀਡੀਆ ਹਾਊਸ ਨਾਟੋ ਨਾਲ ਪਰਮਾਣੂ ਯੁੱਧ ਦੀਆਂ ਚਿਤਾਵਨੀਆਂ ਦੇ ਰਹੇ ਹਨ। ਇਨ੍ਹਾਂ ਰਿਪੋਰਟਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਾਟੋ ਦੇਸ਼, ਖਾਸ ਕਰਕੇ ਅਮਰੀਕਾ, ਬ੍ਰਿਟੇਨ ਅਤੇ ਹੋਰ ਯੂਰਪੀ ਸਹਿਯੋਗੀ, 2020 ਦੇ ਦਹਾਕੇ ਦੇ ਅੰਤ ਤੱਕ ਰੂਸ ਵਿਰੁੱਧ ਵੱਡੇ ਪੈਮਾਨੇ 'ਤੇ ਸੈਨਿਕ ਕਾਰਵਾਈ ਕਰ ਸਕਦੇ ਹਨ। ਇਹ ਰਿਪੋਰਟਾਂ ਰੂਸੀ ਨਾਗਰਿਕਾਂ ਨੂੰ ਯੁੱਧ ਦੀ ਸੰਭਾਵਨਾ ਲਈ ਤਿਆਰ ਰਹਿਣ ਦੀ ਅਪੀਲ ਕਰ ਰਹੀਆਂ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਪੱਛਮੀ ਦੇਸ਼ ਰੂਸ ਨੂੰ ਖਤਮ ਕਰਨ ਜਾਂ ਇਸ ਨੂੰ ਵੰਡਣ ਦੀ ਰਣਨੀਤੀ 'ਤੇ ਕੰਮ ਕਰ ਰਹੇ ਹਨ।

ਇਸ ਦੇ ਨਾਲ ਹੀ, ਰੂਸੀ ਮਾਹਿਰਾਂ ਅਤੇ ਸਾਬਕਾ ਰਾਸ਼ਟਰਪਤੀ ਦਮਿਤਰੀ ਮੇਦਵੇਦੇਵ ਨੇ ਵੀ ਇਸ ਗੱਲ ਨੂੰ ਦੁਹਰਾਇਆ ਹੈ ਕਿ ਨਾਟੋ ਅਤੇ ਪੱਛਮੀ ਦੇਸ਼ਾਂ ਦੀਆਂ ਕਾਰਵਾਈਆਂ ਕਾਰਨ ਸਥਿਤੀ ਤੀਜੇ ਵਿਸ਼ਵ ਯੁੱਧ ਵੱਲ ਵਧ ਸਕਦੀ ਹੈ। ਮੇਦਵੇਦੇਵ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਰੂਸ ਦੀ ਸੁਰੱਖਿਆ ਜਾਂ ਸੰਪ੍ਰਭੂਤਾ ਨੂੰ ਖਤਰਾ ਹੋਇਆ, ਤਾਂ ਰੂਸ ਪਰਮਾਣੂ ਹਥਿਆਰਾਂ ਦੀ ਵਰਤੋਂ ਤੋਂ ਵੀ ਪਿੱਛੇ ਨਹੀਂ ਹਟੇਗਾ।

**ਕੈਲਿਨਿਨਗਰਾਦ 'ਤੇ ਨਜ਼ਰ**

ਰੂਸੀ ਮੀਡੀਆ ਦੀਆਂ ਰਿਪੋਰਟਾਂ ਵਿੱਚ ਖਾਸ ਤੌਰ 'ਤੇ ਕੈਲਿਨਿਨਗਰਾਦ ਦਾ ਜ਼ਿਕਰ ਹੈ, ਜੋ ਰੂਸ ਦਾ ਇੱਕ ਅਹਿਮ ਖੇਤਰ ਹੈ ਅਤੇ ਨਾਟੋ ਦੇਸ਼ਾਂ ਨਾਲ ਘਿਰਿਆ ਹੋਇਆ ਹੈ। ਅਮਰੀਕੀ ਸੈਨਿਕ ਜਨਰਲ ਕ੍ਰਿਸਟੋਫ਼ਰ ਡੋਨਹਿਊ ਨੇ ਹਾਲ ਹੀ ਵਿੱਚ ਕੈਲਿਨਿਨਗਰਾਦ 'ਤੇ ਹਮਲੇ ਦੀ ਗੱਲ ਕੀਤੀ ਸੀ, ਜਿਸ ਦਾ ਰੂਸ ਨੇ ਸਖ਼ਤ ਜਵਾਬ ਦਿੱਤਾ। ਰੂਸ ਨੇ ਕਿਹਾ ਹੈ ਕਿ ਕੈਲਿਨਿਨਗਰਾਦ ਦੀ ਸੁਰੱਖਿਆ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ, ਜਿਸ ਵਿੱਚ ਪਰਮਾਣੂ ਹਥਿਆਰਾਂ ਦੀ ਵਰਤੋਂ ਵੀ ਸ਼ਾਮਲ ਹੈ।

ਰੂਸੀ ਸੈਨਿਕ ਟਿੱਪਣੀਕਾਰ ਜੀਮੋਵਸਕੀ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਸੇਂਟ ਪੀਟਰਸਬਰਗ ਜਾਂ ਕੈਲਿਨਿਨਗਰਾਦ 'ਤੇ ਕੋਈ ਵੀ ਹਮਲਾ ਇੱਕ ਵਿਸ਼ਾਲ ਯੁੱਧ ਨੂੰ ਜਨਮ ਦੇ ਸਕਦਾ ਹੈ। ਰੂਸ ਦੀ ਵਿਦੇਸ਼ੀ ਖੁਫ਼ੀਆ ਸੇਵਾ (ਐਸ.ਵੀ.ਆਰ.) ਨੇ ਨਾਟੋ 'ਤੇ ਮੋਲਡੋਵਾ ਵਿਖੇ ਸੈਨਿਕ ਅੱਡੇ ਵਜੋਂ ਵਰਤਣ ਦਾ ਦੋਸ਼ ਲਗਾਇਆ ਹੈ, ਜਿਸ ਨਾਲ ਪੂਰਬੀ ਯੂਰਪ ਵਿੱਚ ਤਣਾਅ ਹੋਰ ਵਧ ਸਕਦਾ ਹੈ।



ਰੂਸੀ ਮਾਹਿਰਾਂ ਦਾ ਮੰਨਣਾ ਹੈ ਕਿ ਨਾਟੋ ਵਿੱਚ ਸ਼ਾਮਲ ਹੋਏ ਨਵੇਂ ਮੈਂਬਰ, ਜਿਵੇਂ ਕਿ ਫ਼ਿਨਲੈਂਡ, ਰੂਸ ਵਿਰੁੱਧ ਹਮਲਿਆਂ ਲਈ ਲਾਂਚ ਪੈਡ ਦਾ ਕੰਮ ਕਰ ਸਕਦੇ ਹਨ। ਫ਼ਿਨਲੈਂਡ ਦੀ ਸਰਹੱਦ ਰੂਸ ਦੇ ਨੇੜੇ ਹੈ ਅਤੇ ਨਾਟੋ ਦੀ ਸੈਨਿਕ ਮੌਜੂਦਗੀ ਇਸ ਖੇਤਰ ਵਿੱਚ ਵਧ ਰਹੀ ਹੈ। ਇਸ ਤੋਂ ਇਲਾਵਾ, ਨਾਟੋ ਦੀਆਂ ਸੈਨਿਕ ਸਰਗਰਮੀਆਂ, ਜਿਵੇਂ ਕਿ ਬਾਲਟਿਕ ਖੇਤਰ ਵਿੱਚ ਮੁਸਤੈਦੀ ਅਤੇ ਪੂਰਬੀ ਸਰਹੱਦ 'ਤੇ ਸੈਨਿਕ ਤਾਇਨਾਤੀ, ਰੂਸ ਲਈ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

ਨਾਟੋ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਰੂਸ ਆਪਣੀ ਸੁਰੱਖਿਆ ਲਈ ਖਤਰੇ ਵਜੋਂ ਦੇਖਦਾ ਹੈ। ਰੂਸ ਦਾ ਕਹਿਣਾ ਹੈ ਕਿ ਨਾਟੋ ਦੀਆਂ ਗਤੀਵਿਧੀਆਂ ਅਤੇ ਯੂਕ੍ਰੇਨ ਨੂੰ ਦਿੱਤੀ ਜਾ ਰਹੀ ਸੈਨਿਕ ਸਹਾਇਤਾ ਸਿੱਧੇ ਤੌਰ 'ਤੇ ਰੂਸ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਇਸ ਦੇ ਜਵਾਬ ਵਿੱਚ, ਰੂਸ ਨੇ ਆਪਣੀ ਪਰਮਾਣੂ ਨੀਤੀ ਨੂੰ ਹੋਰ ਸਖਤ ਕੀਤਾ ਹੈ। ਹਾਲ ਹੀ ਵਿੱਚ, ਰੂਸ ਨੇ ਆਪਣੀ ਪਰਮਾਣੂ ਨੀਤੀ ਵਿੱਚ ਸੋਧ ਕਰਦਿਆਂ ਕਿਹਾ ਹੈ ਕਿ ਜੇਕਰ ਕੋਈ ਗੈਰ-ਪਰਮਾਣੂ ਦੇਸ਼, ਜਿਸ ਨੂੰ ਪਰਮਾਣੂ ਸ਼ਕਤੀ ਵਾਲੇ ਦੇਸ਼ ਦਾ ਸਮਰਥਨ ਹੋਵੇ, ਰੂਸ 'ਤੇ ਹਮਲਾ ਕਰਦਾ ਹੈ, ਤਾਂ ਇਸ ਨੂੰ ਸੰਯੁਕਤ ਹਮਲੇ ਵਜੋਂ ਮੰਨਿਆ ਜਾਵੇਗਾ।

**ਰੂਸ-ਯੂਕ੍ਰੇਨ ਸੰਘਰਸ਼ ਅਤੇ ਸ਼ਾਂਤੀ ਵਾਰਤਾ**

ਰੂਸ ਅਤੇ ਯੂਕ੍ਰੇਨ ਵਿਚਕਾਰ ਫ਼ਰਵਰੀ 2022 ਤੋਂ ਜਾਰੀ ਸੰਘਰਸ਼ ਨੇ ਦੋਹਾਂ ਪਾਸਿਆਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਇਸ ਸੰਘਰਸ਼ ਵਿੱਚ ਹੁਣ ਤੱਕ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ ਅਤੇ ਲੱਖਾਂ ਉਜੜੇ ਹਨ। ਹਾਲ ਹੀ ਵਿੱਚ, ਤੁਰਕੀ ਦੇ ਇਸਤਾਂਬੁਲ ਵਿੱਚ ਦੋਹਾਂ ਦੇਸ਼ਾਂ ਵਿਚਕਾਰ ਸ਼ਾਂਤੀ ਵਾਰਤਾ ਹੋਈ, ਪਰ ਇਹ ਵਾਰਤਾ ਬੇਨਤੀਜਾ ਰਹੀ ਸੀ। ਵਾਰਤਾ ਦੇ ਤੀਜੇ ਦੌਰ ਦੇ ਖਤਮ ਹੁੰਦਿਆਂ ਹੀ, ਰੂਸ ਅਤੇ ਯੂਕ੍ਰੇਨ ਨੇ ਇੱਕ-ਦੂਜੇ 'ਤੇ ਡਰੋਨ ਹਮਲੇ ਕੀਤੇ ਸਨ, ਜਿਸ ਵਿੱਚ ਦੋਹਾਂ ਪਾਸਿਆਂ ਨੂੰ ਜਾਨੀ ਨੁਕਸਾਨ ਹੋਇਆ ਸੀ।

ਹਾਲਾਂਕਿ, ਸ਼ਾਂਤੀ ਦੀ ਆਸ ਅਜੇ ਵੀ ਬਣੀ ਹੋਈ ਹੈ। ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਅਤੇ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੈਲੇਂਸਕੀ ਵਿਚਕਾਰ ਮੁਲਾਕਾਤ ਦੀ ਸੰਭਾਵਨਾ 'ਤੇ ਚਰਚਾ ਸ਼ੁਰੂ ਹੋ ਗਈ ਹੈ। ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਹੈ ਕਿ ਅਜਿਹੀ ਮੁਲਾਕਾਤ ਸੰਭਵ ਹੈ, ਪਰ ਇਹ ਸਿਰਫ਼ ਸ਼ਾਂਤੀ ਸਮਝੌਤੇ ਦੇ ਅੰਤਿਮ ਪੜਾਅ ਵਿੱਚ ਹੀ ਹੋ ਸਕਦੀ ਹੈ। ਯੂਕ੍ਰੇਨ ਨੇ ਅਗਸਤ ਦੇ ਅੰਤ ਤੱਕ ਦੋਹਾਂ ਨੇਤਾਵਾਂ ਦੀ ਮੁਲਾਕਾਤ ਦਾ ਪ੍ਰਸਤਾਵ ਰੱਖਿਆ ਸੀ, ਪਰ ਪੇਸਕੋਵ ਨੇ ਸਪੱਸ਼ਟ ਕੀਤਾ ਕਿ ਇੰਨੀ ਜਟਿਲ ਪ੍ਰਕਿਰਿਆ ਨੂੰ ਇੱਕ ਮਹੀਨੇ ਵਿੱਚ ਪੂਰਾ ਕਰਨਾ ਅਸੰਭਵ ਹੈ।

**ਕੌਣ ਜ਼ਿੰਮੇਵਾਰ ਹੈ ਰੂਸ ਤੇ ਯੂਕ੍ਰੇਨ ਤਣਾਅ ਦਾ ?**

ਰੂਸੀ ਮਾਹਿਰਾਂ ਅਤੇ ਅਧਿਕਾਰੀਆਂ ਨੇ ਸੰਘਰਸ਼ ਦੀ ਜੜ੍ਹ ਵਜੋਂ ਅਮਰੀਕਾ ਅਤੇ ਨਾਟੋ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਾਟੋ ਦੀ ਪੂਰਬ ਵੱਲ ਵਧਦੀ ਮੌਜੂਦਗੀ ਅਤੇ ਯੂਕ੍ਰੇਨ ਨੂੰ ਸੈਨਿਕ ਸਹਾਇਤਾ ਰੂਸ ਦੀ ਸੁਰੱਖਿਆ ਲਈ ਸਿੱਧਾ ਖਤਰਾ ਹੈ। ਦੂਜੇ ਪਾਸੇ, ਨਾਟੋ ਅਤੇ ਪੱਛਮੀ ਦੇਸ਼ ਰੂਸ ਦੀਆਂ ਕਾਰਵਾਈਆਂ, ਖਾਸ ਕਰਕੇ ਯੂਕ੍ਰੇਨ 'ਤੇ 2022 ਵਿੱਚ ਕੀਤੇ ਹਮਲੇ ਨੂੰ, ਇਸ ਸੰਘਰਸ਼ ਦਾ ਮੁੱਖ ਕਾਰਨ ਮੰਨਦੇ ਹਨ। ਨਾਟੋ ਦਾ ਕਹਿਣਾ ਹੈ ਕਿ ਉਹ ਇੱਕ ਰੱਖਿਆਤਮਕ ਗਠਜੋੜ ਹੈ ਅਤੇ ਰੂਸ ਦੇ ਵਿਰੁੱਧ ਕੋਈ ਹਮਲਾਵਰ ਨੀਤੀ ਨਹੀਂ ਅਪਣਾਈ।

ਅੰਤਰਰਾਸ਼ਟਰੀ ਭਾਈਚਾਰੇ ਵਿੱਚ ਵੀ ਇਸ ਸਥਿਤੀ ਨੂੰ ਲੈ ਕੇ ਚਿੰਤਾ ਵਧ ਰਹੀ ਹੈ। ਸੰਯੁਕਤ ਰਾਸ਼ਟਰ ਦੀ ਡਿਸਆਰਮਾਮੈਂਟ ਅਫ਼ੇਅਰਜ਼ ਦੀ ਮੁਖੀ ਨੇ 2023 ਵਿੱਚ ਸੁਰੱਖਿਆ ਪ੍ਰੀਸ਼ਦ ਨੂੰ ਸੁਚੇਤ ਕੀਤਾ ਸੀ ਕਿ ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਖਤਰਾ ਸ਼ੀਤ ਯੁੱਧ ਦੇ ਸਮੇਂ ਤੋਂ ਸਭ ਤੋਂ ਵੱਧ ਹੈ। ਰੂਸ ਵੱਲੋਂ ਬੇਲਾਰੂਸ ਵਿੱਚ ਪਰਮਾਣੂ ਹਥਿਆਰ ਤਾਇਨਾਤ ਕਰਨ ਦੇ ਫ਼ੈਸਲੇ ਨੇ ਇਸ ਚਿੰਤਾ ਨੂੰ ਹੋਰ ਵਧਾ ਦਿੱਤਾ ਹੈ।

ਰੂਸ ਅਤੇ ਨਾਟੋ ਵਿਚਕਾਰ ਵਧਦਾ ਤਣਾਅ ਅਤੇ ਪਰਮਾਣੂ ਯੁੱਧ ਦੀਆਂ ਚਿਤਾਵਨੀਆਂ ਨੇ ਸਮੁੱਚੇ ਵਿਸ਼ਵ ਨੂੰ ਇੱਕ ਖਤਰਨਾਕ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਜੇਕਰ ਸ਼ਾਂਤੀ ਵਾਰਤਾ ਸਫ਼ਲ ਨਹੀਂ ਹੁੰਦੀ, ਤਾਂ ਸੰਘਰਸ਼ ਦੇ ਵਧਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਪਰ, ਪੁਤਿਨ ਅਤੇ ਜ਼ੈਲੇਂਸਕੀ ਦੀ ਸੰਭਾਵਿਤ ਮੁਲਾਕਾਤ ਸ਼ਾਂਤੀ ਦੀ ਇੱਕ ਛੋਟੀ ਜਿਹੀ ਆਸ ਜਗਾਉਂਦੀ ਹੈ।

# ਇਜ਼ਰਾਇਲੀ ਫ਼ੌਜ ਵੱਲੋਂ ਗ਼ਾਜ਼ਾ ਦੇ ਤਿੰਨ ਇਲਾਕਿਆਂ 'ਚ ਲੜਾਈ ਰੋਕਣ ਦਾ ਐਲਾਨ

ਗ਼ਾਜ਼ਾਪੱਟੀ/ਏ.ਟੀ.ਨਿਊਜ਼: ਇਜ਼ਰਾਇਲੀ ਫ਼ੌਜ ਨੇ ਕਿਹਾ ਕਿ ਉਹ ਗ਼ਾਜ਼ਾ ਖੇਤਰ ਵਿੱਚ ਵਿਗੜਦੀ ਮਨੁੱਖੀ ਸਥਿਤੀ ਨਾਲ ਨਜਿੱਠਣ ਲਈ ਗ਼ਾਜ਼ਾ ਦੇ ਤਿੰਨ ਇਲਾਕਿਆਂ ਵਿੱਚ ਲੜਾਈ ਅਸਥਾਈ ਤੌਰ 'ਤੇ ਰੋਕ ਦੇਵੇਗੀ। ਅਗਲੇ ਨੋਟਿਸ ਤੱਕ ਹਰ ਰੋਜ਼ ਸਥਾਨਕ ਸਮੇਂ ਅਨੁਸਾਰ ਸਵੇਰੇ 10 ਵਜੇ ਤੋਂ ਰਾਤ 8 ਵਜੇ ਤੱਕ ਮੁਵਾਸੀ, ਦੀਰ ਅਲ-ਬਲਾਹ ਅਤੇ ਗਾਜ਼ਾ ਸ਼ਹਿਰ ਵਿੱਚ ਆਪਣੀਆਂ ਗਤੀਵਿਧੀਆਂ ਨੂੰ ਰੋਕੇਗੀ।

ਫ਼ੌਜ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਹ ਗ਼ਾਜ਼ਾ ਵਿੱਚ ਲੋਕਾਂ ਨੂੰ ਭੋਜਨ ਅਤੇ ਹੋਰ ਸਪਲਾਈ ਪਹੁੰਚਾਉਣ ਵਿੱਚ ਸਹਾਇਤਾ ਏਜੰਸੀਆਂ ਦੀ ਮਦਦ ਲਈ ਸੁਰੱਖਿਅਤ ਰਸਤੇ ਵੀ ਸਥਾਪਤ ਕਰੇਗੀ। ਹਾਲ ਵਿੱਚ ਭੋਜਨ ਵੰਡ ਸਥਾਨਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹੋਏ ਸੈਂਕੜੇ ਫਲਸਤੀਨੀ ਮਾਰੇ ਗਏ ਸਨ।



ਫ਼ੌਜ ਨੇ ਇਹ ਬਿਆਨ ਅਜਿਹੇ ਸਮੇਂ ਜਾਰੀ ਕੀਤਾ ਜਦੋਂ ਗਾਜ਼ਾ ਵਿੱਚ ਭੁੱਖਮਰੀ ਕਾਰਨ ਮੌਤਾਂ ਦੀ ਗਿਣਤੀ ਵਧੀ ਹੈ। ਹਾਲ ਹੀ ਦੇ ਹਫ਼ਤਿਆਂ ਵਿੱਚ ਰਾਹਤ ਸਪਲਾਈ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹੋਏ ਗਾਜ਼ਾ ਵਿੱਚ ਕਈ ਫਲਸਤੀਨੀ ਮਾਰੇ ਗਏ ਹਨ।

# ਫਰਾਂਸ ਵੱਲੋਂ ਫਲਸਤੀਨ ਨੂੰ ਮੁਲਕ ਵਜੋਂ ਮਾਨਤਾ ਦੇਣ ਦਾ ਐਲਾਨ

ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਐਲਾਨ ਕੀਤਾ ਹੈ ਕਿ ਫਰਾਂਸ, ਫਲਸਤੀਨ ਨੂੰ ਮੁਲਕ ਵਜੋਂ ਮਾਨਤਾ ਦੇਵੇਗਾ। ਮੈਕਰੋਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਗ਼ਾਜ਼ਾ 'ਚ ਭੁੱਖਮਰੀ ਕਾਰਨ ਆਲਮੀ ਪੱਧਰ 'ਤੇ ਰੋਹ ਫੈਲਿਆ ਹੋਇਆ ਹੈ। ਇਜ਼ਰਾਇਲ ਨੇ ਫ਼ੈਸਲੇ ਦੀ ਨਿਖੇਧੀ ਕੀਤੀ ਹੈ ਜਦਕਿ ਫਲਸਤੀਨ ਅਥਾਰਿਟੀ ਨੇ ਇਸ ਦਾ ਸਵਾਗਤ ਕੀਤਾ ਹੈ। ਮੈਕਰੋਂ ਨੇ 'ਐਕਸ' 'ਤੇ ਪੋਸਟ 'ਚ ਕਿਹਾ ਕਿ ਉਹ ਸਤੰਬਰ 'ਚ ਸੰਯੁਕਤ ਰਾਸ਼ਟਰ ਮਹਾਸਭਾ ਵਿਖੇ ਇਸ ਫ਼ੈਸਲੇ ਦਾ ਰਸਮੀ ਤੌਰ 'ਤੇ ਐਲਾਨ ਕਰਨਗੇ। ਉਨ੍ਹਾਂ ਕਿਹਾ ਕਿ ਗ਼ਾਜ਼ਾ 'ਚ ਜੰਗ ਫੌਰੀ ਰੋਕ ਕੇ ਆਮ ਲੋਕਾਂ ਨੂੰ ਬਚਾਉਣ ਦੀ ਲੋੜ ਹੈ। ਫਲਸਤੀਨ ਨੂੰ ਮਾਨਤਾ ਦੇਣ ਵਾਲਾ ਫਰਾਂਸ ਪੱਛਮ ਦਾ ਵੱਡਾ ਮੁਲਕ ਹੈ।

# ਕੈਨੇਡਾ ਦੀ ਸਾਈਕਲ ਯਾਤਰਾ ਕਰ ਰਿਹਾ ਹੈ ਪੰਜਾਬੀ ਨੌਜਵਾਨ



ਪੰਜਾਬੀ ਮੂਲ ਦੇ ਆਕਾਸ਼ਦੀਪ ਸਿੰਘ ਸਿੱਧੂ ਵੱਲੋਂ ਬ੍ਰਿਟਿਸ਼ ਕੋਲੰਬੀਆ ਤੋਂ ਸ਼ੁਰੂ ਕਰਕੇ ਪੂਰੇ ਕੈਨੇਡਾ ਦੀ ਯਾਤਰਾ ਕਰਨ ਦਾ ਅਹਿਦ ਲਿਆ ਗਿਆ ਹੈ। ਹੁਣ ਤੱਕ ਉਸ ਨੇ 3 ਸੂਬੇ ਪਾਰ ਕਰਕੇ ਮੈਨੀਟੋਬਾ ਦੇ ਵਿਨੀਪੈਗ ਸ਼ਹਿਰ ਪਹੁੰਚ ਕੇ ਆਉਂਦੇ 2 ਮਹੀਨਿਆਂ ਤੱਕ ਸਾਈਕਲ ਰਾਹੀਂ ਕੈਨੇਡਾ ਘੁੰਮਣ ਦਾ ਟੀਚਾ ਮਿੱਥਿਆ ਹੈ।

ਕੈਨੇਡਾ ਦੀ ਸਾਈਕਲ ਯਾਤਰਾ ਕਰੀਬ 7640 ਕਿੱਲੋਮੀਟਰ ਹੈ। ਸਰੀ ਸ਼ਹਿਰ ਦੇ ਰਹਿਣ ਵਾਲੇ ਆਕਾਸ਼ਦੀਪ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਨੇ 11 ਜੂਨ ਨੂੰ ਆਪਣੀ ਯਾਤਰਾ ਸ਼ੁਰੂ ਕੀਤੀ ਸੀ। ਉਸ ਨੇ ਵਿਕਟੋਰੀਆ ਦੇ ਜ਼ੀਰੋ ਮਾਈਲ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ ਅਤੇ ਉਸ ਦੀ ਯਾਤਰਾ ਨਿਊਫੰਡਲੈਂਡ ਦੇ ਸੇਂਟ ਜੌਹਨ ਜਾ ਕੇ ਖ਼ਤਮ ਹੋਣੀ ਹੈ। ਆਕਾਸ਼ਦੀਪ ਮੁਤਾਬਕ ਉਸ ਨੂੰ ਪੰਜਾਬੀਆਂ ਸਮੇਤ ਹੋਰ ਕੈਨੇਡੀਅਨਾਂ ਤੋਂ ਵੀ ਭਰਪੂਰ ਹੁੰਗਾਰਾ ਅਤੇ ਉਤਸ਼ਾਹ ਮਿਲ ਰਿਹਾ ਹੈ। ਉਸ ਨੇ ਕਿਹਾ ਕਿ ਉਹ ਰਸਤੇ ਵਿੱਚ ਕੈਂਪਗ੍ਰਾਊਂਡਜ਼ ਵਿੱਚ ਰਹਿੰਦਾ ਹੈ ਪਰ ਕਿਸੇ ਸ਼ਹਿਰ ਵਿੱਚ ਕੋਈ ਜਾਣ ਪਛਾਣ ਦਾ ਵਿਅਕਤੀ ਹੋਣ 'ਤੇ ਉਸ ਕੋਲ ਚਲਾ ਜਾਂਦਾ ਹੈ।

# ਕੀ ਏਲੀਅਨ ਧਰਤੀ ਉੱਤੇ ਹਮਲਾ ਕਰ ਸਕਦੇ ਹਨ?

ਨਿਊ ਯਾਰਕ/ਏ.ਟੀ.ਨਿਊਜ਼: ਏਲੀਅਨ ਅਤੇ ਉਨ੍ਹਾਂ ਦੀ ਹੋਂਦ ਨੂੰ ਲੈ ਕੇ ਸਦੀਆਂ ਤੋਂ ਚਰਚਾ ਹੁੰਦੀ ਆ ਰਹੀ ਹੈ। ਕਈ ਵਾਰੀ ਫ਼ਿਲਮਾਂ, ਕਹਾਣੀਆਂ ਅਤੇ ਵਿਗਿਆਨਕ ਖੋਜਾਂ ਵਿੱਚ ਏਲੀਅਨ ਦੀ ਗੱਲ ਸਾਹਮਣੇ ਆਉਂਦੀ ਹੈ। ਹਾਲ ਹੀ ਵਿੱਚ ਹਾਰਵਰਡ ਯੂਨੀਵਰਸਿਟੀ ਦੇ ਖਗੋਲਵਿਦ ਅਵੀ ਲੋਏਬ ਨੇ ਦਾਅਵਾ ਕੀਤਾ ਹੈ ਕਿ ਨਵੰਬਰ 2025 ਵਿੱਚ ਇੱਕ ਅਜਿਹਾ ਅੰਤਰਿਕਸ਼ੀ ਪਦਾਰਥ, ਜਿਸ ਨੂੰ 39/ਐਟਲਸ (ਪਹਿਲਾਂ ਏ11ਪੀ ਐਲ3ਜੈਡ) ਕਿਹਾ ਜਾਂਦਾ ਸੀ, ਧਰਤੀ ਦੇ ਨੇੜੇ ਆ ਸਕਦਾ ਹੈ ਅਤੇ ਇਹ ਏਲੀਅਨ ਦਾ ਅੰਤਰਿਕਸ਼ੀ ਜਹਾਜ਼ ਹੋ ਸਕਦਾ ਹੈ। ਇਸ ਦਾਅਵੇ ਨੇ ਸੰਸਾਰ ਭਰ ਵਿੱਚ ਚਰਚਾ ਛੇੜ ਦਿੱਤੀ ਹੈ। ਪਰ ਸਵਾਲ ਇਹ ਹੈ ਕਿ ਕੀ ਏਲੀਅਨ ਸੱਚਮੁੱਚ ਹਮਲਾ ਕਰ ਸਕਦੇ ਹਨ ? ਇਹ ਕਿੱਥੇ ਰਹਿੰਦੇ ਹਨ ਅਤੇ ਇਸ ਪਿੱਛੇ ਕੋਈ ਸੱਚਾਈ ਹੈ ਜਾਂ ਨਹੀਂ ?

**ਏਲੀਅਨ ਦੀ ਹੋਂਦ ਦਾ ਸਵਾਲ**

ਏਲੀਅਨ ਦੀ ਹੋਂਦ ਬਾਰੇ ਵਿਗਿਆਨਕ ਅਤੇ ਗੈਰ-ਵਿਗਿਆਨਕ ਲੋਕਾਂ ਵਿੱਚ ਹਮੇਸ਼ਾ ਹੀ ਵਿਚਾਰ-ਵਟਾਂਦਰੇ ਹੁੰਦੇ ਰਹੇ ਹਨ। ਵਿਗਿਆਨੀਆਂ ਦਾ ਇੱਕ ਵਰਗ ਮੰਨਦਾ ਹੈ ਕਿ ਸਾਡਾ ਬ੍ਰਹਿਮੰਡ ਇੰਨਾ ਵਿਸ਼ਾਲ ਹੈ ਕਿ ਇਸ ਵਿੱਚ ਸਿਰਫ਼ ਧਰਤੀ ਹੀ ਨਹੀਂ, ਸਗੋਂ ਹੋਰ ਵੀ ਗ੍ਰਹਿ ਹੋ ਸਕਦੇ ਹਨ ਜਿੱਥੇ ਜੀਵਨ ਮੌਜੂਦ ਹੋਵੇ। ਨਾਸਾ ਅਤੇ ਹੋਰ ਅੰਤਰਿਕਸ਼ੀ ਏਜੰਸੀਆਂ ਨੇ ਮੰਗਲ, ਸ਼ਨੀ ਦੇ ਚੰਦ ਟਾਈਟਨ ਅਤੇ ਹੋਰ ਗ੍ਰਹਿਆਂ 'ਤੇ ਜੀਵਨ ਦੀ ਸੰਭਾਵਨਾ ਨੂੰ ਲੈ ਕੇ ਖੋਜ ਕੀਤੀ ਹੈ। ਪਰ ਹੁਣ ਤੱਕ ਕੋਈ ਪੱਕਾ ਸਬੂਤ ਨਹੀਂ ਮਿਲਿਆ ਕਿ ਏਲੀਅਨ ਸੱਚਮੁੱਚ ਮੌਜੂਦ ਹਨ। ਕੁਝ ਲੋਕ ਮੰਨਦੇ ਹਨ ਕਿ ਅਮਰੀਕਾ ਦੇ 'ਏਰੀਆ-51' ਵਰਗੇ ਖੇਤਰਾਂ ਵਿੱਚ ਏਲੀਅਨ ਨੂੰ ਲੁਕਾਇਆ ਜਾਂਦਾ ਹੈ, ਪਰ ਇਹ ਸਿਰਫ਼ ਅਫ਼ਵਾਹਾਂ ਹੀ ਮੰਨੀਆਂ ਜਾਂਦੀਆਂ ਹਨ। ਜੇਕਰ ਏਲੀਅਨ ਸੱਚਮੁੱਚ ਮੌਜੂਦ ਹਨ ਅਤੇ ਉਹ ਅੰਤਰਿਕਸ਼ੀ ਜਹਾਜ਼ ਬਣਾਉਣ ਦੀ ਸਮਰੱਥਾ ਰੱਖਦੇ ਹਨ, ਤਾਂ ਸੰਭਵ ਹੈ ਕਿ ਉਹ ਸਾਡੇ ਸੌਰ ਮੰਡਲ ਤੋਂ ਬਾਹਰ, ਕਿਸੇ ਹੋਰ ਤਾਰਾ ਮੰਡਲ ਵਿੱਚ ਰਹਿੰਦੇ ਹੋਣ।



ਅਵੀ ਲੋਏਬ ਦੀ ਅਗਵਾਈ ਵਿੱਚ ਹੋਈ ਖੋਜ ਮੁਤਾਬਕ, 39/ਐਟਲਸ ਨਾਂ ਦਾ ਇੱਕ ਪਦਾਰਥ 60 ਕਿਲੋਮੀਟਰ ਪ੍ਰਤੀ ਸਕਿੰਟ ਦੀ ਰਫ਼ਤਾਰ ਨਾਲ ਧਰਤੀ ਵੱਲ ਵਧ ਰਿਹਾ ਹੈ। ਇਸ ਦਾ ਅਕਾਰ ਲਗਭਗ 20 ਕਿਲੋਮੀਟਰ ਦੱਸਿਆ ਜਾ ਰਿਹਾ ਹੈ। ਇਹ ਪਦਾਰਥ ਪਹਿਲੀ ਵਾਰ ਚਿੱਲੀ ਦੀ ਇੱਕ ਟੈਲੀਸਕੋਪ ਰਾਹੀਂ ਵੇਖਿਆ ਗਿਆ ਸੀ। ਅਵੀ ਲੋਏਬ ਅਤੇ ਉਸ ਦੀ ਟੀਮ, ਜਿਸ ਵਿੱਚ ਲੰਡਨ ਸਥਿਤ ਇਨੀਸ਼ੀਏਟਿਵ ਫ਼ਾਰ ਇੰਟਰਸਟੈਲਰ ਸਟੱਡੀਜ਼ ਦੇ ਵਿਗਿਆਨੀ ਸ਼ਾਮਲ ਹਨ, ਦਾ ਮੰਨਣਾ ਹੈ ਕਿ ਇਹ ਕੋਈ ਸਧਾਰਨ ਧੂਮਕੇਤੂ ਜਾਂ ਉਲਕਾ ਨਹੀਂ, ਸਗੋਂ ਏਲੀਅਨ ਦਾ ਜਹਾਜ਼ ਹੋ ਸਕਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਨਵੰਬਰ 2025 ਵਿੱਚ ਇਹ ਪਦਾਰਥ ਸੂਰਜ ਦੇ ਬਹੁਤ ਨੇੜੇ ਪਹੁੰਚ ਜਾਵੇਗਾ, ਜਿਸ ਕਾਰਨ ਇਹ ਧਰਤੀ ਤੋਂ ਅਦਿੱਖ ਹੋ ਸਕਦਾ ਹੈ ਅਤੇ ਇਸ ਦੌਰਾਨ ਹਮਲਾ ਕਰਨ ਦੀ ਸੰਭਾਵਨਾ ਵੀ ਹੋ ਸਕਦੀ ਹੈ।

ਅਵੀ ਲੋਏਬ ਦੀ ਟੀਮ ਖੁਦ ਮੰਨਦੀ ਹੈ ਕਿ ਇਹ ਸਿਰਫ਼ ਇੱਕ ਅਨੁਮਾਨ ਹੈ ਅਤੇ ਇਸ ਦੀ ਪੁਸ਼ਟੀ ਲਈ ਹੋਰ ਖੋਜ ਦੀ ਲੋੜ ਹੈ। ਜੇਕਰ ਇਹ ਪਦਾਰਥ ਸੱਚਮੁੱਚ ਏਲੀਅਨ ਜਹਾਜ਼ ਹੋਇਆ ਅਤੇ ਇਸ ਨੇ ਹਮਲਾ ਕੀਤਾ, ਤਾਂ ਇਸ ਦੇ ਨਤੀਜੇ ਮਨੁੱਖਤਾ ਲਈ ਭਿਆਨਕ ਹੋ ਸਕਦੇ ਹਨ।

(ਬਾਕੀ ਸਫ਼ਾ 30 'ਤੇ)

## ਲੋਕ ਸਭਾ ਵਿੱਚ ਪ੍ਰਧਾਨ ਮੰਤਰੀ ਵੱਲੋਂ ਦਾਅਵਾ

# ਕਿਸੇ ਵੀ ਦੇਸ਼ ਦੇ ਨੇਤਾ ਨੇ ਭਾਰਤ ਨੂੰ ਅਪਰੇਸ਼ਨ ਸੰਧੂਰ ਰੋਕਣ ਲਈ ਨਹੀਂ ਕਿਹਾ : ਮੋਦੀ

ਨਵੀਂ ਦਿੱਲੀ/ਏ.ਟੀ.ਨਿਊਜ਼: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਦਿਨ ਲੋਕ ਸਭਾ 'ਚ ਕਿਹਾ ਕਿ ਕਿਸੇ ਵੀ ਦੇਸ਼ ਦੇ ਨੇਤਾ ਨੇ ਭਾਰਤ ਨੂੰ ਅਪਰੇਸ਼ਨ ਸੰਧੂਰ ਰੋਕਣ ਲਈ ਨਹੀਂ ਕਿਹਾ ਪਰ ਉਨ੍ਹਾਂ ਇਸ ਗੱਲ 'ਤੇ ਅਫਸੋਸ ਜ਼ਾਹਿਰ ਕੀਤਾ ਕਿ ਦੇਸ਼ ਨੂੰ ਪੂਰੀ ਦੁਨੀਆ ਦੀ ਹਮਾਇਤ ਮਿਲੀ ਪਰ ਕਾਂਗਰਸ ਤੇ ਉਸ ਦੇ ਸਹਿਯੋਗੀ ਭਾਰਤੀ ਸੈਨਿਕਾਂ ਦੀ ਬਹਾਦਰੀ ਪਿੱਛੇ ਖੜ੍ਹੇ ਨਾ ਹੋ ਸਕੇ। ਲੋਕ ਸਭਾ 'ਚ ਪਹਿਲਗਾਮ ਹਮਲੇ ਤੇ ਅਪਰੇਸ਼ਨ ਸੰਧੂਰ 'ਤੇ ਦੋ ਦਿਨ ਤੋਂ ਜਾਰੀ ਚਰਚਾ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੁਨੀਆ ਦਾ ਕੋਈ ਵੀ ਦੇਸ਼ ਭਾਰਤ ਨੂੰ ਅਤਿਵਾਦ ਤੋਂ ਆਪਣੀ ਰਾਖੀ ਲਈ ਕਾਰਵਾਈ ਕਰਨ ਤੋਂ ਨਹੀਂ ਰੋਕ ਸਕਦਾ। ਪ੍ਰਧਾਨ ਮੰਤਰੀ ਨੇ ਇਹ ਟਿੱਪਣੀ ਵਿਰੋਧੀ ਧਿਰ ਵੱਲੋਂ ਵਾਰ-ਵਾਰ ਪੁੱਛੇ ਜਾ ਰਹੇ ਸਵਾਲਾਂ ਵਿਚਾਲੇ ਆਈ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਦਾ ਐਲਾਨ ਕਿਉਂ ਕੀਤਾ। ਮੋਦੀ ਨੇ ਸਦਨ ਨੂੰ ਦੱਸਿਆ, '9 ਮਈ ਦੀ ਰਾਤ ਅਮਰੀਕੀ ਉਪ ਰਾਸ਼ਟਰਪਤੀ (ਜੇ.ਡੀ. ਵੈਂਸ) ਨੇ ਮੇਰੇ ਨਾਲ ਤਿੰਨ-ਚਾਰ ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਮੈਂ ਹਥਿਆਰਬੰਦ ਬਲਾਂ ਨਾਲ ਮੀਟਿੰਗਾਂ 'ਚ ਰੁੱਝਿਆ ਹੋਇਆ ਸੀ।' ਉਨ੍ਹਾਂ ਕਿਹਾ, 'ਜਦੋਂ ਮੈਂ ਉਨ੍ਹਾਂ ਨੂੰ ਵਾਪਸ ਫੋਨ ਕੀਤਾ ਤਾਂ ਅਮਰੀਕੀ ਉਪ ਰਾਸ਼ਟਰਪਤੀ ਨੇ ਮੈਨੂੰ ਪਾਕਿਸਤਾਨ ਵੱਲੋਂ ਵੱਡੇ ਹਮਲੇ ਦੀ ਚਿਤਾਵਨੀ ਦਿੱਤੀ। ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਪਾਕਿਸਤਾਨ, ਭਾਰਤ 'ਤੇ ਹਮਲਾ ਕਰਦਾ ਹੈ ਤਾਂ ਸਾਡਾ ਹਮਲਾ ਕਿਤੇ ਜ਼ਿਆਦਾ ਵੱਡਾ ਹੋਵੇਗਾ ਕਿਉਂਕਿ ਅਸੀਂ ਗੋਲੀਆਂ ਦਾ ਜਵਾਬ ਤੋਪਾਂ ਨਾਲ ਦੇਵਾਂਗੇ।' ਉਨ੍ਹਾਂ ਕਿਹਾ ਕਿ ਕਿਸੇ ਵੀ ਮੁਲਕ ਦੇ ਆਗੂ ਨੇ ਭਾਰਤ ਨੂੰ ਆਪਣੀ ਮੁਹਿੰਮ ਰੋਕਣ ਲਈ ਨਹੀਂ ਕਿਹਾ ਸੀ। ਉਨ੍ਹਾਂ ਕਿਹਾ ਕਿ ਭਾਰਤੀ ਹਮਲੇ ਦੀ ਮਾਰ ਹੇਠ ਆਏ ਪਾਕਿਸਤਾਨ ਏਅਰਬੇਸ 'ਅਜੇ ਵੀ ਆਈਸੀਯੂ' ਵਿੱਚ ਹਨ ਅਤੇ 22 ਅਪ੍ਰੈਲ ਅਤਿਵਾਦੀ ਹਮਲੇ ਦੇ ਸਾਜ਼ਿਸ਼ਘਾੜਿਆਂ ਦੀ ਰਾਤਾਂ ਦੀ ਨੀਂਦ ਉੱਡੀ ਹੋਈ ਹੈ। ਉਨ੍ਹਾਂ ਕਿਹਾ, 'ਭਾਰਤ ਨੂੰ ਪੂਰੀ ਦੁਨੀਆ ਤੋਂ ਹਮਾਇਤ ਮਿਲੀ



ਪਰ ਇਹ ਦੁਖ ਦੀ ਗੱਲ ਹੈ ਕਿ ਕਾਂਗਰਸ ਨੇ ਸਾਡੇ ਸੈਨਿਕਾਂ ਦੀ ਬਹਾਦਰੀ ਦੀ ਹਮਾਇਤ ਨਹੀਂ ਕੀਤੀ। ਕਾਗਰਸ ਆਗੂਆਂ ਨੇ ਸਿਆਸੀ ਲਾਹਾ ਲੈਣ ਲਈ ਮੈਨੂੰ ਨਿਸ਼ਾਨਾ ਬਣਾਇਆ ਪਰ ਉਨ੍ਹਾਂ ਦੇ ਹੋਛੇ ਬਿਆਨਾਂ ਨੇ ਸਾਡੇ ਸੈਨਿਕਾਂ ਦਾ ਹੌਸਲਾ ਢਾਹਿਆ।' ਉਨ੍ਹਾਂ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੀ ਪਰਮਾਣੂ ਧਮਕੀ ਦਾ ਪਰਦਾਫਾਸ਼ ਕੀਤਾ ਅਤੇ ਦੁਨੀਆ ਨੂੰ ਦੱਸਿਆ ਕਿ 'ਅਸੀਂ ਪ੍ਰਮਾਣੂ ਬਲੈਕਮੇਲ ਅੱਗੇ ਝੁਕਾਂਗੇ ਨਹੀਂ।' ਉਨ੍ਹਾਂ ਕਿਹਾ ਕਿ ਭਾਰਤ 'ਚ ਬਣੇ ਡਰੋਨਾਂ ਤੇ ਮਿਜ਼ਾਈਲਾਂ ਦੀ ਸਮਰੱਥਾ ਨੇ ਪਾਕਿਸਤਾਨੀ ਹਥਿਆਰਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ। ਉਨ੍ਹਾਂ ਕਿਹਾ, 'ਅਪਰੇਸ਼ਨ ਸਿੰਧੂਰ ਦੌਰਾਨ ਦੁਨੀਆ ਨੇ ਆਤਮ ਨਿਰਭਰ ਭਾਰਤ ਦੀ ਤਾਕਤ ਦੇਖੀ।'

**ਰਾਹੁਲ ਗਾਂਧੀ ਨੇ ਮੋਦੀ 'ਤੇ ਆਪਣਾ ਅਕਸ ਬਚਾਉਣ ਲਈ ਫ਼ੌਜ ਵਰਤਣ ਦਾ ਦੋਸ਼ ਲਾਇਆ**

ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਆਪਣਾ ਅਕਸ ਬਚਾਉਣ ਲਈ ਫ਼ੌਜ ਵਰਤਣ ਦਾ ਦੋਸ਼ ਲਾਇਆ ਤੇ ਕਿਹਾ ਕਿ ਜੇ ਉਨ੍ਹਾਂ 'ਚ ਹਿੰਮਤ ਹੈ ਤਾਂ ਉਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਾਰਤ-ਪਾਕਿਸਤਾਨ ਜੰਗਬੰਦੀ ਬਾਰੇ ਦਾਅਵਿਆਂ ਨੂੰ ਝੂਠਾ ਕਹਿ ਕੇ ਦਿਖਾਉਣ। ਉਨ੍ਹਾਂ ਕਿਹਾ, 'ਜੇ ਮੋਦੀ ਜੀ 'ਚ ਇੰਦਰਾ ਗਾਂਧੀ ਮੁਕਾਬਲੇ 50 ਫੀਸਦੀ ਵੀ ਹੌਸਲਾ ਹੈ ਤਾਂ ਉਨ੍ਹਾਂ ਨੂੰ ਸੰਸਦ 'ਚ ਸਪੱਸ਼ਟ ਤੌਰ 'ਤੇ ਕਹਿਣਾ ਚਾਹੀਦਾ ਹੈ ਕਿ ਡੋਨਲਡ ਟਰੰਪ ਝੂਠ ਬੋਲ ਰਹੇ ਹਨ।' ਉਨ੍ਹਾਂ ਇਹ ਵੀ ਕਿਹਾ ਕਿ ਜੇ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਲੋਕ ਸਭਾ 'ਚ ਚੀਨ ਤੇ ਪਾਕਿਸਤਾਨ ਦੇ ਇਕਜੁੱਟ ਹੋਣ ਸਬੰਧੀ ਉਨ੍ਹਾਂ ਦੇ ਬਿਆਨ 'ਤੇ ਧਿਆਨ ਦਿੱਤਾ ਹੁੰਦਾ ਤਾਂ ਅਪਰੇਸ਼ਨ ਸਿੰਧੂਰ ਦੌਰਾਨ ਉਨ੍ਹਾਂ ਨੂੰ 'ਪੰਜ ਜਹਾਜ਼ ਗੁਆਉਣੇ ਨਾ ਪੈਂਦੇ।'

ਲੋਕ ਸਭਾ 'ਚ ਅਪਰੇਸ਼ਨ ਸੰਧੂਰ ਬਾਰੇ ਚਰਚਾ 'ਚ ਹਿੱਸਾ ਲੈਂਦਿਆਂ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਸਰਕਾਰ ਨੇ ਅਪਰੇਸ਼ਨ ਸੰਧੂਰ ਸ਼ੁਰੂ ਹੋਣ ਤੋਂ ਤੁਰੰਤ ਬਾਅਦ ਹੀ ਪਾਕਿਸਤਾਨ ਨੂੰ ਇਸ ਬਾਰੇ ਸੰਵੇਦਨਸ਼ੀਲ ਜਾਣਕਾਰੀ ਦੇ ਦਿੱਤੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਾਰੀ ਮਸ਼ਕ ਦਾ ਟੀਚਾ 'ਪ੍ਰਧਾਨ ਮੰਤਰੀ ਦੇ ਅਕਸ ਦੀ ਰਾਖੀ ਕਰਨਾ ਸੀ' ਕਿਉਂਕਿ ਉਨ੍ਹਾਂ ਦੇ ਹੱਥ ਪਹਿਲਗਾਮ ਹਮਲੇ ਦੇ ਪੀੜਤਾਂ ਦੇ ਖ਼ੂਨ ਨਾਲ ਲਿੱਬੜੇ ਹੋਏ ਸਨ।

## ਟਰੰਪ ਵੱਲੋਂ ਮੁੜ ਭਾਰਤ-ਪਾਕਿਸਤਾਨ ਜੰਗ ਰੋਕਣ ਦਾ ਦਾਅਵਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁੜ ਦਾਅਵਾ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੇ ਸਮਾਂ ਰਹਿੰਦੇ ਦਖ਼ਲ ਨਾ ਦਿੱਤਾ ਹੁੰਦਾ ਅਤੇ ਸਮੁੱਚੀ ਵਪਾਰਕ ਗੱਲਬਾਤ ਰੋਕਣ ਦੀ ਧਮਕੀ ਨਾ ਦਿੱਤੀ ਹੁੰਦੀ ਤਾਂ ਭਾਰਤ ਤੇ ਪਾਕਿਸਤਾਨ ਦਰਮਿਆਨ ਜੰਗ ਛਿੜ ਗਈ ਹੁੰਦੀ।



ਟਰੰਪ ਨੇ ਸਕੌਟਲੈਂਡ ਵਿੱਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਅਧਿਕਾਰਤ ਗੱਲਬਾਤ ਤੋਂ ਪਹਿਲਾਂ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੁਨੀਆ ਭਰ ਵਿੱਚ ਛੇ ਵੱਡੀਆਂ ਜੰਗਾਂ ਰੋਕਣ ਲਈ ਦਖ਼ਲ ਦਿੱਤਾ, ਜਿਨ੍ਹਾਂ ਵਿੱਚ ਭਾਰਤ ਤੇ ਪਾਕਿਸਤਾਨ ਦਰਮਿਆਨ ਸੰਭਾਵੀ ਜੰਗ ਵੀ ਸ਼ਾਮਲ ਹੈ। ਉਹ ਗ਼ਾਜ਼ਾ ਵਿੱਚ ਸੰਘਰਸ਼ ਖ਼ਤਮ ਕਰਨ ਲਈ ਇਜ਼ਰਾਇਲ 'ਤੇ ਦਬਾਅ ਪਾਉਣ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦੇ ਰਹੇ ਸਨ।

ਸਕੌਟਲੈਂਡ ਦੇ ਸਾਊਥ ਆਇਰਸ਼ਾਇਰ ਸਥਿਤ ਆਪਣੇ ਟਰਨਬੈਰੀ ਗੌਲਫ ਰਿਜ਼ੌਰਟ ਤੋਂ ਮੀਡੀਆ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ, "ਅਸੀਂ ਕਈ ਜੰਗਬੰਦੀਆਂ ਕਰਵਾਈਆਂ, ਜੇਕਰ ਮੈਂ ਨਾ ਹੁੰਦਾ ਤਾਂ ਛੇ ਵੱਡੀਆਂ ਜੰਗਾਂ ਚੱਲ ਰਹੀਆਂ ਹੁੰਦੀਆਂ- ਭਾਰਤ, ਪਾਕਿਸਤਾਨ ਦੇ ਨਾਲ ਲੜ ਰਿਹਾ ਹੁੰਦਾ।"

ਸਕੌਟਲੈਂਡ ਦੇ ਨਿੱਜੀ ਦੌਰੇ 'ਤੇ ਗਏ ਟਰੰਪ ਨੇ ਕਿਹਾ, "ਸਾਡੇ ਕੋਲ ਬਹੁਤ ਸਾਰੇ ਹੌਟਸਪੌਟ ਹਨ ਜੋ ਜੰਗ ਵਿੱਚ ਸਨ। ਮੈਨੂੰ ਲੱਗਦਾ ਹੈ ਕਿ ਇੱਕ ਬਹੁਤ ਵੱਡਾ ਮੁੱਦਾ ਭਾਰਤ ਅਤੇ ਪਾਕਿਸਤਾਨ ਸੀ ਕਿਉਂਕਿ ਤੁਸੀਂ ਦੋ ਪਰਮਾਣੂ ਦੇਸ਼ਾਂ ਬਾਰੇ ਗੱਲ ਕਰ ਰਹੇ ਹੋ। ਇਹ ਬਹੁਤ ਵੱਡਾ ਮੁੱਦਾ ਸੀ।"

ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਮੈਂ ਪਾਕਿਸਤਾਨ ਅਤੇ ਭਾਰਤ ਦੇ ਨੇਤਾਵਾਂ ਨੂੰ ਜਾਣਦਾ ਹਾਂ। ਮੈਂ (ਉਨ੍ਹਾਂ ਨੂੰ) ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ। ਅਤੇ ਉਹ ਇੱਕ ਵਪਾਰ ਸਮਝੌਤੇ ਦੇ ਵਿਚਕਾਰ ਹਨ ਅਤੇ ਫਿਰ ਵੀ ਉਹ ਪਰਮਾਣੂ ਹਥਿਆਰਾਂ ਬਾਰੇ ਗੱਲ ਕਰ ਰਹੇ ਹਨ... ਇਹ ਪਾਗਲਪਨ ਹੈ। ਇਸ ਲਈ, ਮੈਂ ਕਿਹਾ ਕਿ ਮੈਂ ਤੁਹਾਡੇ ਨਾਲ ਵਪਾਰ ਸਮਝੌਤਾ ਨਹੀਂ ਕਰ ਰਿਹਾ ਹਾਂ। ਅਤੇ ਉਹ ਵਪਾਰ ਸਮਝੌਤਾ ਚਾਹੁੰਦੇ ਹਨ, ਉਨ੍ਹਾਂ ਨੂੰ ਇਸ ਦੀ ਲੋੜ ਹੈ।"

ਟਰੰਪ ਨੇ ਕਿਹਾ, "ਜਦੋਂ ਉਹ ਪਰਮਾਣੂ ਹਥਿਆਰਾਂ ਦੀ ਵਰਤੋਂ ਸ਼ੁਰੂ ਕਰਦੇ ਹਨ ਤਾਂ ਉਹ ਧਮਾਕੇ ਕਾਰਨ ਰਿਸਾਅ ਦੂਰ ਤੱਕ ਹੁੰਦਾ ਹੈ ਅਤੇ ਸੱਚਮੁੱਚ ਬੁਰੀਆਂ ਚੀਜ਼ਾਂ ਵਾਪਰਦੀਆਂ ਹਨ। ਇਸ ਲਈ ਹੋ ਸਕਦਾ ਹੈ ਕਿ ਅਸੀਂ ਥੋੜ੍ਹੇ ਸੁਆਰਥੀ ਹੋ ਰਹੇ ਹਾਂ ਕਿਉਂਕਿ ਜਦੋਂ ਅਸੀਂ ਯੁੱਧਾਂ ਤੋਂ ਬਚਣਾ ਚਾਹੁੰਦੇ ਹਾਂ ਪਰ ਅਸੀਂ ਬਹੁਤ ਸਾਰੀਆਂ ਜੰਗਾਂ ਨੂੰ ਰੋਕ ਦਿੱਤਾ ਹੈ ਅਤੇ ਇਹ ਕਰਨਾ ਇੱਕ ਬਹੁਤ ਵੱਡਾ ਸਨਮਾਨ ਹੈ।"

# ਮੋਦੀ ਦੀਆਂ 33 ਵਿਦੇਸ਼ ਯਾਤਰਾਵਾਂ 'ਤੇ 362 ਕਰੋੜ ਦਾ ਖਰਚਾ, ਵਿਰੋਧੀਆਂ ਨੇ ਉਠਾਏ ਸਵਾਲ

## ਵਿਦੇਸ਼ ਯਾਤਰਾਵਾਂ ਨਾਲ ਭਾਰਤ ਦੀ ਗਲੋਬਲ ਸਾਖ ਮਜ਼ਬੂਤ, ਵਪਾਰਕ ਸਮਝੌਤਿਆਂ ਨੂੰ ਮਿਲਿਆ ਹੁਲਾਰਾ

## 2025 'ਚ ਫਰਾਂਸ-ਅਮਰੀਕਾ ਯਾਤਰਾ ਸਭ ਤੋਂ ਮਹਿੰਗੀ, 42 ਕਰੋੜ ਰੁਪਏ ਖਰਚ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ 2021 ਤੋਂ 2025 ਦਰਮਿਆਨ ਕੀਤੀਆਂ ਵਿਦੇਸ਼ ਯਾਤਰਾਵਾਂ 'ਤੇ ਕੇਂਦਰ ਸਰਕਾਰ ਨੇ ਕੁੱਲ 362 ਕਰੋੜ ਰੁਪਏ ਖਰਚ ਕੀਤੇ ਹਨ। ਇਹ ਜਾਣਕਾਰੀ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਬੀਤੇ ਦਿਨੀਂ ਰਾਜ ਸਭਾ ਵਿੱਚ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਡੇਰੇਕ ਓ ਬ੍ਰਾਇਨ ਦੇ ਸਵਾਲ ਦੇ ਜਵਾਬ ਵਿੱਚ ਦਿੱਤੀ। ਇਸ ਅੰਕੜੇ ਵਿੱਚ 2025 ਦੀਆਂ ਕੁਝ ਯਾਤਰਾਵਾਂ, ਜਿਵੇਂ ਕਿ ਕੈਨੇਡਾ (ਜੀ7 ਸੰਮੇਲਨ), ਬ੍ਰਾਜ਼ੀਲ (ਬ੍ਰਿਕਸ ਸੰਮੇਲਨ) ਅਤੇ ਮਾਰੀਸ਼ਸ ਦੀਆਂ ਯਾਤਰਾਵਾਂ ਦੇ ਬਿੱਲ ਸ਼ਾਮਲ ਨਹੀਂ ਹਨ, ਕਿਉਂਕਿ ਇਹਨਾਂ ਦਾ ਹਿਸਾਬ ਅਜੇ ਪੂਰਾ ਨਹੀਂ ਹੋਇਆ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਦੀ ਮੌਜੂਦਾ ਬ੍ਰਿਟੇਨ ਅਤੇ ਮਾਲਦੀਵ ਦੀ ਯਾਤਰਾ ਦਾ ਖਰਚਾ ਵੀ ਇਸ ਵਿੱਚ ਜੋੜਿਆ ਨਹੀਂ ਗਿਆ।

**ਪੰਜ ਸਾਲਾਂ ਵਿੱਚ 33 ਵਿਦੇਸ਼ ਯਾਤਰਾਵਾਂ**

ਪ੍ਰਧਾਨ ਮੰਤਰੀ ਮੋਦੀ ਨੇ 2021 ਤੋਂ 2025 ਦਰਮਿਆਨ 33 ਵਿਦੇਸ਼ ਯਾਤਰਾਵਾਂ ਕੀਤੀਆਂ, ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਸੰਮੇਲਨਾਂ ਜਿਵੇਂ ਕਿ ਜੀ20, ਜੀ 7, ਬ੍ਰਿਕਸ ਅਤੇ ਈਸਟ ਏਸ਼ੀਅਨ ਸੰਮੇਲਨ ਸ਼ਾਮਲ ਸਨ। 2025 ਵਿੱਚ ਹੀ ਪੰਜ ਦੇਸ਼ਾਂ (ਫਰਾਂਸ, ਅਮਰੀਕਾ, ਥਾਈਲੈਂਡ, ਸ਼੍ਰੀਲੰਕਾ ਅਤੇ ਸਾਊਦੀ ਅਰਬ) ਦੀਆਂ ਯਾਤਰਾਵਾਂ 'ਤੇ 67 ਕਰੋੜ ਰੁਪਏ ਖਰਚ ਹੋਏ। ਸਭ ਤੋਂ ਮਹਿੰਗੀ ਯਾਤਰਾ 10-12 ਫਰਵਰੀ 2025 ਨੂੰ ਫਰਾਂਸ ਦੀ ਸੀ, ਜਿਸ 'ਤੇ 25.59 ਕਰੋੜ ਰੁਪਏ ਖਰਚ ਹੋਏ। ਇਸ ਦੌਰਾਨ ਮੋਦੀ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਾਲ ਦੁਵੱਲੀ ਗੱਲਬਾਤ ਕੀਤੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਐਕਸ਼ਨ ਸੰਮੇਲਨ ਦੀ ਸਹਿ-ਅਗਵਾਈ ਕੀਤੀ। ਇਸ ਤੋਂ ਬਾਅਦ 13 ਫਰਵਰੀ ਨੂੰ ਅਮਰੀਕਾ ਦੀ ਇੱਕ ਦਿਨ ਦੀ ਯਾਤਰਾ 'ਤੇ 16.54 ਕਰੋੜ ਰੁਪਏ ਖਰਚ ਹੋਏ, ਜਿੱਥੇ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਟੇਸਲਾ ਦੇ ਸੀਈਓ ਐਲਨ ਮਸਕ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨਾਲ ਮੁਲਾਕਾਤ ਕੀਤੀ।

2024 ਵਿੱਚ ਮੋਦੀ ਨੇ 11 ਵਿਦੇਸ਼ ਯਾਤਰਾਵਾਂ ਕੀਤੀਆਂ, ਜਿਨ੍ਹਾਂ ਵਿੱਚ 17 ਦੇਸ਼ਾਂ ਦਾ ਦੌਰਾ ਸ਼ਾਮਲ ਸੀ। ਇਹਨਾਂ 'ਤੇ 109.5 ਕਰੋੜ ਰੁਪਏ ਖਰਚ ਹੋਏ, ਜਿਨ੍ਹਾਂ ਵਿੱਚ ਸਭ ਤੋਂ ਮਹਿੰਗੀ ਅਮਰੀਕਾ ਦੀ ਤਿੰਨ ਦਿਨਾਂ ਦੀ ਯਾਤਰਾ (21 ਸਤੰਬਰ 2024) ਸੀ, ਜਿਸ 'ਤੇ 15.3 ਕਰੋੜ ਰੁਪਏ ਖਰਚੇ ਗਏ। 2023 ਵਿੱਚ 6 ਯਾਤਰਾਵਾਂ ਵਿੱਚ 11 ਦੇਸ਼ਾਂ ਦੇ ਦੌਰੇ 'ਤੇ 93.6 ਕਰੋੜ, ਜਦਕਿ 2021 ਅਤੇ 2022 ਵਿੱਚ 10 ਯਾਤਰਾਵਾਂ ਵਿੱਚ 14 ਦੇਸ਼ਾਂ ਦੇ ਦੌਰਿਆਂ 'ਤੇ 90 ਕਰੋੜ ਰੁਪਏ ਖਰਚ ਹੋਏ।

**ਦੇਸ਼ ਨੂੰ ਕੀ ਲਾਭ ਮਿਲਿਆ ?**

ਪ੍ਰਧਾਨ ਮੰਤਰੀ ਮੋਦੀ ਦੀਆਂ ਵਿਦੇਸ਼ ਯਾਤਰਾਵਾਂ ਦਾ ਮੁੱਖ ਮਕਸਦ ਭਾਰਤ ਦੇ ਅੰਤਰਰਾਸ਼ਟਰੀ ਸਬੰਧਾਂ ਨੂੰ ਮਜ਼ਬੂਤ ਕਰਨਾ, ਵਪਾਰਕ ਅਤੇ ਆਰਥਿਕ ਸਹਿਯੋਗ ਵਧਾਉਣਾ ਅਤੇ ਗਲੋਬਲ ਮੰਚ 'ਤੇ ਭਾਰਤ ਦੀ ਸਾਖ ਨੂੰ



ਉੱਚਾ ਚੁੱਕਣਾ ਰਿਹਾ ਹੈ। ਸਰਕਾਰੀ ਸੂਤਰਾਂ ਅਨੁਸਾਰ, ਇਹਨਾਂ ਯਾਤਰਾਵਾਂ ਨੇ ਭਾਰਤ ਨੂੰ ਕਈ ਮਹੱਤਵਪੂਰਨ ਲਾਭ ਦਿੱਤੇ। ਉਦਾਹਰਣ ਵਜੋਂ, 2025 ਵਿੱਚ ਬ੍ਰਿਟੇਨ ਨਾਲ ਹੋਏ ਮੁਕਤ ਵਪਾਰ ਸਮਝੌਤੇ ਨੇ ਭਾਰਤੀ ਟੈਕਸਟਾਈਲ, ਜੁੱਤੀਆਂ, ਗਹਿਣਿਆਂ, ਸਮੁੰਦਰੀ ਭੋਜਨ ਅਤੇ ਇੰਜਨੀਅਰਿੰਗ ਸਮਾਨ ਨੂੰ ਬ੍ਰਿਟਿਸ਼ ਬਜ਼ਾਰਾਂ ਵਿੱਚ ਬਿਹਤਰ ਪਹੁੰਚ ਦਿੱਤੀ। ਇਸ ਨਾਲ ਕਿਸਾਨਾਂ, ਮਛੇਰਿਆਂ ਅਤੇ ਹੋਰ ਸੈਕਟਰ ਨੂੰ ਵਿਸ਼ੇਸ਼ ਲਾਭ ਹੋਣ ਦੀ ਉਮੀਦ ਹੈ।

ਇਸ ਤੋਂ ਇਲਾਵਾ, ਮੋਦੀ ਦੀਆਂ ਅਮਰੀਕਾ ਅਤੇ ਫਰਾਂਸ ਦੀਆਂ ਯਾਤਰਾਵਾਂ ਨੇ ਤਕਨੀਕੀ ਅਤੇ ਰੱਖਿਆ ਸਹਿਯੋਗ ਨੂੰ ਵਧਾਉਣ ਵਿੱਚ ਮਦਦ ਕੀਤੀ। ਅਮਰੀਕਾ ਨਾਲ ਸਬੰਧਾਂ ਨੇ ਭਾਰਤ ਨੂੰ ਤਕਨਾਲੋਜੀ ਅਤੇ ਨਿਵੇਸ਼ ਦੇ ਮੌਕੇ ਪ੍ਰਦਾਨ ਕੀਤੇ, ਜਦਕਿ ਫਰਾਂਸ ਨਾਲ ਰੱਖਿਆ ਅਤੇ ਏ.ਆਈ. ਸਬੰਧੀ ਸਮਝੌਤਿਆਂ ਨੇ ਭਾਰਤ ਦੀ ਗਲੋਬਲ ਸਥਿਤੀ ਨੂੰ ਮਜ਼ਬੂਤ ਕੀਤਾ। 2024 ਵਿੱਚ ਜੀ 7 ਸੰਮੇਲਨ ਅਤੇ 2023 ਵਿੱਚ ਵਰਚੁਅਲ ਬ੍ਰਿਕਸ ਸੰਮੇਲਨ ਦੀ ਮੇਜ਼ਬਾਨੀ ਨੇ ਭਾਰਤ ਨੂੰ ਅੰਤਰਰਾਸ਼ਟਰੀ ਮੁੱਦਿਆਂ 'ਤੇ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ।

ਸਰਕਾਰ ਦਾ ਕਹਿਣਾ ਹੈ ਕਿ ਇਹਨਾਂ ਯਾਤਰਾਵਾਂ ਨੇ ਭਾਰਤ ਦੀ ਅਰਥਵਿਵਸਥਾ ਨੂੰ ਵੀ ਗਤੀ ਦਿੱਤੀ। 2014 ਵਿੱਚ ਜਦੋਂ ਮੋਦੀ ਨੇ ਸੱਤਾ ਸੰਭਾਲੀ, ਭਾਰਤ ਦੁਨੀਆ ਦੀ 10ਵੀਂ ਸਭ ਤੋਂ ਵੱਡੀ ਅਰਥਵਿਵਸਥਾ ਸੀ, ਪਰ ਅੱਜ ਇਹ ਤੀਸਰੀ ਸਭ ਤੋਂ ਵੱਡੀ ਅਰਥਵਿਵਸਥਾ ਵੱਲ ਤੇਜ਼ੀ ਨਾਲ ਵਧ ਰਿਹਾ ਹੈ। 25 ਕਰੋੜ ਲੋਕ ਗਰੀਬੀ ਤੋਂ ਬਾਹਰ ਨਿਕਲੇ ਹਨ ਅਤੇ ਸਮਾਜਿਕ ਸੁਰੱਖਿਆ ਦੇ ਦਾਇਰੇ ਵਿੱਚ 90 ਕਰੋੜ ਤੋਂ ਵੱਧ ਲੋਕ ਸ਼ਾਮਲ ਹੋਏ ਹਨ।

**ਵਿਰੋਧੀ ਪਾਰਟੀਆਂ ਤੇ ਆਰਥਿਕ ਮਾਹਿਰਾਂ ਦੀ ਰਾਇ**

ਵਿਰੋਧੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਦੀਆਂ ਵਿਦੇਸ਼ ਯਾਤਰਾਵਾਂ 'ਤੇ ਹੋਏ ਖਰਚ ਨੂੰ ਲੈ ਕੇ ਸਖ਼ਤ ਇਤਰਾਜ਼ ਜਤਾਏ ਹਨ। ਤ੍ਰਿਣਮੂਲ ਕਾਂਗਰਸ ਦੀ ਨੇਤਾ ਸੁਪ੍ਰੀਆ ਸ਼੍ਰੀਨੇਤ ਨੇ ਕਿਹਾ ਕਿ 2022 ਤੋਂ 2024 ਦਰਮਿਆਨ ਮੋਦੀ ਦੀਆਂ 38 ਵਿਦੇਸ਼ ਯਾਤਰਾਵਾਂ 'ਤੇ 258 ਕਰੋੜ ਰੁਪਏ ਖਰਚ ਹੋਏ, ਪਰ ਇਹਨਾਂ ਦਾ ਮੁੱਖ ਮਕਸਦ ਸਿਰਫ਼ 'ਮਿੱਤਰ ਅਡਾਨੀ' ਨੂੰ ਵਪਾਰਕ ਲਾਭ ਪਹੁੰਚਾਉਣਾ ਸੀ। ਤ੍ਰਿਣਮੂਲ ਕਾਂਗਰਸ ਦੇ ਅਧਿਕਾਰਤ ਅਕਾਊਂਟ ਨੇ ਵੀ ਐਕਸ 'ਤੇ ਲਿਖਿਆ ਕਿ 362 ਕਰੋੜ ਦਾ ਖਰਚਾ ਦੇਸ਼ ਦੀ ਜਨਤਾ ਦੇ ਪੈਸੇ ਦੀ ਬਰਬਾਦੀ ਹੈ।

ਕੁਝ ਵਿਰੋਧੀ ਨੇਤਾਵਾਂ ਦਾ ਮੰਨਣਾ ਹੈ ਕਿ ਇਸ ਖਰਚ ਨਾਲ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ 'ਤੇ ਨਿਵੇਸ਼ ਕੀਤਾ ਜਾ ਸਕਦਾ ਸੀ। ਰਾਹੁਲ ਗਾਂਧੀ ਨੇ ਕਿਹਾ ਕਿ 2025 ਵਿੱਚ ਸਿੱਖਿਆ, ਸਿਹਤ ਸਕੀਮਾਂ ਅਤੇ ਸੜਕਾਂ ਲਈ ਬਜਟ ਘਟਾਇਆ ਗਿਆ, ਪਰ ਮੋਦੀ ਦੀਆਂ ਯਾਤਰਾਵਾਂ 'ਤੇ 62.5 ਕਰੋੜ ਤੋਂ ਵੱਧ ਖਰਚ ਕੀਤੇ ਗਏ, ਜਿਸ ਦੀ ਕੋਈ ਜਵਾਬਦੇਹੀ ਨਹੀਂ।

ਆਰਥਿਕ ਮਾਹਿਰਾਂ ਦੀਆਂ ਰਾਵਾਂ ਇਸ ਮੁੱਦੇ 'ਤੇ ਵੰਡੀਆਂ ਹੋਈਆਂ ਹਨ। ਕੁਝ ਮਾਹਿਰ, ਜਿਵੇਂ ਕਿ ਅਰਥਸ਼ਾਸਤਰੀ ਰਾਜੀਵ ਕੁਮਾਰ, ਮੰਨਦੇ ਹਨ ਕਿ ਮੋਦੀ ਦੀਆਂ ਵਿਦੇਸ਼ ਯਾਤਰਾਵਾਂ ਨੇ ਭਾਰਤ ਦੀ ਗਲੋਬਲ ਸਾਖ ਵਧਾਈ ਹੈ ਅਤੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿੱਚ ਮਦਦ ਕੀਤੀ ਹੈ।

(ਬਾਕੀ ਸਫ਼ਾ 30 'ਤੇ)

# ਕਦੋਂ ਤੱਕ ਦਰਿੰਦਗੀ ਦਾ ਸ਼ਿਕਾਰ ਹੋਣਗੀਆਂ ਮਾਸੂਮ ਜਿੰਦਾਂ ?

## ਆਧੁਨਿਕ ਸਮਾਜ ਵਿੱਚ ਵੀ ਬਾਲਾਂ ਤੇ ਬਾਲੜੀਆਂ ਦੀ ਇੱਜ਼ਤ ਸੁਰੱਖਿਅਤ ਨਹੀਂ ਰਹੀ

**ਸਭ ਤੋਂ ਜਿਆਦਾ ਦੁੱਖਦਾਇਕ ਗੱਲ ਇਹ ਹੈ ਕਿ ਬਾਲਾਂ ਤੇ ਬਾਲੜੀਆਂ ਨਾਲ ਕੁਕਰਮ ਦੇ ਜੋ ਮੁਕੱਦਮੇ ਦਰਜ ਕੀਤੇ ਜਾਂਦੇ ਹਨ, ਉਨ੍ਹਾਂ ਮੁਕੱਦਮਿਆਂ ਦਾ ਫ਼ੈਸਲਾ ਆਉਣ ਵਿੱਚ ਕਈ ਸਾਲ ਲੱਗ ਜਾਂਦੇ ਹਨ। ਸਾਡੇ ਮੁਲਕ ਵਿੱਚ ਬੱਚਿਆਂ ਲਈ ਇਨਸਾਫ਼ ਲੈਣਾ ਕੋਈ ਆਸਾਨ ਕੰਮ ਨਹੀਂ, ਮੁਲਕ ਦੀਆਂ ਅਦਾਲਤਾਂ ਵਿੱਚ ਅਕਸਰ ਹੀ ਇਨਸਾਫ਼ ਲੈਣ ਆਏ ਬੱਚੇ ਅਤੇ ਉਹਨਾਂ ਦੇ ਮਜਬੂਰ ਮਾਪੇ ਇੱਕ ਤਰ੍ਹਾਂ ਬਿਰਖ ਜਿਹੇ ਹੀ ਬਣ ਜਾਂਦੇ ਹਨ, ਜੋ ਕਿ ਮੁਕੱਦਮੇ ਦਾ ਫ਼ੈਸਲਾ ਆਉਣ ਤੱਕ ਸੁੱਕ ਜਿਹੇ ਜਾਂਦੇ ਹਨ।**

ਭਾਰਤ ਵਰਗੇ ਮੁਲਕ ਵਿੱਚ ਬੱਚਿਆਂ ਨੂੰ 'ਰੱਬ' ਦਾ ਰੂਪ ਕਿਹਾ ਜਾਂਦਾ ਹੈ, ਪਰ ਇਸੇ ਮੁਲਕ ਵਿੱਚ ਵੱਡੀ ਗਿਣਤੀ ਬੱਚੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ। 'ਕੰਜਕ ਪੂਜਾ' ਵਾਲੇ ਇਸ ਮੁਲਕ ਵਿੱਚ ਬਾਲੜੀਆਂ ਨਾਲ ਬਲਾਤਕਾਰ ਅਤੇ ਜਿਨਸੀ ਛੇੜ-ਛਾੜ ਦੇ ਮਾਮਲੇ ਦਿਨੋਂ ਦਿਨ ਵੱਧ ਰਹੇ ਹਨ। ਇਸ ਤੋਂ ਇਲਾਵਾ ਬਾਲਾਂ ਭਾਵ 18 ਸਾਲ ਤੋਂ ਘੱਟ ਉਮਰ ਦੇ ਮੁੰਡਿਆਂ ਨਾਲ ਵੀ ਬਦਫ਼ੈਲੀ ਕਰਨ ਦੇ ਮਾਮਲਿਆਂ ਵਿੱਚ ਵਾਧਾ ਹੋ ਰਿਹਾ ਹੈ, ਜੋ ਕਿ ਸਾਡੇ ਦੇਸ਼ ਦੀ ਵੱਖਰੀ ਹੀ ਤਸਵੀਰ ਦੁਨੀਆ ਸਾਹਮਣੇ ਪੇਸ਼ ਕਰ ਰਿਹਾ ਹੈ। ਬੱਚੇ ਮਨ ਦੇ ਸੱਚੇ ਅਤੇ ਅਣਭੋਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਘਰਾਂ, ਸਕੂਲਾਂ ਜਾਂ ਜਨਤਕ ਥਾਂਵਾਂ 'ਤੇ ਕਿਤੇ ਵੀ ਕੋਈ ਆਪਣੀ ਹਵਸ ਦਾ ਸ਼ਿਕਾਰ ਬਣਾ ਸਕਦਾ ਹੈ। ਇਸ ਮਸਲੇ ਦਾ ਇੱਕ ਪਹਿਲੂ ਇਹ ਵੀ ਹੈ ਕਿ ਬਦਨਾਮੀ ਦੇ ਡਰੋਂ ਪੀੜਤ ਪਰਿਵਾਰ ਕਈ ਵਾਰ ਅਜਿਹੇ ਮਾਮਲਿਆਂ ਨੂੰ ਰਫ਼ਾ-ਦਫ਼ਾ ਕਰ ਦਿੰਦੇ ਹਨ। ਹਾਲਾਤ ਉਦੋਂ ਖ਼ਰਾਬ ਹੋ ਜਾਂਦੇ ਹਨ ਜਦੋਂ ਕੋਈ ਰਿਸ਼ਤੇਦਾਰ ਜਾਂ ਅਧਿਆਪਕ ਇਸ ਤਰ੍ਹਾਂ ਦੇ ਅਪਰਾਧਾਂ ਵਿੱਚ ਸ਼ਾਮਿਲ ਹੋ ਜਾਂਦੇ ਹਨ ਜਾਂ ਇਨ੍ਹਾਂ ਨੂੰ ਸ਼ਹਿ ਦਿੰਦੇ ਹਨ। ਵੱਡਾ ਦੁੱਖ ਤਾਂ ਉਦੋਂ ਹੁੰਦਾ ਹੈ ਜਦੋਂ ਬੱਚਿਆਂ ਨਾਲ ਕੁਕਰਮ ਕਰਨ ਵਾਲੇ




ਆਸਾਨੀ ਨਾਲ ਬੱਚ ਨਿਕਲਦੇ ਹਨ ਅਤੇ ਬਦਨਾਮੀ ਦੇ ਡਰੋਂ ਪੀੜਤ ਬੱਚਿਆਂ ਦੇ ਮਾਪੇ ਚੁੱਪਚਾਪ ਜ਼ੁਲਮ ਸਹਿੰਦੇ ਹਨ। ਜ਼ਿਆਦਾਤਰ ਮਾਮਲਿਆਂ ਵਿੱਚ ਪੀੜਤ ਬੱਚੇ ਦੇ ਮਾਪੇ ਆਪਣੇ ਘਰ/ਮਕਾਨ ਵੇਚ ਕੇ ਕਿਸੇ ਹੋਰ ਸ਼ਹਿਰ ਚਲੇ ਜਾਂਦੇ ਹਨ। ਬੱਚਿਆਂ ਨਾਲ ਜਿਨਸੀ ਛੇੜ-ਛਾੜ ਅਤੇ ਕੁਕਰਮ ਹੋਣ ਦੇ ਵੱਡੀ ਗਿਣਤੀ ਮਾਮਲੇ ਅਕਸਰ ਸਾਹਮਣੇ ਨਹੀਂ ਆਉਂਦੇ, ਜਿਸ ਕਰਕੇ ਇਹਨਾਂ ਦੀ ਸਹੀ ਗਿਣਤੀ ਬਾਰੇ ਪਤਾ ਨਹੀਂ ਚੱਲਦਾ ਅਤੇ ਦੋਸ਼ੀ ਸਾਫ਼ ਬੱਚ ਨਿਕਲਦੇ ਹਨ।

ਪੰਜਾਬ ਨੂੰ 'ਪੱਤ ਦਾ ਰਾਖਾ' ਕਿਹਾ ਜਾਂਦਾ ਹੈ। ਜਦੋਂ ਮੁਗਲ ਅਤੇ ਅਫ਼ਗਾਨ ਧਾੜਵੀ ਹਿੰਦੋਸਤਾਨ ਵਿਚੋਂ ਸੁੰਦਰ ਤੇ ਜਵਾਨ ਔਰਤਾਂ ਨੂੰ ਅਗਵਾ ਕਰਕੇ ਲੈ ਜਾਂਦੇ ਸਨ ਤਾਂ ਪੰਜਾਬ ਦੇ ਬਹਾਦਰ ਲੋਕ ਮੁਗਲਾਂ ਅਤੇ ਅਫ਼ਗਾਨਾਂ 'ਤੇ ਹਮਲੇ ਕਰਕੇ ਉਹਨਾਂ ਔਰਤਾਂ ਨੂੰ ਛੁਡਵਾ ਲੈਂਦੇ ਸਨ ਅਤੇ ਪੂਰੇ ਇੱਜ਼ਤ ਮਾਣ ਨਾਲ ਉਹਨਾਂ ਨੂੰ ਉਹਨਾਂ ਦੇ ਘਰਾਂ ਵਿੱਚ ਛੱਡ ਕੇ ਆਉਂਦੇ ਸਨ। ਉਸੇ ਪੰਜਾਬ ਵਿੱਚ ਹੁਣ ਬੱਚਿਆਂ ਨਾਲ ਕੁਕਰਮ ਦੇ ਮਾਮਲੇ ਸਾਹਮਣੇ ਆ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ।

ਪਿਛਲੇ ਦਿਨੀਂ ਪੰਜਾਬ ਵਿੱਚ ਬੱਚਿਆਂ ਨਾਲ ਜਿਨਸੀ ਸ਼ੋਸ਼ਣ ਦੀਆਂ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਪੰਜਾਬ ਦੇ ਬੁੱਧੀਜੀਵੀ ਵਰਗ ਦੇ ਨਾਲ ਹਰ ਵਿਅਕਤੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਪੰਜਾਬ ਵਿੱਚ ਹੁਣ ਇਹ ਕੀ ਹੋਣ ਲੱਗ ਪਿਆ ਹੈ ? ਕੁਝ ਦਿਨ ਪਹਿਲਾਂ ਪੰਜਾਬ ਦੇ ਰਿਆਸਤੀ ਸ਼ਹਿਰ ਨਾਭਾ ਦੇ ਇੱਕ ਸਰਕਾਰੀ ਸਕੂਲ ਵਿੱਚ ਇੱਕ ਅਧਿਆਪਕ ਵੱਲੋਂ ਇੱਕ ਵਿਦਿਆਰਥੀ ਨਾਲ ਬਦਫ਼ੈਲੀ ਕਰਨ ਦਾ ਮਾਮਲਾ ਮੀਡੀਆ ਦੀਆਂ ਸੁਰਖ਼ੀਆਂ ਬਣਿਆ। ਇਹ ਵਿਦਿਆਰਥੀ ਚੰਗਾ ਖਿਡਾਰੀ ਵੀ ਹੈ। ਸਿਤਮ ਦੀ ਗੱਲ ਇਹ ਹੈ ਕਿ ਦੋਸ਼ੀ ਅਧਿਆਪਕ 'ਸਟੇਟ ਐਵਾਰਡੀ' ਹੈ। ਇਸ ਤੋਂ

(ਬਾਕੀ ਸਫ਼ਾ 30 'ਤੇ)

### ਮਹੱਤਵਪੂਰਨ ਪੋਕਸੋ ਐਕਟ

ਪ੍ਰੋਟੈਕਸ਼ਨ ਆਫ਼ ਚਿਲਡਰਨ ਫ਼ਰਾਮ ਸੈਕਸ਼ੂਅਲ ਆਫ਼ੈਂਸਸ (ਪੋਕਸੋ) ਐਕਟ ਬੱਚਿਆਂ ਦਾ ਜਿਨਸੀ ਸ਼ੋਸ਼ਣ ਰੋਕਣ ਲਈ ਬਹੁਤ ਮਹੱਤਵਪੂਰਨ ਐਕਟ ਹੈ। 2012 ਵਿੱਚ, ਭਾਰਤ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਨਾਲ ਨਜਿੱਠਣ ਲਈ ਬੱਚਿਆਂ ਦੀ ਜਿਨਸੀ ਸ਼ੋਸ਼ਣ ਤੋਂ ਸੁਰੱਖਿਆ (ਪੋਕਸੋ) ਐਕਟ ਲਾਗੂ ਕੀਤਾ ਗਿਆ ਸੀ, ਪਰ ਇਸ ਦੇ ਤਹਿਤ ਪਹਿਲਾ ਕੇਸ ਦਰਜ ਹੋਣ ਵਿੱਚ ਦੋ ਸਾਲ ਲੱਗ ਗਏ। ਬੱਚਿਆਂ ਨੂੰ ਜਿਨਸੀ ਸ਼ੋਸ਼ਣ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਜਦੋਂ ਵੀ ਇਸ ਸੰਬੰਧੀ ਕੋਈ ਮਾਮਲਾ ਆਉਂਦਾ ਹੈ ਤਾਂ ਪੀੜਤ ਬੱਚੇ ਨੂੰ ਤੁਰੰਤ ਆਪਣੇ ਮਾਪਿਆਂ, ਅਧਿਆਪਕਾਂ ਜਾਂ ਭਰੋਸੇਮੰਦ ਜਾਣਕਾਰਾਂ ਨਾਲ ਸਾਂਝਾ ਕਰਨਾ ਚਾਹੀਦਾ ਹੈ। 18 ਸਾਲ ਤੋਂ ਘੱਟ ਦੇ ਬੱਚੇ ਆਪਣੇ ਆਸ-ਪਾਸ ਹੁੰਦੀਆਂ ਕਿਰਿਆਵਾਂ ਅਤੇ ਘਟਨਾਵਾਂ ਪ੍ਰਤੀ ਸੁਚੇਤ ਰਹਿਣ ਅਤੇ ਆਪਣੇ ਨਾਲ ਵਾਪਰਦੀ ਹਰ ਘਟਨਾ ਦੀ ਜਾਣਕਾਰੀ ਆਪਣੇ ਮਾਪਿਆਂ ਨੂੰ ਜ਼ਰੂਰ ਦੇਣ।

## ਬਾਲ ਜਿਨਸੀ ਸ਼ੋਸ਼ਣ ਦੇ ਦੋਸ਼ੀਆਂ ਨੂੰ ਦਿੱਤੀਆਂ ਜਾਣ ਸਖ਼ਤ ਸਜ਼ਾਵਾਂ





### ਬਾਲ ਜਿਨਸੀ ਸ਼ੋਸ਼ਣ ਸਬੰਧੀ 204 ਦੇਸ਼ਾਂ ਅਤੇ ਖੇਤਰਾਂ 'ਚ ਕੀਤਾ ਗਿਆ ਸਰਵੇਖਣ

'ਦ ਲੈਂਸੇਟ' ਜਰਨਲ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਵਿੱਚ ਦਿੱਤੀ ਗਈ ਜਾਣਕਾਰੀ ਅਨੁਸਾਰ ਦੁਨੀਆ ਭਰ ਵਿੱਚ, 20 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਪੰਜ ਵਿੱਚੋਂ ਇੱਕ ਔਰਤ ਅਤੇ ਸੱਤ ਵਿੱਚੋਂ ਇੱਕ ਮਰਦ 15 ਸਾਲ ਦੀ ਉਮਰ ਵਿੱਚ ਜਾਂ ਇਸ ਤੋਂ ਪਹਿਲਾਂ ਜਿਨਸੀ ਹਿੰਸਾ ਦਾ ਸਾਹਮਣਾ ਕਰ ਚੁੱਕਾ ਹੈ। ਇਹ ਅਧਿਐਨ 'ਗਲੋਬਲ ਬਰਡਨ ਆਫ਼ ਡਿਜ਼ੀਜ਼' ਨਾਮਕ ਇੱਕ ਖੋਜ 'ਤੇ ਅਧਾਰਿਤ ਹੈ, ਜਿਸ ਵਿੱਚ 1990 ਤੋਂ 2023 ਤੱਕ 204 ਦੇਸ਼ਾਂ ਅਤੇ ਖੇਤਰਾਂ ਤੋਂ ਡੇਟਾ ਇਕੱਠਾ ਕੀਤਾ ਗਿਆ ਹੈ। ਇਹ ਖੋਜ ਅਮਰੀਕਾ ਦੀ ਵਾਸ਼ਿੰਗਟਨ ਯੂਨੀਵਰਸਿਟੀ ਦੇ 'ਇੰਸਟੀਚਿਊਟ ਫ਼ਾਰ ਹੈਲਥ ਮੈਟ੍ਰਿਕਸ ਐਂਡ ਇਵੈਲੂਏਸ਼ਨ' ਦੁਆਰਾ ਕੀਤੀ ਗਈ ਹੈ।




ਇਸ ਵਿੱਚ ਪਾਇਆ ਗਿਆ ਕਿ 67 ਪ੍ਰਤੀਸ਼ਤ ਔਰਤਾਂ ਅਤੇ 72 ਪ੍ਰਤੀਸ਼ਤ ਮਰਦਾਂ ਦਾ ਬਚਪਨ ਵਿੱਚ ਪਹਿਲੀ ਵਾਰ ਜਿਨਸੀ ਸ਼ੋਸ਼ਣ ਹੋਇਆ, ਜਦੋਂ ਉਹ 18 ਸਾਲ ਤੋਂ ਘੱਟ ਉਮਰ ਦੇ ਸਨ ।ਲਗਭਗ 42 ਪ੍ਰਤੀਸ਼ਤ ਔਰਤਾਂ ਅਤੇ 48 ਪ੍ਰਤੀਸ਼ਤ ਮਰਦਾਂ ਨੇ ਦੱਸਿਆ ਕਿ 16 ਸਾਲ ਦੀ ਉਮਰ ਤੋਂ ਪਹਿਲਾਂ ਉਨ੍ਹਾਂ ਦਾ ਪਹਿਲੀ ਵਾਰ ਜਿਨਸੀ ਸ਼ੋਸ਼ਣ ਹੋਇਆ ਸੀ। ਇਸ ਤੋਂ ਵੀ ਚਿੰਤਾਜਨਕ ਗੱਲ ਇਹ ਹੈ ਕਿ 8 ਪ੍ਰਤੀਸ਼ਤ ਔਰਤਾਂ ਅਤੇ 14 ਪ੍ਰਤੀਸ਼ਤ ਮਰਦਾਂ ਨੂੰ 12 ਸਾਲ ਦੀ ਉਮਰ ਤੋਂ ਪਹਿਲਾਂ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਭਾਰਤ ਦੇ ਪਾਸਪੋਰਟ ਦੀ ਰੈਂਕਿੰਗ ਵਿੱਚ ਵੱਡਾ ਸੁਧਾਰ ਹੋਇਆ

## ਪਾਕਿਸਤਾਨ ਦਾ ਪਾਸਪੋਰਟ ਦੁਨੀਆ ਦੇ ਸਭ ਤੋਂ ਕਮਜ਼ੋਰਾਂ 'ਚ ਸ਼ਾਮਲ

## ਸਿਖਰ 'ਤੇ ਮੌਜੂਦ ਦਸ ਸ਼ਕਤੀਸ਼ਾਲੀ ਪਾਸਪੋਰਟ ਵਾਲੇ ਦੇਸ਼ ਕੌਣ ?

ਹੇਨਲੇ ਪਾਸਪੋਰਟ ਇੰਡੈਕਸ 2025 ਅਨੁਸਾਰ, ਭਾਰਤ ਨੇ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਵਿੱਚ ਇੱਕ ਵੱਡੀ ਛਾਲ ਮਾਰੀ ਹੈ। ਸਾਲ 2024 ਵਿੱਚ ਭਾਰਤ ਦਾ ਪਾਸਪੋਰਟ 85ਵੇਂ ਸਥਾਨ 'ਤੇ ਸੀ, ਪਰ 2025 ਵਿੱਚ ਇਹ ਅੱਠ ਸਥਾਨ ਅੱਗੇ ਵਧ ਕੇ 77ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਹ ਸੁਧਾਰ ਭਾਰਤ ਦੀ ਕੂਟਨੀਤਕ ਅਤੇ ਵਿਦੇਸ਼ ਨੀਤੀ ਦੀ ਸਫ਼ਲਤਾ ਦਾ ਸੰਕੇਤ ਹੈ।

**ਭਾਰਤ ਦੇ ਪਾਸਪੋਰਟ ਵਿੱਚ ਸੁਧਾਰ**


ਹੇਨਲੇ ਪਾਸਪੋਰਟ ਇੰਡੈਕਸ, ਜੋ ਲੰਡਨ ਸਥਿਤ ਗਲੋਬਲ ਸਿਟੀਜ਼ਨਸ਼ਿਪ ਅਤੇ ਰੈਜ਼ੀਡੈਂਸ ਐਡਵਾਈਜ਼ਰੀ ਫ਼ਰਮ ਹੇਨਲੇ ਐਂਡ ਪਾਰਟਨਰਜ਼ ਵੱਲੋਂ ਜਾਰੀ ਕੀਤਾ ਜਾਂਦਾ ਹੈ, ਦੁਨੀਆ ਦੇ ਪਾਸਪੋਰਟਾਂ ਦੀ ਸ਼ਕਤੀ ਨੂੰ ਉਨ੍ਹਾਂ ਦੇ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਪਹੁੰਚ ਦੇ ਅਧਾਰ 'ਤੇ ਮਾਪਦਾ ਹੈ। 2025 ਦੀ ਰੈਂਕਿੰਗ ਅਨੁਸਾਰ, ਭਾਰਤ ਦਾ ਪਾਸਪੋਰਟ 77ਵੇਂ ਸਥਾਨ 'ਤੇ ਹੈ, ਜੋ ਭਾਰਤ ਦੀ ਅੰਤਰਰਾਸ਼ਟਰੀ ਸਾਖ ਅਤੇ ਕੂਟਨੀਤਕ ਸਬੰਧਾਂ ਵਿੱਚ ਮਜ਼ਬੂਤੀ ਨੂੰ ਦਰਸਾਉਂਦਾ ਹੈ। ਸਾਲ 2006 ਵਿੱਚ ਭਾਰਤ ਦੀ ਸਭ ਤੋਂ ਵਧੀਆ ਰੈਂਕਿੰਗ 71ਵੀਂ ਸੀ, ਅਤੇ ਹੁਣ 77ਵਾਂ ਸਥਾਨ ਇਸ ਦੀ ਮਜ਼ਬੂਤੀ ਦਾ ਸਬੂਤ ਹੈ।

ਭਾਰਤੀ ਪਾਸਪੋਰਟ ਧਾਰਕ ਹੁਣ 59 ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਸਹੂਲਤ ਨਾਲ ਯਾਤਰਾ ਕਰ ਸਕਦੇ ਹਨ। ਇਹ ਸੰਖਿਆ ਪਿਛਲੇ ਸਾਲ ਦੇ 57 ਦੇਸ਼ਾਂ ਤੋਂ ਵਧ ਕੇ 59 ਹੋ ਗਈ ਹੈ। ਇਸ ਦਾ ਮਤਲਬ ਹੈ ਕਿ ਭਾਰਤੀ ਨਾਗਰਿਕਾਂ ਨੂੰ ਦੋ ਹੋਰ ਦੇਸ਼ਾਂ ਨੇ ਵੀਜ਼ਾ-ਮੁਕਤ ਪਹੁੰਚ ਦਿੱਤੀ ਹੈ। ਇਹ ਦੋ ਨਵੇਂ ਦੇਸ਼ ਹਨ ਸ਼੍ਰੀਲੰਕਾ ਅਤੇ ਫ਼ਿਲੀਪੀਨਜ਼ ਹਨ। ਸ਼੍ਰੀਲੰਕਾ ਨੇ ਅਕਤੂਬਰ 2024 ਵਿੱਚ ਅਤੇ ਫ਼ਿਲੀਪੀਨਜ਼ ਨੇ ਮਈ 2025 ਵਿੱਚ ਭਾਰਤੀਆਂ ਨੂੰ ਵੀਜ਼ਾ-ਮੁਕਤ ਯਾਤਰਾ ਦੀ ਸਹੂਲਤ ਦੀ ਘੋਸ਼ਣਾ ਕੀਤੀ ਸੀ।

ਭਾਰਤ ਦੀ ਇਹ ਤਰੱਕੀ ਉਸ ਦੀਆਂ ਅੰਤਰਰਾਸ਼ਟਰੀ ਕੂਟਨੀਤਕ ਕੋਸ਼ਿਸ਼ਾਂ ਅਤੇ ਮਜ਼ਬੂਤ ਵਿਦੇਸ਼ ਨੀਤੀ ਦਾ ਨਤੀਜਾ ਹੈ। ਭਾਰਤ ਨੇ ਹੁਣ ਆਪਣੇ ਗੁਆਂਢੀ ਦੇਸ਼ਾਂ ਜਿਵੇਂ ਕਿ ਭੂਟਾਨ (81ਵਾਂ), ਮਿਆਂਮਾਰ (88ਵਾਂ), ਸ਼੍ਰੀਲੰਕਾ (91ਵਾਂ), ਬੰਗਲਾਦੇਸ਼ (94ਵਾਂ), ਨੇਪਾਲ (95ਵਾਂ) ਅਤੇ ਪਾਕਿਸਤਾਨ (96ਵਾਂ) ਨੂੰ ਪਿੱਛੇ ਛੱਡ ਦਿੱਤਾ ਹੈ। ਭਾਰਤ ਇਸ ਸਮੇਂ ਬੁਰਕੀਨਾ ਫ਼ਾਸੋ, ਕੋਟ ਡੀ ਆਈਵਰ ਅਤੇ ਸੇਨੇਗਲ ਨਾਲ ਸੰਯੁਕਤ ਤੌਰ 'ਤੇ 77ਵੇਂ ਸਥਾਨ 'ਤੇ ਹੈ।

ਹੇਨਲੇ ਪਾਸਪੋਰਟ ਇੰਡੈਕਸ 2025 ਅਨੁਸਾਰ, ਪਾਕਿਸਤਾਨ ਦਾ ਪਾਸਪੋਰਟ 96ਵੇਂ ਸਥਾਨ 'ਤੇ ਹੈ, ਜੋ ਇਸ ਨੂੰ ਦੁਨੀਆ ਦੇ ਸਭ ਤੋਂ ਕਮਜ਼ੋਰ ਪਾਸਪੋਰਟਾਂ ਵਿੱਚੋਂ ਇੱਕ ਬਣਾਉਂਦਾ ਹੈ। ਪਾਕਿਸਤਾਨ ਦੇ ਪਾਸਪੋਰਟ ਧਾਰਕਾਂ ਨੂੰ ਸਿਰਫ਼ 32 ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਸਹੂਲਤ ਮਿਲਦੀ ਹੈ। ਇਹ ਰੈਂਕਿੰਗ ਪਾਕਿਸਤਾਨ ਸੋਮਾਲੀਆ ਅਤੇ ਯਮਨ ਨਾਲ ਸਾਂਝਾ ਕਰਦਾ ਹੈ। ਪਾਕਿਸਤਾਨ ਤੋਂ ਹੇਠਲੇ ਸਿਰਫ਼ ਤਿੰਨ ਦੇਸ਼ ਹਨ: ਇਰਾਕ (97ਵਾਂ), ਸੀਰੀਆ (98ਵਾਂ) ਅਤੇ ਅਫ਼ਗਾਨਿਸਤਾਨ (99ਵਾਂ)। ਇਸ ਤਰ੍ਹਾਂ ਪਾਕਿਸਤਾਨ ਦੁਨੀਆ ਦੇ ਸਭ ਤੋਂ ਕਮਜ਼ੋਰ ਪਾਸਪੋਰਟਾਂ ਵਿੱਚੋਂ ਚੌਥੇ ਸਥਾਨ 'ਤੇ ਹੈ।

ਪਾਕਿਸਤਾਨ ਦੇ ਇਸ ਪਛੜਨ ਦੇ ਕਈ ਕਾਰਨ ਹਨ। ਪਾਕਿਸਤਾਨ ਦੀ ਅੰਤਰਰਾਸ਼ਟਰੀ ਸਾਖ, ਆਰਥਿਕ ਅਸਥਿਰਤਾ, ਸੁਰੱਖਿਆ ਮੁੱਦੇ ਅਤੇ ਕਮਜ਼ੋਰ ਕੂਟਨੀਤਕ ਸਬੰਧ ਇਸ ਦੀ ਰੈਂਕਿੰਗ 'ਤੇ ਅਸਰ ਪਾਉਂਦੇ ਹਨ। ਦੁਨੀਆ ਦੇ ਜ਼ਿਆਦਾਤਰ ਦੇਸ਼ ਪਾਕਿਸਤਾਨੀ ਪਾਸਪੋਰਟ ਧਾਰਕਾਂ ਨੂੰ




ਵੀਜ਼ਾ-ਮੁਕਤ ਪਹੁੰਚ ਦੇਣ ਵਿੱਚ ਹਿਚਕਿਚਾਉਂਦੇ ਹਨ, ਜਿਸ ਕਾਰਨ ਇਸ ਦੀ ਰੈਂਕਿੰਗ ਇੰਨੀ ਹੇਠਲੀ ਹੈ।

**ਸਿਖਰ 'ਤੇ ਮੌਜੂਦ ਦਸ ਦੇਸ਼**

ਹੇਨਲੇ ਪਾਸਪੋਰਟ ਇੰਡੈਕਸ 2025 ਅਨੁਸਾਰ, ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਵਾਲੇ ਦਸ ਦੇਸ਼ ਇਸ ਪ੍ਰਕਾਰ ਹਨ:

**ਸਿੰਗਾਪੁਰ:** ਸਿੰਗਾਪੁਰ ਦਾ ਪਾਸਪੋਰਟ ਸਭ ਤੋਂ ਸ਼ਕਤੀਸ਼ਾਲੀ ਹੈ, ਜਿਸ ਨੂੰ 193 ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਪਹੁੰਚ ਮਿਲਦੀ ਹੈ। ਸਿੰਗਾਪੁਰ ਨੇ ਫ਼ਰਾਂਸ ਨੂੰ ਪਿੱਛੇ ਛੱਡ ਕੇ ਪਹਿਲਾ (**ਬਾਕੀ ਸਫ਼ਾ 30 'ਤੇ**)

### ਭਾਰਤੀ ਪਾਸਪੋਰਟ ਦੇ ਵਿਕਸਤ ਹੋਣ ਦੇ ਕਾਰਨ

* ਭਾਰਤ ਨੇ ਪਿਛਲੇ ਕੁਝ ਸਾਲਾਂ ਵਿੱਚ ਆਪਣੇ ਕੂਟਨੀਤਕ ਸਬੰਧਾਂ ਨੂੰ ਮਜ਼ਬੂਤ ਕੀਤਾ ਹੈ। ਵਿਸ਼ਵ ਦੇ ਕਈ ਦੇਸ਼ਾਂ ਨਾਲ ਭਾਰਤ ਦੇ ਦੁਵੱਲੇ ਸਬੰਧ ਮਜ਼ਬੂਤ ਹੋਏ ਹਨ, ਜਿਸ ਨਾਲ ਵੀਜ਼ਾ-ਮੁਕਤ ਸਹੂਲਤਾਂ ਵਿੱਚ ਵਾਧਾ ਹੋਇਆ ਹੈ। ਖਾਸ ਕਰਕੇ ਏਸ਼ੀਆਈ ਅਤੇ ਅਫ਼ਰੀਕੀ ਦੇਸ਼ਾਂ ਨਾਲ ਸਬੰਧਾਂ ਨੇ ਇਸ ਵਿੱਚ ਵੱਡੀ ਭੂਮਿਕਾ ਨਿਭਾਈ ਹੈ।
* ਭਾਰਤ ਦੀ ਆਰਥਿਕ ਤਰੱਕੀ ਅਤੇ ਵਿਸ਼ਵ ਵਿੱਚ ਇੱਕ ਵੱਡੀ ਅਰਥਵਿਵਸਥਾ ਵਜੋਂ ਉਭਰਨ ਨਾਲ ਅੰਤਰਰਾਸ਼ਟਰੀ ਸਾਖ ਵਧੀ ਹੈ। ਇਸ ਨਾਲ ਵੀਜ਼ਾ ਨੀਤੀਆਂ ਵਿੱਚ ਨਰਮੀ ਆਈ ਹੈ।
* ਭਾਰਤ ਸਰਕਾਰ ਨੇ ਪਾਸਪੋਰਟ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਅਤੇ ਡਿਜੀਟਲ ਬਣਾਇਆ ਹੈ। ਪਾਸਪੋਰਟ ਸੇਵਾਵਾਂ ਨੂੰ ਵਧੇਰੇ ਪਾਰਦਰਸ਼ੀ ਅਤੇ ਤੇਜ਼ ਕੀਤਾ ਗਿਆ ਹੈ, ਜਿਸ ਨਾਲ ਅੰਤਰਰਾਸ਼ਟਰੀ ਮਾਨਤਾ ਵਧੀ ਹੈ।
* ਭਾਰਤ ਦੀ ਵਿਦੇਸ਼ ਨੀਤੀ ਨੇ ਖੇਤਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਵਧਾਇਆ ਹੈ। ਸਾਰਕ, ਬ੍ਰਿਕਸ, ਜੀ-20 ਅਤੇ ਹੋਰ ਅੰਤਰਰਾਸ਼ਟਰੀ ਸੰਗਠਨਾਂ ਵਿੱਚ ਭਾਰਤ ਦੀ ਸਰਗਰਮ ਭੂਮਿਕਾ ਨੇ ਵੀਜ਼ਾ-ਮੁਕਤ ਸਹੂਲਤਾਂ ਨੂੰ ਵਧਾਉਣ ਵਿੱਚ ਮਦਦ ਕੀਤੀ ਹੈ।
* ਭਾਰਤੀ ਸੈਲਾਨੀਆਂ ਅਤੇ ਵਪਾਰੀਆਂ ਦੀ ਵਧਦੀ ਸੰਖਿਆ ਨੂੰ ਦੇਖਦੇ ਹੋਏ, ਕਈ ਦੇਸ਼ਾਂ ਨੇ ਭਾਰਤੀਆਂ ਨੂੰ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਸਹੂਲਤ ਦਿੱਤੀ ਹੈ।

# ਇਲਾਹਾਬਾਦ ਹਾਈ ਕੋਰਟ ਕਾਨਪੁਰ ਦੇ ਸਿੱਖ ਕਤਲੇਆਮ ਮਾਮਲਿਆਂ ਉੱਪਰ ਵਿਸ਼ੇਸ਼ ਧਿਆਨ ਦੇ ਕੇ ਜਲਦ ਨਿਪਟਾਰਾ ਕਰੇ: ਸੁਪਰੀਮ ਕੋਰਟ

## ਕੁਲਦੀਪ ਸਿੰਘ ਭੋਗਲ ਵੱਲੋਂ ਅਦਾਲਤ ਅੰਦਰ ਜਨਹਿੱਤ ਪਟੀਸ਼ਨ ਕੀਤੀ ਹੋਈ ਹੈ ਦਾਖਿਲ

ਨਵੀਂ ਦਿੱਲੀ/ਏ.ਟੀ.ਨਿਊਜ਼: ਦੇਸ਼ ਦੀ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਨੂੰ ਕਾਨਪੁਰ ਵਿਖੇ ਨਵੰਬਰ 1984 ਵਿੱਚ ਕੀਤੇ ਗਏ ਸਿੱਖ ਕਤਲੇਆਮ ਨਾਲ ਸਬੰਧਿਤ ਮਾਮਲਿਆਂ ਦੀ ਸੁਣਵਾਈ ਕਰਨ ਦੀ ਅਪੀਲ 'ਤੇ ਵਿਸ਼ੇਸ਼ ਧਿਆਨ ਦੇ ਕੇ ਮਾਮਲੇ ਦਾ ਨਿਪਟਾਰਾ ਕਰਨ ਦੀ ਅਪੀਲ ਕੀਤੀ ਹੈ। ਆਲ ਇੰਡੀਆ ਦੰਗਾ ਪੀੜਤ ਰਾਹਤ ਕਮੇਟੀ 1984 ਦੇ ਪ੍ਰਧਾਨ ਜਥੇਦਾਰ ਕੁਲਦੀਪ ਸਿੰਘ ਭੋਗਲ ਨੇ ਪ੍ਰੈਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਸੁਪਰੀਮ ਕੋਰਟ ਵਿੱਚ, ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜੋਏ ਮਾਲਿਆ ਬਾਗਚੀ ਨੇ ਕਾਨਪੁਰ ਸਿੱਖ ਕਤਲੇਆਮ ਮਾਮਲਿਆਂ ਲਈ ਦਾਇਰ ਜਨਹਿੱਤ ਪਟੀਸ਼ਨ 45/17 ਵਿੱਚ ਪਟੀਸ਼ਨਰ ਕੁਲਦੀਪ ਸਿੰਘ ਭੋਗਲ ਅਤੇ ਉਨ੍ਹਾਂ ਦੇ ਵਕੀਲਾਂ ਸ਼੍ਰੀ ਪ੍ਰਸੂਨ ਕੁਮਾਰ, ਜਗਜੀਤ ਸਿੰਘ,



ਆਦਿਤਿਆ ਚੌਧਰੀ ਐਡਵੋਕੇਟ ਕੋਲੋਂ ਮਾਮਲੇ ਨਾਲ ਸਬੰਧਿਤ ਤੱਥਾਂ ਬਾਰੇ ਪੁੱਛਗਿੱਛ ਕੀਤੀ। ਉਪਰੰਤ ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈ ਕੋਰਟ ਨੂੰ ਇਸ ਮਾਮਲੇ ਨਾਲ ਸਬੰਧਤ ਅਪੀਲ 'ਤੇ ਵਿਸ਼ੇਸ਼ ਧਿਆਨ ਦੇ ਕੇ ਮਾਮਲੇ ਦਾ ਨਿਪਟਾਰਾ ਕਰਨ ਦੀ ਅਪੀਲ ਕੀਤੀ ਹੈ। ਕਾਨਪੁਰ ਸਿੱਖ ਕਤਲੇਆਮ ਮਾਮਲੇ ਅੰਦਰ ਹੁਣ ਤੱਕ ਕਾਨਪੁਰ ਅਦਾਲਤ ਵਿੱਚ 11 ਮਾਮਲੇ ਵਿਚਾਰ ਅਧੀਨ ਹਨ, ਜਿਨ੍ਹਾਂ ਵਿੱਚੋਂ ਇਲਾਹਾਬਾਦ ਹਾਈ ਕੋਰਟ ਨੇ 3 ਮਾਮਲਿਆਂ 'ਤੇ ਰੋਕ ਲਗਾ ਦਿੱਤੀ ਹੈ ਅਤੇ ਬਾਕੀ ਮਾਮਲੇ ਅਜੇ ਵੀ ਅਦਾਲਤ ਵਿੱਚ ਵਿਚਾਰ ਅਧੀਨ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਵਕੀਲਾਂ ਨੇ ਸੁਪਰੀਮ ਕੋਰਟ ਦਾ ਧੰਨਵਾਦ ਕੀਤਾ ਕਿ ਅਦਾਲਤ ਇਸ ਮਾਮਲੇ ਦਾ ਨੋਟਿਸ ਲੈ ਰਹੀ ਹੈ ਅਤੇ ਮਨੁੱਖੀ ਹਮਦਰਦੀ ਨਾਲ ਇਸਦੀ ਸੁਣਵਾਈ ਕਰ ਰਹੀ ਹੈ।

# ਕਿਰਪਾਨ ਉੱਪਰ ਪਾਬੰਦੀ: ਸੰਵਿਧਾਨ ਦੀ ਹੋਂਦ 'ਤੇ ਸਵਾਲ

**ਰਜਿੰਦਰ ਸਿੰਘ ਪੁਰੇਵਾਲ**

ਸਿੱਖੀ ਦੀ ਆਨ ਤੇ ਸ਼ਾਨ, ਕਿਰਪਾਨ, ਜੋ ਸਿੱਖ ਦੀ ਪਹਿਚਾਣ ਦਾ ਅਤੁੱਟ ਅੰਗ ਹੈ, ਅੱਜ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ (ਪੀ.ਆਈ.ਐਲ.) ਦਾਇਰ ਕਰਕੇ ਸਿੱਖਾਂ ਦੇ ਮੌਲਿਕ ਅਧਿਕਾਰ ਦੀ ਗੱਲ ਛੇੜੀ ਹੈ। ਇਹ ਪਟੀਸ਼ਨ ਸਿਰਫ਼ ਕਾਗਜ਼ੀ ਕਾਰਵਾਈ ਨਹੀਂ, ਸਗੋਂ ਸਿੱਖੀ ਦੀ ਸਰਬਉੱਚਤਾ ਅਤੇ ਸੰਵਿਧਾਨ ਦੀ ਰੂਹ ਨੂੰ ਜਗਾਉਣ ਦੀ ਇੱਕ ਪੁਕਾਰ ਹੈ।

ਪਰ ਸਵਾਲ ਇਹ ਹੈ ਕਿ ਕੀ ਕੇਂਦਰ ਸਰਕਾਰ ਦੇ ਅਦਾਰਿਆਂ ਵੱਲੋਂ ਕਿਰਪਾਨ 'ਤੇ ਪਾਬੰਦੀ ਸਹੀ ਹੈ ? ਅਤੇ ਕੀ ਇਹ ਪਾਬੰਦੀ ਸੰਵਿਧਾਨ ਦੀ ਉਲੰਘਣਾ ਨਹੀਂ ਬਣਦੀ ?

ਸਿੱਖੀ ਦੀ ਜੜ੍ਹ ਵਿੱਚ ਸਮਾਈ ਕਿਰਪਾਨ ਸਿਰਫ਼ ਇੱਕ ਹਥਿਆਰ ਨਹੀਂ, ਸਗੋਂ ਸਿੱਖ ਦੇ ਧਰਮ, ਸਮਰਪਣ ਅਤੇ ਸੰਘਰਸ਼ ਦਾ ਪ੍ਰਤੀਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਪੰਜ ਕਕਾਰਾਂ ਦੀ ਦਾਤ ਦਿੱਤੀ, ਤਾਂ ਕਿਰਪਾਨ ਨੂੰ ਸਿੱਖ ਦੀ ਜ਼ਿੰਦਗੀ ਦਾ ਅਜਿਹਾ ਹਿੱਸਾ ਬਣਾਇਆ ਜੋ ਨਾ ਸਿਰਫ਼ ਸੁਰੱਖਿਆ ਦਾ ਸਾਧਨ ਹੈ, ਸਗੋਂ ਨਿਆਂ ਅਤੇ ਸੱਚ ਦੀ ਰਾਖੀ ਦਾ ਵੀ ਪ੍ਰਤੀਕ ਹੈ। ਪਰ ਅਫ਼ਸੋਸ, ਅੱਜ ਇਹ ਪ੍ਰਤੀਕ ਹੀ ਸਵਾਲਾਂ ਦੇ ਘੇਰੇ 'ਚ ਆ ਗਿਆ ਹੈ। ਇਸ ਪਟੀਸ਼ਨ ਦਾ ਪਿਛੋਕੜ 23 ਜੂਨ, 2024 ਨੂੰ ਰਾਜਸਥਾਨ ਦੇ ਜੋਧਪੁਰ 'ਚ ਵਾਪਰੀ ਇੱਕ ਘਟਨਾ ਹੈ, ਜਿੱਥੇ ਇੱਕ ਅੰਮ੍ਰਿਤਧਾਰੀ ਸਿੱਖ ਤੇ ਪੇਸ਼ੇ ਵਜੋਂ ਵਕੀਲ ਨੂੰ ਰਾਜਸਥਾਨ ਨਿਆਇਕ ਸੇਵਾਵਾਂ ਦੀ ਮੁੱਢਲੀ ਪ੍ਰੀਖਿਆ 'ਚ ਸਿਰਫ਼ ਇਸ ਲਈ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਉਸ ਨੇ ਪੰਜ ਇੰਚ ਦੀ 'ਕਿਰਪਾਨ' ਪਹਿਨੀ ਹੋਈ ਸੀ। ਪਟੀਸ਼ਨ ਮੁਤਾਬਕ ਪ੍ਰੀਖਿਆ ਕੇਂਦਰ 'ਚ ਮੌਜੂਦ ਨੋਡਲ ਅਧਿਕਾਰੀ, ਜੋ ਕਿ ਇੱਕ ਜ਼ਿਲ੍ਹਾ ਜੱਜ ਸੀ, ਨੇ ਉਸ ਨੂੰ ਪ੍ਰੀਖਿਆ ਹਾਲ ਵਿੱਚ ਦਾਖਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਹਰਿਆਣਾ ਤੇ ਦਿੱਲੀ 'ਚ ਹੋਈਆਂ ਕਈ ਪ੍ਰੀਖਿਆਵਾਂ ਵਿੱਚ ਵੀ ਅਜਿਹਾ ਹੀ ਕੁਝ ਕੀਤਾ ਗਿਆ ਸੀ। ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਕੇਂਦਰ ਤੇ ਸੂਬਾ ਸਰਕਾਰਾਂ ਮਿਲ ਕੇ ਅਜਿਹੇ ਵਰਦੀ ਦਿਸ਼ਾ-ਨਿਰਦੇਸ਼ ਤਿਆਰ ਕਰਨ ਤਾਂ ਜੋ ਸਿੱਖ ਧਾਰਮਿਕ ਚਿੰਨ੍ਹਾਂ ਨਾਲ ਵਿਤਕਰਾ ਕੀਤੇ ਬਿਨਾਂ ਪ੍ਰੀਖਿਆ ਕੇਂਦਰਾਂ, ਹਵਾਈ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਂਵਾਂ 'ਤੇ ਦਾਖਲ ਹੋ ਸਕਣ।ਸ਼੍ਰੋਮਣੀ ਕਮੇਟੀ ਵਲੋਂ ਦਾਇਰ ਇਸ ਪਟੀਸ਼ਨ 'ਚ ਕੇਂਦਰ, ਪੰਜਾਬ, ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਪ੍ਰਤੀਵਾਦੀ ਬਣਾਇਆ ਗਿਆ ਹੈ

ਇਹ ਘਟਨਾ ਕੋਈ ਅਚਨਚੇਤ ਨਹੀਂ ਸੀ,



ਸਗੋਂ ਹਰਿਆਣਾ, ਦਿੱਲੀ ਅਤੇ ਹੋਰ ਥਾਂਵਾਂ 'ਤੇ ਵੀ ਅਜਿਹੀਆਂ ਮਿਸਾਲਾਂ ਸਾਹਮਣੇ ਆਈਆਂ ਹਨ, ਜਿੱਥੇ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਕਾਰਨ ਅਪਮਾਨਿਤ ਕੀਤਾ ਗਿਆ।

ਇਹ ਸਾਰਾ ਮਸਲਾ ਸੰਵਿਧਾਨ ਦੀ ਧਾਰਾ 25 ਦੀ ਸਿੱਧੀ ਉਲੰਘਣਾ ਹੈ। ਇਹ ਧਾਰਾ ਹਰ ਨਾਗਰਿਕ ਨੂੰ ਆਪਣੇ ਧਰਮ ਦੀ ਪਾਲਣਾ ਅਤੇ ਪ੍ਰਚਾਰ ਦਾ ਅਧਿਕਾਰ ਦਿੰਦੀ ਹੈ। ਸਿੱਖਾਂ ਲਈ ਕਿਰਪਾਨ ਸਿਰਫ਼ ਇਕ ਧਾਤੂ ਦਾ ਟੁਕੜਾ ਨਹੀਂ, ਸਗੋਂ ਉਨ੍ਹਾਂ ਦੀ ਆਤਮਾ ਦਾ ਹਿੱਸਾ ਹੈ। ਜਦੋਂ ਸਰਕਾਰੀ ਅਦਾਰੇ ਇਸ ਨੂੰ ਪਹਿਨਣ 'ਤੇ ਪਾਬੰਦੀ ਲਾਉਂਦੇ ਹਨ, ਤਾਂ ਇਹ ਸਿੱਖੀ ਦੀ ਰੂਹ 'ਤੇ ਵਾਰ ਕਰਨ ਦੇ ਬਰਾਬਰ ਹੈ। ਸੰਵਿਧਾਨ ਦੀ ਧਾਰਾ 25 ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹਾਂ ਨੂੰ ਸਾਥ ਰੱਖਣ ਦੀ ਖੁੱਲ੍ਹ ਦਿੰਦੀ ਹੈ, ਪਰ ਜਦੋਂ ਪ੍ਰੀਖਿਆ ਕੇਂਦਰਾਂ, ਹਵਾਈ ਅੱਡਿਆਂ ਜਾਂ ਜਨਤਕ ਥਾਂਵਾਂ 'ਤੇ ਸਿੱਖਾਂ ਨੂੰ ਕਿਰਪਾਨ ਕਾਰਨ ਰੋਕਿਆ ਜਾਂਦਾ ਹੈ, ਤਾਂ ਇਹ ਸੰਵਿਧਾਨ ਦੀ ਆਤਮਾ ਨੂੰ ਠੇਸ ਪਹੁੰਚਾਉਂਦਾ ਹੈ।

ਕੇਂਦਰ ਸਰਕਾਰ ਦੇ ਅਦਾਰਿਆਂ ਵੱਲੋਂ ਲਾਈਆਂ ਜਾ ਰਹੀਆਂ ਇਹ ਪਾਬੰਦੀਆਂ ਕਈ ਸਵਾਲ ਖੜ੍ਹੇ ਕਰਦੀਆਂ ਹਨ। ਪਹਿਲਾਂ ਤਾਂ ਇਹ ਸਮਝਣਾ ਜ਼ਰੂਰੀ ਹੈ ਕਿ ਕਿਰਪਾਨ ਨੂੰ 'ਹਥਿਆਰ' ਦੀ ਸੰਗਿਆ ਦੇਣਾ ਕਿੰਨਾ ਸਹੀ ਹੈ ? ਸਿੱਖੀ ਵਿਚ ਕਿਰਪਾਨ ਦਾ ਮਕਸਦ ਹੈ ਸੁਰੱਖਿਆ ਅਤੇ ਸੱਚ ਦੀ ਰਾਖੀ, ਨਾ ਕਿ ਹਿੰਸਾ। ਇਹ ਗੁਰੂ ਦਾ ਦਿੱਤਾ ਅਜਿਹਾ ਤੋਹਫ਼ਾ ਹੈ ਜੋ ਸਿੱਖ ਨੂੰ ਨਿਆਂ ਦੀ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ। ਜਦੋਂ ਸਰਕਾਰੀ ਅਧਿਕਾਰੀ ਇਸ ਨੂੰ ਸੁਰੱਖਿਆ ਲਈ ਖਤਰਾ ਮੰਨਦੇ ਹਨ, ਤਾਂ ਇਹ ਸਿੱਖੀ ਦੇ ਇਤਿਹਾਸ ਅਤੇ ਸਿਧਾਂਤਾਂ ਦੀ ਅਣਜਾਣਪੁਣੇ ਦਾ ਸਬੂਤ ਹੈ ਤੇ ਨਸਲਵਾਦ ਵੀ।

ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਵਿੱਚ ਇੱਕ ਵਿਸ਼ੇਸ਼ ਕਮੇਟੀ ਬਣਾਉਣ ਦੀ ਮੰਗ ਵੀ ਬਹੁਤ ਸਾਰਥਕ ਹੈ। ਇਹ ਕਮੇਟੀ, ਜਿਸ ਵਿੱਚ ਧਰਮ, ਕਾਨੂੰਨ ਅਤੇ ਇਤਿਹਾਸ ਦੇ ਮਾਹਿਰ ਸ਼ਾਮਲ ਹੋਣ, ਸਿੱਖ ਚਿੰਨ੍ਹਾਂ ਬਾਰੇ ਸਪੱਸ਼ਟ ਦਿਸ਼ਾ-ਨਿਰਦੇਸ਼ ਤਿਆਰ ਕਰ ਸਕਦੀ ਹੈ। ?

ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਕਸਾਰ ਅਤੇ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਲੋੜ ਹੈ। ਜੇ ਅੱਜ ਸਿੱਖਾਂ ਨੂੰ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਤੋਂ ਵਾਂਝਿਆਂ ਜਾ ਰਿਹਾ ਹੈ, ਤਾਂ ਇਹ ਸਿਰਫ਼ ਸਿੱਖ ਭਾਈਚਾਰੇ ਦੀ ਨਹੀਂ, ਸਗੋਂ ਪੂਰੇ ਮੁਲਕ ਦੀ ਸੰਵਿਧਾਨਕ ਵਚਨਬੱਧਤਾ 'ਤੇ ਸਵਾਲ ਹੈ। ਸੰਵਿਧਾਨ ਸਾਰਿਆਂ ਨੂੰ ਬਰਾਬਰੀ ਦਾ ਹੱਕ ਦਿੰਦਾ ਹੈ, ਪਰ ਜਦੋਂ ਇੱਕ ਖਾਸ ਧਰਮ ਦੇ ਚਿੰਨ੍ਹ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਇਹ ਬਰਾਬਰੀ ਦੇ ਸਿਧਾਂਤ ਨੂੰ ਖੋਰਾ ਲਾਉਂਦਾ ਹੈ। ਇਹ ਅਜਿਹਾ ਹੈ ਜਿਵੇਂ ਕਿਸੇ ਦੀ ਪਗੜੀ ਨੂੰ ਸਤਿਕਾਰ ਦੀ ਬਜਾਏ ਅਪਮਾਨ ਦੀ ਨਜ਼ਰ ਨਾਲ ਵੇਖਿਆ ਜਾਵੇ।

ਇਸ ਪਟੀਸ਼ਨ ਦਾ ਮਕਸਦ ਸਿਰਫ਼ ਸਿੱਖਾਂ ਦੇ ਹੱਕਾਂ ਦੀ ਰਾਖੀ ਨਹੀਂ, ਸਗੋਂ ਸੰਵਿਧਾਨ ਦੀ ਉਸ ਰੂਹ ਦੀ ਰਾਖੀ ਹੈ ਜੋ ਭਾਰਤ ਨੂੰ ਇੱਕ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਵਾਲਾ ਮੁਲਕ ਮੰਨਦੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਿੱਖ ਚਿੰਨ੍ਹਾਂ ਨੂੰ ਸਤਿਕਾਰ ਦੇਣ ਅਤੇ ਉਨ੍ਹਾਂ ਦੀ ਸੰਵਿਧਾਨਕ ਸੁਰੱਖਿਆ ਨੂੰ ਯਕੀਨੀ ਬਣਾਉਣ। ਅਜਿਹੀਆਂ ਪਾਬੰਦੀਆਂ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਇਹ ਸੰਵਿਧਾਨ ਦੇ ਮੂਲ ਸਿਧਾਂਤਾਂ ਨੂੰ ਵੀ ਕਮਜ਼ੋਰ ਕਰਦੀਆਂ ਹਨ।

ਅੰਤ ਵਿੱਚ, ਸ਼੍ਰੋਮਣੀ ਕਮੇਟੀ ਦੀ ਇਹ ਪਹਿਲ ਇਕ ਚੰਗੇ ਭਵਿੱਖ ਦੀ ਉਮੀਦ ਜਗਾਉਂਦੀ ਹੈ। ਜੇ ਸਰਕਾਰਾਂ ਅਤੇ ਅਦਾਰੇ ਸਿੱਖੀ ਦੇ ਪ੍ਰਤੀਕਾਂ ਨੂੰ ਸਤਿਕਾਰ ਦੇਣ ਦੀ ਬਜਾਏ ਉਨ੍ਹਾਂ 'ਤੇ ਸਵਾਲ ਖੜ੍ਹੇ ਕਰਨਗੇ, ਤਾਂ ਇਹ ਸਿੱਖ ਭਾਈਚਾਰੇ ਦੀ ਆਤਮਾ 'ਤੇ ਸੱਟ ਹੈ। ਸੰਵਿਧਾਨ ਦੀ ਰਾਖੀ ਲਈ ਸਰਕਾਰਾਂ ਨੂੰ ਸਪੱਸ਼ਟ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਤਾਂ ਜੋ ਸਿੱਖ ਆਪਣੇ ਧਰਮ ਦੇ ਅਧਿਕਾਰ ਨੂੰ ਪੂਰੀ ਆਜ਼ਾਦੀ ਨਾਲ ਜੀ ਸਕਣ।

ਦਰਪਣ ਝੂਠ ਨਹੀਂ ਬੋਲਦਾ

# 1964 ਦੀ ਬੀੜ ਵਿੱਚ ਕਿਉਂ ਕੀਤੀਆਂ ਗਈਆਂ ਤਬਦੀਲੀਆਂ ?

## ਸਰਬੱਤ ਖ਼ਾਲਸਾ ਜਥੇਬੰਦੀ ਨੇ ਦੋਸ਼ ਲਗਾਏ ਸ਼੍ਰੋਮਣੀ ਕਮੇਟੀ ਤੋਂ ਜਵਾਬ ਮੰਗਿਆ ਅਤੇ ਪਾਰਦਰਸ਼ਤਾ ਦੀ ਮੰਗ

ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਛਪਾਈ ਵਿੱਚ 1964 ਵਿੱਚ ਕੀਤੀਆਂ ਗਈਆਂ ਤਬਦੀਲੀਆਂ ਅਤੇ ਇਸ ਸਬੰਧੀ ਸਰਬੱਤ ਖ਼ਾਲਸਾ ਅਤੇ ਸਿੱਖ ਬੁੱਧੀਜੀਵੀਆਂ ਵੱਲੋਂ ਸ਼੍ਰੋਮਣੀ ਕਮੇਟੀ ਉੱਪਰ ਉਠਾਏ ਗਏ ਸਵਾਲਾਂ ਦਾ ਮਸਲਾ ਸਿੱਖ ਪੰਥ ਵਿੱਚ ਇੱਕ ਗੰਭੀਰ ਅਤੇ ਸੰਵੇਦਨਸ਼ੀਲ ਮੁੱਦਾ ਬਣ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1952 ਵਿੱਚ ਵਿਦਵਾਨਾਂ ਦੀ ਨਿਗਰਾਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕ ਪਵਿੱਤਰ ਬੀੜ ਛਪਵਾਈ ਗਈ ਸੀ, ਜਿਸ ਵਿੱਚ ਮੰਗਲ (ਗੁਰਬਾਣੀ ਦੀ ਸ਼ੁਰੂਆਤੀ ਪੰਕਤੀਆਂ ਜਿਵੇਂ ੧ੴ ਸਤਿਨਾਮੁ ਕਰਤਾ ਪੁਰਖੁ... ) ਅਤੇ ਸ਼ਬਦਾਂ ਦੀ ਤਰਤੀਬ ਇੱਕ ਨਿਸ਼ਚਿਤ ਅਤੇ ਸਹੀ ਢੰਗ ਨਾਲ ਸੀ। ਪਰ 1964 ਵਿੱਚ ਛਪੀ ਬੀੜ ਵਿੱਚ ਕਈ ਤਬਦੀਲੀਆਂ ਦੇਖਣ ਨੂੰ ਮਿਲੀਆਂ, ਜਿਸ ਵਿੱਚ ਮੰਗਲਾਂ ਦੀ ਸਥਿਤੀ ਅਤੇ ਤਰਤੀਬ ਨੂੰ ਬੇਤਰਤੀਬੇ ਕਰ ਦਿੱਤਾ ਗਿਆ। ਸਰਬੱਤ ਖ਼ਾਲਸਾ ਅਤੇ ਸਿੱਖ ਬੁੱਧੀਜੀਵੀਆਂ ਨੇ ਸਵਾਲ ਉਠਾਇਆ ਕਿ ਇਹ ਤਬਦੀਲੀਆਂ ਕਿਸ ਅਧਾਰ ’ਤੇ ਕੀਤੀਆਂ ਗਈਆਂ ? ਅਤੇ ਇਸ ਪਿੱਛੇ ਕਿਹੜੇ ਵਿਦਵਾਨਾਂ ਦੀ ਰਾਇ ਸ਼ਾਮਲ ਸੀ ?

ਇਸ ਸਬੰਧੀ ਸਰਬੱਤ ਖ਼ਾਲਸਾ ਦਾ ਕਹਿਣਾ ਹੈ ਕਿ 1964 ਦੀ ਛਪਾਈ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦਾ ਕੋਈ ਸਪੱਸ਼ਟ ਰਿਕਾਰਡ ਜਨਤਕ ਨਹੀਂ ਕੀਤਾ ਗਿਆ। ਇਹ ਤਬਦੀਲੀਆਂ ਕਿਸੇ ਪਾਰਦਰਸ਼ੀ ਪ੍ਰਕਿਰਿਆ ਜਾਂ ਵਿਦਵਾਨਾਂ ਦੀ ਸਹਿਮਤੀ ਨਾਲ ਨਹੀਂ ਕੀਤੀਆਂ ਗਈਆਂ, ਜਿਸ ਕਾਰਨ ਸਿੱਖ ਸੰਗਤ ਵਿੱਚ ਬੇਚੈਨੀ ਅਤੇ ਸ਼ੰਕੇ



ਪੈਦਾ ਹੋਏ ਹਨ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ ਕਿ ਇਹ ਤਬਦੀਲੀਆਂ ਕਿਉਂ ਅਤੇ ਕਿਸ ਅਧਾਰ ’ਤੇ ਕੀਤੀਆਂ ਗਈਆਂ ?

ਸਿੱਖ ਬੁੱਧੀਜੀਵੀਆਂ ਅਤੇ ਜਥੇਬੰਦੀਆਂ ਵੱਲੋਂ ਉਠਾਇਆ ਮੁੱਦਾ ਸਰਬੱਤ ਖ਼ਾਲਸਾ ਸਮੇਤ ਕਈ ਸਿੱਖ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਨੇ ਇਸ ਮੁੱਦੇ ਨੂੰ ਵਾਰ-ਵਾਰ ਉਠਾਇਆ ਹੈ। ਸਰਬੱਤ ਖ਼ਾਲਸਾ ਨੇ 26 ਜੁਲਾਈ ਨੂੰ ਇੱਕ ਵੈਬੀਨਾਰ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿੱਚ ਸੰਗਤਾਂ ਨੂੰ ਇਸ ਗੰਭੀਰ ਮਸਲੇ ਬਾਰੇ ਜਾਗਰੂਕ ਕੀਤਾ ਗਿਆ। ਇਸ ਵੈਬੀਨਾਰ ਅਤੇ ਸਮੇਂ-ਸਮੇਂ ਸਿਰ ਛਪਦੇ ਲੇਖਾਂ ਅਤੇ ਪੱਤਰਾਂ ਰਾਹੀਂ ਇਹ ਮੁੱਦਾ ਚਰਚਾ ਵਿੱਚ ਰਿਹਾ। ਸਿੱਖ ਬੁੱਧੀਜੀਵੀਆਂ ਅਤੇ ਜਥੇਬੰਦੀਆਂ ਜਿਵੇਂ ਕਿ ਸਿੱਖ ਸੰਗਤਾਂ ਅਤੇ ਵਿਦਵਾਨ ਸਮੂਹਾਂ ਨੇ ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ ’ਤੇ ਸਵਾਲ ਉਠਾਏ ਹਨ।ਖਾਸ ਤੌਰ ’ਤੇ, ਇਹ ਸਵਾਲ ਉਠਾਇਆ ਗਿਆ ਹੈ ਕਿ 1964 ਦੀ ਬੀੜ ਵਿੱਚ ਤਬਦੀਲੀਆਂ ਦਾ ਕੋਈ ਸਪੱਸ਼ਟ ਅਧਾਰ ਨਹੀਂ ਦਿੱਤਾ ਗਿਆ ਅਤੇ ਨਾ ਹੀ ਇਸ ਦੀ ਜਾਣਕਾਰੀ ਜਨਤਕ ਕੀਤੀ ਗਈ। ਇਸ ਤੋਂ ਇਲਾਵਾ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਕੀਤੀ ਗਈ ਕਮੇਟੀ, ਜਿਸ ਦੇ ਕਨਵੀਨਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਨ, ਨੇ 26 ਮਾਰਚ 1996 ਦੀ ਆਪਣੀ ਅੰਤ੍ਰਿਗ ਰਿਪੋਰਟ ਵਿੱਚ ਦਰਜ ਕੀਤਾ ਸੀ ਕਿ ਪਾਵਨ ਸਰੂਪਾਂ ਦੀ ਛਪਾਈ ਵਿੱਚ ਵਾਰ-ਵਾਰ ਅਤੇ ਗੁਪਤੋ ਗੁਪਤੀ ਪਾਠ-ਸੁਧਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਰਿਪੋਰਟ ਨੇ ਸਪੱਸ਼ਟ ਕੀਤਾ ਕਿ 1964 ਤੋਂ ਬਾਅਦ ਵੀ ਪਾਠ-ਭੇਦਾਂ ਦੀ ਸੁਧਾਈ ਦਾ ਕੰਮ ਗੁਪਤ ਢੰਗ ਨਾਲ ਜਾਰੀ ਸੀ, ਜਿਸ ਦਾ ਸਾਰਾ ਰਿਕਾਰਡ ਵੀ ਰਿਪੋਰਟ ਨਾਲ ਨੱਥੀ ਕੀਤਾ ਗਿਆ ਸੀ। ਇਸ ਰਿਪੋਰਟਸ ਨੇ ਸ਼੍ਰੋਮਣੀ ਕਮੇਟੀ ਦੀ ਕਾਬਲੀਅਤ ਅਤੇ ਨੀਅਤ ’ਤੇ ਸਵਾਲ ਖੜ੍ਹੇ ਕੀਤੇ। ਸੰਗਤਾਂ ਦਾ ਮੰਨਣਾ ਹੈ ਕਿ ਇਹ ਗੰਭੀਰ ਮਸਲਾ ਸਿੱਖ ਪੰਥ ਦੀ ਏਕਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨਾਲ ਜੁੜਿਆ ਹੋਇਆ ਹੈ ਅਤੇ ਇਸ ਵਿੱਚ ਕੋਈ ਢਿੱਲ ਨਹੀਂ ਹੋਣੀ ਚਾਹੀਦੀ।

**(ਬਾਕੀ ਸਫ਼ਾ 30 ’ਤੇ)**

# ਵਿਦੇਸ਼ੀ ਜੇਲ੍ਹਾਂ ਵਿੱਚ ਇੱਕ ਲੱਖ ਫ਼ਸੇ ਪੰਜਾਬੀ ਨੌਜਵਾਨ

## ਗ਼ੈਰ ਕਾਨੂੰਨੀ ਮਾਈਗ੍ਰੇਸ਼ਨ ਨੇ ਪੰਜਾਬੀਆਂ ਦੇ ਵਿਦੇਸ਼ਾਂ ’ਚ ਵਸਣ ਦੇ ਸੁਪਨੇ ਕੀਤੇ ਖਤਮ , ਜੇਲ੍ਹਾਂ ਵਿੱਚ ਧੱਕਿਆ

ਪੰਜਾਬ ਦੇ ਲੱਖਾਂ ਨੌਜਵਾਨ, ਜੋ ਬਿਹਤਰ ਜੀਵਨ ਅਤੇ ਚਮਕਦੇ ਭਵਿੱਖ ਦੀ ਭਾਲ ਵਿੱਚ ਵਿਦੇਸ਼ਾਂ ਦੀ ਉਡਾਰੀ ਮਾਰ ਗਏ ਸਨ, ਅੱਜ ਕਈ ਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਫ਼ਸੇ ਹੋਏ ਹਨ। ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੀ ਰਿਪੋਰਟ ਮੁਤਾਬਕ, 86 ਦੇਸ਼ਾਂ ਦੀਆਂ ਜੇਲ੍ਹਾਂ ਵਿੱਚ 10,000 ਤੋਂ ਵੱਧ ਭਾਰਤੀ ਨਜ਼ਰਬੰਦ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੀ ਹੈ। ਦੂਜੇ ਪਾਸੇ, ਅਮਰੀਕਾ ਦੇ ਕਸਟਮ ਅਤੇ ਸਰਹੱਦੀ ਵਿਭਾਗ ਦੇ ਅੰਕੜੇ ਦੱਸਦੇ ਹਨ ਕਿ ਲਗਭਗ 1 ਲੱਖ ਪੰਜਾਬੀ ਨੌਜਵਾਨ ਕੈਨੇਡਾ, ਅਮਰੀਕਾ ਅਤੇ ਯੂਰਪ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਇਹ ਅੰਕੜੇ ਦਰਸਾਉਂਦੇ ਹਨ ਕਿ ਗੈਰਕਾਨੂੰਨੀ ਮਾਈਗ੍ਰੇਸ਼ਨ ਦਾ ਮਸਲਾ ਪੰਜਾਬ ਲਈ ਇੱਕ ਵੱਡੀ ਸਮਾਜਿਕ ਅਤੇ ਮਾਨਵੀ ਤ੍ਰਾਸਦੀ ਬਣ ਚੁੱਕਾ ਹੈ।

ਯੂਨਾਈਟਿਡ ਨੇਸ਼ਨਜ਼ ਆਫ਼ ਡਰੱਗਜ਼ ਐਂਡ ਕ੍ਰਾਈਮ ਦੀ ਰਿਪੋਰਟ ਅਨੁਸਾਰ, ਹਰ ਸਾਲ ਲਗਭਗ 50,000 ਪੰਜਾਬੀ ਨੌਜਵਾਨ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਵਿੱਚੋਂ 1 ਲੱਖ ਦੇ ਕਰੀਬ ਪੰਜਾਬੀ ਅਮਰੀਕਾ, ਕੈਨੇਡਾ, ਯੂਰਪ, ਅਤੇ ਹੋਰ ਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਫ਼ਸੇ ਹੋਏ ਹਨ। ਵਿਦੇਸ਼ ਮੰਤਰਾਲੇ ਦੀ ਰਿਪੋਰਟ ਮੁਤਾਬਕ, ਸਾਊਦੀ ਅਰਬ, ਕੁਵੈਤ, ਸੰਯੁਕਤ ਅਰਬ ਅਮੀਰਾਤ, ਕਤਰ, ਨੇਪਾਲ, ਪਾਕਿਸਤਾਨ, ਅਮਰੀਕਾ, ਸ੍ਰੀਲੰਕਾ, ਸਪੇਨ, ਰੂਸ, ਇਜ਼ਰਾਇਲ, ਚੀਨ, ਬੰਗਲਾਦੇਸ਼ ਅਤੇ ਅਰਜਨਟੀਨਾ ਸਮੇਤ ਕਈ ਦੇਸ਼ਾਂ ਵਿੱਚ 10,000 ਤੋਂ ਵੱਧ ਭਾਰਤੀ ਨਜ਼ਰਬੰਦ ਹਨ। ਇਨ੍ਹਾਂ ਵਿੱਚ ਪੰਜਾਬੀ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ, ਖਾਸ ਕਰਕੇ ਕੈਨੇਡਾ, ਅਮਰੀਕਾ ਅਤੇ ਯੂਰਪੀਅਨ ਦੇਸ਼ਾਂ ਵਿੱਚ।

ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਅਤੇ ਜੇਲ੍ਹਾਂ ਵਿੱਚ ਫ਼ਸਣ ਦੀਆਂ ਖ਼ਬਰਾਂ ਅਕਸਰ ਸੁਰਖ਼ੀਆਂ ਬਣਦੀਆਂ ਹਨ। ਯੂਰਪ ਵਿੱਚ, ਖਾਸ ਕਰਕੇ ‘ਡੌਂਕੀ’ ਰੂਟ (ਗੈਰਕਾਨੂੰਨੀ ਸਰਹੱਦ ਪਾਰ ਕਰਨ ਦਾ ਤਰੀਕਾ) ਰਾਹੀਂ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ ਕਈ ਪੰਜਾਬੀ ਨੌਜਵਾਨ ਫ਼ੜੇ ਗਏ ਹਨ। ਰੂਸ ਵਿੱਚ ਵੀ ਕਈ ਪੰਜਾਬੀ ਨੌਜਵਾਨ ਜੇਲ੍ਹਾਂ ਵਿੱਚ ਫ਼ਸੇ ਸਨ, ਜਿਨ੍ਹਾਂ ਵਿੱਚੋਂ ਕੁਝ ਨੂੰ ਵਾਪਸ ਲਿਆਂਦਾ ਗਿਆ। ਪਰ ਅਜਿਹੇ ਮਾਮਲੇ ਬਹੁਤ ਘੱਟ ਹਨ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਅਜੇ ਵੀ ਵਿਦੇਸ਼ੀ ਜੇਲ੍ਹਾਂ ਵਿੱਚ ਨਜ਼ਰਬੰਦ ਹਨ।

ਕਈ ਮਾਮਲਿਆਂ ਵਿੱਚ ਪਰਿਵਾਰਾਂ ਨੂੰ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਬੱਚੇ ਕਿੱਥੇ ਹਨ। ਕੁਝ ਮਾਮਲਿਆਂ ਵਿੱਚ ਨੌਜਵਾਨ ਗ਼ੈਰਕਾਨੂੰਨੀ ਮਾਈਗ੍ਰੇਸ਼ਨ ਦੌਰਾਨ ਸਮੁੰਦਰੀ ਜਾਂ ਜੰਗਲੀ



ਰਸਤਿਆਂ ਵਿੱਚ ਗੁਆਚ ਜਾਂਦੇ ਹਨ ਅਤੇ ਉਨ੍ਹਾਂ ਦੀ ਮੌਤ ਦੀਆਂ ਖ਼ਬਰਾਂ ਵੀ ਸਾਹਮਣੇ ਆਉਂਦੀਆਂ ਹਨ।

ਭਾਰਤ ਸਰਕਾਰ ਦਾ ਦਾਅਵਾ ਹੈ ਕਿ ਉਹ ਵਿਦੇਸ਼ਾਂ ਵਿੱਚ ਫ਼ਸੇ ਭਾਰਤੀ ਨਾਗਰਿਕਾਂ ਨੂੰ ਦੂਤਘਰਾਂ ਰਾਹੀਂ ਕਾਨੂੰਨੀ ਅਤੇ ਹੋਰ ਮਦਦ ਮੁਹੱਈਆ ਕਰਵਾਉਂਦੀ ਹੈ। ਪਰ ਅਸਲੀਅਤ ਵਿੱਚ, ਦੂਤਘਰਾਂ ਵੱਲੋਂ ਮੁਹੱਈਆ ਕੀਤੇ ਜਾਣ ਵਾਲੇ ਵਕੀਲ ਅਕਸਰ ਬੇਅਸਰ ਸਾਬਤ ਹੁੰਦੇ ਹਨ। ਇਨ੍ਹਾਂ ਵਕੀਲਾਂ ਨੂੰ ਨਾ ਤਾਂ ਸਥਾਨਕ ਭਾਸ਼ਾ ਦੀ ਪੂਰੀ ਸਮਝ ਹੁੰਦੀ ਹੈ ਅਤੇ ਨਾ ਹੀ ਸੱਭਿਆਚਾਰਕ ਪਿਛੋਕੜ ਦੀ। ਨਤੀਜੇ ਵਜੋਂ, ਫ਼ਸੇ ਹੋਏ ਭਾਰਤੀਆਂ ਨੂੰ ਨਿਆਂ ਮਿਲਣਾ ਮੁਸ਼ਕਿਲ ਹੋ ਜਾਂਦਾ ਹੈ। ਕਈ ਮਾਮਲਿਆਂ ਵਿੱਚ ਪਰਿਵਾਰਾਂ ਨੇ ਦੱਸਿਆ ਹੈ ਕਿ ਉਨ੍ਹਾਂ ਦੇ ਬੱਚੇ ਮਦਦ ਲਈ ਤੜਫ਼ਦੇ ਰਹੇ, ਪਰ ਸਰਕਾਰੀ ਅਧਿਕਾਰੀਆਂ ਨੇ ਕੋਈ ਠੋਸ ਕਦਮ ਨਹੀਂ ਚੁੱਕੇ।

ਪੰਜਾਬ ਸਰਕਾਰ ਅਤੇ ਪੁਲਿਸ ਵੱਲੋਂ ਵੀ ਗ਼ੈਰ ਕਾਨੂੰਨੀ ਮਾਈਗ੍ਰੇਸ਼ਨ ਨੂੰ ਰੋਕਣ ਲਈ ਕੁਝ ਉਪਰਾਲੇ ਕੀਤੇ ਜਾ ਰਹੇ ਹਨ। ਫ਼ਰਵਰੀ 2025 ਵਿੱਚ, ਪੰਜਾਬ ਪੁਲਿਸ ਨੇ 1,274 ਇਮੀਗ੍ਰੇਸ਼ਨ ਫ਼ਰਮਾਂ ’ਤੇ ਛਾਪੇ ਮਾਰੇ, ਜਿਸ ਵਿੱਚ 24 ਮੁਕੱਦਮੇ ਦਰਜ ਕੀਤੇ ਗਏ ਅਤੇ 7 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਇਲਾਵਾ, ਵਿਦੇਸ਼ ਮੰਤਰਾਲੇ ਅਤੇ ਪੰਜਾਬ ਪੁਲਿਸ ਨੇ ਸਾਂਝੀ ਮੁਹਿੰਮ ਤਹਿਤ 38 ਐਫ਼.ਆਈ.ਆਰ. ਦਰਜ ਕੀਤੀਆਂ ਅਤੇ 11 ਹੋਰ ਮੁਕੱਦਮੇ ਦਰਜ ਕੀਤੇ। ਭਾਰਤ ਸਰਕਾਰ ਨੇ 3,281 ਗੈਰਕਾਨੂੰਨੀ ਟਰੈਵਲ ਏਜੰਟਾਂ ਨੂੰ ਈ-ਮਾਈਗ੍ਰੇਟ ਪੋਰਟਲ ’ਤੇ ‘ਬਲੈਕ ਲਿਸਟ’ ਕਰਨ ਦਾ ਦਾਅਵਾ ਕੀਤਾ ਹੈ। ਸਰਕਾਰ ਸੋਸ਼ਲ ਮੀਡੀਆ ਅਤੇ ਹੋਰ ਸਾਧਨਾਂ ਰਾਹੀਂ ਨਕਲੀ ਨੌਕਰੀਆਂ ਦੇ ਰੈਕਟ ਬਾਰੇ ਜਾਗਰੂਕਤਾ ਮੁਹਿੰਮ ਵੀ ਚਲਾ ਰਹੀ ਹੈ।

ਪਰ ਸਵਾਲ ਇਹ ਹੈ ਕਿ ਇਹ ਸਾਰੇ ਉਪਰਾਲੇ ਕਾਫ਼ੀ ਹਨ ਜਾਂ ਨਹੀਂ ? ਸਰਕਾਰੀ ਨੀਤੀਆਂ ਵਿੱਚ ਅਜੇ ਵੀ ਬਹੁਤ ਸਾਰੀਆਂ ਕਮੀਆਂ ਹਨ। ਸਰਕਾਰ ਨੇ ਕਾਨੂੰਨੀ ਮਾਈਗ੍ਰੇਸ਼ਨ ਨੂੰ ਵਧਾਉਣ ਦੀ ਗੱਲ ਕੀਤੀ ਹੈ, ਪਰ ਇਸ ਦਿਸ਼ਾ ਵਿੱਚ ਕੋਈ ਨਵੀਂ ਜਾਂ ਪ੍ਰਭਾਵਸ਼ਾਲੀ ਨੀਤੀ ਸਾਹਮਣੇ ਨਹੀਂ ਆਈ। ਈ-ਮਾਈਗ੍ਰੇਟ ਪੋਰਟਲ ਅਤੇ ਜਾਗਰੂਕਤਾ ਮੁਹਿੰਮਾਂ ਦੇ ਬਾਵਜੂਦ, ਗੈਰਕਾਨੂੰਨੀ ਮਾਈਗ੍ਰੇਸ਼ਨ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ।

ਗ਼ੈਰ ਕਾਨੂੰਨੀ ਮਾਈਗ੍ਰੇਸ਼ਨ ਦਾ ਮਸਲਾ ਪੰਜਾਬ ਵਿੱਚ ਡੂੰਘੀਆਂ ਜੜ੍ਹਾਂ ਵਾਲੀ ਸਮੱਸਿਆ ਹੈ। ਸਭ ਤੋਂ ਵੱਡਾ ਕਾਰਨ ਹੈ ਬੇਰੁਜ਼ਗਾਰੀ। ਪੰਜਾਬ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਹਨ। ਸਰਕਾਰੀ ਅੰਕੜਿਆਂ ਮੁਤਾਬਕ, ਪੰਜਾਬ ਵਿੱਚ ਬੇਰੁਜ਼ਗਾਰੀ ਦਰ 6.7% (2023-24) ਹੈ, ਪਰ ਅਸਲ ਅੰਕੜੇ ਇਸ ਤੋਂ ਕਿਤੇ ਵੱਧ ਹੋ ਸਕਦੇ ਹਨ। ਨੌਜਵਾਨਾਂ ਨੂੰ ਲੱਗਦਾ ਹੈ ਕਿ ਵਿਦੇਸ਼ ਜਾ ਕੇ ਉਹ ਆਪਣੇ ਪਰਿਵਾਰ ਦਾ ਭਵਿੱਖ ਸੁਰੱਖਿਅਤ ਕਰ ਸਕਣਗੇ।

ਦੂਜਾ ਵੱਡਾ ਕਾਰਨ ਹੈ ਗ਼ੈਰ ਕਾਨੂੰਨੀ ਟਰੈਵਲ ਏਜੰਟ। ਇਹ ਏਜੰਟ ਨੌਜਵਾਨਾਂ ਨੂੰ ਝੂਠੇ ਸੁਪਨੇ ਵਿਖਾਉਂਦੇ ਹਨ ਅਤੇ ਲੱਖਾਂ ਰੁਪਏ ਲੈ ਕੇ ਉਨ੍ਹਾਂ ਨੂੰ ਗ਼ੈਰ ਕਾਨੂੰਨੀ ਰਸਤਿਆਂ ਰਾਹੀਂ ਵਿਦੇਸ਼ ਭੇਜਦੇ ਹਨ।

**(ਬਾਕੀ ਸਫ਼ਾ 30 ’ਤੇ)**

# ਸੁਪਰੀਮ ਕੋਰਟ ’84 ਸਿੱਖ ਨਸਲਕੁਸ਼ੀ ਮਾਮਲਿਆਂ ’ਤੇ ਹਾਈਕੋਰਟ ਦੇ ਫ਼ੈਸਲੇ ਤੋਂ ਨਾਰਾਜ਼

## ਹਾਈ ਕੋਰਟ ਦੀ ਰੋਕ ਨੇ ਵਧਾਈਆਂ ਨਿਆਂ ਲਈ ਮੁਸ਼ਕਿਲਾਂ ਬਾਗਚੀ ਦੀ ਬੈਂਚ ਨੇ ਇਨ੍ਹਾਂ ਮਾਮਲਿਆਂ ਨੂੰ ਜਲਦੀ ਨਿਪਟਾਉਣ ਦੇ ਹੁਕਮ ਦਿੱਤੇ

ਸੁਪਰੀਮ ਕੋਰਟ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ’ਤੇ ਇਲਾਹਾਬਾਦ ਹਾਈ ਕੋਰਟ ਵੱਲੋਂ ਲਾਈ ਗਈ ਰੋਕ ’ਤੇ ਸਖ਼ਤ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਅਦਾਲਤ ਨੇ ਕਿਹਾ ਕਿ ਇਹ ਮਾਮਲੇ 40 ਸਾਲ ਤੋਂ ਵੀ ਵੱਧ ਸਮੇਂ ਤੋਂ ਲਟਕ ਰਹੇ ਹਨ ਅਤੇ ਹੁਣ ਹਾਈ ਕੋਰਟ ਦੀ ਰੋਕ ਨੇ ਨਿਆਂ ਦੀ ਪ੍ਰਕਿਰਿਆ ਨੂੰ ਹੋਰ ਮੁਸ਼ਕਿਲ ਬਣਾ ਦਿੱਤਾ ਹੈ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੀ ਬੈਂਚ ਨੇ ਇਨ੍ਹਾਂ ਮਾਮਲਿਆਂ ਨੂੰ ਜਲਦੀ ਨਿਪਟਾਉਣ ਦੇ ਹੁਕਮ ਦਿੱਤੇ ਹਨ, ਕਿਉਂਕਿ ਸਮਾਂ ਬੀਤਣ ਨਾਲ ਗਵਾਹਾਂ ਦੀ ਉਪਲਬਧਤਾ ਘਟਦੀ ਜਾ ਰਹੀ ਹੈ।

1984 ਦਾ ਸਿੱਖ ਵਿਰੋਧੀ ਕਤਲੇਆਮ, ਜਿਸ ਨੂੰ ਸਿੱਖ ਨਸਲਕੁਸ਼ੀ ਵਜੋਂ ਵੀ ਜਾਣਿਆ ਜਾਂਦਾ ਹੈ, ਭਾਰਤ ਦੇ ਇਤਿਹਾਸ ਦਾ ਇੱਕ ਦੁਖਦਾਈ ਅਧਿਆਏ ਹੈ। ਇਸ ਦੌਰਾਨ ਹਜ਼ਾਰਾਂ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ, ਅਤੇ ਅੱਜ ਵੀ ਪੀੜਤ ਪਰਿਵਾਰ ਨਿਆਂ ਦੀ ਉਡੀਕ ਵਿੱਚ ਹਨ। ਸੁਪਰੀਮ ਕੋਰਟ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ



ਪਟੀਸ਼ਨਕਰਤਾਵਾਂ ਨੇ ਮੰਗ ਕੀਤੀ ਸੀ ਕਿ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਨੂੰ ਤੇਜ਼ ਕੀਤਾ ਜਾਵੇ। ਅਦਾਲਤ ਨੂੰ ਦੱਸਿਆ ਗਿਆ ਕਿ 11 ਮਾਮਲਿਆਂ ਵਿੱਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਦੋਸ਼ ਪੱਤਰ ਦਾਖ਼ਲ ਕੀਤੇ ਸਨ, ਪਰ ਇਲਾਹਾਬਾਦ ਹਾਈ ਕੋਰਟ ਨੇ ਤਿੰਨ ਮਾਮਲਿਆਂ ਦੀ ਸੁਣਵਾਈ ’ਤੇ ਰੋਕ ਲਗਾ ਦਿੱਤੀ। ਸੁਪਰੀਮ ਕੋਰਟ ਨੇ ਇਸ ’ਤੇ ਨਿਰਾਸ਼ਾ ਜਤਾਉਂਦਿਆਂ ਕਿਹਾ ਕਿ ਅਜਿਹੀਆਂ ਰੋਕਾਂ ਨਿਆਂ ਦੀ ਪ੍ਰਕਿਰਿਆ ਨੂੰ ਰੋਕਦੀਆਂ ਹਨ ਅਤੇ ਪੀੜਤਾਂ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕਰਦੀਆਂ ਹਨ।

ਸੁਪਰੀਮ ਕੋਰਟ ਨੇ ਇਹ ਵੀ ਨੋਟ ਕੀਤਾ ਕਿ ਸਮੇਂ ਦੇ ਨਾਲ ਗਵਾਹਾਂ ਦੀ ਉਪਲਬਧਤਾ ਅਤੇ ਸਬੂਤਾਂ ਦੀ ਮੌਜੂਦਗੀ ਮੁਸ਼ਕਿਲ ਹੁੰਦੀ ਜਾ ਰਹੀ ਹੈ। ਅਦਾਲਤ ਨੇ ਹਾਈ ਕੋਰਟ ਨੂੰ ਹਦਾਇਤ ਦਿੱਤੀ ਕਿ ਇਨ੍ਹਾਂ ਮਾਮਲਿਆਂ ਨੂੰ ਕਾਨੂੰਨੀ ਢੰਗ ਨਾਲ ਜਲਦੀ ਨਿਪਟਾਇਆ ਜਾਵੇ। ਇਸ ਦੇ ਨਾਲ ਹੀ, ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਦੇ ਇੱਕ ਹਲਫ਼ਨਾਮੇ ’ਤੇ ਵੀ ਵਿਚਾਰ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਕਾਨਪੁਰ ਵਿੱਚ 1984 ਦੀ ਇੱਕ ਐਫ਼.ਆਈ.ਆਰ. ਦੀ ਸਮੱਗਰੀ ਨੂੰ ਕੇਂਦਰੀ ਫ਼ੋਰੈਂਸਿਕ ਸਾਇੰਸ ਲੈਬਾਰਟਰੀ (ਸੀ.ਐਫ਼.ਐਸ.ਐਲ.) ਸਮਝਣ ਵਿੱਚ ਅਸਮਰੱਥ ਰਹੀ, ਕਿਉਂਕਿ ਇਹ 40 ਸਾਲ ਤੋਂ ਵੱਧ ਪੁਰਾਣੀ ਅਤੇ ਅਸਪਸ਼ਟ ਹੈ। ਸੁਪਰੀਮ ਕੋਰਟ ਨੇ ਜਾਂਚ ਏਜੰਸੀਆਂ ਨੂੰ ਹੁਕਮ ਦਿੱਤੇ ਕਿ ਜੇਕਰ ਐਫ਼.ਆਈ.ਆਰ. ਦੀ ਕਾਪੀ ਮਿਲਦੀ ਹੈ, ਤਾਂ ਤੁਰੰਤ ਅਦਾਲਤ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਅਗਲੇ ਨਿਰਦੇਸ਼ ਜਾਰੀ ਕੀਤੇ ਜਾ ਸਕਣ।

# ਸ਼ਹੀਦੀ ਸ਼ਤਾਬਦੀ ਦੌਰਾਨ ਨਾਚ ਗਾਣੇ ਕਰਾਕੇ ਬੁਰੀ ਫ਼ਸੀ ਪੰਜਾਬ ਸਰਕਾਰ

## ਸੰਗਤ ਦੇ ਵਿਰੋਧ ਕਾਰਨ ਬੀਰ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਮੰਗੀ ਮਾਫ਼ੀ

## ਜਥੇਦਾਰ ਨੇ ਮੰਤਰੀ ਬੈਂਸ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜ਼ਫ਼ਰ ਨੂੰ ਕੀਤਾ ਤਲਬ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮਨਾਉਣ ਸਬੰਧੀ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ੍ਰੀਨਗਰ ਵਿਖੇ ਕਰਵਾਏ ਗਏ ਇੱਕ ਸਮਾਗਮ ਦੌਰਾਨ ਗਾਇਕ ਬੀਰ ਸਿੰਘ ਦੀ ਪੇਸ਼ਕਾਰੀ ਨੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ, ਜਿਸ ਕਾਰਨ ਵੱਡਾ ਵਿਵਾਦ ਖੜ੍ਹਾ ਹੋਇਆ ਸੀ। ਇਸ ਮਾਮਲੇ ਨੇ ਨਾ ਸਿਰਫ਼ ਗਾਇਕ ਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣ ਲਈ ਮਜਬੂਰ ਕੀਤਾ, ਸਗੋਂ ਪੰਜਾਬ ਸਰਕਾਰ ਦੇ ਅਧਿਕਾਰੀਆਂ, ਖਾਸ ਕਰਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਲਬ ਕੀਤਾ ਗਿਆ। ਇਸ ਦੇ ਨਾਲ ਹੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੇ ਇਸ ਘਟਨਾ ਨੂੰ ਗੁਰਮਤਿ ਮਰਿਆਦਾ ਦੀ ਉਲੰਘਣਾ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕਾਰਵਾਈ ਦੱਸਿਆ। ਇਸ ਮਾਮਲੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਸੰਸਦੀ ਬੋਰਡ ਮੈਂਬਰ ਇਕਬਾਲ ਸਿੰਘ ਲਾਲਪੁਰਾ ਨੇ ਵੀ ਸਖ਼ਤ ਟਿੱਪਣੀਆਂ ਕਰਦਿਆਂ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਨੂੰ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦਾ ਦੋਸ਼ੀ ਠਹਿਰਾਇਆ ਹੈ।

### ਵਿਵਾਦ ਦੀ ਸ਼ੁਰੂਆਤ

ਇਹ ਸਾਰਾ ਮਾਮਲਾ 27 ਜੁਲਾਈ 2025 ਨੂੰ ਸ੍ਰੀਨਗਰ ਵਿਖੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਨਾਲ ਜੁੜਿਆ ਹੈ। ਇਸ ਸਮਾਗਮ ਦੌਰਾਨ ਗਾਇਕ ਬੀਰ ਸਿੰਘ ਨੇ ਸਟੇਜ 'ਤੇ ਪੇਸ਼ਕਾਰੀ ਕਰਦਿਆਂ ਗੀਤ ਗਾਏ ਅਤੇ ਭੰਗੜੇ ਵਰਗੀਆਂ ਮਨੋਰੰਜਨ ਗਤੀਵਿਧੀਆਂ ਕੀਤੀਆਂ, ਜੋ ਸਿੱਖ ਮਰਿਆਦਾ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਦੀ ਪਵਿੱਤਰਤਾ ਦੇ ਵਿਰੁੱਧ ਸਨ। ਸਿੱਖ ਸੰਗਤਾਂ ਨੇ ਇਸ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਦਾ ਅਪਮਾਨ ਅਤੇ ਬੇਅਦਬੀ ਮੰਨਿਆ, ਜਿਸ ਤੋਂ ਬਾਅਦ ਸੋਸ਼ਲ ਮੀਡੀਆ ਅਤੇ ਹੋਰ ਪਲੇਟਫ਼ਾਰਮਾਂ 'ਤੇ ਇਸ ਦੀ ਸਖ਼ਤ ਨਿਖੇਧੀ ਸ਼ੁਰੂ ਹੋ ਗਈ।

ਬੀਰ ਸਿੰਘ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਉਹ ਆਸਟ੍ਰੇਲੀਆ ਤੋਂ ਸਿੱਧਾ ਸ੍ਰੀਨਗਰ ਪਹੁੰਚੇ ਸਨ ਅਤੇ ਉਸ ਸਮੇਂ ਉਨ੍ਹਾਂ ਦੇ ਫ਼ੋਨ ਦੇ ਨੈਟਵਰਕ ਕੰਮ ਨਹੀਂ ਕਰ ਰਹੇ ਸਨ। ਉਨ੍ਹਾਂ ਨੂੰ ਸਮਾਗਮ ਦੀ ਪੂਰੀ ਜਾਣਕਾਰੀ ਨਹੀਂ ਸੀ ਮਿਲੀ ਅਤੇ ਉਨ੍ਹਾਂ ਦੀ ਮੈਨੇਜਮੈਂਟ ਨੇ ਸਮਾਗਮ ਦਾ ਵੇਰਵਾ ਸਾਂਝਾ ਨਹੀਂ ਕੀਤਾ। ਬੀਰ ਸਿੰਘ ਨੇ ਦੱਸਿਆ ਕਿ ਕੁਝ ਕਸ਼ਮੀਰੀ ਅਤੇ ਸਿੱਖ ਸੱਜਣਾਂ ਨੇ ਉਨ੍ਹਾਂ ਨੂੰ ਗੀਤ ਗਾਉਣ ਦੀ ਬੇਨਤੀ ਕੀਤੀ ਸੀ, ਕਿਉਂਕਿ ਉਹ ਖੇਤਰ ਤਣਾਅਪੂਰਨ ਮਾਹੌਲ ਵਿੱਚ ਸੀ। ਉਨ੍ਹਾਂ ਨੇ ਸਟੇਜ 'ਤੇ ਜਾਣ ਸਮੇਂ



ਪਿੱਛੇ ਲੱਗੇ ਬੈਨਰ ਨੂੰ ਨਹੀਂ ਦੇਖਿਆ, ਜਿਸ ਨੂੰ ਉਹ ਆਪਣੀ ਅਣਗਹਿਲੀ ਮੰਨਦੇ ਹਨ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਮੁਆਫ਼ੀ ਮੰਗੀ ਅਤੇ ਕਿਹਾ ਕਿ ਉਹ ਸਿੱਖ ਪਰਿਵਾਰ ਦਾ ਹਿੱਸਾ ਹਨ ਅਤੇ ਕਦੇ ਵੀ ਪੰਥ ਦੇ ਖਿਲਾਫ਼ ਨਹੀਂ ਜਾ ਸਕਦੇ।

### ਅਕਾਲ ਤਖ਼ਤ ਸਾਹਿਬ ਦੀ ਕਾਰਵਾਈ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਦਾ ਸਖ਼ਤ ਨੋਟਿਸ ਲਿਆ। ਉਨ੍ਹਾਂ ਨੇ ਪੰਜਾਬ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਆਪਣਾ ਪੱਖ ਰੱਖਣ ਲਈ ਤਲਬ ਕੀਤਾ ਸੀ। ਪਹਿਲੀ ਅਗਸਤ ਦੀ ਇਕੱਤਰਤਾ ਮੁਲਤਵੀ ਕਰਨ ਦਾ ਕਾਰਨ, ਜਥੇਦਾਰ ਗੜਗੱਜ ਦੇ ਕਰੀਬੀ ਰਿਸ਼ਤੇਦਾਰ ਦੀ ਸੜਕ ਹਾਦਸੇ ਵਿੱਚ ਮੌਤ ਹੋਣਾ ਦੱਸਿਆ ਜਾ ਰਿਹਾ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਲਈ ਹੁਣ ਅਗਲੇ ਦਿਨਾਂ ਵਿੱਚ ਤਾਰੀਖ ਤੈਅ ਕੀਤੀ ਜਾਵੇਗੀ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਲਈ ਹੁਣ ਅਗਲੇ ਦਿਨਾਂ ਵਿੱਚ ਤਾਰੀਖ ਤੈਅ ਕੀਤੀ ਜਾਵੇਗੀ। ਜਥੇਦਾਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਹੁਣ ਤੱਕ ਨਾ ਤਾਂ ਆਪਣਾ ਪੱਖ ਸਪਸ਼ਟ ਕੀਤਾ ਹੈ ਅਤੇ ਨਾ ਹੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਲਈ ਮੁਆਫ਼ੀ ਮੰਗੀ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਸੰਵਿਧਾਨਕ ਅਹੁਦਿਆਂ 'ਤੇ ਕੰਮ ਕਰਨ ਵਾਲੇ ਵਿਅਕਤੀਆਂ ਦੀ ਸਮਾਜ ਪ੍ਰਤੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਅਤੇ ਪੰਜਾਬ ਸਰਕਾਰ ਦੀ ਚੁੱਪੀ ਇਸ ਮਾਮਲੇ ਵਿੱਚ ਸਵਾਲ ਖੜ੍ਹੇ ਕਰਦੀ ਹੈ।

ਜਥੇਦਾਰ ਨੇ ਇਹ ਵੀ ਸਪਸ਼ਟ ਕੀਤਾ ਕਿ ਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਮੁਆਫ਼ੀ ਮੰਗ ਲਈ ਹੈ, ਪਰ ਉਸ ਦੇ ਮਾਮਲੇ 'ਤੇ ਵੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਵਿਚਾਰ ਕੀਤਾ ਜਾਵੇਗਾ।

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਟੈਂਡ

ਐਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਨੂੰ ਅਤਿ ਦੁਖਦਾਈ ਅਤੇ ਗੁਰਮਤਿ ਮਰਿਆਦਾ ਦੀ ਉਲੰਘਣਾ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਇਸ ਪਵਿੱਤਰ ਮੌਕੇ ਨੂੰ ਮਨੋਰੰਜਨ ਦਾ ਸਾਧਨ ਬਣਾ ਕੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ। ਧਾਮੀ ਨੇ ਪੰਜਾਬ ਸਰਕਾਰ ਨੂੰ ਜਨਤਕ ਮੁਆਫ਼ੀ ਮੰਗਣ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ।

ਧਾਮੀ ਨੇ ਇਹ ਵੀ ਕਿਹਾ ਕਿ ਅਜਿਹੇ ਧਾਰਮਿਕ ਸਮਾਗਮਾਂ ਦੀ ਜ਼ਿੰਮੇਵਾਰੀ ਸਿੱਖ ਸੰਸਥਾਵਾਂ ਨੂੰ ਹੀ ਸੌਂਪੀ ਜਾਣੀ ਚਾਹੀਦੀ, ਕਿਉਂਕਿ ਸਰਕਾਰੀ ਵਿਭਾਗਾਂ ਵਿੱਚ ਸਿੱਖ ਮਰਿਆਦਾ ਅਤੇ ਸੰਵੇਦਨਸ਼ੀਲਤਾ ਦੀ ਸਮਝ ਦੀ ਕਮੀ ਹੁੰਦੀ ਹੈ। ਉਨ੍ਹਾਂ ਨੇ ਪਿਛਲੇ ਸਮਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਰਕਾਰਾਂ ਨੇ ਜਦੋਂ ਵੀ ਅਜਿਹੇ ਸਮਾਗਮ ਕਰਵਾਏ, ਉਹ ਧਾਰਮਿਕ ਸੰਸਥਾਵਾਂ ਦੀ ਅਗਵਾਈ ਵਿੱਚ ਹੀ ਹੋਏ ਸਨ।

### ਸਰਕਾਰ ਅਤੇ ਐਸ.ਜੀ.ਪੀ.ਸੀ. ਵਿਚਕਾਰ ਤਣਾਅ

ਇਹ ਵਿਵਾਦ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਪੰਜਾਬ ਸਰਕਾਰ ਅਤੇ ਐਸ.ਜੀ.ਪੀ.ਸੀ. ਵਿਚਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਦੇ ਮੁੱਖ ਸਮਾਗਮਾਂ ਨੂੰ ਲੈ ਕੇ ਪਹਿਲਾਂ ਹੀ ਤਣਾਅ ਸੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਸੀ ਕਿ ਸਰਕਾਰ ਨਵੰਬਰ 2025 ਵਿੱਚ ਗੁਰੂ ਸਾਹਿਬ ਦੀ ਸ਼ਹੀਦੀ ਦੇ 350 ਸਾਲ ਪੂਰੇ ਹੋਣ 'ਤੇ ਵਿਸ਼ਾਲ ਸਮਾਗਮ ਕਰਵਾਏਗੀ। ਇਸ ਦੇ ਜਵਾਬ ਵਿੱਚ ਐਸ.ਜੀ.ਪੀ.ਸੀ. ਨੇ ਇਤਰਾਜ਼ ਜਤਾਇਆ ਕਿ ਅਜਿਹੇ ਧਾਰਮਿਕ ਸਮਾਗਮ ਕਰਵਾਉਣ ਦਾ ਅਧਿਕਾਰ ਸਿਰਫ਼ ਐਸ.ਜੀ.ਪੀ.ਸੀ. ਨੂੰ ਹੈ, ਅਤੇ ਸਰਕਾਰ ਦਾ ਸਮਾਨਾਂਤਰ ਸਮਾਗਮ ਕਰਵਾਉਣਾ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਦੇ ਬਰਾਬਰ ਹੈ। ਮੁੱਖ ਮੰਤਰੀ ਮਾਨ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਐਸ.ਜੀ.ਪੀ.ਸੀ. ਕੋਲ ਧਾਰਮਿਕ ਸਮਾਗਮਾਂ ਦਾ ਕੋਈ 'ਕਾਪੀਰਾਈਟ' ਨਹੀਂ ਹੈ।

# ਰਾਜਸਥਾਨ ਸਰਕਾਰ ਦਾ ਇਤਿਹਾਸਕ ਫ਼ੈਸਲਾ: ਸਿੱਖ ਪੰਥ ਦੀ ਵੱਡੀ ਜਿੱਤ

## ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿੱਚ ਪੰਜ ਕਕਾਰਾਂ ਨਾਲ ਸ਼ਾਮਲ ਹੋਣ ਦੀ ਮਿਲੀ ਮਨਜ਼ੂਰੀ

## ਫੈਸਲੇ ਦੇ ਪਿੱਛੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਲਾਲਪੁਰਾ ਦੀਆਂ ਅਣਥੱਕ ਕੋਸ਼ਿਸ਼ਾਂ ਸ਼ਾਮਲ

ਰਾਜਸਥਾਨ ਸਰਕਾਰ ਨੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਸਨਮਾਨ ਦਿੰਦਿਆਂ ਇੱਕ ਅਹਿਮ ਅਤੇ ਇਤਿਹਾਸਕ ਫੈਸਲਾ ਲਿਆ ਹੈ। ਸਰਕਾਰ ਨੇ ਸਿੱਖ ਵਿਦਿਆਰਥੀਆਂ ਨੂੰ ਸਰਕਾਰੀ ਅਤੇ ਗੈਰ-ਸਰਕਾਰੀ ਪ੍ਰੀਖਿਆਵਾਂ ਵਿੱਚ ਪੰਜ ਕਕਾਰਾਂ—ਕੇਸ, ਕੰਘਾ, ਕੜਾ, ਕਿਰਪਾਨ ਅਤੇ ਕੱਛ—ਨਾਲ ਸ਼ਾਮਲ ਹੋਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਫੈਸਲੇ ਨੇ ਸਿੱਖ ਕੌਮ ਦੇ ਮਾਣ-ਸਤਿਕਾਰ ਨੂੰ ਹੋਰ ਉੱਚਾ ਕੀਤਾ ਹੈ ਅਤੇ ਸਿੱਖ ਪਛਾਣ ਨੂੰ ਸੰਵਿਧਾਨਕ ਅਧਿਕਾਰਾਂ ਦੇ ਦਾਇਰੇ ਵਿੱਚ ਮੁੜ ਸਥਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਮਹੱਤਵਪੂਰਨ ਫੈਸਲੇ ਦੇ ਪਿੱਛੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਦੀਆਂ ਅਣਥੱਕ ਕੋਸ਼ਿਸ਼ਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਅਪੀਲ ਨੇ ਵੱਡਾ ਰੋਲ ਅਦਾ ਕੀਤਾ।

### ਘਟਨਾ ਦਾ ਪਿਛੋਕੜ: ਸਿੱਖ ਵਿਦਿਆਰਥਣ ਨਾਲ ਵਿਤਕਰਾ


ਇਹ ਸਾਰਾ ਮਸਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਜੈਪੁਰ ਦੀ ਪੂਰਨੀਮਾ ਯੂਨੀਵਰਸਿਟੀ ਵਿੱਚ ਇੱਕ ਅੰਮ੍ਰਿਤਧਾਰੀ ਸਿੱਖ ਵਿਦਿਆਰਥਣ, ਗੁਰਪ੍ਰੀਤ ਕੌਰ, ਨੂੰ ਰਾਜਸਥਾਨ ਹਾਈ ਕੋਰਟ (ਜੋਧਪੁਰ) ਦੀ ਸਿਵਲ ਜੱਜ ਭਰਤੀ ਪ੍ਰੀਖਿਆ ਵਿੱਚ ਕਿਰਪਾਨ ਅਤੇ ਕੜਾ ਪਹਿਨਣ ਕਾਰਨ ਰੋਕ ਦਿੱਤਾ ਗਿਆ। ਇਹ ਘਟਨਾ ਸਿੱਖ ਭਾਈਚਾਰੇ ਲਈ ਇੱਕ ਵੱਡਾ ਝਟਕਾ ਸੀ, ਕਿਉਂਕਿ ਸਿੱਖਾਂ ਦੇ ਪੰਜ ਕਕਾਰ ਉਨ੍ਹਾਂ ਦੇ ਧਾਰਮਿਕ ਅਕੀਦੇ ਅਤੇ ਪਛਾਣ ਦਾ ਅਟੁੱਟ ਹਿੱਸਾ ਹਨ। ਗੁਰਪ੍ਰੀਤ ਕੌਰ ਨੂੰ ਪ੍ਰੀਖਿਆ ਵਿੱਚ ਸ਼ਾਮਲ ਹੋਣ ਤੋਂ ਵਾਂਝੇ ਰੱਖਣ ਦੀ ਘਟਨਾ ਨੇ ਸਿੱਖ ਸੰਗਤ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਇਸ ਵਿਤਕਰੇ ਦੀ ਸਖ਼ਤ ਨਿਖੇਧੀ ਕੀਤੀ ਸੀ।

ਇਸ ਤੋਂ ਪਹਿਲਾਂ ਵੀ, 2024 ਵਿੱਚ ਸਮਾਨ ਮੁੱਦੇ ਸਾਹਮਣੇ ਆਏ ਸਨ, ਜਦੋਂ ਅੰਮ੍ਰਿਤਧਾਰੀ ਸਿੱਖ ਔਰਤਾਂ, ਅਰਮਨਜੋਤ ਕੌਰ ਅਤੇ ਲਖਵਿੰਦਰ ਕੌਰ, ਨੂੰ ਰਾਜਸਥਾਨ ਜੁਡੀਸ਼ੀਅਲ ਸੇਵਾਵਾਂ ਦੀ ਪ੍ਰੀਖਿਆ ਵਿੱਚ ਕਿਰਪਾਨ ਪਹਿਨਣ ਕਾਰਨ ਰੋਕਿਆ ਗਿਆ ਸੀ। ਇਨ੍ਹਾਂ ਘਟਨਾਵਾਂ ਨੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਗੰਭੀਰ ਠੇਸ ਪਹੁੰਚਾਈ ਅਤੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਦਾ ਮੁੱਦਾ ਉਠਾਇਆ ਸੀ।

ਹਾਲਾਂਕਿ ਕਿਰਪਾਨ, ਜੋ ਸਿੱਖਾਂ ਦੀ ਸੁਰੱਖਿਆ ਅਤੇ ਨਿਆਂ ਦਾ ਪ੍ਰਤੀਕ ਹੈ, ਨੂੰ ਭਾਰਤੀ ਸੰਵਿਧਾਨ ਦੀ ਧਾਰਾ 25 ਅਧੀਨ ਪਹਿਨਣ ਦਾ ਪੂਰਾ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ। ਇਸ ਦੇ ਬਾਵਜੂਦ, ਸਿੱਖ ਵਿਦਿਆਰਥੀਆਂ ਨੂੰ ਵਾਰ-ਵਾਰ ਪ੍ਰੀਖਿਆ ਕੇਂਦਰਾਂ ਵਿੱਚ ਕਿਰਪਾਨ ਅਤੇ ਕੜੇ ਵਰਗੇ ਕਕਾਰਾਂ ਕਾਰਨ ਰੋਕਿਆ ਜਾਣਾ ਸਿੱਖ ਭਾਈਚਾਰੇ ਲਈ ਅਪਮਾਨਜਨਕ ਸੀ। ਇਹ ਮੁੱਦਾ ਸਿਰਫ਼ ਧਾਰਮਿਕ ਅਧਿਕਾਰਾਂ ਦਾ ਹੀ ਨਹੀਂ, ਸਗੋਂ ਸਮਾਜਿਕ ਨਿਆਂ ਅਤੇ ਸੰਵਿਧਾਨਕ ਸੁਰੱਖਿਆ ਦਾ ਵੀ ਸਵਾਲ ਸੀ।

### ਇਕਬਾਲ ਸਿੰਘ ਲਾਲਪੁਰਾ ਦੀ ਅਹਿਮ ਭੂਮਿਕਾ

ਇਸ ਮੁੱਦੇ ਨੂੰ ਹੱਲ ਕਰਨ ਵਿੱਚ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਦੀ ਭੂਮਿਕਾ ਸਭ ਤੋਂ ਅਹਿਮ ਰਹੀ। ਸ. ਲਾਲਪੁਰਾ ਨੇ ਸਿੱਖ ਵਿਦਿਆਰਥੀਆਂ



ਦੇ ਹੱਕਾਂ ਦੀ ਰਾਖੀ ਲਈ ਸਰਕਾਰ ਨਾਲ ਸਿੱਧੀ ਗੱਲਬਾਤ ਕੀਤੀ ਅਤੇ ਕੇਂਦਰ ਸਰਕਾਰ ਦੀਆਂ ਗਾਈਡਲਾਈਨਜ਼ ਦੇ ਅਧਾਰ 'ਤੇ ਰਾਜਸਥਾਨ ਸਰਕਾਰ ਨੂੰ ਇਹ ਨੋਟੀਫਿਕੇਸ਼ਨ ਜਾਰੀ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੀਆਂ ਕੋਸ਼ਿਸ਼ਾਂ ਨੇ ਪਹਿਲਾਂ ਜੇਈਈ ਪ੍ਰੀਖਿਆਵਾਂ ਵਿੱਚ ਸਿੱਖ ਵਿਦਿਆਰਥੀਆਂ ਨੂੰ ਕਕਾਰਾਂ ਨਾਲ ਸ਼ਾਮਲ ਹੋਣ ਦੀ ਮਨਜ਼ੂਰੀ ਦਿਵਾਈ ਸੀ, ਅਤੇ ਹੁਣ ਇਸ ਨੂੰ ਰਾਜਸਥਾਨ ਦੀਆਂ ਸਾਰੀਆਂ ਪ੍ਰੀਖਿਆਵਾਂ 'ਤੇ ਲਾਗੂ ਕਰਵਾਇਆ ਗਿਆ ਸੀ।

ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ. ਲਾਲਪੁਰਾ ਨੂੰ ਇਸ ਮਸਲੇ ਵਿੱਚ ਦਖ਼ਲਅੰਦਾਜ਼ੀ ਕਰਨ ਦੀ ਅਪੀਲ ਕੀਤੀ ਸੀ। ਜਥੇਦਾਰ ਨੇ ਇਸ ਘਟਨਾ ਨੂੰ ਸੰਵਿਧਾਨ ਦੀ ਧਾਰਾ 25 ਦੀ ਉਲੰਘਣਾ ਅਤੇ ਸਿੱਖਾਂ ਵਿਰੁੱਧ ਧਾਰਮਿਕ ਵਿਤਕਰਾ ਕਰਾਰ ਦਿੱਤਾ ਸੀ। ਉਨ੍ਹਾਂ ਦੀ ਅਪੀਲ ਅਤੇ ਸ. ਲਾਲਪੁਰਾ ਦੀਆਂ ਕੋਸ਼ਿਸ਼ਾਂ ਨੇ ਮਿਲ ਕੇ ਸਰਕਾਰ 'ਤੇ ਦਬਾਅ ਪਾਇਆ ਸੀ, ਜਿਸ ਦੇ ਨਤੀਜੇ ਵਜੋਂ ਇਹ ਫੈਸਲਾ ਸੰਭਵ ਹੋਇਆ।

### ਸਿੱਖ ਜਥੇਬੰਦੀਆਂ ਦਾ ਸੰਘਰਸ਼

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮੁੱਦੇ ਨੂੰ ਬੜੀ ਗੰਭੀਰਤਾ ਨਾਲ ਲਿਆ। ਸ੍ਰੋਮਣੀ ਕਮੇਟੂ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਵਿਤਕਰੇ ਨੂੰ ਸੰਵਿਧਾਨ ਦੀ ਉਲੰਘਣਾ ਦੱਸਦਿਆਂ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸਿੱਖ ਵਿਦਿਆਰਥੀਆਂ ਦੇ ਹੱਕਾਂ ਦੀ ਸੁਰੱਖਿਆ ਲਈ ਦਖ਼ਲ ਦੇਣ ਦੀ ਅਪੀਲ ਕੀਤੀ। ਸ੍ਰੋਮਣੀ ਕਮੇਟੀ ਨੇ ਰਾਜਸਥਾਨ ਦੇ ਸਿੱਖ ਆਗੂਆਂ ਨੂੰ ਵੀ ਸਰਗਰਮ ਕੀਤਾ, ਜਿਨ੍ਹਾਂ ਨੇ ਸਥਾਨਕ ਪ੍ਰਸ਼ਾਸਨ ਨਾਲ ਮੁਲਾਕਾਤਾਂ ਕਰਕੇ ਰੋਸ ਪ੍ਰਗਟ ਕੀਤਾ।

### ਰਾਜਸਥਾਨ ਸਰਕਾਰ ਦਾ ਨੋਟੀਫਿਕੇਸ਼ਨ

ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਰਾਜਸਥਾਨ ਸਰਕਾਰ ਨੇ ਸਿੱਖ ਭਾਈਚਾਰੇ ਦੀਆਂ ਮੰਗਾਂ ਨੂੰ ਸਵੀਕਾਰ ਕਰਦਿਆਂ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ, ਜਿਸ ਵਿੱਚ ਸਿੱਖ ਵਿਦਿਆਰਥੀਆਂ ਨੂੰ ਪੰਜ ਕਕਾਰਾਂ ਨਾਲ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਣ ਦੀ ਮਨਜ਼ੂਰੀ ਦਿੱਤੀ ਗਈ। ਇਹ ਨੋਟੀਫਿਕੇਸ਼ਨ ਕੇਂਦਰ ਸਰਕਾਰ ਦੀਆਂ ਗਾਈਡਲਾਈਨਜ਼ ਦੇ ਅਧਾਰ 'ਤੇ ਜਾਰੀ ਕੀਤਾ ਗਿਆ, ਜੋ ਪਹਿਲਾਂ ਜੇਈਈ ਅਤੇ ਹੋਰ ਰਾਸ਼ਟਰੀ ਪੱਧਰ ਦੀਆਂ ਪ੍ਰੀਖਿਆਵਾਂ ਲਈ ਲਾਗੂ ਕੀਤੀਆਂ ਗਈਆਂ ਸਨ। ਇਸ ਫੈਸਲੇ ਨੇ ਸਿੱਖ ਵਿਦਿਆਰਥੀਆਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਅਤੇ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕੀਤੀ।

### ਅਜਿਹਾ ਕਦਮ ਬਹੁਤ ਪਹਿਲਾਂ ਚੁੱਕਣਾ ਚਾਹੀਦਾ ਸੀ : ਐਡਵੋਕੇਟ ਧਾਮੀ

ਰਾਜਸਥਾਨ ਅੰਦਰ ਪ੍ਰੀਖਿਆ ਦੌਰਾਨ ਗੁਰਸਿੱਖ ਲੜਕੀ ਨੂੰ ਕਕਾਰ ਪਾਉਣ ਕਾਰਨ ਪ੍ਰੀਖਿਆ ਵਿੱਚ ਦਾਖਲਾ ਨਾ ਦੇਣ 'ਤੇ ਸਿੱਖ ਕੌਮ ਵੱਲੋਂ ਪ੍ਰਗਟਾਏ ਰੋਸ ਮਗਰੋਂ ਰਾਜਸਥਾਨ ਸਰਕਾਰ ਵੱਲੋਂ ਸਿੱਖ ਉਮੀਦਵਾਰਾਂ ਨੂੰ ਕਕਾਰਾਂ ਸਮੇਤ ਪ੍ਰੀਖਿਆ ਦੇਣ ਦੀ ਪ੍ਰਵਾਨਗੀ ਤੇ ਪ੍ਰਤੀਕ੍ਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਨੂੰ ਅਜਿਹਾ ਕਦਮ ਬਹੁਤ ਪਹਿਲਾਂ ਚੁੱਕਣਾ ਚਾਹੀਦਾ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਅਧਿਕਾਰੀਆਂ ਦੇ ਗਲਤ ਵਤੀਰੇ ਕਾਰਨ ਪੇਪਰ ਦੇਣ ਤੋਂ ਵਾਂਝੀ ਰਹਿ ਗਈ ਸਿੱਖ ਉਮੀਦਵਾਰ ਲਈ ਵਿਸ਼ੇਸ਼ ਤੌਰ'ਤੇ ਪ੍ਰਬੰਧ ਕਰਕੇ ਪੇਪਰ ਦੇਣ ਦਾ ਮੌਕਾ ਦਿੱਤਾ ਜਾਵੇ, ਤਾਂ ਜੋਂ ਉਸ ਨੂੰ ਇਨਸਾਫ਼ ਮਿਲ ਸਕੇ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਸਿੱਖਾਂ ਨੂੰ ਪਹਿਲਾਂ ਹੀ ਕਿਰਪਾਨ ਪਹਿਨਣ ਦਾ ਪੂਰਾ ਅਧਿਕਾਰ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਕੋਈ ਵੀ ਅੰਮ੍ਰਿਤਧਾਰੀ ਸਿੱਖ ਆਪਣੇ ਸ਼ਰੀਰ ਨਾਲੋਂ ਪੰਜ ਕਕਾਰ ਵੱਖ ਨਹੀਂ ਕਰ ਸਕਦਾ। ਇਸ ਲਈ ਬਕਾਇਦਾ ਨਿਯਮ ਹਨ, ਜਿਨ੍ਹਾਂ ਨੂੰ ਅਕਸਰ ਅਣਗੌਲਿਆ ਜਾਂਦਾ ਹੈ। ਕਕਾਰਾਂ ਨੂੰ ਲੈ ਕੇ ਪ੍ਰੀਖਿਆ ਅਮਲੇ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ।

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਅਹਿਮ ਮਤੇ ਪਾਸ

# ਸ਼ਹੀਦੀ ਸ਼ਤਾਬਦੀ ਮੌਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ : ਐਡਵੋਕੇਟ ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਮਤਾ ਪਾਸ ਕਰ ਕੇ ਭਾਰਤ ਸਰਕਾਰ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿੱਚ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਿਤ ਕਰਨ ਨੂੰ ਪ੍ਰਵਾਨਗੀ ਦੇ ਨਾਲ-ਨਾਲ ਕਈ ਹੋਰ ਅਹਿਮ ਫ਼ੈਸਲੇ ਕੀਤੇ ਹਨ। ਗੱਲਬਾਤ ਕਰਦਿਆਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 2019 'ਚ ਮਨਾਏ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਕੁਝ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਦੀ ਤਬਦੀਲੀ ਦਾ ਨੋਟੀਫਿਕੇਸ਼ਨ ਕੀਤਾ ਸੀ, ਜਿਸ ਨੂੰ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਇੱਕ ਇਤਿਹਾਸਕ ਮੌਕਾ ਹੈ, ਜਿਸ 'ਤੇ ਭਾਰਤ ਸਰਕਾਰ ਨੂੰ ਆਪਣੇ ਵੱਲੋਂ ਕੀਤਾ ਹੋਇਆ ਫੈਸਲਾ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਵਿਖੇ ਮਰੀਜ਼ਾਂ ਅਤੇ ਲੋੜਵੰਦਾਂ ਲਈ ਲੰਗਰ ਸੇਵਾ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਸੇਵਾ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਤੋਂ ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਭੇਜੀ ਜਾਵੇਗੀ। ਇਕੱਤਰਤਾ 'ਚ ਰਘੂਜੀਤ ਸਿੰਘ ਵਿਰਕ, ਬਲਦੇਵ ਸਿੰਘ ਕਲਿਆਣ, ਸ਼ੇਰ ਸਿੰਘ ਮੰਡਵਾਲਾ, ਕੁਲਵੰਤ ਸਿੰਘ ਮੰਨਣ, ਅਮਰੀਕ ਸਿੰਘ ਵਿਛੋਆ, ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖਾਲਸਾ, ਸੁਰਜੀਤ ਸਿੰਘ ਗੜ੍ਹੀ, ਬਲਦੇਵ ਸਿੰਘ ਕਾਇਮਪੁਰ, ਦਲਜੀਤ ਸਿੰਘ ਭਿੰਡਰ, ਜਸਵੰਤ ਸਿੰਘ ਪੁੜੈਣ,



ਪਰਮਜੀਤ ਸਿੰਘ ਰਾਏਪੁਰ ਆਦਿ ਮੌਜੂਦ ਸਨ। ਬਾਕਸ: ਸ੍ਰੀ ਗੁਰੂ ਤੇਗ ਬਾਹਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਿਤ ਕਰਨ ਨੂੰ ਵੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦ ਹੀ ਯੂਨੀਵਰਸਿਟੀ ਵੱਲੋਂ ਕਾਰਵਾਈ ਮੁਕੰਮਲ ਕਰਨ ਉਪਰੰਤ ਇਸ ਨੂੰ ਕਾਰਜਸ਼ੀਲ ਕਰ ਦਿੱਤਾ ਜਾਵੇਗਾ। ਇਸ ਵਿੱਚ ਨੌਵੇਂ ਪਾਤਸ਼ਾਹ ਜੀ ਦੇ ਜੀਵਨ, ਯਾਤਰਾਵਾਂ ਅਤੇ ਸ਼ਹਾਦਤ ਬਾਰੇ ਮੌਲਿਕ ਅਤੇ ਖੋਜ ਕਾਰਜ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਪਾਵਨ ਗੁਰਬਾਣੀ ਬਾਰੇ ਦਾਰਸ਼ਨਿਕ ਅਧਿਐਨ ਦਾ ਕੰਮ ਕੀਤਾ ਜਾਵੇਗਾ।

ਰਾਜਸਥਾਨ 'ਚ ਬੀਤੇ ਦਿਨੀਂ ਗੁਰਸਿੱਖ ਲੜਕੀ ਨੂੰ ਪੇਪਰ ਦੇਣ ਤੋਂ ਰੋਕਣ ਦੇ ਮਾਮਲੇ ਬਾਰੇ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਵੀ ਇਸ ਦੇਸ਼ ਦੇ ਬਾਸ਼ਿੰਦੇ ਹਨ, ਜਦ ਦੇਸ਼ ਦਾ ਸੰਵਿਧਾਨ ਸਿੱਖਾਂ ਨੂੰ ਪੰਜ ਕਕਾਰ ਰੱਖਣ ਦੀ ਖੁੱਲ੍ਹ ਦਿੰਦਾ ਹੈ ਤੇ ਕੁਝ ਲੋਕਾਂ ਵੱਲੋਂ ਕੀਤੀਆਂ ਅਜਿਹੀਆਂ ਹਰਕਤਾਂ ਸਿੱਖ ਮਨਾਂ ਨੂੰ ਸੱਟ ਮਾਰਦੀਆਂ ਹਨ। ਪਹਿਲਾਂ ਵੀ ਅਜਿਹਾ ਮਾਮਲਾ ਆਇਆ ਸੀ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਇਸ ਮਾਮਲੇ ਵਿੱਚ ਵੀ ਸੰਸਥਾ ਵੱਲੋਂ ਢੁੱਕਵੇਂ ਕਦਮ ਚੁੱਕੇ ਜਾਣਗੇ।

ਐਡਵੋਕੇਟ ਧਾਮੀ ਨੇ ਭਾਰਤ ਅਤੇ ਪਾਕਿਸਤਾਨ ਵਿੱਚ ਪਿਛਲੇ ਸਮੇਂ ਬਣੇ ਤਲਖੀ ਭਰੇ ਹਾਲਾਤ ਕਾਰਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਾਣ ਵਾਲੇ ਸ਼ਰਧਾਲੂਆਂ 'ਤੇ ਲਗਾਈ ਗਈ ਰੋਕ ਨੂੰ ਤੁਰੰਤ ਹਟਾਉਂਣਦੀ ਮੰਗ ਕਰਦਿਆਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਨੂੰ ਵੀ ਇਜਾਜ਼ਤ ਦਿੱਤੇ ਜਾਣ ਦੀ ਦੋਵਾਂ ਸਰਕਾਰਾਂ ਤੋਂ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਨਾਂਦੇੜ ਦੇ ਪ੍ਰਬੰਧਕਾਂ ਵੱਲੋਂ ਪੁੱਜੀ ਮੰਗ ਅਨੁਸਾਰ ਤਖ਼ਤ ਸਾਹਿਬ ਅਤੇ ਦੱਖਣ ਪ੍ਰਦੇਸ਼ ਦੀਆਂ ਸੰਗਤਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 200 ਪਾਵਨ ਸਰੂਪ ਸ਼੍ਰੋਮਣੀ ਕਮੇਟੀ ਵੱਲੋਂ ਮਰਿਆਦਾ ਅਨੁਸਾਰ ਭੇਜਣ ਦਾ ਵੀ ਫੈਸਲਾ ਕੀਤਾ ਗਿਆ ਹੈ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਬੀਤੇ ਦਿਨੀਂ ਸ੍ਰੀਨਗਰ ਵਿਖੇ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਹੋਈ ਮਰਿਆਦਾ ਦੀ ਉਲੰਘਣਾ 'ਤੇ ਨਿੰਦਾ ਮਤਾ ਵੀ ਪਾਸ ਕੀਤਾ ਗਿਆ। ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਯੋਗ ਕਾਰਵਾਈ ਕਰਨ ਦੀ ਅਪੀਲ ਵੀ ਕੀਤੀ ਹੈ।

# ਪ੍ਰੀਖਿਆ 'ਚ ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਦਾਖ਼ਲਾ ਨਾ ਦੇਣਾ ਭਾਰਤੀ ਸੰਵਿਧਾਨ ਦੀ ਵੱਡੀ ਉਲੰਘਣਾ: ਜਥੇਦਾਰ ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜੈਪੁਰ ਵਿੱਚ ਰਾਜਸਥਾਨ ਹਾਈ ਕੋਰਟ (ਜੋਧਪੁਰ) ਦੀ ਸਿਵਲ ਜੱਜ ਦੀ ਭਰਤੀ ਦਾ ਇਮਤਿਹਾਨ ਦੇਣ ਗਈ ਅੰਮ੍ਰਿਤਧਾਰੀ ਉਮੀਦਵਾਰ ਗੁਰਪ੍ਰੀਤ ਕੌਰ ਨੂੰ ਕਿਰਪਾਨ ਪਾਉਣ ਕਰਕੇ ਦਾਖ਼ਲਾ ਨਾ ਦੇਣ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਭਾਰਤੀ ਸੰਵਿਧਾਨ ਦੀ ਵੱਡੀ ਉਲੰਘਣਾ ਹੈ ਅਤੇ ਸਿੱਖਾਂ ਵਿਰੁੱਧ ਨਫ਼ਰਤੀ ਵਿਤਕਰਾ ਹੈ। ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵੱਲੋਂ ਇਹ ਮਾਮਲਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਕੋਲ ਵੀ ਰੱਖਿਆ ਗਿਆ ਹੈ।

ਜਥੇਦਾਰ ਨੇ ਇਸ ਮਾਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਰਾਜਸਥਾਨ ਦੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ ਸਵਾਲ ਕੀਤਾ ਕਿ ਆਪਣੇ ਆਪ ਨੂੰ ਸਿੱਖ ਹਿਤੈਸ਼ੀ ਦੱਸਣ ਵਾਲੀ ਭਾਜਪਾ ਦੱਸੇ ਕਿ ਉਹ ਕਿਵੇਂ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰ ਰਹੀ ਹੈ ? ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੁਨੀਆ ਅੰਦਰ ਕਿਸ ਨੂੰ ਨਹੀਂ ਪਤਾ ਕਿ ਅੰਮ੍ਰਿਤਧਾਰੀ ਸਿੱਖ ਕਕਾਰ ਵਜੋਂ ਕਿਰਪਾਨ ਪਾਉਂਦੇ ਹਨ ਪਰ ਦੇਸ਼ ਅੰਦਰ ਵਾਰ-ਵਾਰ ਸਿੱਖਾਂ ਨੂੰ ਉਨ੍ਹਾਂ ਦੀ



ਵੱਖਰੀ ਪਛਾਣ ਅਤੇ ਧਾਰਮਿਕ ਅਕੀਦਿਆਂ ਕਾਰਨ ਜਾਣਬੁੱਝ ਕੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵੀ ਰਾਜਸਥਾਨ ਹਾਈ ਕੋਰਟ ਦੇ ਸਿਵਲ ਜੱਜ ਦੀ ਭਰਤੀ ਵੇਲੇ ਸਿੱਖਾਂ ਨਾਲ ਵਿਤਕਰੇ ਦੇ ਮਾਮਲੇ ਜੈਪੁਰ ਤੇ ਜੋਧਪੁਰ ਤੋਂ ਸਾਹਮਣੇ ਆਏ ਸਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਸਿੱਖ ਸੰਸਥਾਵਾਂ ਨੇ ਇਸ ਸਬੰਧੀ ਸਰਕਾਰ ਨਾਲ ਲਿਖਾ-ਪੜ੍ਹੀ ਵੀ ਕੀਤੀ ਸੀ। ਇਸ ਦੇ ਬਾਵਜੂਦ ਇਸ ਸਾਲ ਫਿਰ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨੂੰ ਇਮਤਿਹਾਨ ਵਿੱਚ ਦਾਖ਼ਲੇ ਤੋਂ ਰੋਕਿਆ ਗਿਆ ਹੈ। ਭਾਰਤੀ ਸੰਵਿਧਾਨ ਦੀ ਧਾਰਾ 25 ਦੀ ਵਿਆਖਿਆ 1 ਵਿੱਚ ਸਪੱਸ਼ਟ ਦਰਜ ਹੈ ਕਿ ਸਿੱਖ ਧਰਮ ਵਿੱਚ ਕਿਰਪਾਨ ਧਾਰਨ ਕਰ ਸਕਦੇ ਹਨ। ਇਸ ਦੇ ਬਾਵਜੂਦ ਸੰਵਿਧਾਨ ਦੀ ਰਾਖੀ ਕਰਨ ਵਾਲੀ ਅਦਾਲਤ ਦੀ ਪ੍ਰੀਖਿਆ ਵਿੱਚ ਹੀ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

ਜਥੇਦਾਰ ਨੇ ਕਿ ਕਿਹਾ ਅੱਜ ਜਦੋਂ ਤਿਲਕ ਤੇ ਜੰਞੂ ਦੇ ਰਾਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ ਅਤੇ ਸਰਕਾਰਾਂ ਇਸ ਨੂੰ ਸਮਰਪਿਤ ਸਮਾਗਮ ਕਰਵਾਉਣ ਦੇ ਦਾਅਵੇ ਕਰ ਰਹੀਆਂ ਹਨ ਤਾਂ ਉੱਥੇ ਹੀ ਦੇਸ਼ ਅੰਦਰ ਉਨ੍ਹਾਂ ਦੇ ਸਿੱਖਾਂ ਦੇ ਕਕਾਰਾਂ ਉੱਤੇ ਸਵਾਲ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਕੀਤਾ ਕਿ ਤਾਜ਼ਾ ਮਾਮਲੇ ਅਤੇ ਪਿਛਲੇ ਮਾਮਲਿਆਂ ਨੂੰ ਲੈ ਕੇ ਤੁਰੰਤ ਹੀ ਇੱਕ ਉੱਚ ਪੱਧਰੀ ਸਾਂਝਾ ਵਫ਼ਦ ਤਿਆਰ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰਾਜਸਥਾਨ ਦੇ ਮੁੱਖ ਮੰਤਰੀ ਅਤੇ ਰਾਜਸਥਾਨ ਹਾਈ ਕੋਰਟ ਦੇ ਰਜਿਸਟਰਾਰ ਨਾਲ ਮੁਲਾਕਾਤ ਕਰਕੇ ਇਸ ਵਿਤਕਰੇ ਦੇ ਵਿਰੁੱਧ ਸਖ਼ਤ ਇਤਰਾਜ਼ ਦਰਜ ਕਰਵਾ ਕੇ ਇਸ ਨੂੰ ਹਮੇਸ਼ਾ ਲਈ ਠੱਲ੍ਹਿਆ ਜਾਵੇ।

# ਸਮੁੱਚੇ ਪੰਥਕ ਕਾਰਜ ਕੌਮੀ ਇਕਜੁੱਟਤਾ ਦੀ ਭਾਵਨਾ ਨਾਲ ਹੁੰਦੇ ਰਹਿਣ: ਗਿ. ਰਘਬੀਰ ਸਿੰਘ

## ਜਥੇਦਾਰ ਗੜਗੱਜ ਨੂੰ ਸਿਰੋਪਾਓ ਦੇ ਕੇ ਕੀਤਾ ਸਨਮਾਨਿਤ

ਅੰਮ੍ਰਿਤਸਰ/ਏ.ਟੀ.ਨਿਊਜ਼ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸ੍ਰੀ ਦਰਬਾਰ ਸਾਹਿਬ ਸਥਿਤ ਆਪਣੀ ਰਿਹਾਇਸ਼ ਵਿਖੇ ਸੱਦ ਕੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਵੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਿਰੋਪਾਓ ਦਿੱਤਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਤਿਹਾਸ ਅੰਦਰ ਹਮੇਸ਼ਾ ਹੀ ਬਾਬਾ ਬੁੱਢਾ ਜੀ ਦੀ ਸਤਿਕਾਰਤ ਪਦਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਅਤੇ ਭਾਈ ਗੁਰਦਾਸ ਜੀ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ



ਵੀ ਰਹੇ ਵਿਚਕਾਰ ਆਪਸੀ ਤਾਲਮੇਲ, ਸਹਿਯੋਗ ਅਤੇ ਇਕ ਦੂਜੇ ਪ੍ਰਤੀ ਪੂਰਨ ਸਤਿਕਾਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਉਹ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਹਮੇਸ਼ਾ ਹੀ ਹਰ ਪੱਧਰ ਉੱਤੇ ਸਹਿਯੋਗ ਅਤੇ ਸਾਥ ਦੇਣਗੇ ਤਾਂ ਜੋ ਸਮੁੱਚੇ ਪੰਥਕ ਕਾਰਜ ਕੌਮੀ ਇਕਜੁੱਟਤਾ ਦੀ ਭਾਵਨਾ ਨਾਲ ਹੁੰਦੇ ਰਹਿਣ। ਇਸ ਮੌਕੇ ਤਿੰਨੇ ਸਿੰਘ ਸਾਹਿਬਾਨ ਦੇ ਵਿਚਕਾਰ ਪੰਥਕ ਅਤੇ ਧਾਰਮਿਕ ਸਰੋਕਾਰਾਂ ਪ੍ਰਤੀ ਦੀਰਘ ਵਿਚਾਰ ਵਟਾਂਦਰਾ ਹੋਇਆ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਦਾ ਧੰਨਵਾਦ ਕੀਤਾ।

# ਸਿੱਖ ਵਿਦਿਆਰਥੀਆਂ ਨੂੰ ਕਕਾਰਾਂ ਸਮੇਤ ਪ੍ਰੀਖਿਆ ਦੇਣ ਦੇ ਮਾਮਲੇ 'ਚ ਪ੍ਰਧਾਨ ਮੰਤਰੀ ਦਖ਼ਲ ਦੇਣ: ਸੁਖਬੀਰ ਬਾਦਲ

ਚੰਡੀਗੜ੍ਹ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਧਰਮ ਦੇ ਪਵਿੱਤਰ ਪ੍ਰਤੀਕਾਂ ਦਾ ਅਨਾਦਰ ਅਤੇ ਭੇਦਭਾਵ ਦੀਆਂ ਘਟਨਾਵਾਂ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਦੇਸ਼ ਵਿੱਚ ਹੋ ਰਹੀਆਂ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਸਿੱਧਾ ਦਖ਼ਲ ਦੇਣ ਦੀ ਅਪੀਲ ਕੀਤੀ।



ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿੱਚ ਉਨ੍ਹਾਂ ਨੇ ਪਿਛਲੇ ਦਿਨੀਂ ਤਾਜ਼ਾ ਘਟਨਾ ਵੱਲ ਧਿਆਨ ਦਿਵਾਇਆ ਜਿਸ ਵਿੱਚ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੀ ਅੰਮ੍ਰਿਤਧਾਰੀ ਸਿੱਖ ਕੁੜੀ ਗੁਰਪ੍ਰੀਤ ਕੌਰ ਨੂੰ ਰਾਜਸਥਾਨ ਦੇ ਜੈਪੁਰ ਸਥਿਤ ਪੂਨਿਮਾ ਯੂਨੀਵਰਸਿਟੀ ਵਿੱਚ ਰਾਜਸਥਾਨ ਨਿਆਇਕ ਸੇਵਾ ਦੀ ਪ੍ਰੀਖਿਆ ਦੇਣ ਤੋਂ ਰੋਕ ਦਿੱਤਾ ਗਿਆ, ਕਿਉਂਕਿ ਉਨ੍ਹਾਂ ਨੇ ਕੜਾ ਤੇ ਕਿਰਪਾਨ ਪਾਏ ਹੋਏ ਸਨ। ਬਾਦਲ ਨੇ ਕਿਹਾ ਕਿ ਇਹ ਸੰਵਿਧਾਨ ਦੇ ਅਨੁਛੇਦ 25 ਦੇ ਤਹਿਤ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ। ਇਸ ਘਟਨਾ ਨੇ ਉਨ੍ਹਾਂ ਨੂੰ ਆਪਣੇ ਧਰਮ ਦਾ ਪਾਲਣ ਕਰਨ ਦੇ ਮੌਲਿਕ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਹੈ।

ਸੰਵਿਧਾਨ ਦੇ ਅਨੁਛੇਦ 25 ਵਿੱਚ ਸਿੱਖ ਧਰਮ ਦੇ ਹੋਰ ਪ੍ਰਤੀਕਾਂ ਦੇ ਨਾਲ ਕਿਰਪਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ, ਜਿਸ ਨੂੰ ਕਿਸੇ ਵੀ ਸਥਾਨ 'ਤੇ ਨਹੀਂ ਰੋਕਿਆ ਜਾ ਸਕਦਾ, ਬਲਕਿ ਹਵਾਈ ਉਡਾਣਾਂ ਵਿੱਚ ਵੀ ਇਸ ਨੂੰ ਵਿਸ਼ੇਸ਼ ਛੋਟ ਦਿੱਤੀ ਗਈ ਹੈ। ਬਾਦਲ ਨੇ ਪੱਤਰ ਵਿੱਚ ਕਿਹਾ ਕਿ ਇਹ ਹੈਰਾਨੀਜਨਕ ਹੈ ਕਿ ਜੇਕਰ ਪਰੀਖਿਆ ਵਿੱਚ ਕੋਈ ਅਜਿਹਾ ਨਿਯਮ ਹੈ, ਤਾਂ ਉਹ ਭਾਰਤ ਦੇ ਸੰਵਿਧਾਨ ਦੀ ਉਲੰਘਣਾ ਕਰਕੇ ਬਣਾਇਆ ਗਿਆ ਹੈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸਥਾਪਿਤ ਕੀਤੀ 'ਚੇਅਰ ਆਨ ਸਿੱਖ ਸਟੱਡੀਜ਼'

## ਜਲਦੀ ਹੀ ਸ਼ੁਰੂ ਕੀਤੇ ਜਾਣਗੇ ਸਿੱਖ ਸਭਿਅਤਾ, ਇਤਿਹਾਸ ਤੇ ਵਿਰਾਸਤ ਤੇ ਖੋਜ ਕਾਰਜ

ਅੰਮ੍ਰਿਤਸਰ/ਏ.ਟੀ.ਨਿਊਜ਼ : ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਅਕਾਦਮਿਕ ਖੋਜ ਦੇ ਖੇਤਰ ਵਿੱਚ ਇੱਕ ਮੀਲ ਪੱਥਰ ਸਥਾਪਤ ਕਰਦਿਆਂ ਅਮਰੀਕਾ ਦੇ ਸੈਕਰਾਮੈਂਟੋ, ਕੈਲੀਫ਼ੋਰਨੀਆ ਸਥਿਤ ਪ੍ਰਸਿੱਧ ਅਟਾਰਨੀ ਅਤੇ ਸਮਾਜ ਸੇਵਕ ਜਸਪ੍ਰੀਤ ਸਿੰਘ ਨਾਲ ਇੱਕ ਇਤਿਹਾਸਕ ਸਮਝੌਤੇ ਅਧੀਨ 'ਚੇਅਰ ਆਨ ਸਿੱਖ ਸਟੱਡੀਜ਼' ਸਥਾਪਿਤ ਕਰਨ ਦਾ ਐਲਾਨ ਕੀਤਾ ਸੀ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੇ ਵਿਸ਼ੇਸ਼ ਉਦਮ ਸਦਕਾ ਯੂਨੀਵਰਸਿਟੀ ਵਿਖੇ ਇਸ ਚੇਅਰ ਦੀ ਸਥਾਪਨਾ ਕਰ ਦਿੱਤੀ ਗਈ ਹੈ ਅਤੇ ਸੈਂਟਰ ਆਫ਼ ਸਟੱਡੀਜ਼ ਦੇ ਸਾਬਕਾ ਡਾਇਰੈਕਟਰ ਡਾ. ਅਮਰਜੀਤ ਸਿੰਘ ਨੂੰ ਇਸ ਚੇਅਰ ਦੇ ਮੁਖੀ ਨਿਯੁਕਤ ਕੀਤਾ ਗਿਆ ਹੈ। ਡਾ. ਅਮਰਜੀਤ ਸਿੰਘ ਦੇ ਅਹੁਦਾ ਸੰਭਾਲਣ ਮੌਕੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ



ਅਤੇ ਰਜਿਸਟਰਾਰ ਪ੍ਰੋ. ਕੇਐਸ ਚਾਹਲ ਤੋਂ ਇਲਾਵਾ ਓਐੱਸਡੀ ਹਰਇਕਬਾਲ ਸਿੰਘ ਅਤੇ ਪਰਮਿੰਦਰ ਸਿੰਘ ਹਾਜ਼ਰ ਸਨ। ਵੀਸੀ ਪ੍ਰੋ. ਕਰਮਜੀਤ ਸਿੰਘ ਵਲੋਂ ਇਸ ਮੌਕੇ ਚੇਅਰ ਦੇ ਵਿਕਾਸ ਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤਿੰਨ-ਤਿੰਨ ਮਹੀਨੇ ਦੇ ਨਿਸ਼ਾਨੇ ਨਿਰਧਾਰਤ ਕਰਕੇ ਚੇਅਰ ਦੀਆਂ ਸਰਗਰਮੀਆਂ ਤੇ ਪ੍ਰਗਤੀ ਬਾਰੇ ਵਿਚਾਰ ਕੀਤੀ ਜਾਂਦੀ ਰਹੇਗੀ ਤਾਂ ਜੋ ਜਸਪ੍ਰੀਤ ਸਿੰਘ ਅਟਾਰਨੀ ਯੂ.ਐਸ.ਏ. ਵੱਲੋਂ ਜਿਨ੍ਹਾਂ ਉਦੇਸ਼ਾਂ ਨੂੰ ਸਾਹਮਣੇ ਰੱਖਦਿਆਂ ਚੇਅਰ ਸਥਾਪਿਤ ਕੀਤੀ ਗਈ ਹੈ

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਲੈਂਡ ਪੂਲਿੰਗ ਨੀਤੀ ਦਾ ਕੱਚ-ਸੱਚ


ਪੰਜਾਬ ਦੇ ਵਿੱਚ ਪੰਜਾਬ ਸਰਕਾਰ ਇੱਕ ਵੱਡੀ ਬਗਾਵਤ ਦਾ ਸਾਹਮਣਾ ਕਰ ਰਹੀ ਹੈ, ਕਿਉਂਕਿ 4 ਜੁਲਾਈ ਨੂੰ ਲੈਂਡ ਪੂਲਿੰਗ ਪਾਲਿਸੀ ਲਿਆਂਦੀ ਜਾਂਦੀ ਹੈ, ਕੈਬਨਿਟ ਦੇ ਵਿੱਚ ਪਾਸ ਹੁੰਦੀ ਹੈ, ਤੇ ਫਿਰ ਭਗਵੰਤ ਮਾਨ ਆਪ ਹੀ ਇਸ ਦੇ ਫਾਇਦੇ ਗਿਣਾਉਣ ਲੱਗ ਜਾਂਦੇ ਹਨ। ਜਿਹੜੀਆਂ ਪਾਰਟੀਆਂ ਨੂੰ ਨਕਾਰ ਕੇ ਆਮ ਆਦਮੀ ਪਾਰਟੀ ਨੂੰ ਲੋਕਾਂ ਨੇ ਸੱਤਾ ਵਿੱਚ ਲਿਆਂਦਾ ਸੀ, ਉਹੀ ਨਕਾਰੀਆਂ ਹੋਈਆਂ ਪਾਰਟੀਆਂ ਅੱਜਕੱਲ੍ਹ ਬਹੁਤ ਖੁਸ਼ ਨੇ। ਉਹ ਮੁੜ ਦਮਾਮੇ ਮਾਰਨ ਲੱਗ ਪਏ ਨੇ। ਸਮਝ ਨਹੀਂ ਆਉਂਦੀ ਇਹ ਸਕੀਮ ਕਿਵੇਂ, ਕਿੱਥੇ ਤੇ ਕਿਹੜੇ ਸਰਵੇ ਮੁਤਾਬਿਕ ਸਰਕਾਰ ਨੇ ਲੈ ਆਂਦੀ ਹੈ ? ਇਸ ਸਕੀਮ ਦੇ ਵਿੱਚ ਕਿਹੜੇ ਬੁੱਧੀਜੀਵੀਆਂ ਦਾ ਪੈਨਲ ਸ਼ਾਮਲ ਸੀ ? ਬਲਿਊ ਪ੍ਰਿੰਟ ਕਿਵੇਂ ਤਿਆਰ ਹੋਇਆ ? ਇਸ ਸਕੀਮ ਦੇ ਫ਼ਾਇਦੇ ਤੇ ਨੁਕਸਾਨ ਕੀ ਹਨ ? ਕਿਉਂ ਲੱਖਾਂ ਲੋਕਾਂ ਦੀਆਂ ਬਦਦੁਆਵਾਂ ਲੈਣ ਦਾ ਫ਼ੈਸਲਾ ਪੰਜਾਬ ਸਰਕਾਰ ਨੇ ਕਰ ਲਿਆ ? ਇਹ ਗੱਲਾਂ ਸਮਝੋਂ ਬਾਹਰ ਨੇ ਤੇ ਨਾ ਹੀ ਪੰਜਾਬ ਸਰਕਾਰ ਵਿਸਥਾਰ ਦੇ ਵਿੱਚ ਲੋਕਾਂ ਨੂੰ ਦਸ ਰਹੀ ਹੈ। ਸਮਝ ਨਹੀਂ ਆਉਂਦੀ ਕਿ ਅੱਧੇ ਪੰਜਾਬ ਨੂੰ ਤੁਸੀਂ ਉਜਾੜ ਰਹੇ ਹੋ ਤੇ ਦੱਸਦੇ ਹੋ ਕਿ ਕਿਸਾਨਾਂ ਦੀ ਖੁਸ਼ਹਾਲੀ ਲਈ ਇਹ ਸਕੀਮ ਹੈ ਤਾਂ ਫ਼ਿਰ ਫ਼ਾਇਦੇ ਅਸੈਂਬਲੀ ਸ਼ੈਸ਼ਨ ਦੌਰਾਨ ਲੋਕਾਂ ਨੂੰ ਕਿਉਂ ਨਹੀਂ ਦੱਸੇ ਜਾਂਦੇ ? 116 ਪਿੰਡਾਂ ਨੂੰ ਪੰਜਾਬ ਸਰਕਾਰ ਨਕਸ਼ੇ ਤੋਂ ਮਿਟਾਉਣ ਦੀ ਤਿਆਰੀ ਕਰੀ ਬੈਠੀ ਹੈ, ਦੱਸੋ ਇਹ ਕਿਹੜੀ ਤਰੱਕੀ ਹੈ ? ਪੰਜਾਬ ਦੇ ਪਿੰਡਾਂ ਵਿੱਚ ਇਕੱਲੇ ਕਿਸਾਨ ਨਹੀਂ ਵੱਸਦੇ, ਉਥੇ ਹੋਰ ਜਾਤਾਂ ਦੇ ਲੋਕ ਵੀ ਵੱਸਦੇ ਹਨ। ਤੁਸੀਂ ਤਾਂ ਹਰ ਕਿਸੇ ਦੇ ਚੁੱਲ੍ਹੇ ਵਿੱਚ ਪਾਣੀ ਪਾ ਰਹੇ ਹੋ।

18 ਜੁਲਾਈ ਨੂੰ ਕਿਸਾਨ ਭਵਨ ਦੇ ਵਿੱਚ ਇਕ ਮੀਟਿੰਗ ਬੁਲਾਈ ਗਈ। ਇਸ ਮੀਟਿੰਗ ਦੇ ਵਿੱਚ ਕਿਸਾਨ ਆਗੂਆਂ ਨੇ ਸਾਰੇ ਸਿਆਸਤਦਾਨਾਂ ਨੂੰ ਚਿੱਠੀਆਂ ਦੇ ਕੇ ਸੱਦਿਆ ਸੀ ਪਰ ਉਸ ਮੀਟਿੰਗ ਦੇ ਵਿੱਚ ਆਮ ਆਦਮੀ ਪਾਰਟੀ ਦਾ ਕੋਈ ਵੀ ਲੀਡਰ ਨਹੀਂ ਗਿਆ। ਕਿਸਾਨ ਭਵਨ ਵਿੱਚ ਆ ਕੇ ਕਿਸਾਨਾਂ ਨੂੰ ਖੁਸ਼ਹਾਲੀ ਦਾ ਕਾਰਨ ਦੱਸਣ ਤੋਂ ਕਿਉਂ ਖੁੰਝੀ ਪੰਜਾਬ ਸਰਕਾਰ ? ਬੰਜ਼ਰ ਜ਼ਮੀਨਾਂ ’ਤੇ ਤਾਂ ਸੁਣਿਆ ਸੀ, ਉਪਜਾਊ ਜ਼ਮੀਨਾਂ ’ਤੇ ਵੀ ਕਾਲੋਨੀਆਂ ਵਸਾ ਦੇਣਾ ਕਿੱਧਰ ਦੀ ਸਮਝਦਾਰੀ ਦਾ ਸਬੂਤ ਹੈ ? ਕਿੰਨੀ ਹੈਰਾਨੀ ਵਾਲੀ ਗੱਲ ਹੈ ਨਾ ਕਿ ਜ਼ਮੀਨਾਂ ਦੇ ਮਾਲਕਾਂ ਨੂੰ ਕੋਈ ਦੱਸ ਰਿਹਾ ਹੈ ਕਿ ਤੁਹਾਨੂੰ ਫ਼ਾਇਦਾ ਜ਼ਮੀਨ ਰੱਖਣ ਵਿੱਚ ਨਹੀਂ ਸਗੋਂ ਸਰਕਾਰ ਨੂੰ ਦੇਣ ਦੇ ਵਿੱਚ ਹੈ। ਤੁਹਾਡਾ ਵਿਕਾਸ ਤਾਂ ਹੀ ਹੋਵੇਗਾ। ਅਸਲ ਵਿੱਚ ਅੱਖ ਜ਼ਮੀਨ ’ਤੇ ਹੀ ਹੈ ਵਿਕਾਸ ’ਤੇ ਨਹੀਂ। ਇਹ ਪਹਿਲੀ ਵਾਰ ਨਹੀਂ ਵੈਸੇ ਸਰਕਾਰਾਂ ਲੋਕਾਂ ਦੇ ਉੱਤੇ ਤਜ਼ਰਬੇ ਕਰਦੀਆਂ ਆਈਆਂ ਨੇ। ਦਿੱਲੀ ਦੀਆਂ ਨਬਜ਼ਾਂ ਪੰਜਾਬ ਦੇ ਕਿਸਾਨਾਂ ਨੇ ਸਾਲ 2020-21 ਦੇ ਵਿੱਚ ਇਸੇ ਕਰਕੇ ਹੀ ਰੋਕ ਦਿੱਤੀਆਂ ਸੀ ਕਿਉਂਕਿ ਉਦੋਂ ਵੀ ਰੌਲਾ ਜ਼ਮੀਨ ਦਾ ਸੀ, ਸਾਡੀ ਹੋਂਦ ਦਾ ਸੀ। ਇੱਕ ਵਾਰ ਇੰਦਰਾ ਗਾਂਧੀ ਦੇ ਸਮੇਂ ਵੀ ਕਹਿੰਦੇ ਨੇ ਕਿ ਪੰਚਾਇਤੀ ਜ਼ਮੀਨਾਂ ’ਚ ਦਲਿਤ ਭਾਈਚਾਰੇ ਨੂੰ ਪਲਾਟ ਕੱਟ ਕੇ ਦਿੱਤੇ, ਮਕਾਨ ਬਣਾ ਕੇ ਦਿੱਤੇ ਸਨ ਪਰ ਉਹ ਸਕੀਮ ਸਫ਼ਲ ਨਹੀਂ ਸੀ ਹੋਈ ਕਿਉਂਕਿ ਉਹ ਭਾਈਚਾਰਾ ਆਪਣੀ ਜੰਮਣਭੋਂਇ ਤੋਂ ਦੋ ਕਿਲੋਮੀਟਰ ਦੂਰ ਵੀ ਨਹੀਂ ਸੀ ਵੱਸ ਸਕਿਆ। ਸਵਾਲ ਤਾਂ ਲੋਕ ਇਹ ਵੀ ਉਠਾ ਰਹੇ ਨੇ, ਕਿਧਰੇ ਇਹ ਲੈਂਡ ਮਾਫ਼ੀਆ ਦੀ ਸ਼ਹਿ ’ਤੇ ਪਾਲਿਸੀ ਤਾਂ ਨਹੀਂ ਬਣ ਗਈ। ਲੋਕਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਜੇ ਖੇਤੀ ਏਨਾ ਹੀ ਮਾੜਾ ਧੰਦਾ ਹੈ ਤਾਂ ਸਰਕਾਰਾਂ ਤੁਹਾਡੇ ਪੈਰਾਂ ਥੱਲਿਓਂ ਜ਼ਮੀਨਾਂ ਖਿਸਕਾਉਣ ਦੇ ਲਈ ਕਿਉਂ ਪੱਬਾਂ ਭਾਰ ਹੋ ਰਹੀਆਂ ਹਨ ? ਬੁੱਢਾ ਨਾਲਾ ਤਾਂ ਇੱਕ ਹੀ ਵਿਲਕ ਰਿਹਾ ਹੈ, ਸਰਕਾਰ ਹੋਰ ਕਿੰਨੇ ਕੁ ਬੁੱਢੇ ਨਾਲੇ ਬਣਾਉਣਾ ਚਾਹੁੰਦੀ ਹੈ ? ਕਿਉਂ ਲੱਖਾਂ ਲੋਕਾਂ ਦੀਆਂ ਬਦਦੁਆਵਾਂ ਆਪਣੇ ਹਿੱਸੇ ਕਰ ਰਹੀ ਹੈ ਪੰਜਾਬ ਸਰਕਾਰ ?

ਕਿਸਾਨ ਜਥੇਬੰਦੀਆਂ ਕਿਸਾਨਾਂ ਦੇ ਹੱਕ ਦੇ ਵਿੱਚ ਡਟ ਗਈਆਂ ਨੇ। ਸੋ ਕਿਸਾਨਾਂ ਨੂੰ ਜਥੇਬੰਦੀਆਂ ਵੱਲੋਂ ਇਹੀ ਸਮਝਾਇਆ ਜਾ ਰਿਹਾ ਕਿ ਸੰਘਰਸ਼ ਉਹੀ ਸਫ਼ਲ ਹੁੰਦੇ ਨੇ, ਜਿਹਨਾਂ ਦੇ ਵਿੱਚ ਦਿਮਾਗ ਨਾਲ ਲੜਿਆ ਜਾਵੇ। ਸਹਿਜਤਾ ਦੇ ਨਾਲ ਹਰ ਗੱਲ ਵਿਚਾਰੀ ਜਾਵੇ। ਸੋ ਅਸੀਂ ਸਹਿਣਸ਼ੀਲਤਾ ਦੇ ਨਾਲ ਇਸ ਮਸਲੇ ’ਤੇ ਵੀ ਜਿੱਤ ਹਾਸਲ ਕਰਾਂਗੇ। ਕਿਸਾਨ ਆਗੂ ਰਾਜੇਵਾਲ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਮੈਂ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਰਕਾਰ ਹੀ ਨਹੀਂ ਮੰਨਦਾ। ਹਾਲ ਦੀ ਘੜੀ ਲੈਂਡ ਪੂਲਿੰਗ ਦਾ ਮਾਮਲਾ ਹਾਈਕੋਰਟ ਦੇ ਵਿੱਚ ਚਲਾ ਗਿਆ ਹੈ।

ਅੱਜ ਕਿਸਾਨ ਜਥੇਬੰਦੀਆਂ ਸਮੇਤ ਪੂਰਾ ਪੰਜਾਬ ਟ੍ਰੈਕਟਰ ਮਾਰਚ ਦੇ ਵਿੱਚ ਸ਼ਾਮਲ ਹੋ ਕੇ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਕਰ ਰਿਹਾ ਹੈ। “ਲੈਂਡ ਪੂਲਿੰਗ ਰੱਦ ਕਰੋ” ਪਿੰਡਾਂ ਦੇ ਵਿੱਚ ਇਸ ਤਹਿਤ ਬੋਰਡ ਲੱਗ ਰਹੇ ਨੇ। ਪਿੰਡ ਪਿੰਡ ਵਿਰੋਧ ਹੋ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਪੁਲਿਸ ਕੁੱਝ ਕੁ ਪਿੰਡਾਂ ਦੇ ਵਿੱਚ ਇਹ ਬੋਰਡ ਨਾ ਲਗਾਉਣ ਦੇ ਲਈ ਲੋਕਾਂ ਨੂੰ ਰੋਕ ਵੀ ਰਹੀ ਹੈ। ਖ਼ਬਰ ਤਾਂ ਇਹ ਵੀ ਆ ਰਹੀ ਹੈ ਕਿ 8 ਅਗਸਤ ਨੂੰ 11 ਵਜੇ ਸ਼ਹਿਨਸ਼ਾਹ ਪੈਲਿਸ ਦੇ ਵਿੱਚ ਪੰਜਾਬ ਸਰਕਾਰ ਨੂੰ ਕਿਸਾਨਾਂ ਨੇ ਸੰਵਾਦ ਰਚਾਉਣ ਦੇ ਲਈ ਸੱਦਾ ਵੀ ਦਿੱਤਾ ਹੈ। ਕਦੀ ਸਮਾਂ ਹੁੰਦਾ ਸੀ ਕਿ ਜੱਟ ਭੋਲੇ ਸੀ, ਪਰ ਹੁਣ ਨਹੀਂ। ਇਹ ਉੱਜੜ ਉੱਜੜ ਕੇ ਵਸੇ ਪੰਜਾਬ ਦੇ ਵਾਸੀ ਨੇ, ਇਹਨਾਂ ਨੂੰ ਪਤਾ ਹੈ ਕਿ ਕਿਵੇਂ ਉੱਠਣਾ ਹੈ। ਸੋ ਇਹਨਾਂ ਦੇ ਹਿਤਾਂ ’ਤੇ ਡਾਕਾ ਮਾਰਨਾ ਕੋਈ ਸੌਖੀ ਗੱਲ ਨਹੀਂ। ਪੰਜਾਬ ਵਾਸੀ ਚੁੱਪ ਕਰਕੇ ਨਹੀਂ ਬੈਠਣਗੇ। ਇਹ ਹਰਇੱਕ ਗੱਲ ਦਾ ਸਰਕਾਰ ਨੂੰ ਜਵਾਬ ਦੇਣਗੇ। ਕੇਜਰੀਵਾਲ ਨੇ ਇੱਕ ਵਾਰ ਕਿਹਾ ਸੀ ਕਿ “ ਅਗਰਵਾਲ ਕੋ ਪਤਾ ਹੈ ਕੈਸੇ ਪੈਸਾ ਬਨਾਣਾ ਹੈ।” ਪਰ ਪੰਜਾਬ ਵਾਸੀਆਂ ਨੂੰ ਵੀ ਪਤਾ ਹੈ ਕਿ ਪੰਜਾਬ ਕਿਵੇਂ ਬਚਾਉਣਾ ਹੈ।

# ਅਮਰੀਕਾ ਨੂੰ ਵੀ ਮਹਿੰਗੀ ਪੈ ਸਕਦੀ ਹੈ ‘ਟੈਰਿਫ਼ ਜੰਗ’



ਸ਼ਿਵਕਾਂਤ ਸ਼ਰਮਾ




ਖ਼ਾਤਿਰ ਗਜ਼ਨਵੀ ਦੀ ਮਸ਼ਹੂਰ ਗਜ਼ਲ ਦਾ ਮਤਲਾ ਹੈ-ਗੋ ਜ਼ਰਾ ਸੀ ਬਾਤ ਪਰ ਬਰਸੋਂ ਕੇ ਯਾਰਾਨੇ ਗਏ। ਪੁਤਿਨ ਤੇ ਟਰੰਪ ਵਿਚਾਲੇ ਹਾਲ ਹੀ ਵਿੱਚ ਕੁਝ ਅਜਿਹਾ ਹੀ ਹੋਇਆ ਹੈ। ਹਾਂ, ਗੱਲ ਸਿਰਫ਼ ਇੰਨੀ ਹੀ ਨਹੀਂ ਹੈ। ਸੰਨ 2013 ਦੀ ਮਿਸ ਯੂਨੀਵਰਸ ਸੁੰਦਰਤਾ ਪ੍ਰਤੀਯੋਗਿਤਾ ਨੂੰ ਲੈ ਕੇ ਮਾਸਕੋ ਗਏ ਟਰੰਪ ਨੇ ਰੂਸੀ ਅਰਬਪਤੀਆਂ ਅਤੇ ਰਾਸ਼ਟਰਪਤੀ ਪੁਤਿਨ ਦੀ ਖਾਤਰਦਾਰੀ ਤੋਂ ਖ਼ੁਸ਼ ਹੋ ਕੇ ਕਿਹਾ ਸੀ ਕਿ ਉਹ ਰਾਸ਼ਟਰਪਤੀ ਓਬਾਮਾ ਨਾਲੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਹੋ ਚੁੱਕੇ ਹਨ।

ਵਲਾਦੀਮੀਰ ਪੁਤਿਨ ਦਾ ਰੰਗ ਉਨ੍ਹਾਂ ’ਤੇ ਇੰਨਾ ਗਹਿਰਾ ਚੜ੍ਹਿਆ ਕਿ ਰਾਸ਼ਟਰਪਤੀ ਬਣਨ ਤੋਂ ਬਾਅਦ 2018 ਦੇ ਹੈਲਸਿੰਕੀ ਸਿਖਰ ਸੰਮੇਲਨ ਵਿੱਚ ਉਨ੍ਹਾਂ ਨੇ ਆਪਣੇ ਖ਼ੁਫ਼ੀਆ ਤੰਤਰ ਵਿਰੁੱਧ ਪੁਤਿਨ ਦਾ ਪੱਖ ਲੈਂਦੇ ਹੋਏ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਰੂਸ ਨੇ ਅਮਰੀਕੀ ਚੋਣਾਂ ਵਿੱਚ ਗੜਬੜੀ ਕਰਵਾਈ ਸੀ। ਪੁਤਿਨ ਦੇ ਨਾਲ ਆਪਣੇ ਖ਼ਾਸ ਰਿਸ਼ਤੇ ਦਾ ਦਮ ਭਰਦੇ ਹੋਏ ਉਨ੍ਹਾਂ ਨੇ ਕਿਹਾ ਸੀ ਕਿ ਉਹ ਰਾਸ਼ਟਰਪਤੀ ਬਣਨ ਦੇ 24 ਘੰਟਿਆਂ ਅੰਦਰ ਜੰਗਬੰਦੀ ਕਰਵਾ ਦੇਣਗੇ।

ਜਦ ਉਹ ਨਹੀਂ ਹੋਈ ਤਾਂ ਉਨ੍ਹਾਂ ਨੇ ਰੂਸ ’ਤੇ ਪਾਬੰਦੀਆਂ ਹਟਾਉਣ ਅਤੇ ਕ੍ਰੀਮੀਆ ਨੂੰ ਰੂਸ ਦੇ ਹਿੱਸੇ ਦੇ ਰੂਪ ਵਿੱਚ ਮਾਨਤਾ ਦੇਣ ਵਰਗੇ ਲਾਲਚ ਦੇ ਕੇ ਪੁਤਿਨ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਕੀਤੀ। ਜੰਗ ਦਾ ਠੀਕਰਾ ਜ਼ੈਲੰਸਕੀ ਦੇ ਸਿਰ ਭੰਨਿਆ, ਉਸ ਨੂੰ ਤਾਨਾਸ਼ਾਹ ਕਹਿੰਦੇ ਹੋਏ ਵ੍ਹਾਈਟ ਹਾਊਸ ਵਿੱਚ ਮੀਡੀਆ ਦੇ ਸਾਹਮਣੇ ਬੁਰਾ-ਭਲਾ ਕਿਹਾ। ਉਨ੍ਹਾਂ ਨੇ ਯੂਕ੍ਰੇਨ ਦੀ ਫ਼ੌਜੀ ਅਤੇ ਆਰਥਿਕ ਮਦਦ ਰੋਕ ਲਈ ਅਤੇ ਬਿਨਾਂ ਸ਼ਰਤ ਗੱਲਬਾਤ ਲਈ ਸਹਿਮਤ ਕੀਤਾ। ਜੰਗਬੰਦੀ ਲਈ ਟਰੰਪ ਨੇ ਪੁਤਿਨ ਨਾਲ ਛੇ ਵਾਰ ਫ਼ੋਨ ਵਾਰਤਾਵਾਂ ਕੀਤੀਆਂ ਪਰ ਪੁਤਿਨ ਨਾ ਸਿਰਫ਼ ਗੱਲ ਲਟਕਾਉਂਦੇ ਰਹੇ ਬਲਕਿ ਹਰ ਗੱਲਬਾਤ ਤੋਂ ਬਾਅਦ ਵੱਡੇ-ਵੱਡੇ ਹਮਲੇ ਕਰਦੇ ਰਹੇ।

ਇਸ ਮਹੀਨੇ ਦੀ ਗੱਲਬਾਤ ਤੋਂ ਬਾਅਦ ਟਰੰਪ ਦਾ ਪੁਤਿਨ ਤੋਂ ਮੋਹ ਭੰਗ ਹੋ ਗਿਆ ਅਤੇ ਉਨ੍ਹਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਉਨ੍ਹਾਂ ਤੋਂ ਨਾਖ਼ੁਸ਼ ਹਨ। ਬੀ.ਬੀ.ਸੀ. ਨੂੰ ਦਿੱਤੇ ਇੰਟਰਵਿਊ ਵਿਚ ਟਰੰਪ ਨੇ ਕਿਹਾ ਕਿ ਉਹ ਪੁਤਿਨ ਤੋਂ ਨਿਰਾਸ਼ ਹਨ ਪਰ ਹਤਾਸ਼ ਨਹੀਂ। ਉਨ੍ਹਾਂ ਨੇ ਯੂਕ੍ਰੇਨ ਨੂੰ ਨਾਟੋ ਦੇ ਮਾਧਿਅਮ ਨਾਲ ਅਤਿ-ਆਧੁਨਿਕ ਰੱਖਿਆ ਪ੍ਰਣਾਲੀ ਅਤੇ ਮਿਜ਼ਾਈਲਾਂ ਦੇਣੀਆਂ ਸ਼ੁਰੂ ਕਰਨ ਦਾ ਐਲਾਨ ਕੀਤਾ ਅਤੇ ਪੁਤਿਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਉਹ 50 ਦਿਨਾਂ ਦੇ ਅੰਦਰ ਜੰਗਬੰਦੀ ਲਈ ਰਾਜ਼ੀ ਨਹੀਂ ਹੋਏ ਤਾਂ ਰੂਸੀ ਮਾਲ ਖ਼ਰੀਦਣ ਵਾਲੇ ਮੁਲਕਾਂ ’ਤੇ 100 ਪ੍ਰਤੀਸ਼ਤ ਟੈਰਿਫ਼ ਵਰਗੀਆਂ ਸਖ਼ਤ ਪਾਬੰਦੀਆਂ ਲਗਾਈਆਂ ਜਾਣਗੀਆਂ।

ਜਦੋਂ ਤੋਂ ਟਰੰਪ ਨੇ ਦੂਜੀ ਵਾਰ ਅਮਰੀਕਾ ਦੀ ਸੱਤਾ ਸੰਭਾਲੀ ਹੈ, ਉਦੋਂ ਤੋਂ ਹੀ ਉਹ ਟੈਰਿਫ਼ ਨੂੰ ਇਕ ਹਥਿਆਰ ਵਜੋਂ ਵਰਤ ਰਹੇ ਹਨ ਜੋ ਬਹੁਤਾ ਕਾਰਗਰ ਸਾਬਿਤ ਨਹੀਂ ਹੋ ਰਿਹਾ। ਪਹਿਲਾਂ ਉਨ੍ਹਾਂ ਨੇ ਉਨ੍ਹਾਂ




ਮੁਲਕਾਂ ਦੇ ਉਤਪਾਦਾਂ ’ਤੇ ਬਹੁਤ ਜ਼ਿਆਦਾ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਸੀ ਜੋ ਅਮਰੀਕੀ ਉਤਪਾਦਾਂ ’ਤੇ ਬਹੁਤ ਟੈਕਸ ਲਗਾਉਂਦੇ ਹਨ। ਭਾਰਤ ਵੀ ਉਨ੍ਹਾਂ ’ਚੋਂ ਇਕ ਸੀ।

ਫ਼ਿਰ ਟਰੰਪ ਨੂੰ ਆਪਣਾ ਇਹ ਫ਼ੈਸਲਾ ਕਈ ਵਾਰ ਅੱਗੇ ਪਾਉਣਾ ਪਿਆ। ਹੁਣ ਉਹ ਇਹੀ ਹਥਿਆਰ ਰੂਸ ਅਤੇ ਉਸ ਦੇ ਦੋਸਤ ਮੁਲਕਾਂ ਖ਼ਿਲਾਫ਼ ਵਰਤਣ ਦਾ ਡਰਾਵਾ ਦੇ ਰਹੇ ਹਨ। ਅਮਰੀਕਾ ਅਤੇ ਪੱਛਮੀ ਦੇਸ਼ ਤੇ ਉਨ੍ਹਾਂ ਦਾ ਫ਼ੌਜੀ ਗੱਠਜੋੜ ਨਾਟੋ ਰੂਸ-ਯੂਕ੍ਰੇਨ ਜੰਗ ਖ਼ਤਮ ਕਰਵਾਉਣ ਲਈ ਹਰ ਹਰਬਾ ਵਰਤਣ ’ਤੇ ਉਤਾਰੂ ਹਨ। ਨਾਟੋ ਦੇ ਜਨਰਲ ਸਕੱਤਰ ਮਾਰਕ ਰੂਟਾ ਨੇ ਤਾਂ ਚੀਨ, ਭਾਰਤ ਤੇ ਬ੍ਰਾਜ਼ੀਲ ਨੂੰ ਸਿੱਧੇ ਹੀ ਕਹਿ ਦਿੱਤਾ ਕਿ ਜਾਂ ਤਾਂ ਤਿੰਨੋਂ ਮਿਲ ਕੇ ਪੁਤਿਨ ਨੂੰ ਜੰਗਬੰਦੀ ਲਈ ਸਹਿਮਤ ਕਰੋ, ਨਹੀਂ ਤਾਂ ਅਮਰੀਕੀ ਪਾਬੰਦੀਆਂ ਲਈ ਤਿਆਰ ਹੋ ਜਾਣ। ਯੂਰਪੀ ਸੰਘ ਨੇ ਰੂਸ ’ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ ਅਤੇ ਅਮਰੀਕੀ ਸੈਨੇਟ ਰੂਸ ਤੋਂ ਤੇਲ ਖ਼ਰੀਦਣ ਵਾਲੇ ਦੇਸ਼ਾਂ ’ਤੇ 500 ਪ੍ਰਤੀਸ਼ਤ ਤੱਕ ਟੈਰਿਫ਼ ਲਗਾਉਣ ਵਾਲੇ ਪ੍ਰਸਤਾਵ ਦੀ ਤਿਆਰੀ ਕਰ ਰਹੀ ਹੈ। ਰੂਸ ਪ੍ਰਤੀਦਿਨ ਲਗਪਗ 70 ਲੱਖ ਬੈਰਲ ਤੇਲ ਦੀ ਬਰਾਮਦ ਕਰਦਾ ਹੈ ਜਿਸ ਦਾ 47 ਫ਼ੀਸਦੀ ਚੀਨ ਖ਼ਰੀਦਦਾ ਹੈ ਅਤੇ 38 ਪ੍ਰਤੀਸ਼ਤ ਭਾਰਤ।

ਰੂਸ ਇਸ ਸਮੇਂ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਤੇਲ ਉਤਪਾਦਕ ਦੇਸ਼ ਹੈ। ਉਸ ਦੇ ਤੇਲ ਦੀ ਵਿਕਰੀ ਬੰਦ ਹੋਣ ਨਾਲ ਦੁਨੀਆ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋ ਸਕਦਾ ਹੈ ਜਿਸ ਦਾ ਅਸਰ ਚੀਨ ਅਤੇ ਭਾਰਤ ’ਤੇ ਤਾਂ ਪਵੇਗਾ ਹੀ, ਯੂਰਪ ਅਤੇ ਅਮਰੀਕਾ ਵੀ ਉਸ ਤੋਂ ਅਣਛੋਹੇ ਨਹੀਂ ਰਹਿ ਸਕਣਗੇ ਕਿਉਂਕਿ ਤੇਲ ਦੀਆਂ ਕੀਮਤਾਂ ਵਿੱਚ ਉਛਾਲ ਕਾਰਨ ਮਹਿੰਗਾਈ ਵਧੇਗੀ ਅਤੇ ਦੁਨੀਆ ਦਾ ਅਰਥਚਾਰਾ ਸੰਕਟ ਵਿੱਚ ਪੈ ਜਾਵੇਗਾ।

ਇਸ ਨਾਲ ਰੂਸ ਦਾ ਨੁਕਸਾਨ ਤਾਂ ਉਦੋਂ ਹੋਵੇਗਾ ਜਦ ਚੀਨ, ਭਾਰਤ ਅਤੇ ਬ੍ਰਾਜ਼ੀਲ ਤੇਲ ਖ਼ਰੀਦਣਾ ਬੰਦ ਕਰਨਗੇ। ਹਾਲਾਂਕਿ ਤੇਲ ਦੀਆਂ ਕੀਮਤਾਂ ਵਧਣ ਨਾਲ ਰੂਸ ਨੂੰ ਫ਼ਾਇਦਾ ਹੋਣਾ ਤੁਰੰਤ ਸ਼ੁਰੂ ਹੋ ਗਿਆ ਹੈ। ਵੈਸੇ ਵੀ ਪੁਤਿਨ ਨੂੰ ਲੱਗਦਾ ਹੈ ਕਿ ਟਰੰਪ ਦੀ ਧਮਕੀ ਗਿੱਦੜਭਬਕੀ ਤੋਂ ਸਿਵਾਏ ਕੁਝ ਨਹੀਂ ਹੈ। ਇਸ ਲਈ ਪੁਤਿਨ ਨੇ ਯੂਕ1ਨ ’ਤੇ 700 ਡ੍ਰੋਨ ਅਤੇ ਦਰਜਨ ਭਰ ਮਿਜ਼ਾਈਲਾਂ ਨਾਲ ਵੱਡਾ ਹਮਲਾ ਕੀਤਾ। ਅਮਰੀਕੀ ਚਿਤਾਵਨੀ ਦੇ ਜਵਾਬ ਵਿੱਚ ਰੂਸੀ ਵਿਦੇਸ਼ ਮੰਤਰਾਲੇ ਦੀ ਬੁਲਾਰਨ ਜ਼ਖਰੋਵਾ ਨੇ ਵੀ ਕਿਹਾ ਕਿ ਅਲਟੀਮੇਟਮ, ਬਲੈਕਮੇਲ ਅਤੇ ਧਮਕੀਆਂ ਸਾਨੂੰ ਮਨਜ਼ੂਰ ਨਹੀਂ ਹਨ। ਅਸੀਂ ਆਪਣੀ ਸੁਰੱਖਿਆ ਅਤੇ ਹਿੱਤਾਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕਾਂਗੇ। ਰੂਸੀ ਸ਼ੇਅਰ ਬਾਜ਼ਾਰ ਵਿੱਚ ਵੀ ਘਬਰਾਹਟ ਦੀ ਜਗ੍ਹਾ ਤੇਜ਼ੀ ਦਿਖਾਈ ਦਿੱਤੀ।

ਟਰੰਪ ਦਾ ਪੁਤਿਨ ਤੋਂ ਮੋਹ ਭੰਗ ਹੋਣਾ ਸਮਝ ਵਿੱਚ ਆਉਂਦਾ ਹੈ ਪਰ ਆਰਥਿਕ ਪਾਬੰਦੀਆਂ ਦੇ ਜਿਸ ਹਥਿਆਰ ਨਾਲ ਬਾਇਡੇਨ ਕੁਝ ਹਾਸਲ ਨਹੀਂ ਕਰ ਸਕੇ ਤਾਂ ਉਸੇ ਨੂੰ ਦੁਬਾਰਾ ਚਲਾਉਣ ਦਾ ਮਕਸਦ ਕੀ ਹੋ ਸਕਦਾ ਹੈ ? ਮਸ਼ਹੂਰ ਇਤਿਹਾਸਕਾਰ ਯੁਵਾਲ ਨੋਆ ਹਰਾਰੀ ਮੁਤਾਬਕ ਟਰੰਪ ਕਿਲ੍ਹੇਬੰਦੀ ਦੀ ਮਾਨਸਿਕਤਾ ਨਾਲ ਕੰਮ ਕਰਦੇ ਹਨ। ਉਨ੍ਹਾਂ ਦੀਆਂ ਨੀਤੀਆਂ ਵਿੱਚ ਕਿਸੇ ਨਾ ਕਿਸੇ ਠੋਸ ਪ੍ਰਾਪਤੀ ਦਾ ਸਵਾਰਥ ਛੁਪਿਆ ਰਹਿੰਦਾ ਹੈ।

ਯੂਕ੍ਰੇਨ ਦੀ ਫ਼ੌਜੀ ਮਦਦ ਲਈ ਉਨ੍ਹਾਂ ਨੇ ਨਾਟੋ ਨੂੰ ਮਾਧਿਅਮ ਬਣਾਇਆ ਤਾਂ ਕਿ ਯੂਕਰੇਨ ਨੂੰ ਹਥਿਆਰ ਮਿਲ ਜਾਣ ਅਤੇ ਉਨ੍ਹਾਂ ਨੂੰ ਨਾਟੋ ਜ਼ਰੀਏ ਉਨ੍ਹਾਂ ਦੇ ਦਾਮ। ਟਰੰਪ ਦਾਅਵਾ ਕਰ ਚੁੱਕੇ ਹਨ ਕਿ ਚੀਨ ਦੇ ਨਾਲ ਸਿਧਾਂਤਕ ਤੌਰ ’ਤੇ ਵਪਾਰ ਸੌਦਾ ਹੋ ਚੁੱਕਾ ਹੈ ਪਰ ਉਸ ਦਾਅਵੇ ਨੂੰ ਤਿੰਨ ਹਫ਼ਤੇ ਬੀਤ ਚੁੱਕੇ ਹਨ ਪਰ ਸੌਦੇ ’ਤੇ ਮੋਹਰ ਨਹੀਂ ਲੱਗ ਸਕੀ ਹੈ। ਉਨ੍ਹਾਂ ਨੇ ਭਾਰਤ ਨਾਲ ਵੀ ਸੌਦਾ ਹੋ ਜਾਣ ਦਾ ਸੰਕੇਤ ਦਿੱਤਾ ਹੈ। ਅਲਬੱਤਾ ਰਸਮੀ ਤੌਰ ’ਤੇ ਕੋਈ ਐਲਾਨ ਨਹੀਂ ਹੋਇਆ ਹੈ। ਹੋ ਸਕਦਾ ਹੈ ਕਿ ਇਨ੍ਹਾਂ ਵਪਾਰ ਸੌਦਿਆਂ ਨੂੰ ਮਨ ਮੁਤਾਬਕ ਅਤੇ ਜਲਦੀ ਨਿਪਟਾਉਣ ਵਾਸਤੇ ਰੂਸੀ ਤੇਲ ਖ਼ਰੀਦਣ ਵਾਲਿਆਂ ’ਤੇ ਟੈਰਿਫ਼ ਲਗਾਉਣ ਦੀ ਚਿਤਾਵਨੀ ਦਿੱਤੀ ਜਾ ਰਹੀ ਹੋਵੇ। ਨਹੀਂ ਤਾਂ ਇਹ ਗੱਲ ਪੁਤਿਨ ਵੀ ਜਾਣਦੇ ਹਨ ਅਤੇ ਟਰੰਪ ਵੀ ਕਿ ਸ਼ੀ ਜਿਨਪਿੰਗ ਵੀ ਟਰੰਪ ਦੀ ਧਮਕੀ ਵਿੱਚ ਆ ਕੇ ਰੂਸ ਤੋਂ ਤੇਲ ਲੈਣਾ ਬੰਦ ਨਹੀਂ ਕਰਨ ਵਾਲੇ। ਉਹ ਟੈਰਿਫ਼ ਜੰਗ ਵਿੱਚ ਵੀ ਨਹੀਂ ਝੁਕੇ ਕਿਉਂਕਿ ਚੀਨ ਕੋਲ ਦੁਰਲਭ ਖਣਿਜਾਂ, ਚੁੰਬਕਾਂ ਅਤੇ ਸੈਮੀਕੰਡਕਟਰਾਂ ਦਾ ਬ੍ਰਹਮ ਅਸਤਰ ਸੀ।

ਉਸ ਦੇ ਨਾਲ ਆਖ਼ਰਕਾਰ ਟਰੰਪ ਨੂੰ ਹੀ ਸੌਦਾ ਕਰਨਾ ਪਿਆ। ਟਰੰਪ ਸਮਝ ਚੁੱਕੇ ਹਨ ਕਿ ਸਵਾ ਲੱਖ ਤੋਂ ਵੱਧ ਸੈਨਿਕਾਂ ਅਤੇ ਅਰਥ-ਵਿਵਸਥਾ ਦੀ ਬਲੀ ਚੜ੍ਹਾਅ ਚੁੱਕੇ ਪੁਤਿਨ ਨੂੰ ਗੱਲਾਂ ਅਤੇ ਧਮਕੀਆਂ ਨਾਲ ਪਿੱਛੇ ਹਟਾਉਣਾ ਸੰਭਵ ਨਹੀਂ ਹੈ। ਨਾ ਹੀ ਉਹ ਇਸ ਅੰਤਹੀਣ ਜੰਗ ਵਿੱਚ ਯੂਕ੍ਰੇਨ ਲਈ ਅਮਰੀਕੀ ਖ਼ਜ਼ਾਨਾ ਖੋਲ੍ਹਣ ਨੂੰ ਤਿਆਰ ਹਨ। ਇਸ ਲਈ ਉਨ੍ਹਾਂ ਨੇ ਨਾਟੋ ਜ਼ਰੀਏ ਹਥਿਆਰ ਵੇਚਣ ਦਾ ਰਸਤਾ ਚੁਣਿਆ ਹੈ ਤਾਂ ਕਿ ਯੂਕ੍ਰੇਨ ਆਪਣੀ ਰੱਖਿਆ ਕਰਦੇ ਹੋਏ ਰੂਸੀ ਸੈਨਾ ਅਤੇ ਰੱਖਿਆ ਤੰਤਰ ਨੂੰ ਇੰਨੀ ਸੱਟ ਮਾਰਦਾ ਰਹੇ ਕਿ ਇਕ ਦਿਨ ਪੁਤਿਨ ਥੱਕ ਕੇ ਗੱਲਬਾਤ ਲਈ ਮਜਬੂਰ ਹੋ ਜਾਣ।

ਦੂਜੇ ਪਾਸੇ, ਪੁਤਿਨ ਦਾ ਟੀਚਾ ਯੂਕ੍ਰੇਨ ਦੀ ਸੈਨਿਕ ਅਤੇ ਖ਼ੁਫ਼ੀਆ ਸ਼ਕਤੀ ਅਤੇ ਰੱਖਿਆ ਉਦਯੋਗ ਨੂੰ ਤਬਾਹ ਕਰ ਕੇ ਉਸ ਨੂੰ ਅਜਿਹੇ ਨਾਕਾਮ ਰਾਸ਼ਟਰ ਵਿੱਚ ਤਬਦੀਲ ਕਰ ਦੇਣਾ ਹੈ ਜਿੱਥੇ ਰੂਸੀ ਹਮਲਿਆਂ ਦੇ ਡਰੋਂ ਕੋਈ ਨਿਵੇਸ਼ ਨਾ ਕਰੇ ਅਤੇ ਉਹ ਰੂਸ ’ਤੇ ਆਸ਼ਰਿਤ ਹੋ ਕੇ ਰਹਿ ਜਾਵੇ। ਇਸ ਖੇਡ ਵਿੱਚ ਭਾਰਤ ਨੂੰ ਕੂਟਨੀਤਕ ਨਿਪੁੰਨਤਾ ਦੇ ਨਾਲ ਚੀਨ ਦੇ ਨਾਲ ਮਿਲ ਕੇ ਚੱਲਣਾ ਹੋਵੇਗਾ ਕਿਉਂਕਿ ਟਰੰਪ ਉਸੇ ਦੀ ਸੁਣਦੇ ਹਨ ਜਿਸ ਕੋਲ ਪਲਟਵਾਰ ਕਰਨ ਦੀ ਕਾਬਲੀਅਤ ਹੁੰਦੀ ਹੈ।

ਚੀਨ ਕੋਲ ਪਲਟਵਾਰ ਲਈ ਦੁਰਲਭ ਖਣਿਜ ਹਨ ਅਤੇ ਰੂਸ ਕੋਲ ਤੇਲ ਅਤੇ ਅਨਾਜ। ਅਜਿਹੇ ਵਿੱਚ ਭਾਰਤ ਨੂੰ ਆਪਣੀ ਕੂਟਨੀਤੀ ’ਤੇ ਦਾਅ ਲਗਾਉਣਾ ਹੋਵੇਗਾ। ਉਮਦਾ ਕੂਟਨੀਤੀ ਸਦਕਾ ਹੀ ਭਾਰਤ ਟਰੰਪ ਦੇ ਜਾਲ਼ ਵਿੱਚ ਫ਼ਸਣ ਤੋਂ ਬਚ ਸਕਦਾ ਹੈ ਅਤੇ ਆਪਣੇ ਸਦਾਬਹਾਰ ਦੋਸਤ ਰੂਸ ਤੋਂ ਵੀ ਫ਼ਾਇਦਾ ਲੈਂਦਾ ਰਹਿ ਸਕਦਾ ਹੈ।

**(ਲੇਖਕ ਬੀ.ਬੀ.ਸੀ. ਹਿੰਦੀ ਦਾ ਸਾਬਕਾ ਸੰਪਾਦਕ ਹੈ)**

# ਚੁਣੌਤੀਆਂ ਨਾਲ ਭਰਪੂਰ ਹਨ ਭਾਰਤ-ਚੀਨ ਸਬੰਧ

ਮੁਖ਼ਤਾਰ ਗਿੱਲ

ਭਾਰਤ-ਚੀਨ ਰਿਸ਼ਤਿਆਂ ਨੂੰ ਲੀਹ 'ਤੇ ਲਿਆਉਣ ਲਈ ਭਾਵੇਂ ਦੋਵੇਂ ਮੁਲਕ ਯਤਨਸ਼ੀਲ ਹਨ ਪਰ ਇਨ੍ਹਾਂ ਨੂੰ ਨਿੱਘੇ ਬਣਾਉਣ ਵਿੱਚ ਅਜੇ ਵੀ ਕਈ ਅੜਿੱਕੇ ਮੌਜੂਦ ਹਨ। ਭਾਰਤ ਨੇ ਭਾਵੇਂ ਚੀਨ ਦੇ ਨਾਗਰਿਕਾਂ ਲਈ ਟੂਰਿਸਟ ਵੀਜ਼ਾ ਮੁੜ ਖੋਲ੍ਹ ਦਿੱਤਾ ਹੈ ਜਿਸ ਨੂੰ ਇੱਕ ਹਾਂ-ਪੱਖੀ ਕਦਮ ਵਜੋਂ ਦੇਖਿਆ ਜਾ ਰਿਹਾ ਹੈ।




ਸਰਹੱਦ 'ਤੇ ਕਈ ਸਾਲਾਂ ਦੇ ਤਣਾਅ ਤੋਂ ਬਾਅਦ ਜੇ ਭਾਰਤ ਅਤੇ ਚੀਨ ਆਪਣੇ ਸਬੰਧਾਂ ਨੂੰ ਫਿਰ ਤੋਂ ਪਟੜੀ 'ਤੇ ਲਿਆਉਣ ਦੀ ਦਿਸ਼ਾ ਵੱਲ ਵੇਖ ਰਹੇ ਹਨ ਤਾਂ ਇਹ ਵੱਡੀ ਗੱਲ ਹੈ। ਯੂਕ੍ਰੇਨ ਨਾਲ ਚੱਲ ਰਹੀ ਜੰਗ ਦੌਰਾਨ ਰੂਸ ਦੀ ਚੀਨ 'ਤੇ ਵਧੀ ਨਿਰਭਰਤਾ ਵੀ ਭਾਰਤ-ਚੀਨ ਸਬੰਧਾਂ ਨੂੰ ਸੁਖਾਵੇਂ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।

ਪੁਤਿਨ ਚਾਹੁੰਦੇ ਹਨ ਕਿ ਰੂਸ, ਭਾਰਤ ਤੇ ਚੀਨ ਇਕਜੁੱਟ ਹੋ ਕੇ ਟਰੰਪ ਦੇ ਮਨਸੂਬਿਆਂ 'ਤੇ ਪਾਣੀ ਫੇਰ ਸਕਦੇ ਹਨ। ਟਰੰਪ ਪੁਤਿਨ 'ਤੇ ਦਬਾਅ ਪਾ ਰਹੇ ਹਨ ਕਿ ਉਹ ਯੂਕ੍ਰੇਨ ਨਾਲ ਜੰਗਬੰਦੀ ਕਰਨ ਜਦਕਿ ਪੁਤਿਨ ਅਜਿਹਾ ਹਰਗਿਜ਼ ਨਹੀਂ ਚਾਹੁੰਦੇ। ਇਸੇ ਤੋਂ ਨਾਰਾਜ਼ ਹੋ ਕੇ ਟਰੰਪ ਨੇ ਰੂਸ ਨੂੰ ਹੋਰ ਸਖ਼ਤ ਪਾਬੰਦੀਆਂ ਦਾ ਸਾਹਮਣਾ ਕਰਨ ਅਤੇ ਭਾਰਤ, ਚੀਨ ਤੇ ਬ੍ਰਾਜ਼ੀਲ 'ਤੇ ਉਸ ਸੂਰਤ 'ਚ ਭਾਰੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ ਜੇ ਉਨ੍ਹਾਂ ਨੇ ਰੂਸ ਤੋਂ ਪੈਟਰੋਲੀਅਮ ਪਦਾਰਥ ਖ਼ਰੀਦਣੇ ਬੰਦ ਨਾ ਕੀਤੇ। ਇਸ ਬਦਲੇ ਹੋਏ ਹਾਲਾਤ ਨੂੰ ਦੇਖਦੇ ਹੋਏ ਭਾਰਤ ਤੇ ਚੀਨ ਦੁਵੱਲੇ ਸਬੰਧਾਂ ਨੂੰ ਸੁਧਾਰਨ ਵਾਲੇ ਪਾਸੇ ਤੁਰ ਪਏ ਹਨ।

ਇਸ ਸਾਲ ਦੇ ਜੂਨ ਮਹੀਨੇ ਵਿੱਚ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਚੀਨ ਦੇ ਸ਼ਹਿਰ ਤਿਆਨਜਿਨ ਵਿੱਚ 'ਸ਼ੰਘਾਈ ਸਹਿਯੋਗ ਸੰਗਠਨ'(ਐੱਸ.ਸੀ.ਓ.) ਦੀ ਬੈਠਕ ਦੌਰਾਨ ਚੀਨ ਦਾ ਦੌਰਾ ਕੀਤਾ ਸੀ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਚੀਨੀ ਹਮਰੁਤਬਾ ਵਾਂਗਜ਼ੀ ਨਾਲ ਵਿਆਪਕ ਗੱਲਬਾਤ ਦੌਰਾਨ ਕਿਹਾ ਕਿ ਪਿਛਲੇ ਨੌਂ ਮਹੀਨਿਆਂ ਵਿੱਚ ਦੁਵੱਲੇ ਸਬੰਧਾਂ ਨੂੰ ਸੁਖਾਵੇਂ ਬਣਾਉਣ ਦੀ ਦਿਸ਼ਾ 'ਚ ਪ੍ਰਗਤੀ ਤੋਂ ਬਾਅਦ ਚੀਨ ਨੂੰ ਹੁਣ ਅਸਲ ਕੰਟਰੋਲ ਰੇਖਾ 'ਤੇ ਤਣਾਅ ਘੱਟ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

ਮਤਲਬ ਕਿ ਇਨ੍ਹਾਂ ਯਾਤਰਾਵਾਂ ਨੂੰ ਦੋ-ਪੱਖੀ ਸਬੰਧਾਂ 'ਤੇ ਜੰਮੀ ਬਰਫ਼ ਪਿਘਲਣ ਦੇ ਰੂਪ ਵਿੱਚ ਵੇਖਿਆ ਗਿਆ ਸੀ। ਐੱਸ.ਸੀ.ਓ. ਦਸ ਮੈਂਬਰ ਮੁਲਕਾਂ ਦਾ ਇੱਕ ਸੰਗਠਨ ਹੈ ਜਿਸ ਵਿੱਚ ਭਾਰਤ, ਪਾਕਿਸਤਾਨ, ਰੂਸ ਅਤੇ ਇਰਾਨ ਆਦਿ ਦੇਸ਼ ਹਨ ਪਰ ਸਾਂਝੇ ਬਿਆਨ ਵਿੱਚ ਕੌਮਾਂਤਰੀ ਅੱਤਵਾਦ, ਖ਼ਾਸ ਤੌਰ 'ਤੇ ਪਾਕਿਸਤਾਨ ਦੇ ਅੱਤਵਾਦ ਦੇ ਪੋਸ਼ਕ ਵਜੋਂ ਜ਼ਿਕਰ ਨਾ ਹੋਣ ਕਰ ਕੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ।

ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਇਹ ਫੇਰੀ ਪਿਛਲੇ ਪੰਜਾਂ ਸਾਲਾਂ ਵਿੱਚ ਕਿਸੇ ਦਿੱਗਜ਼ ਭਾਰਤੀ ਮੰਤਰੀ ਦੀ ਪਹਿਲੀ ਚੀਨ ਯਾਤਰਾ ਸੀ। ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਨੇ ਬੀਜਿੰਗ ਵਿੱਚ ਚੀਨ ਦੇ ਉਪ-ਰਾਸ਼ਟਰਪਤੀ ਹਾਨ ਜੌਂਗ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਭਾਰਤ-ਚੀਨ ਸਬੰਧ ਲਗਾਤਾਰ ਸੁਖਾਵੇਂ ਬਣੇ ਰਹਿਣ ਨਾਲ ਦੋਵਾਂ ਦੇਸ਼ਾਂ ਲਈ ਫ਼ਾਇਦੇ ਵਾਲੇ ਨਤੀਜੇ ਪ੍ਰਾਪਤ ਹੋ ਸਕਦੇ ਹਨ ਅਤੇ ਮੁਸ਼ਕਿਲ ਆਲਮੀ ਹਾਲਾਤ ਦੇ ਮੱਦੇਨਜ਼ਰ ਦੋਵਾਂ ਗੁਆਂਢੀ ਮੁਲਕਾਂ ਵਿਚਾਲੇ ਖੁੱਲ੍ਹੀ ਵਿਚਾਰ-ਚਰਚਾ ਵੀ ਬਹੁਤ ਅਹਿਮ ਹੋ ਸਕਦੀ ਹੈ।

ਚੀਨ ਨੇ ਅਸਲ ਕੰਟਰੋਲ ਰੇਖਾ ਪਾਰ ਕਰ ਕੇ ਭਾਰਤ ਦੇ ਕੁਝ ਸੈਕਟਰਾਂ ਗਲਵਾਨ, ਡੋਗਰਾ ਹੌਟ, ਸਪ੍ਰਿੰਗਜ਼, ਪੈਂਗੋਂਗ ਝੀਲ, ਦੇਪਸਾਂਗ ਅਤੇ ਡੈਮਚੋਕ ਉੱਤੇ ਕਬਜ਼ਾ ਕਰ ਕੇ ਭਾਰਤ ਦੀ ਫ਼ੌਜ ਨੂੰ ਗਸ਼ਤ ਕਰਨ ਤੋਂ ਰੋਕ ਦਿੱਤਾ ਸੀ। ਭਾਰਤ-ਚੀਨ ਤਣਾਅ ਦੇ ਕੇਂਦਰ ਵਿੱਚ 3,440 ਕਿੱਲੋਮੀਟਰ ਸਰਹੱਦ ਹੈ। ਇਸ ਲੰਬੀ ਸੀਮਾ 'ਚ ਨਦੀਆਂ, ਝੀਲਾਂ, ਬਰਫ ਨਾਲ ਢੱਕੀਆਂ ਪਹਾੜੀਆਂ ਹੋਣ ਕਾਰਨ ਸੀਮਾ ਰੇਖਾ ਅਕਸਰ ਖਿਸਕਦੀ ਰਹਿੰਦੀ ਹੈ ਜਿਸ ਦੀ ਵਜ੍ਹਾ ਕਰਕੇ ਦੋਵਾਂ ਦੇਸ਼ਾਂ ਦੇ ਫ਼ੌਜੀ ਆਹਮੋ-ਸਾਹਮਣੇ ਆ ਜਾਂਦੇ ਹਨ। ਇਹ ਤਣਾਅ ਜੂਨ 2020 ਵਿੱਚ ਹੋਰ ਵਧ ਗਿਆ ਸੀ ਜਦੋਂ ਗਲਵਾਨ ਵਾਦੀ ਵਿੱਚ ਦੋਵਾਂ ਫ਼ੌਜਾਂ ਵਿਚਾਲੇ ਹਿੰਸਕ ਟਕਰਾਅ ਹੋ ਗਿਆ। ਇਹ 1975 ਤੋਂ ਬਾਅਦ ਪਹਿਲੀ ਵਾਰ ਹੋਇਆ ਜਦੋਂ ਦੋਵਾਂ ਪਾਸਿਆਂ ਦੇ ਫ਼ੌਜੀਆਂ ਦੀ ਜਾਨ ਗਈ। ਇੱਕੀ ਅਕਤੂਬਰ ਨੂੰ ਰੂਸ ਦੇ ਸ਼ਹਿਰ ਕਜ਼ਾਨ ਦੇ ਬ੍ਰਿਕਸ ਸਿਖਰ ਸੰਮੇਲਨ ਦੌਰਾਨ ਭਾਰਤੀ ਪੀ.ਐੱਮ. ਮੋਦੀ ਦੀ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਸੰਖੇਪ ਜਿਹੀ ਮੀਟਿੰਗ ਦੌਰਾਨ ਭਾਰਤ-ਚੀਨ ਸਰਹੱਦ 'ਤੇ ਤਣਾਅ ਘਟਾਉਣ ਲਈ ਸਹਿਮਤੀ ਬਣੀ ਸੀ।

ਹਕੀਕਤ ਇਹ ਹੈ ਕਿ ਭਾਰਤ ਚੀਨ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਪਿਛਲੇ ਸਾਲ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ 127 ਅਰਬ ਡਾਲਰ ਤੋਂ ਜ਼ਿਆਦਾ ਦਾ ਵਪਾਰ ਹੋਇਆ। ਭਾਰਤ ਖ਼ਾਸ ਤੌਰ 'ਤੇ ਚੀਨ ਤੋਂ ਆਉਣ ਵਾਲੇ ਦੁਰਲਭ ਖਣਿਜਾਂ 'ਤੇ ਨਿਰਭਰ ਹੈ। ਇਸ ਲਈ ਸਰਹੱਦੀ ਇਲਾਕਿਆਂ ਵਿੱਚ ਸ਼ਾਂਤੀ ਬਣਾਈ ਰੱਖਣ ਦੇ ਫਲਸਰੂਪ ਆਰਥਿਕ ਰਿਸ਼ਤਿਆਂ ਨੂੰ ਬਿਹਤਰ ਬਣਾਉਣਾ ਬਹੁਤ ਜ਼ਰੂਰੀ ਹੈ। ਤਾਇਵਾਨ ਨੂੰ ਵੀ ਧਿਆਨ ਵਿੱਚ ਰੱਖਦਿਆਂ ਹੋਇਆਂ ਚੀਨ ਵੀ ਹੁਣ ਭਾਰਤ ਦਾ ਇਸਤੇਮਾਲ ਉਸ ਦੇ ਵਧਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਲਈ ਕਰ ਰਿਹਾ ਹੈ।

ਅਮਰੀਕਾ ਤੇ ਉਸ ਦੇ ਸਹਿਯੋਗੀਆਂ ਉੱਤੇ ਭਾਰਤ ਦਾ ਸੰਤੁਲਨ ਬਣਾਉਣ ਲਈ ਚੀਨ ਸਰਹੱਦੀ ਵਿਵਾਦ ਤੋਂ ਇਲਾਵਾ ਦੂਸਰੇ ਮੁੱਦਿਆਂ 'ਚ ਵੀ ਸੁਧਾਰ ਚਾਹੁੰਦਾ ਹੈ। ਚੀਨ ਚਾਹੁੰਦਾ ਹੈ ਕਿ ਭਾਰਤ ਨਾਲ ਬਰਾਮਦ ਤੇ ਨਿਵੇਸ਼ ਨੂੰ ਵਧਾਵਿਆ ਜਾਵੇ ਅਤੇ ਭਾਰਤ ਚੀਨੀ ਇੰਜੀਨੀਅਰਾਂ ਤੇ ਕਾਮਿਆਂ 'ਤੇ ਵੀਜ਼ੇ ਦੀਆਂ ਪਾਬੰਦੀਆਂ ਹਟਾਈਆਂ ਜਾਣ। ਇਸ ਦਾ ਦੋਵਾਂ ਦੇਸ਼ਾਂ ਨੂੰ ਫ਼ਾਇਦਾ ਹੋਵੇਗਾ। ਰਣਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਭਾਰਤ ਨੂੰ ਚੀਨ ਦੇ ਹਮਲਾਵਰ ਹੋਣ ਦੀ ਸੂਰਤ ਵਿੱਚ ਉਸ ਦੇ ਖ਼ਿਲਾਫ਼ ਲੋਹੇ ਦੀ ਕੰਧ ਵਾਂਗ ਵੇਖਦਾ ਹੈ ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਵੱਈਏ ਨੂੰ ਵੇਖਦਿਆਂ ਹੁਣ ਭਾਰਤ ਨੂੰ ਇਹ ਲੱਗਦਾ ਹੈ ਕਿ ਨੇੜ ਭਵਿੱਖ ਵਿੱਚ ਚੀਨ ਨਾਲ ਕਿਸੇ ਸੰਘਰਸ਼ ਦੀ ਸਥਿਤੀ 'ਚ ਅਮਰੀਕਾ ਭਾਰਤ ਦਾ ਸੁਹਿਰਦਤਾ ਨਾਲ ਸਹਿਯੋਗ ਨਹੀਂ ਕਰੇਗਾ। ਟਰੰਪ ਪ੍ਰਸ਼ਾਸਨ ਦੇ ਦੂਸਰੇ ਕਾਰਜਕਾਲ ਵਿੱਚ 'ਕੁਆਡ' ਯਾਨੀ ਕੁਆਡਰੀਲੇਟਰਲ ਸਕਿਉਰਿਟੀ ਡਾਇਲਾਗ, ਜਿਸ ਵਿੱਚ ਅਮਰੀਕਾ, ਜਾਪਾਨ, ਆਸਟ੍ਰੇਲੀਆ ਅਤੇ ਭਾਰਤ ਸ਼ਾਮਲ ਹਨ, ਪਿੱਛੇ ਚਲਾ ਗਿਆ ਹੈ।

ਭਾਰਤ ਦੇ ਸਿਆਸੀ ਵਿਸ਼ਲੇਸ਼ਕ ਫੂੰਚੋਨ ਸਟੋਬਦਾਨ ਮੁਤਾਬਕ, 'ਹਾਲੀਆ ਸਾਲਾਂ ਵਿੱਚ ਭਾਰਤ, ਚੀਨ ਨੇ 'ਸ਼ੰਘਾਈ ਸਹਿਯੋਗ ਸੰਗਠਨ' ਅਤੇ 'ਬ੍ਰਿਕਸ' ਵਰਗੇ ਉੱਭਰਦੇ ਅਰਥਵਿਵਸਥਾ ਦੇ ਸਮੂਹਾਂ ਵਿੱਚ ਵੀ ਆਪਣਾ ਪ੍ਰਭਾਵ ਕਾਫ਼ੀ ਵਧਾ ਲਿਆ ਹੈ। ਇਸ ਲਈ ਹੁਣ ਭਾਰਤ ਵਿਹਾਰਕ ਰਵੱਈਆ ਅਪਣਾ ਰਿਹਾ ਹੈ। ਭਾਰਤ ਘਰੇਲੂ ਕਾਰਨਾਂ ਕਰਕੇ ਇਹ ਨਹੀਂ ਚਾਹੁੰਦਾ ਕਿ ਉਹ ਚੀਨ ਦੀਆਂ ਸ਼ਰਤਾਂ ਸਾਹਮਣੇ ਝੁਕਦਾ ਹੋਇਆ ਨਜ਼ਰ ਆਵੇ।

ਉਹ ਸਿਰਫ਼ ਅਮਰੀਕਾ ਤੱਕ ਸੀਮਤ ਨਹੀਂ ਹੈ। ਭਾਰਤ ਇਹ ਵੀ ਨੇੜਿਓਂ ਵੇਖ ਰਿਹਾ ਹੈ ਕਿ ਉਸ ਦਾ ਲੰਬੇ ਸਮੇਂ ਤੋਂ ਸਹਿਯੋਗੀ ਅਤੇ ਵੱਡਾ ਹਥਿਆਰ ਸਪਲਾਈ ਕਰਤਾ ਰੂਸ ਯੂਕ੍ਰੇਨ ਜੰਗ ਕਾਰਨ ਚੀਨ ਵੱਲ ਕਿਸ ਤਰ੍ਹਾਂ ਝੁਕ ਰਿਹਾ ਹੈ। ਯੂਕ੍ਰੇਨ 'ਤੇ ਰੂਸ ਦੇ ਹਮਲੇ ਦੇ ਜਵਾਬ ਵਿੱਚ ਲੱਗੇ ਪੱਛਮੀ ਵਿਰੋਧੀਆਂ ਦੇ ਚੱਲਦਿਆਂ ਰੂਸ ਹੁਣ ਊਰਜਾ ਬਰਾਮਦ ਲਈ ਚੀਨ 'ਤੇ ਜ਼ਿਆਦਾ ਨਿਰਭਰ ਹੋ ਗਿਆ ਹੈ।


ਰੂਸ ਨੂੰ ਮਹੱਤਵਪੂਰਨ ਦਰਾਮਦ ਅਤੇ ਨਿਵੇਸ਼ ਲਈ ਚੀਨ 'ਤੇ ਨਿਰਭਰ ਰਹਿਣਾ ਪੈ ਰਿਹਾ ਹੈ। ਇਹੋ ਗੱਲ ਹੈ ਕਿ ਚੀਨ ਨਾਲ ਕਿਸੇ ਵੀ ਭਵਿੱਖੀ ਟਕਰਾਅ ਦੀ ਸਥਿਤੀ ਵਿੱਚ ਭਾਰਤ ਨੂੰ ਰੂਸ ਦੀ ਭੂਮਿਕਾ ਬਾਰੇ ਸ਼ੰਕਾ ਹੋ ਰਹੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ ਯੂਕ੍ਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਪਾਈ ਜੱਫੀ ਤੋਂ ਰੂਸ ਨਾਰਾਜ਼ ਚੱਲ ਰਿਹਾ ਹੈ। ਉਹ ਭਾਰਤ-ਪਾਕਿ ਟਕਰਾਅ ਦੌਰਾਨ ਹੋਰ ਕਈ ਦੇਸ਼ਾਂ ਵਾਂਗ 'ਚੁੱਪ' ਰਿਹਾ ਸੀ।

ਮਾਹਿਰਾਂ ਦਾ ਕਹਿਣਾ ਹੈ ਕਿ ਤੇਜ਼ੀ ਨਾਲ ਬਦਲਦੇ ਦੁਨੀਆ ਦੇ ਸਮੀਕਰਨਾਂ ਨੇ ਵੀ ਭਾਰਤ ਨੂੰ ਚੀਨ ਨਾਲ ਗੱਲਬਾਤ ਕਰਨ ਲਈ ਮਜਬੂਰ ਕੀਤਾ ਹੈ। ਇਸ ਵਿੱਚ ਟਰੰਪ ਦਾ ਦੂਸਰੀ ਵਾਰ ਰਾਸ਼ਟਰਪਤੀ ਬਣਨਾ ਅਹਿਮ ਤੱਥ ਹੈ।

ਨਿਊਯਾਰਕ 'ਚ ਸਥਿਤ ਯੂਨੀਵਰਸਿਟੀ ਆਫ ਆਲਬਨੀ ਦੇ ਪ੍ਰੋਫੈਸਰ ਕ੍ਰਿਸਟੋਫਰ ਕਲੈਰੀ ਨੇ ਦੱਸਿਆ ਕਿ ਭਾਰਤ ਨੂੰ ਲੱਗਿਆ ਸੀ ਕਿ ਉਹ ਅਮਰੀਕਾ ਦਾ ਰਣਨੀਤਕ ਭਾਈਵਾਲ ਬਣੇਗਾ ਪਰ ਅਮਰੀਕਾ ਤੋਂ ਉਸ ਨੂੰ ਉਹੋ ਜਿਹੀ ਹਮਾਇਤ ਨਹੀਂ ਮਿਲੀ ਜਿਸ ਤਰ੍ਹਾਂ ਦੀ ਉਸ ਨੂੰ ਉਮੀਦ ਸੀ। ਹਾਲ ਹੀ ਵਿਚ 'ਚ ਪਾਕਿ ਨਾਲ ਸਰਹੱਦ 'ਤੇ ਵਧਦੇ ਟਕਰਾਅ ਦੌਰਾਨ ਭਾਰਤ ਨੇ ਚੀਨ ਅਤੇ ਪਾਕਿਸਤਾਨ ਵਿਚਾਲੇ ਵਧਦੇ ਫ਼ੌਜੀ ਸਹਿਯੋਗ ਨੂੰ ਵੀ ਵੇਖਿਆ।

ਪਿਛਲੇ ਸਾਲ ਦੇ ਅੰਤ ਵਿੱਚ ਲੱਦਾਖ ਦੇ ਮੁੱਖ ਤਣਾਅ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਾਲੇ ਸਹਿਮਤੀ ਬਣੀ ਸੀ। ਇਹ ਵੀ ਤੈਅ ਕੀਤਾ ਗਿਆ ਕਿ 2020 ਦੀ ਝੜਪ ਤੋਂ ਬਾਅਦ ਸਿੱਧੀਆਂ ਉਡਾਨਾਂ ਤੇ ਵੀਜ਼ਿਆਂ 'ਤੇ ਜਿਹੜੀਆਂ ਪਾਬੰਦੀਆਂ ਲਗਾਈਆਂ ਸਨ, ਉਨ੍ਹਾਂ ਨੂੰ ਮੁੜ ਤੋਂ ਆਮ ਵਰਗਾ ਕੀਤਾ ਜਾਵੇਗਾ।ਸਦਭਾਵਨਾ ਦਾ ਸਬੂਤ ਦਿੰਦਿਆਂ ਚੀਨ ਨੇ ਭਾਰਤੀ ਤੀਰਥ ਯਾਤਰੀਆਂ ਨੂੰ 6 ਸਾਲ ਮਗਰੋਂ ਕੈਲਾਸ਼ ਮਾਨਸਰੋਵਰ ਦੀ ਯਾਤਰਾ ਦੀ ਆਗਿਆ ਦੇ ਦਿੱਤੀ ਹੈ। ਓਧਰ ਜਾਪਾਨ ਨੇ ਚੀਨ ਦੀਆਂ ਫ਼ੌਜੀ ਗਤੀਵਿਧੀਆਂ ਨੂੰ ਸਭ ਤੋਂ ਵੱਡੀ ਰਣਨੀਤਕ ਚੁਣੌਤੀ ਦੱਸਿਆ ਸੀ। ਭਾਰਤ ਚੀਨ ਦੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਦੋਵਾਂ ਦੇਸ਼ਾਂ ਵਿਚਾਲੇ ਸੰਵਾਦ ਬਹੁਤ ਜ਼ਰੂਰੀ ਹੈ। ਇਨ੍ਹਾਂ ਵਾਰਤਾਵਾਂ ਸਦਕਾ ਕਿਸੇ ਹੱਦ ਤੱਕ ਦਰਪੇਸ਼ ਚੁਣੌਤੀਆਂ ਘਟਾਈਆਂ ਜਾ ਸਕਣਗੀਆਂ।

# ਸਪਸ਼ਟ ਹੋਵੇ ਭਾਰਤ ਦੀ ਸਮੁੱਚੀ ਖ਼ੁਸ਼ਹਾਲੀ ਦੀ ਤਸਵੀਰ



ਡਾ. ਐਸ. ਐਸ. ਛੀਨਾ

ਰਿਪੋਰਟਾਂ ਅਨੁਸਾਰ ਭਾਰਤ ਦੀ ਵਿਕਾਸ ਦਰ ਕਈ ਸਾਲਾਂ ਤੋਂ 6 ਫ਼ੀਸਦੀ ਤੋਂ ਉੱਪਰ ਰਹੀ ਹੈ ਪਰ ਇਸ ਦਾ ਇਹ ਅਰਥ ਨਹੀਂ ਕਿ ਭਾਰਤ ਦੇ ਹਰ ਵਿਅਕਤੀ ਦੀ ਆਮਦਨ 6 ਫ਼ੀਸਦੀ ਤੋਂ ਜ਼ਿਆਦਾ ਵਧ ਰਹੀ ਹੈ। ਦੂਸਰੀ ਤਰਫ਼ ਭਾਰਤ ਦੀ ਰੁਜ਼ਗਾਰ ਰਿਪੋਰਟ 2024 ਅਨੁਸਾਰ ਇੱਥੇ ਨੌਜਵਾਨਾਂ ਵਿੱਚ ਸੰਨ 2000 ਵਿੱਚ ਜਿਹੜੀ ਬੇਰੁਜ਼ਗਾਰੀ ਦੀ ਦਰ 5.7 ਫ਼ੀਸਦੀ ਸੀ ਉਹ 2019 ਵਿੱਚ ਵਧ ਕੇ 17.5 ਫ਼ੀਸਦੀ ਹੋ ਗਈ ਸੀ। ਭਾਰਤ ਦਾ ਵਿਕਾਸ ਕਿਰਤੀਆਂ ਦੀ ਜਗ੍ਹਾ ਪੂੰਜੀ ਦੀ ਜ਼ਿਆਦਾ ਵਰਤੋਂ ਕਰਕੇ ਹੋ ਰਿਹਾ ਹੈ ਜਾਂ ਜਿਹੜਾ ਵਿਕਾਸ ਭਾਰਤ ਵਿੱਚ ਹੋ ਰਿਹਾ ਹੈ, ਉਹ ਰੁਜ਼ਗਾਰ ਰਹਿਤ ਵਿਕਾਸ ਹੈ ਜਿਸ ਵਿੱਚ ਕਿਰਤ ਨੂੰ ਵਰਤਣ ਵਾਲੇ ਖੇਤੀ ਅਤੇ ਛੋਟੇ ਪੈਮਾਨੇ ਦੇ ਕਾਰੋਬਾਰਾਂ ਨੂੰ ਅਣਗੌਲਿਆ ਜਾ ਰਿਹਾ ਹੈ।

ਹੁਣ ਭਾਰਤ ਦੀ ਆਰਥਿਕਤਾ 4.147 ਲੱਖ ਕਰੋੜ ਡਾਲਰ ਦੀ ਬਣ ਕੇ ਜਾਪਾਨ ਦੀ 4.136 ਲੱਖ ਕਰੋੜ ਡਾਲਰ ਦੀ ਅਰਥ-ਵਿਵਸਥਾ ਤੋਂ ਅੱਗੇ ਲੰਘ ਗਈ ਹੈ ਅਤੇ 2 ਜਾਂ 3 ਸਾਲਾਂ ਵਿੱਚ ਹੀ ਜਰਮਨੀ ਦੀ ਅਰਥ-ਵਿਵਸਥਾ ਨੂੰ ਪਿੱਛੇ ਛੱਡ ਕੇ ਦੁਨੀਆ ਦੀ ਤੀਸਰੀ ਵੱਡੀ ਅਰਥ-ਵਿਵਸਥਾ ਬਣ ਜਾਵੇਗੀ ਅਤੇ 2030 ਤੱਕ 5 ਲੱਖ ਕਰੋੜ ਡਾਲਰ ਦੀ ਆਰਥਿਕਤਾ ਬਣਨ ਦਾ ਸੁਪਨਾ ਪੂਰਾ ਹੋ ਜਾਵੇਗਾ।

ਇਸ ਤਸਵੀਰ ਦਾ ਦੂਸਰਾ ਪਾਸਾ ਇਹ ਦੱਸ ਰਿਹਾ ਹੈ ਕਿ ਭਾਰਤ ਦਾ ਪ੍ਰਤੀ ਵਿਅਕਤੀ ਘਰੇਲੂ ਉਤਪਾਦਨ 2090 ਡਾਲਰ ਹੈ ਪਰ ਜਾਪਾਨ ਦਾ ਪ੍ਰਤੀ ਵਿਅਕਤੀ ਘਰੇਲੂ ਉਤਪਾਦਨ ਜਾਂ ਪ੍ਰਤੀ ਵਿਅਕਤੀ ਆਮਦਨ ਭਾਰਤ ਨਾਲੋਂ 14 ਗੁਣਾ ਅੱਗੇ ਹੈ ਅਤੇ 33000 ਡਾਲਰ ਦੇ ਕਰੀਬ ਹੈ ਜਦਕਿ ਜਰਮਨੀ ਜਿਸ ਤੋਂ ਇਕ-ਦੋ ਸਾਲਾਂ ਵਿੱਚ ਅੱਗੇ ਲੰਘ ਜਾਵੇਗਾ, ਉਹ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਭਾਰਤੀਆਂ ਤੋਂ 20 ਗੁਣਾ ਜ਼ਿਆਦਾ ਜਾਂ 55000 ਡਾਲਰ ਦੇ ਬਰਾਬਰ ਹੈ। ਉਸ ਤਰ੍ਹਾਂ ਵੀ ਕਿਸੇ ਨਾ-ਬਰਾਬਰ ਆਮਦਨ ਵਾਲੇ ਦੇਸ਼ ਵਿੱਚ ਪ੍ਰਤੀ ਵਿਅਕਤੀ ਆਮਦਨ 'ਚ ਵਾਧਾ ਕੋਈ ਖ਼ੁਸ਼ਹਾਲੀ ਦਾ ਸੂਚਕ ਨਹੀਂ ਜਿਸ ਤਰ੍ਹਾਂ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਹੁਣ 2 ਲੱਖ ਰੁਪਏ ਦੇ ਬਰਾਬਰ ਹੈ ਤੇ ਇਸ ਹਿਸਾਬ ਨਾਲ 5 ਮੈਂਬਰਾਂ ਵਾਲੇ ਘਰ ਦੀ ਆਮਦਨ 10 ਲੱਖ ਰੁਪਏ ਦੇ ਬਰਾਬਰ ਹੈ।

ਉਸ ਹਿਸਾਬ ਨਾਲ ਇੱਕ ਵੀ ਭਾਰਤੀ ਗ਼ਰੀਬੀ ਦੀ ਰੇਖਾ ਤੋਂ ਥੱਲੇ ਨਹੀਂ ਹੋਣਾ ਚਾਹੀਦਾ ਜੋ 2 ਫ਼ੀਸਦੀ ਜਾਂ 32 ਕਰੋੜ ਲੋਕ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਦਾ ਜੀਵਨ ਗੁਜ਼ਾਰ ਰਹੇ ਹਨ। ਜਾਪਾਨ ਜਿਸ ਨੂੰ ਕੱਟ ਕੇ ਭਾਰਤ ਚੌਥੀ ਵੱਡੀ ਆਰਥਿਕਤਾ ਬਣਿਆ ਹੈ ਜਾਂ ਜਰਮਨੀ ਜਿਸ ਨੂੰ ਕੱਟ ਦਿੱਤਾ ਹੈ, ਉਨ੍ਹਾਂ ਦੇਸ਼ਾਂ ਵਿੱਚ ਇੱਕ ਵੀ ਵਿਅਕਤੀ ਗ਼ਰੀਬੀ ਰੇਖਾ ਤੋਂ ਥੱਲੇ ਨਹੀਂ। ਇੱਕ ਵੀ ਬੱਚਾ ਬਾਲ ਕਿਰਤ ਨਹੀਂ ਕਰਦਾ ਜਦਕਿ ਭਾਰਤ ਦੇ 4 ਕੁ ਕਰੋੜ ਬੱਚੇ ਕਿਰਤ ਕਰਨ ਲਈ ਮਜਬੂਰ ਹਨ।

ਜੇ ਭਾਰਤ ਵਸੋਂ ਦੇ ਹਿਸਾਬ ਪਹਿਲੇ ਨੰਬਰ 'ਤੇ ਹੈ ਤਾਂ ਇਸ ਦਾ ਕੁੱਲ ਘਰੇਲੂ ਉਤਪਾਦਨ (ਵਸਤਾਂ ਅਤੇ ਸੇਵਾਵਾਂ ਦੇ ਮੁੱਲ ਦਾ ਜੋੜ) ਵੀ ਪਹਿਲੇ ਨੰਬਰ ਦਾ ਹੋਣਾ ਚਾਹੀਦਾ ਹੈ।

ਸੰਸਾਰ ਨਾਬਰਾਬਰੀ ਰਿਪੋਰਟ ਅਨੁਸਾਰ ਭਾਰਤ ਦੇ 1 ਫ਼ੀਸਦੀ ਅਮੀਰ ਲੋਕਾਂ ਕੋਲ ਦੇਸ਼ ਦੀ ਆਮਦਨ ਦਾ 22.6 ਫ਼ੀਸਦੀ ਹਿੱਸਾ ਆਉਂਦਾ ਹੈ ਜਦਕਿ ਉਨ੍ਹਾਂ ਕੋਲ ਦੇਸ਼ ਦੇ ਕੁੱਲ ਧਨ ਦਾ 40.1 ਫ਼ੀਸਦੀ ਹੈ ਪਰ ਇਸ ਦੇ ਉਲਟ ਭਾਰਤ ਦੇ ਹੇਠਾਂ ਦੀ ਆਮਦਨ ਵਾਲੇ 50 ਫ਼ੀਸਦੀ ਲੋਕਾਂ ਦਾ ਹਿੱਸਾ ਸਿਰਫ਼ 15 ਫ਼ੀਸਦੀ ਆਮਦਨ ਅਤੇ 6.4 ਫ਼ੀਸਦੀ ਧਨ ਆਉਂਦਾ ਹੈ। ਜਾਪਾਨ ਜਾਂ ਜਰਮਨੀ ਜਿਨ੍ਹਾਂ ਦੇ ਆਕਾਰ ਅਤੇ ਵਸੋਂ ਦੇ ਆਕਾਰ ਭਾਰਤ ਦੇ ਕਈ ਪ੍ਰਾਂਤਾਂ ਦੇ ਬਰਾਬਰ ਹੈ ਉਨ੍ਹਾਂ ਦੇ ਹੇਠਾਂ ਦੇ 50 ਫ਼ੀਸਦੀ ਲੋਕਾਂ ਕੋਲ 20 ਫ਼ੀਸਦੀ ਧਨ ਹੈ ਪਰ ਉਨ੍ਹਾਂ ਦੇ ਉਸਾਰੂ ਟੈਕਸ ਰਾਹੀਂ ਆਮਦਨ ਬਰਾਬਰੀ ਪੈਦਾ ਕੀਤੀ ਹੈ।

ਭਾਰਤ ਵਿੱਚ ਭਾਵੇਂ 146 ਕਰੋੜ ਵਸੋਂ ਹੈ ਪਰ ਟੈਕਸ ਦੇਣ ਵਾਲੀ 3 ਫ਼ੀਸਦੀ ਤੋਂ ਵੀ ਘੱਟ ਹੈ ਖ਼ਾਸ ਕਰਕੇ ਪ੍ਰਤੱਖ ਟੈਕਸ ਜਿਵੇਂ ਆਮਦਨ ਟੈਕਸ, ਵੈਲਥ ਟੈਕਸ ਆਦਿ। ਭਾਰਤ ਵਿੱਚ ਜੀ.ਡੀ.ਪੀ. ਅਤੇ ਟੈਕਸ ਦਰ ਸਿਰਫ਼ 6.8 ਫ਼ੀਸਦੀ ਹੈ ਜਦਕਿ ਜਰਮਨੀ ਵਿੱਚ ਇਹ 38 ਫ਼ੀਸਦੀ ਅਤੇ ਜਾਪਾਨ ਵਿੱਚ 34.1 ਫ਼ੀਸਦੀ ਹੈ ਜਿਸ ਕਰਕੇ ਸਰਕਾਰ ਖੁੱਲ੍ਹਦਿਲੀ ਨਾਲ ਆਪਣੇ ਨਾਗਰਿਕਾਂ ਦੀ ਭਲਾਈ ਲਈ ਖ਼ਰਚ ਕਰ ਸਕਦੀ ਹੈ ਜਿਸ ਵਿੱਚ ਮੁਫ਼ਤ ਵਿੱਦਿਆ, ਮੁਫ਼ਤ ਇਲਾਜ, ਬੁਢਾਪਾ ਪੈਨਸ਼ਨ ਆਦਿ ਦੇ ਸਕਦੀ ਹੈ ਪਰ ਭਾਰਤ ਵਿੱਚ ਟੈਕਸ ਦੀ ਆਮਦਨ ਇੰਨੀ ਥੋੜ੍ਹੀ ਹੈ ਕਿ ਸਮਾਜਿਕ ਭਲਾਈ ਲਈ ਆਮਦਨ ਹੀ ਨਹੀਂ ਬਚਦੀ ਅਤੇ ਸਿਰਫ਼ ਪ੍ਰਬੰਧਕੀ ਖ਼ਰਚ ਹੀ ਪੂਰੇ ਹੁੰਦੇ ਹਨ। ਪ੍ਰਾਂਤਾਂ ਦੀ ਹਾਲਤ ਹੋਰ ਮਾੜੀ ਹੈ ਅਤੇ ਉਹ ਕੇਂਦਰ ਤੋਂ ਗ੍ਰਾਂਟ ਦੀ ਉਡੀਕ ਕਰਦੇ ਰਹਿੰਦੇ ਹਨ। ਭਾਰਤ ਦਾ ਗ਼ੈਰ-ਸੰਗਠਿਤ ਕਿਰਤ ਖੇਤਰ ਜਿਹੜਾ 93 ਫ਼ੀਸਦੀ ਦੇ ਬਰਾਬਰ ਹੈ, ਇਸ 'ਚ 1991 ਤੋਂ ਬਾਅਦ ਜ਼ਿਆਦਾ ਵਾਧਾ ਹੋਇਆ ਹੈ।

ਉਸ ਲਈ ਸਮਾਜਿਕ ਸੁਰੱਖਿਆ ਜਿਵੇਂ ਪੈਨਸ਼ਨ, ਬੇਰੁਜ਼ਗਾਰੀ ਭੱਤਾ, ਮੁਫ਼ਤ ਇਲਾਜ ਆਦਿ ਦੀ ਕੋਈ ਵਿਵਸਥਾ ਨਹੀਂ ਅਤੇ ਮੱਧ ਦਰਜੇ ਦੀ ਆਮਦਨ ਵਾਲਾ ਗਰੁੱਪ ਦਿਨ-ਬ-ਦਿਨ ਕਰਜ਼ੇ ਦੇ ਵੱਡੇ ਬੋਝ ਥੱਲੇ ਦੱਬਦਾ ਜਾ ਰਿਹਾ ਹੈ।

ਇਸ 93 ਫ਼ੀਸਦੀ ਅਸੰਗਠਿਤ ਖੇਤਰ ਲਈ ਦੇਸ਼ ਭਰ ਵਿੱਚ ਇੱਕ ਸਮਾਜਿਕ ਸੁਰੱਖਿਆ ਦਾ ਵੱਖਰਾ ਮਹਿਕਮਾ ਹੋਣਾ ਚਾਹੀਦਾ ਹੈ ਤੇ ਇਨ੍ਹਾਂ ਲਈ ਲਗਾਤਾਰ ਯਕੀਨੀ ਆਮਦਨ ਦੀ ਵਿਵਸਥਾ ਜ਼ਰੂਰ ਕਰਨੀ ਚਾਹੀਦੀ ਹੈ। ਭਾਰਤ ਦੇ ਪਿੰਡਾਂ ਵਿੱਚ ਸਮਾਜ ਦਾ ਇੱਕ ਉਹ ਹਿੱਸਾ ਹੈ ਜਿਹੜਾ ਬੈਂਕਾਂ ਤੋਂ ਤਾਂ ਕਰਜ਼ਾ ਨਹੀਂ ਲੈ ਸਕਦਾ ਪਰ ਉਨ੍ਹਾਂ ਦੀ ਅਨਿਸ਼ਚਤ ਅਤੇ ਘੱਟ ਆਮਦਨ ਹੋਣ ਕਰਕੇ ਉਹ ਆਪਣੀਆਂ ਘਰੇਲੂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ ਜਿਸ ਲਈ ਉਨ੍ਹਾਂ ਨੂੰ ਪਿੰਡ ਦੇ ਅਣ-ਅਧਿਕਾਰਤ ਸ਼ਾਹੂਕਾਰਾਂ ਜਾਂ ਕੁਝ ਅਮੀਰ ਵਿਅਕਤੀਆਂ ਕੋਲੋਂ 10 ਫ਼ੀਸਦੀ ਪ੍ਰਤੀ ਸੈਂਕੜਾ ਪ੍ਰਤੀ ਮਹੀਨਾ ਵਿਆਜ ਲੈਣ ਦੀਆਂ ਰਿਪੋਰਟਾਂ ਮਿਲੀਆਂ ਹਨ। ਇਨ੍ਹਾਂ ਲੋਕਾਂ ਲਈ ਪ੍ਰਧਾਨ ਮੰਤਰੀ ਵੱਲੋਂ ਜਿਹੜੀ ਜਨ-ਧਨ ਯੋਜਨਾ ਬਣਾਈ ਗਈ ਸੀ ਜਿਸ ਵਿੱਚ ਹਰ ਵਿਅਕਤੀ ਜਦੋਂ ਵੀ ਚਾਹੇ ਬੈਂਕ ਤੋਂ ਬਿਨਾਂ ਵਿਆਜ 5000 ਰੁਪਏ ਤੱਕ ਕਰਜ਼ਾ ਲੈ ਸਕਦਾ ਸੀ ਪਰ ਜ਼ਿਆਦਾਤਰ ਲੋਕਾਂ ਨੇ ਉਸ ਸਕੀਮ ਦਾ ਲਾਭ ਜਾਂ ਤਾਂ ਲਿਆ ਹੀ ਨਹੀਂ ਜੇ ਲਿਆ ਹੈ ਤਾਂ ਸਿਰਫ਼ ਇੱਕ ਵਾਰ।

ਫਿਰ ਨਾ ਉਨ੍ਹਾਂ ਪਿਛਲੇ ਪੈਸੇ ਜਮ੍ਹਾ ਕਰਵਾਏ ਹਨ ਅਤੇ ਨਾ ਨਵਾਂ ਕਰਜ਼ਾ ਲਿਆ ਹੈ। ਨਸ਼ੇ ਦੇ ਆਦੀ ਵੀ ਜ਼ਿਆਦਾਤਰ ਇਨ੍ਹਾਂ ਪਰਿਵਾਰਾਂ ਦੇ ਮੈਂਬਰ ਹਨ ਅਤੇ ਨਸ਼ੇ ਦਾ ਵੱਡਾ ਕਾਰਨ ਰੁਜ਼ਗਾਰ ਦੀ ਅਨਿਸ਼ਚਤਤਾ ਹੈ ਜਿਹੜੀ ਦਿਨ-ਬ-ਦਿਨ ਵਧ ਰਹੀ ਹੈ।

(ਬਾਕੀ ਸਫ਼ਾ 31 'ਤੇ)

# ਆਰਥਿਕ ਬਰਾਬਰੀ ਦੇ ਪੱਖ ਤੋਂ ਕਿੱਥੇ ਖੜ੍ਹਾ ਹੈ ਭਾਰਤ ?



ਡਾ. ਕੇਸਰ ਸਿੰਘ ਭੰਗੂ
ਸਾਬਕਾ ਡੀਨ ਅਤੇ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਹਾਲ ਹੀ ’ਚ ਦੇਸ਼ ਦੇ ਮੁੱਖ ਅਖ਼ਬਾਰਾਂ ਤੇ ਟੈਲੀਵਿਜ਼ਨ ਚੈਨਲਾਂ ਨੇ ਇਸ ਗੱਲ ਨੂੰ ਬੜੇ ਜ਼ੋਰ-ਸ਼ੋਰ ਨਾਲ ਉਭਾਰਿਆ ਕਿ ਭਾਰਤ ਵਿੱਚ ਨਾਗਰਿਕਾਂ ਵੱਲੋਂ ਕਮਾਈ ਜਾਂਦੀ ਆਮਦਨ ਤੇ ਅਤਿ ਗ਼ਰੀਬੀ ਦੀ ਘਟਦੀ ਅਨੁਪਾਤ ਦੇ ਮਾਮਲੇ ’ਚ ਭਾਰਤ ਦੁਨੀਆ ਦੀ ਚੌਥੀ ਸਭ ਤੋਂ ਵੱਧ ਬਰਾਬਰਤਾ ਵਾਲੀ ਅਰਥਵਿਵਸਥਾ ਵਾਲਾ ਦੇਸ਼ ਬਣ ਗਿਆ ਹੈ। ਇਹ ਦਾਅਵਾ ਕੀਤਾ ਗਿਆ ਹੈ ਕਿ ਹੁਣ ਭਾਰਤ ਆਮਦਨ ਵੰਡ ਦੀ ਬਰਾਬਰਤਾ ਵਿੱਚ ਰਿਪਬਲਿਕ ਆਫ਼ ਸਲੋਵਾਕੀਆ, ਰਿਪਬਲਿਕ ਆਫ਼ ਸਲੋਵੇਨੀਆ ਅਤੇ ਬੇਲਾਰੂਸ ਦੇਸ਼ਾਂ ਤੋਂ ਬਾਅਦ ਦੁਨੀਆ ’ਚ ਚੌਥੇ ਸਥਾਨ ’ਤੇ ਹੈ। ਇਹ ਦਾਅਵਾ ਪ੍ਰੈੱਸ ਇਨਫਰਮੇਸ਼ਨ ਬਿਊਰੋ (ਪੀ.ਆਈ.ਬੀ.) ਦੀ ਇੱਕ ਪ੍ਰੈੱਸ ਰਿਲੀਜ਼ ਨੂੰ ਆਧਾਰ ਬਣਾ ਕੇ ਕੀਤਾ ਗਿਆ, ਜਿਸ ਵਿੱਚ ਕੁਝ ਮਹੱਤਵਪੂਰਨ ਤੱਥਾਂ ਵਾਲੇ ਮੁੱਦੇ ਉਠਾਏ ਗਏ ਸਨ, ਜਿਵੇਂ ਕਿ ਪਹਿਲਾ 25.5 ਦੇ ਗਿਨੀ ਸਕੋਰ ਦੇ ਨਾਲ ਭਾਰਤ ਆਮਦਨ ਅਸਮਾਨਤਾ ’ਚ ਵਿਸ਼ਵ ਪੱਧਰ ’ਤੇ ਚੌਥੇ ਸਥਾਨ ’ਤੇ ਹੈ, ਦੂਜਾ ਅਤਿ ਗ਼ਰੀਬੀ ਘਟ ਕੇ 2.3 ਫ਼ੀਸਦੀ ਰਹਿ ਗਈ ਹੈ ਅਤੇ ਤੀਜਾ 2011-23 ਵਿਚਕਾਰ 171 ਮਿਲੀਅਨ (17 ਕਰੋੜ 10 ਲੱਖ) ਲੋਕ ਅਤਿ ਗ਼ਰੀਬੀ ਤੋਂ ਬਾਹਰ ਆ ਗਏ ਹਨ।

ਉਪਰੋਕਤ ਦੱਸੇ ਤੱਥਾਂ ਦੀ ਅਸਲੀਅਤ ਦਾ ਪਤਾ ਲਗਾਉਣ ਲਈ ਸਾਨੂੰ ਸਭ ਤੋਂ ਪਹਿਲਾਂ ਖ਼ਪਤ ਸਮਾਨਤਾ/ਅਸਮਾਨਤਾ, ਆਮਦਨ ਸਮਾਨਤਾ/ਅਸਮਾਨਤਾ ਅਤੇ ਗ਼ਰੀਬੀ ਅਨੁਪਾਤ ਸੰਬੰਧੀ ਵਿਸ਼ਵ ਬੈਂਕ ਦੇ ਵਿਸ਼ਵ ਅਸਮਾਨਤਾ ਡਾਟਾਬੇਸ ਨੂੰ ਬਾਰੀਕੀ ਨਾਲ ਘੋਖਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਵਿਸ਼ਵ ਬੈਂਕ ਵੱਲੋਂ ਜਾਰੀ ਕੀਤੇ ਗ਼ਰੀਬੀ ਤੇ ਬਰਾਬਰਤਾ ਦਾ ਸੰਖੇਪ ਡਾਟਾ ਜਿਹੜਾ ਕਿ ਅਪ੍ਰੈਲ 2025 ’ਚ ਜਾਰੀ ਕੀਤਾ ਗਿਆ ਸੀ, ਨੂੰ ਵੇਖਣਾ ਪਏਗਾ ਜਿਸ ’ਚ ਕਿਹਾ ਗਿਆ ਸੀ, ਭਾਰਤ ਦਾ ਖ਼ਪਤ ’ਤੇ ਆਧਾਰਤ ਗਿਨੀ ਸੂਚਕ ਅੰਕ 2011-12 ’ਚ 28.8 ਤੋਂ ਸੁਧਰ ਕੇ 2022-23 ’ਚ 25.5 ਹੋ ਗਿਆ, ਹਾਲਾਂਕਿ ਅੰਕੜਿਆਂ ਦੀਆਂ ਸੀਮਾਵਾਂ ਕਾਰਨ ਅਸਮਾਨਤਾ ਦਾ ਅੰਦਾਜ਼ਾ ਪੂਰੀ ਤਰ੍ਹਾਂ ਨਹੀਂ ਲਗਾਇਆ ਜਾ ਸਕਦਾ। ਇਸ ਦੇ ਉਲਟ ਵਿਸ਼ਵ ਅਸਮਾਨਤਾ ਦਾ ਡਾਟਾਬੇਸ ਦਰਸਾਉਂਦਾ ਹੈ ਕਿ ਭਾਰਤ ਵਿਚ ਆਮਦਨ ਅਸਮਾਨਤਾ ਨਾਲ ਸੰਬੰਧਿਤ ਗਿਨੀ ਸਕੋਰ 2004 ’ਚ 52 ਸੀ, ਜੋ ਵਧ ਕੇ 2023 ’ਚ 62 ਹੋ ਗਿਆ। ਉਜਰਤਾਂ ’ਚ ਅਸਮਾਨਤਾ ਲਗਾਤਾਰ ਬਹੁਤ ਉੱਚੀ ਬਣੀ ਹੋਈ ਹੈ, ਜਿਸ ’ਚ ਸਿਖਰਲੇ 10 ਫ਼ੀਸਦੀ ਲੋਕਾਂ ਦੀ ਔਸਤ ਕਮਾਈ 2023-24 ’ਚ ਹੇਠਲੇ 10 ਫ਼ੀਸਦੀ ਲੋਕਾਂ ਨਾਲੋਂ 13 ਗੁਣਾ ਵੱਧ ਸੀ।

ਵਿਸ਼ਵ ਬੈਂਕ ਦੇ ਗ਼ਰੀਬੀ ਤੇ ਬਰਾਬਰਤਾ ਸੰਖੇਪ ਡਾਟੇ ’ਚ ਭਾਰਤ ਦੇ ਗਿਨੀ ਖ਼ਪਤ ਸੂਚਕ ਅੰਕ ਦੀ ਤੁਲਨਾ ਦੂਜੇ ਦੇਸ਼ਾਂ ਦੇ ਗਿਨੀ ਖ਼ਪਤ ਸੂਚਕ ਅੰਕਾਂ ਨਾਲ ਕਿਤੇ ਵੀ ਨਹੀਂ ਕੀਤੀ ਗਈ, (ਫ਼ੀਸਦੀ ਦੇ ਮੁਤਾਬਕ ਗਿਨੀ ਸੂਚਕ ਅੰਕ 0-100 ਦੇ ਵਿਚਕਾਰ ਹੁੰਦਾ ਹੈ। 0 ਦਾ ਅਰਥ ਹੈ ਪੂਰੀ ਤਰ੍ਹਾਂ ਬਰਾਬਰਤਾ ਅਤੇ 100 ਦਾ ਅਰਥ ਹੈ ਪੂਰੀ ਤਰ੍ਹਾਂ ਨਾਬਰਾਬਰਤਾ, ਪਰ ਪੀ.ਆਈ.ਬੀ. ਨੇ ਕਈ ਕਾਰਨਾਂ ਕਰਕੇ ਅਤੇ ਹੁਸ਼ਿਆਰੀ ਨਾਲ ਭਾਰਤ ਦੇ ਗਿਨੀ ਖ਼ਪਤ ਸੂਚਕ ਅੰਕ ਦੀ ਤੁਲਨਾ ਦੂਜੇ ਦੇਸ਼ਾਂ ਦੇ ਗਿਨੀ ਦੇ ਆਮਦਨ ਸੂਚਕ ਅੰਕਾਂ ਨਾਲ ਕੀਤੀ, ਜੋ ਕਿ ਕੀਤੀ ਨਹੀਂ ਜਾਣੀ ਚਾਹੀਦੀ ਸੀ ਅਤੇ ਨਾ ਇਹ ਹੋ ਸਕਦੀ ਹੈ, ਕਿਉਂਕਿ ਇਹ ਦੋ ਵੱਖ-ਵੱਖ ਮੁੱਦਿਆਂ ਦੇ ਸੂਚਕ ਹਨ, ਜਿਨ੍ਹਾਂ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਇਕ ਹੋਰ ਗੱਲ ਧਿਆਨ ’ਚ ਰੱਖਣੀ ਚਾਹੀਦੀ ਹੈ ਕਿ ਖ਼ਪਤ ਅਸਮਾਨਤਾ ਸੂਚਕ ਅੰਕ ਆਮ ਤੌਰ ’ਤੇ ਆਮਦਨ ਅਸਮਾਨਤਾ ਸੂਚਕ ਅੰਕ ਨਾਲੋਂ ਘੱਟ ਹੁੰਦਾ ਹੈ, ਕਿਉਂਕਿ ਖ਼ਪਤ ਖ਼ਰਚਾ, ਖ਼ਪਤ ਕਰਨ ਦੀ ਸੀਮਾਂਤ ਪ੍ਰਵਿਰਤੀ ਦੁਆਰਾ ਨਿਰਧਾਰਤ ਹੁੰਦਾ ਹੈ, ਇਹ 0-1 ਦੇ ਵਿਚਕਾਰ ਹੁੰਦਾ ਹੈ, ਨਾ ਤਾਂ ਇਹ 0 ਹੁੰਦਾ ਹੈ ਤੇ ਨਾ ਹੀ ਇਹ 1 ਹੁੰਦਾ ਹੈ। ਵਿਸ਼ਵ ਅਸਮਾਨਤਾ ਡਾਟਾਬੇਸ ਅਨੁਸਾਰ ਭਾਰਤ ਦਾ ਆਮਦਨ ਗਿਨੀ ਸੂਚਕ ਅੰਕ 2019 ਅਤੇ 2023 ’ਚ ਦੂਜੇ ਦੇਸ਼ਾਂ ਦੇ ਮੁਕਾਬਲੇ ਕਾਫ਼ੀ ਉੱਚਾ 61 ਸੀ। ਇਸ ਤੋਂ ਇਲਾਵਾ ਦੁਨੀਆ ਦੇ ਦੇਸ਼ਾਂ ਦੀ ਸਿਖ਼ਰਲੀ 10 ਫ਼ੀਸਦੀ ਆਬਾਦੀ ਦੀ ਆਮਦਨ ਕਮਾਈ ਵਿੱਚ ਹਿੱਸੇਦਾਰੀ ਦੇ ਸੰਬੰਧ ਵਿੱਚ ਭਾਰਤ ਦੁਨੀਆ ਦੇ ਚੋਟੀ ਦੇ 10 ਦੇਸ਼ਾਂ ’ਚੋਂ ਇੱਕ ਹੈ, ਜਿਸ ਵਿੱਚ ਦੱਖਣੀ ਅਫਰੀਕਾ ਸਭ ਤੋਂ ਅੱਗੇ ਹੈ। ਦੱਖਣੀ ਅਫਰੀਕਾ ’ਚ ਚੋਟੀ ਦੀ 10 ਫ਼ੀਸਦੀ ਆਬਾਦੀ ਨੇ 2023 ਦੌਰਾਨ ਕੁੱਲ ਆਮਦਨ ਦਾ 65.3 ਫ਼ੀਸਦੀ ਹਿੱਸਾ ਕਮਾਇਆ ਅਤੇ ਭਾਰਤ ਦੇ ਮਾਮਲੇ ’ਚ ਇਹ ਹਿੱਸਾ 58.9 ਫ਼ੀਸਦੀ ਸੀ।

ਜਿੱਥੋਂ ਤੱਕ ਆਮਦਨ ਅਸਮਾਨਤਾਵਾਂ ਦਾ ਸਵਾਲ ਹੈ, ਹਾਲ ਹੀ ਦੇ ਪੀਰੀਅਡਿਕ ਲੇਬਰ ਫੋਰਸ ਸਰਵੇਖਣ ਦੇ ਯੂਨਿਟ ਪੱਧਰ ਦੇ ਅੰਕੜਿਆਂ ਅਨੁਸਾਰ ਇਸ ਸਮੇਂ ਭਾਰਤ ’ਚ ਲਗਭਗ 61 ਕਰੋੜ ਕੰਮਕਾਜੀ ਆਬਾਦੀ (15-59 ਸਾਲ) ਦੀ ਹੈ। ਇਸ ’ਚੋਂ ਸਿਰਫ਼ ਇੱਕ ਫ਼ੀਸਦੀ 61 ਲੱਖ ਲੋਕ ਪ੍ਰਤੀ ਮਹੀਨਾ 2 ਲੱਖ ਰੁਪਏ ਜਾਂ ਇਸ ਤੋਂ ਵੱਧ ਕਮਾਉਂਦੇ ਹਨ। 10 ਫ਼ੀਸਦੀ ਤੋਂ ਵੱਧ 6.1 ਕਰੋੜ ਕੰਮਕਾਜੀ ਆਬਾਦੀ ਪ੍ਰਤੀ ਮਹੀਨਾ 25000 ਰੁਪਏ ਜਾਂ ਇਸ ਤੋਂ ਵੱਧ ਕਮਾਉਂਦੀ ਹੈ ਅਤੇ 90 ਫ਼ੀਸਦੀ ਲੋਕ ਪ੍ਰਤੀ ਮਹੀਨਾ 25000 ਰੁਪਏ ਤੋਂ ਘੱਟ ਕਮਾਉਂਦੇ ਹਨ। ਲਗਭਗ 78 ਫ਼ੀਸਦੀ ਲੋਕ ਪ੍ਰਤੀ ਮਹੀਨਾ 15000 ਰੁਪਏ ਤੋਂ ਘੱਟ ਕਮਾਉਂਦੇ ਹਨ ਅਤੇ 28 ਫ਼ੀਸਦੀ ਲੋਕ ਪ੍ਰਤੀ ਮਹੀਨਾ 3000 ਰੁਪਏ ਤੋਂ ਘੱਟ ਕਮਾਉਂਦੇ ਹਨ। ਇਹ ਵਰਤਾਰਾ ਸਾਡੇ ਦੇਸ਼ ’ਚ ਪ੍ਰਚੱਲਿਤ ਆਮਦਨ ਕਮਾਈ ਅਤੇ ਆਮਦਨ ਵੰਡ ਦੀਆਂ ਅਸਮਾਨਤਾਵਾਂ ਦੀ ਅਸਲੀਅਤ ਨੂੰ ਸਾਫ਼-ਸਾਫ਼ ਸਪੱਸ਼ਟ ਕਰਦਾ ਹੈ।

ਜਦੋਂ ਅਸੀਂ ਦੌਲਤ ਦੀਆਂ ਅਸਮਾਨਤਾਵਾਂ ’ਤੇ ਨਜ਼ਰ ਮਾਰਦੇ ਹਾਂ ਤਾਂ ਬਹੁਤ ਵੱਡੇ ਪੱਧਰ ਦੀਆਂ ਅਸਮਾਨਤਾਵਾਂ ਦੀ ਇੱਕ ਸਪੱਸ਼ਟ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਚੋਟੀ ਦੇ 1 ਫ਼ੀਸਦੀ ਅਮੀਰ ਲੋਕਾਂ ਕੋਲ ਰਾਸ਼ਟਰੀ ਦੌਲਤ ਦਾ 40 ਫ਼ੀਸਦੀ ਹਿੱਸਾ ਹੈ ਤੇ ਹੇਠਲੇ 50 ਫ਼ੀਸਦੀ ਲੋਕਾਂ ਕੋਲ ਸਿਰਫ਼ 3 ਫ਼ੀਸਦੀ ਹੈ (ਆਕਸਫੈਮ)। ਵਿਸ਼ਵ ਅਸਮਾਨਤਾ ਡਾਟਾਬੇਸ ਅਨੁਸਾਰ ਭਾਰਤ ਦਾ ਦੌਲਤ ਗਿਨੀ ਸੂਚਕ ਅੰਕ 2019 ’ਚ 74 ਸੀ ਤੇ 2023 ’ਚ ਵਧ ਕੇ 75 ਹੋ ਗਿਆ। ਦੌਲਤ ਦੀਆਂ ਅਸਮਾਨਤਾਵਾਂ ’ਚ ਭਾਰਤ ਦੁਨੀਆ ਦੇ ਸਭ ਤੋਂ ਵੱਡੀਆਂ ਅਸਮਾਨਤਾਵਾਂ ਵਾਲੇ ਦੇਸ਼ਾਂ ’ਚੋਂ ਇਕ ਹੈ, ਜਿਵੇਂ ਕਿ ਦੱਖਣੀ ਅਫਰੀਕਾ, ਨਾਮੀਬੀਆ, ਬ੍ਰਾਜ਼ੀਲ, ਰੂਸ ਆਦਿ। ਜਿੱਥੋਂ ਤੱਕ ਅਤਿ ਗ਼ਰੀਬੀ ਅਨੁਪਾਤ ਵਿਚ ਅਖੌਤੀ ਗਿਰਾਵਟ ਦੀ ਗੱਲ ਹੈ, ਵਿਸ਼ਵ ਬੈਂਕ ਨੇ ਅੰਤਰਰਾਸ਼ਟਰੀ ਗ਼ਰੀਬੀ ਰੇਖਾ ਵਜੋਂ 3 ਡਾਲਰ ਪ੍ਰਤੀ ਦਿਨ ਦੀ ਵਰਤੋਂ ਕੀਤੀ, ਘੱਟ-ਮੱਧਮ-ਆਮਦਨ ਵਾਲੇ ਦੇਸ਼ਾਂ ਲਈ 4.2 ਡਾਲਰ ਪ੍ਰਤੀ ਦਿਨ ਗ਼ਰੀਬੀ ਰੇਖਾ ਅਤੇ ਉੱਚ-ਮੱਧਮ-ਆਮਦਨ ਵਾਲੇ ਦੇਸ਼ਾਂ ਲਈ ਇਹ ਰੇਖਾ 8.3 ਡਾਲਰ ਪ੍ਰਤੀ ਦਿਨ ਹੈ। ਇਸ ਨਵੀਂ ਗ਼ਰੀਬੀ ਰੇਖਾ ਦੇ ਆਧਾਰ ’ਤੇ ਭਾਰਤ ਵਿੱਚ ਗ਼ਰੀਬੀ ਅਨੁਪਾਤ 2011-12 ’ਚ 27.12 ਫ਼ੀਸਦੀ ਦੇ ਮੁਕਾਬਲੇ ਹੁਣ 5.25 ਫ਼ੀਸਦੀ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ। ਅੰਤਰਰਾਸ਼ਟਰੀ ਤੁਲਨਾ ਪ੍ਰੋਗਰਾਮ (ਆਈ.ਸੀ.ਪੀ.) ਜਿਸ ਦੇ ਆਧਾਰ ’ਤੇ ਇਹ ਨਵੇਂ ਅਨੁਮਾਨ ਜਾਰੀ ਕੀਤੇ ਗਏ ਹਨ, ਅਨੁਸਾਰ ਇੱਕ ਖ਼ਰੀਦ ਸ਼ਕਤੀ ਸਮਾਨਤਾ ਡਾਲਰ ਲਗਭਗ 21 ਰੁਪਏ ਦੇ ਬਰਾਬਰ ਮੰਨਿਆ ਗਿਆ ਹੈ। ਇਸ ਲਈ ਅਤਿ ਗ਼ਰੀਬੀ ਨੂੰ ਦਰਸਾਉਂਦੀ 3 ਡਾਲਰ ਪ੍ਰਤੀ ਦਿਨ ਦੀ ਇਹ ਨਵੀਂ ਗ਼ਰੀਬੀ ਰੇਖਾ ਪ੍ਰਤੀ ਵਿਅਕਤੀ ਖ਼ਪਤ ਖ਼ਰਚ ਦੇ ਸਿਰਫ਼ 63 ਰੁਪਏ ਪ੍ਰਤੀ ਦਿਨ ਦੇ ਬਰਾਬਰ ਹੈ। ਇੱਥੇ ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਭਾਰਤ ਘੱਟ-ਮੱਧਮ-ਆਮਦਨ ਸਮੂਹ ਦੇ ਦੇਸ਼ਾਂ ’ਚ ਆਉਂਦਾ ਹੈ। ਜੇਕਰ ਅਸੀਂ ਪ੍ਰਤੀ ਦਿਨ 4.2 ਡਾਲਰ ਖ਼ਰੀਦ ਸ਼ਕਤੀ ਸਮਾਨਤਾ (ਭਾਵ 88 ਰੁਪਏ) ਦੇ ਬਰਾਬਰ ਦੀ ਗ਼ਰੀਬੀ ਰੇਖਾ ਦੀ ਵਰਤੋਂ ਕਰਦੇ ਹਾਂ ਤਾਂ 24 ਫ਼ੀਸਦੀ ਤੋਂ ਵੱਧ ਭਾਰਤੀ ਲੋਕ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਹੋਣ ਦੇ ਘੇਰੇ ਵਿਚ ਆ ਸਕਦੇ ਹਨ। ਕਿਸੇ ਵੀ ਵਿਅਕਤੀ ਦੇ ਸਾਰੇ ਖ਼ਰਚਿਆਂ ਦੇ 88 ਰੁਪਏ ਪ੍ਰਤੀ ਦਿਨ ਤੋਂ ਘੱਟ ਰਹਿਣ ਨੂੰ ਆਸਾਨੀ ਨਾਲ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ ਅਤੇ ਤੁਸੀਂ ਵੀ ਇਹ ਕਲਪਨਾ ਕਰ ਸਕਦੇ ਹੋ, (ਬਾਕੀ ਸਫ਼ਾ 31 ’ਤੇ)



# ਕਾਂਵੜ ਯਾਤਰਾ ਨੂੰ ਕੌਣ ਬਦਨਾਮ ਕਰ ਰਿਹਾ, ਹਿੰਸਾ ਕਰਨ ਵਾਲੇ ਕੌਣ ?



ਪ੍ਰੋ.ਫ਼ੈਸਰ ਅਪੂਰਵਾਨੰਦ
ਦਿੱਲੀ ਯੂਨੀਵਰਸਿਟੀ

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਦੋਸ਼ ਲਾਇਆ ਹੈ ਕਿ ਕਾਂਵੜ ਯਾਤਰੀਆਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਇਸ ਗੱਲ ’ਤੇ ਗੁੱਸਾ ਹੈ ਕਿ ਕਾਂਵੜ ਯਾਤਰੀਆਂ ਨੂੰ ਹਿੰਸਕ ਤੇ ਗੁੰਡਾ ਕਿਹਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਵੜ ਯਾਤਰਾ ਏਕਤਾ ਦਾ ਸ਼ਾਨਦਾਰ ਪ੍ਰਦਰਸ਼ਨ ਹੈ, ਜਿਸ ਵਿੱਚ ਅਮੀਰ-ਗਰੀਬ, ਹਰ ਜਾਤ ਦੇ ਲੋਕ ਇਕੱਠੇ ਪਵਿੱਤਰ ਯਾਤਰਾ ’ਤੇ ਨਿਕਲਦੇ ਹਨ। ਉਹ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਮੁਸਲਮਾਨਾਂ ਨੂੰ ਕਾਂਵੜ ਯਾਤਰੀਆਂ ਤੋਂ ਸਿੱਖਣਾ ਚਾਹੀਦਾ ਹੈ ਕਿ ਅਨੁਸ਼ਾਸਨ ਵਿੱਚ ਰਹਿ ਕੇ ਸਮੂਹਕ ਧਾਰਮਿਕ ਕੰਮ ਕਿਵੇਂ ਕੀਤਾ ਜਾਂਦਾ ਹੈ ?

ਇਹ ਸੁਣ ਕੇ ਸਮਝ ਨਹੀਂ ਆਉਂਦਾ ਕਿ ਹੱਸੀਏ ਜਾਂ ਰੋਈਏ। ਸੋਸ਼ਲ ਮੀਡੀਆ ’ਤੇ ਲੋਕਾਂ ਨੇ ਮੁੱਖ ਮੰਤਰੀ ਨੂੰ ਜਵਾਬ ਦੇਣਾ ਸ਼ੁਰੂ ਕਰ ਦਿੱਤਾ, ਉਨ੍ਹਾਂ ਤਸਵੀਰਾਂ ਤੇ ਵੀਡੀਓਜ਼ ਨਾਲ ਜਿਨ੍ਹਾਂ ਵਿੱਚ ਕਾਂਵੜ ਯਾਤਰੀ ਗੱਡੀਆਂ ਤੋੜਦੇ, ਸਕੂਲ ਬੱਸਾਂ ’ਤੇ ਹਮਲਾ ਕਰਦੇ, ਦੁਕਾਨਾਂ ਤਬਾਹ ਕਰਦੇ ਤੇ ਲੋਕਾਂ ਨੂੰ ਕੁੱਟਦੇ ਨਜ਼ਰ ਆ ਰਹੇ ਹਨ। ਸਭ ਨੇ ਪੁੱਛਿਆ ਕਿ ਇਸ ਵਿੱਚ ਕਿਹੜਾ ਅਨੁਸ਼ਾਸਨ ਜਾਂ ਸਦਾਚਾਰ ਜਾਂ ਏਕਤਾ ਦਿਖਾਈ ਦਿੰਦੀ ਹੈ ? ਇਸ ਸਾਲ ਸਾਵਣ ਦੀ ਯਾਤਰਾ ਸ਼ੁਰੂ ਹੋਣ ਦੇ ਇੱਕ ਹਫ਼ਤੇ ਵਿੱਚ ਹੀ ਗੁੰਡਾਗਰਦੀ ਤੇ ਹਿੰਸਾ ਦੇ 170 ਤੋਂ ਵੱਧ ਮਾਮਲੇ ਕਾਂਵੜ ਯਾਤਰੀਆਂ ’ਤੇ ਦਰਜ ਹੋ ਚੁੱਕੇ ਹਨ। ਪਰ ਜ਼ਿਆਦਾਤਰ ਮਾਮਲਿਆਂ ਵਿੱਚ ਪੁਲਿਸ ਹਿੰਸਕ ਯਾਤਰੀਆਂ ਨੂੰ ਹੱਥ-ਪੈਰ ਜੋੜ ਕੇ ਸਮਝਾਉਣ ਦੀ ਕੋਸ਼ਿਸ਼ ਕਰਦੀ ਨਜ਼ਰ ਆਈ।

ਅਖੀਰ ਇਹ ਕਿਉਂ ਹੈ ਕਿ ਕਾਂਵੜ ਯਾਤਰੀਆਂ ਦੀ ਹਿੰਸਾ ਨੂੰ ਸਰਕਾਰੀ ਸੁਰੱਖਿਆ ਮਿਲੀ ਹੋਈ ਹੈ ? ਇਹ ਉਹੀ ਸਰਕਾਰਾਂ ਹਨ ਜੋ ਸਰਕਾਰ ਵਿਰੋਧੀ ਸ਼ਾਂਤਮਈ ਪ੍ਰਦਰਸ਼ਨਾਂ ਸਮੇਂ ਮੁਕੱਦਮੇ ਦਰਜ ਕਰਕੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾ ਕੇ ਹਰਜਾਨਾ ਵਸੂਲਦੀਆਂ ਹਨ। ਫ਼ਿਰ ਕਾਂਵੜ ਯਾਤਰੀਆਂ ਦੀ ਹਿੰਸਾ ਪ੍ਰਤੀ ਇੰਨੀ ਨਰਮੀ ਕਿਉਂ ?

### ਕਾਂਵੜ ਯਾਤਰਾ ਦੀ ਹਿੰਸਾ

ਕਾਂਵੜ ਯਾਤਰਾ ਪਵਿੱਤਰ ਹੁੰਦੀ ਹੈ, ਇਸ ਨੂੰ ਅਸ਼ੁੱਧ ਨਹੀਂ ਕਰਨਾ ਚਾਹੀਦਾ, ਇਹ ਕਹਿ ਕੇ ਕਾਂਵੜ ਯਾਤਰੀਆਂ ਦੀ ਹਿੰਸਾ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ। ਜੇ ਕੋਈ ਕਾਂਵੜਾਂ ਨੂੰ ਛੂਹ ਵੀ ਲਵੇ, ਤਾਂ ਉਹ ਤੇ ਉਸ ਦੇ ਸਾਥੀ ਹਿੰਸਾ ’ਤੇ ਉੱਤਰ ਆਉਂਦੇ ਹਨ।

ਪੁਲਿਸ ਅਧਿਕਾਰੀ ਕਈ ਥਾਂਵਾਂ ’ਤੇ ਕਾਂਵੜ ਯਾਤਰੀਆਂ ਨੂੰ ਪੱਖਾ ਝੱਲਦੇ, ਉਨ੍ਹਾਂ ਦੇ ਪੈਰ ਦਬਾਉਂਦੇ ਤੇ ਫ਼ੁੱਲ ਵਰ੍ਹਾਉਂਦੇ ਨਜ਼ਰ ਆਏ। ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਯੂ.ਪੀ. ਦੇ ਮੁੱਖ ਮੰਤਰੀ ਨੇ ਹੈਲੀਕਾਪਟਰ ਨਾਲ ਰਸਤਿਆਂ ਦਾ ਨਿਰੀਖਣ ਕੀਤਾ। ਸਰਕਾਰੀ ਚਿਤਾਵਨੀ ਦਿੱਤੀ ਗਈ ਕਿ ਜੇ ਕਿਸੇ ਨੇ ਯਾਤਰਾ ਵਿੱਚ ਰੁਕਾਵਟ ਪਾਈ, ਤਾਂ ਸਖ਼ਤ ਕਾਰਵਾਈ ਹੋਵੇਗੀ। ਪਿਛਲੇ ਸਾਲਾਂ ਦੇ ਤਜਰਬੇ ਮੁਤਾਬਕ ਚਿਤਾਵਨੀ ਇਹ ਹੋਣੀ ਚਾਹੀਦੀ ਸੀ ਕਿ ਕਾਂਵੜ ਯਾਤਰੀ ਹਿੰਸਾ ਤੇ ਭੰਨਤੋੜ ਨਾ ਕਰਨ। ਪਰ ਦਿੱਲੀ ਸਰਕਾਰ ਨੇ ਵੀ ਯੂ.ਪੀ. ਦੀ ਨਕਲ ਕਰਦਿਆਂ ਧਮਕੀ ਦਿੱਤੀ ਕਿ ਯਾਤਰਾ ਵਿੱਚ ਰੁਕਾਵਟ ਪਾਉਣ ਵਾਲਿਆਂ ਨੂੰ ਸਜ਼ਾ ਮਿਲੇਗੀ। ਉਨ੍ਹਾਂ ਨੇ ਯਾਤਰੀਆਂ ਦੇ ਆਰਾਮ ਦਾ ਪ੍ਰਬੰਧ ਕਰਨ ਵਾਲਿਆਂ ਨੂੰ 10-10 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਇਹ ਸਾਫ਼ ਹੈ ਕਿ ਕਾਂਵੜ ਯਾਤਰਾ ਨੂੰ ਸਰਕਾਰੀ ਤਿਉਹਾਰ ਦੀ ਸ਼ਕਲ ਦੇਣ ਦੀ ਕੋਸ਼ਿਸ਼ ਹੋ ਰਹੀ ਹੈ। ਯੂ.ਪੀ. ਵਿੱਚ ਯਾਤਰਾ ਦੇ ਰਸਤੇ ਵਿੱਚ ਪੈਂਦੇ ਸਾਰੇ ਸਕੂਲ ਦੋ ਹਫ਼ਤਿਆਂ ਲਈ ਬੰਦ ਕਰ ਦਿੱਤੇ ਗਏ। ਕਈ ਸੜਕਾਂ ਵੀ ਆਮ ਆਵਾਜਾਈ ਲਈ ਬੰਦ ਕਰ ਦਿੱਤੀਆਂ ਗਈਆਂ। ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ ਜਿਵੇਂ ਇਹ ਸਾਰੇ ਹਿੰਦੂਆਂ ਦਾ ਸਭ ਤੋਂ ਵੱਡਾ ਤਿਉਹਾਰ ਹੋਵੇ। ਜਦੋਂ ਸਰਕਾਰ ਵਾਰ-ਵਾਰ ਕਹਿੰਦੀ ਹੈ ਕਿ ਯਾਤਰਾ ਦੀ ਸੁਰੱਖਿਆ ਦਾ ਪੂਰਾ ਪ੍ਰਬੰਧ ਕਰੇਗੀ ਤੇ ਇਸ ਦੇ ਖ਼ਿਲਾਫ਼ ਕੋਈ ਗੜਬੜ ਨਹੀਂ ਸਹੇਗੀ, ਤਾਂ ਇਹ ਸੰਕੇਤ ਦਿੱਤਾ ਜਾਂਦਾ ਹੈ ਕਿ ਇਸ ਦੇ ਖ਼ਿਲਾਫ਼ ਕੋਈ ਸਾਜ਼ਿਸ਼ ਚੱਲ ਰਹੀ ਹੈ। ਅਮਰਨਾਥ ਯਾਤਰਾ ਵਾਂਗ ਕਾਂਵੜ ਯਾਤਰਾ ਦੀ ‘ਸੁਰੱਖਿਆ’ ਦੀ ਗੱਲ ਕੀਤੀ ਜਾਂਦੀ ਹੈ। ਇਸ ਵਿੱਚ ਇੱਕ ਖਤਰਨਾਕ ਸੰਕੇਤ ਲੁਕਿਆ ਹੈ ਕਿ ਕਾਂਵੜ ਯਾਤਰਾ ’ਤੇ ਅੱਤਵਾਦੀ ਹਮਲਾ ਹੋ ਸਕਦਾ ਹੈ। ਇਹ ਹਾਸੋਹੀਣਾ ਹੈ, ਪਰ ਸਰਕਾਰ ਇਸ ’ਤੇ ਗੰਭੀਰਤਾ ਨਾਲ ਕਾਰਵਾਈ ਕਰਦੀ ਹੈ।

ਕਾਂਵੜ ਯਾਤਰੀਆਂ ਨੂੰ ਇਹ ਅਹਿਸਾਸ ਦਿਵਾਇਆ ਗਿਆ ਹੈ ਕਿ ਉਹ ਸਰਕਾਰੀ ਸੁਰੱਖਿਆ ਵਿੱਚ ਹਨ। ਉਨ੍ਹਾਂ ਦੀ ਹਿੰਸਾ ਨੂੰ ਸ਼ਿਵ ਭਗਤਾਂ ਦਾ ਗੁੱਸਾ ਕਹਿ ਕੇ ਬਾਕੀ ਲੋਕਾਂ ਨੂੰ ਇਸ ਨੂੰ ਸਹਿਣ ਲਈ ਕਿਹਾ ਜਾਂਦਾ ਹੈ।

### ਕੀ ਇਹ ਹਮੇਸ਼ਾ ਤੋਂ ਇੰਝ ਸੀ ?

2014 ਤੋਂ ਪਹਿਲਾਂ ਕਾਂਵੜ ਯਾਤਰਾ ਦਾ ਇਹ ਰੂਪ ਨਹੀਂ ਸੀ। 2015 ਵਿੱਚ ਪਹਿਲੀ ਵਾਰ ਕਾਂਵੜ ਯਾਤਰਾ ਵਿੱਚ ਤਿਰੰਗੇ ਝੰਡੇ ਦਿਖੇ। ਇਹ ਯੂ.ਪੀ., ਬਿਹਾਰ ਤੇ ਉੱਤਰਾਖੰਡ ਵਿੱਚ ਵੇਖਿਆ ਗਿਆ। ਸਪੱਸ਼ਟ ਸੀ ਕਿ ਇਸ ਧਾਰਮਿਕ ਮੌਕੇ ਉੱਪਰ ਰਾਸ਼ਟਰਵਾਦ ਦੀ ਘੁਸਪੈਠ ਕਰਵਾਈ ਜਾ ਰਹੀ ਸੀ। ਇਹ ਆਪਣੇ-ਆਪ ਨਹੀਂ ਸੀ। ਤਿਰੰਗੇ ਤੇ ਭਗਵੇਂ ਨੂੰ ਨਾਲ ਲੈ ਕੇ ਚੱਲਣ ਵਾਲੇ ਕਾਂਵੜ ਯਾਤਰੀ ਦੋ ਤਰ੍ਹਾਂ ਦੀ ਸੁਰੱਖਿਆ ਨਾਲ ਲੈਸ ਸਨ: ਧਰਮ ਤੇ ਰਾਸ਼ਟਰਵਾਦ। ਉਹ ਧਰਮ ਤੇ ਰਾਸ਼ਟਰ ਦੇ ਰਾਖੇ ਸਨ। ਬਾਕੀ ਸਾਰਿਆਂ ਦਾ ਕੰਮ ਉਨ੍ਹਾਂ ਦੀ ਸੇਵਾ ਕਰਨਾ ਸੀ।

ਇਸੇ ਸਮੇਂ ਤੋਂ ਇਹ ਚਰਚਾ ਸ਼ੁਰੂ ਹੋਈ ਕਿ ਕਾਂਵੜ ਯਾਤਰੀ ਪੂਰੀ ਤਰ੍ਹਾਂ ਸ਼ਾਕਾਹਾਰੀ ਭੋਜਨ ਖਾਂਦੇ ਹਨ, ਇਸ ਲਈ ਰਸਤੇ ਵਿੱਚ ਮਾਸ-ਮੱਛੀ ਦੀਆਂ ਦੁਕਾਨਾਂ ਨਹੀਂ ਖੁੱਲ੍ਹਣੀਆਂ ਚਾਹੀਦੀਆਂ। ਇਹ ਸਿੱਧਾ ਮੁਸਲਮਾਨਾਂ ਦੇ ਕਾਰੋਬਾਰ ’ਤੇ ਹਮਲਾ ਸੀ। ਇੱਕ ਮਹੀਨੇ ਲਈ ਮਾਸ ਦੀਆਂ ਦੁਕਾਨਾਂ ਬੰਦ ਕਰਨ ਦਾ ਸਰਕਾਰੀ ਤੇ ਗੈਰ-ਸਰਕਾਰੀ ਮੁਹਿੰਮ ਚੱਲਣ ਲੱਗੀ। ਕਿਸੇ ਨੇ ਨਾ ਪੁੱਛਿਆ ਕਿ ਮਾਸ ਦੀਆਂ ਦੁਕਾਨਾਂ ਕੀ ਕਾਂਵੜ ਯਾਤਰੀਆਂ ਨੂੰ ਮਾਸ ਖਾਣ ਲਈ ਉਕਸਾਉਂਦੀਆਂ ਹਨ ? ਜੇ ਉਹ ਪਵਿੱਤਰ ਮਕਸਦ ਨਾਲ ਤਪੱਸਿਆ ਕਰ ਰਹੇ ਹਨ, ਤਾਂ ਉਨ੍ਹਾਂ ਨੂੰ ਇਨ੍ਹਾਂ ਦੁਕਾਨਾਂ ਵੱਲ ਦੇਖਣ ਦੀ ਲੋੜ ਹੀ ਕੀ ਹੈ ?

2024 ਵਿੱਚ ਯੂ.ਪੀ. ਸਰਕਾਰ ਨੇ ਇਸ ਸ਼ਾਕਾਹਾਰੀ ਭੋਜਨ ਦੇ ਮਸਲੇ ਨੂੰ ਹੋਰ ਅੱਗੇ ਵਧਾਇਆ। ਕਿਹਾ ਗਿਆ ਕਿ ਹਰ ਦੁਕਾਨਦਾਰ, ਹੋਟਲ ਜਾਂ ਢਾਬੇ ਵਾਲੇ ਨੂੰ ਆਪਣਾ ਤੇ ਆਪਣੇ ਕਰਮਚਾਰੀਆਂ ਦਾ ਨਾਂ ਵੱਡੇ-ਵੱਡੇ ਅੱਖਰਾਂ ਵਿੱਚ ਲਿਖਣਾ ਹੋਵੇਗਾ, ਤਾਂ ਜੋ ਪਤਾ ਲੱਗ ਸਕੇ ਕਿ ਉਹ ਕਿਸ ਧਰਮ ਦੇ ਹਨ। ਇਹ ਇਸ ਲਈ ਕਿ ਕਾਂਵੜ ਯਾਤਰੀ ਫ਼ੈਸਲਾ ਕਰ ਸਕਣ ਕਿ ਉਹ ਕਿਸ ਦੀ ਦੁਕਾਨ ਤੋਂ ਸਮਾਨ ਲੈਣਗੇ ਤੇ ਕਿਸ ਹੋਟਲ ਵਿੱਚ ਖਾਣਗੇ।

ਇਸ ਹੁਕਮ ਵਿੱਚ ਸਾਫ਼ ਨਹੀਂ ਲਿਖਿਆ ਸੀ, ਪਰ ਇਸ਼ਾਰਾ ਸਾਫ਼ ਸੀ ਕਿ ਮੁਸਲਮਾਨਾਂ ਦੀਆਂ ਦੁਕਾਨਾਂ ਤੋਂ ਸਮਾਨ ਨਾ ਲਿਆ ਜਾਵੇ। ਇਹ ਮੁਸਲਮਾਨਾਂ ਦੇ ਆਰਥਿਕ ਬਾਈਕਾਟ ਦਾ ਅਸਿੱਧਾ ਤਰੀਕਾ ਸੀ। ਸੁਪਰੀਮ ਕੋਰਟ ਵਿੱਚ ਇਸ ਦੇ ਖ਼ਿਲਾਫ਼ ਅਰਜ਼ੀ ਲਾਈ ਗਈ ਤੇ ਅਦਾਲਤ ਨੇ ਇਸ ਹੁਕਮ ਨੂੰ ਰੋਕ ਦਿੱਤਾ। ਪਰ ਇਸ ਸਾਲ ਇਹ ਹੁਕਮ ਨਵੀਂ ਸ਼ਕਲ ਵਿੱਚ ਫ਼ਿਰ ਜਾਰੀ ਹੋਇਆ। ਇਸ ਵਾਰ ਕਿਹਾ ਗਿਆ ਕਿ ਸਾਰੇ ਦੁਕਾਨਦਾਰਾਂ ਨੂੰ ਕਿਊਆਰ ਕੋਡ ਲਾਉਣਾ ਹੋਵੇਗਾ, (ਬਾਕੀ ਸਫ਼ਾ 31 ’ਤੇ)



# ਮੌਜੂਦਾ ਯੁਧ ਹੋਏ ਖ਼ਤਰਨਾਕ, ਸੂਚਨਾ ਤਕਨਾਲੋਜੀ ਦੀ ਹੋਣ ਲੱਗੀ ਵਰਤੋਂ

ਤਰਲੋਚਨ ਸਿੰਘ ਭੱਟੀ

## ਹੁਣ ਯੁੱਧ ਜ਼ਮੀਨਾਂ ਉੱਤੇ ਨਹੀਂ, ਸਗੋਂ ਅਸਮਾਨ ਅਤੇ ਪੁਲਾੜ ਵਿੱਚ ਲੜੇ ਜਾਣਗੇ

ਮੌਜੂਦਾ ਤਕਨਾਲੋਜੀ ਦੇ ਯੁਗ ਵਿੱਚ ਆਈ. ਟੀ. (ਸੂਚਨਾ ਤਕਨਾਲੋਜੀ) ਅਤੇ ਏ. ਆਈ. (ਆਰਟੀਸ਼ੀਅਲ ਇੰਨਟੈਲੀਜੈਂਸ) ਨੇ ਆਧੁਨਿਕ ਯੁੱਧਾਂ ਅਤੇ ਫ਼ੌਜੀ ਟਕਰਾਵਾਂ ਦੀ ਰੂਪ ਰੇਖਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਹ ਤਕਨੀਕਾਂ ਨਾ ਸਿਰਫ਼ ਰਣਨੀਤਕ ਫ਼ੈਸਲੇ ਲੈਣ ਵਿੱਚ ਸਹਾਇਕ ਹਨ ਸਗੋਂ ਜੰਗ ਦੇ ਤਰੀਕਿਆਂ ਨੂੰ ਵੀ ਵਧੇਰੇ ਸੂਝਵਾਨ, ਤੇਜ਼ ਅਤੇ ਨਿਖੇੜੇ ਵਾਲੇ ਬਣਾ ਰਹੀਆਂ ਹਨ। ਪਬਲਿਕ ਡੋਮੇਨ ਵਿੱਚ ਇਸਦੇ ਕਈ ਪਹਿਲੂ ਸਾਹਮਣੇ ਆਏ ਹਨ, ਜਿਵੇਂ ਸੂਚਨਾ ਸੰਗ੍ਰਹਿ ਅਤੇ ਵਿਸ਼ਲੇਸ਼ਣ ਖੇਤਰ ਵਿੱਚ ਸੈਟੇਲਾਈਟ ਅਤੇ ਸੈਂਸਰ ਤਕਨੀਕ। ਸੈਟੇਲਾਈਟਸ, ਡਰੋਨ ਅਤੇ ਸੈਂਸਰਾਂ ਦੀ ਮਦਦ ਨਾਲ ਰੀਅਲ ਟਾਈਮ ਸੂਚਨਾ ਇਕੱਤਰ ਕਰਨੀ ਅਤੇ ਦੁਸ਼ਮਣ ਦੀ ਸਥਿਤੀ, ਹਥਿਆਰਾਂ ਦੀ ਗਤੀਵਿਧੀ ਅਤੇ ਰਣਨੀਤਕ ਟਿਕਾਣਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨੀ। ਸੂਚਨਾ ਤਕਨਾਲੋਜੀ ਰਾਹੀਂ ਇਕੱਠੇ ਕੀਤੇ ਗਏ ਡੇਟਾ, ਜਿਵੇਂ ਸੋਸ਼ਲ ਮੀਡੀਆ, ਸੰਚਾਰ ਅਤੇ ਖ਼ੁਫ਼ੀਆ ਰਿਪੋਰਟਾਂ ਦਾ ਵਿਸ਼ਲੇਸ਼ਣ ਕਰਕੇ ਰਣਨੀਤਕ ਫ਼ੈਸਲਿਆਂ ਲਈ ਉਪਯੋਗੀ ਸੂਝ ਪ੍ਰਦਾਨ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਸਾਈਬਰ ਵਾਰਫ਼ੇਅਰ ਦੇ ਖੇਤਰ ਵਿੱਚ ਸੂਚਨਾ ਤਕਨਾਲੋਜੀ ਦੀ ਵਰਤੋਂ ਨਾਲ ਦੁਸ਼ਮਣ ਦੇ ਸੰਚਾਰ ਨੈੱਟਵਰਕ, ਬਿਜਲੀ ਸਪਲਾਈ ਅਤੇ ਹਥਿਆਰ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉਦਾਰਹਰਣ ਵਜੋਂ ਹੈਕਿੰਗ ਜਾਂ ਮਾਲਵੇਅਰ ਰਾਹੀਂ ਸੰਵੇਦਨਸ਼ੀਲ ਸੂਚਨਾਵਾਂ ਨੂੰ ਚੋਰੀ ਕਰਨਾ ਜਾਂ ਸਿਸਟਮ ਨੂੰ ਆਪਣੇ ਕੰਟਰੋਲ ਵਿੱਚ ਲੈਣਾ। ਏ. ਆਈ. ਦੀ ਮਦਦ ਨਾਲ ਜਾਅਲੀ ਸੂਚਨਾਵਾਂ ਫ਼ੈਲਾਉਂਦਿਆਂਜਿਵੇਂ ਡੀਪਸੀਕ ਵੀਡੀਓ ਜਾਂ ਫ਼ਰਜ਼ੀ ਸੋਸ਼ਲ ਮੀਡੀਆ ਪੋਸਟਾਂ ਜੋ ਦੁਸ਼ਮਣ ਜਾਂ ਜਨਤਾ ਦੇ ਮਨੋਬਲ ਨੂੰ ਕਮਜ਼ੋਰ ਕਰ ਸਕਦੀਆਂ ਹਨ।

ਇਸੇ ਤਰ੍ਹਾਂ ਆਟੋਮੈਟਿਕ ਅਤੇ ਸਵੈਚਾਲਕ ਹਥਿਆਰਾਂ ਦੇ ਖੇਤਰ ਵਿੱਚ ਏ.ਆਈ. ਅਧਾਰਤ ਅਤੇ ਰੋਬੋਟ ਜੰਗੀ ਮੈਦਾਨ ਵਿੱਚ ਸਵੈਚਲਿਤ ਹਮਲੇ, ਨਿਗਰਾਨੀ ਅਤੇ ਸਮਾਨ ਪਹੁੰਚਾਉਣ ਦੇ ਕੰਮ ਕਰਦੇ ਹਨ। ਮਸਲਨ ਸਵੈਚਲਿਤ ਡਰੋਨ ਦੁਸ਼ਮਣ ਦੇ ਟਿਕਾਣਿਆਂ ’ਤੇ ਸਟੀਕ ਹਮਲੇ ਕਰ ਸਕਦੇ ਹਨ। ਏ.ਆਈ ਦੀ ਵਰਤੋਂ ਨਾਲ ਬਣੇ ਹਥਿਆਰ ਜਿਵੇਂ ਸਵੈਚਲਿਤ ਨੂੰ ਚਲਾਉਣ ਬਾਰੇ ਤੇਜ਼ੀ ਨਾਲ ਫ਼ੈਸਲੇ ਲੈ ਸਕਦੇ ਹਨ, ਜਿਸ ਨਾਲ ਮਨੁੱਖੀ ਦਖਲ ਅੰਦਾਜ਼ੀ ਦੀ ਲੋੜ ਘਟ ਜਾਂਦੀ ਹੈ। ਰਣਨੀਤਕ ਫ਼ੈਸਲੇ ਅਤੇ ਸਿਮੂਲੇਸ਼ਨ ਦੇ ਖੇਤਰ ਵਿੱਚ ਏ.ਆਈ. ਦੀ ਮਦਦ ਨਾਲ ਜੰਗੀ ਰਣਨੀਤੀਆਂ ਦੀ ਸਿਮੂਲੇਸ਼ਨ ਕੀਤੀ ਜਾਂਦੀ ਹੈ, ਜਿਸ ਨਾਲ ਸੰਭਾਵੀ ਨਤੀਜਿਆਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸਦੇ ਨਾਲ ਹੀ ਇਹ ਦੁਸ਼ਮਣ ਦੀਆਂ ਗਤੀਵਿਧੀਆਂ ਦੀ ਭਵਿੱਖਬਾਣੀ ਕਰਨ ਵਿੱਚ ਮਦਦ ਕਰਦੀ ਹੈ ਜਿਵੇਂ ਕਿ ਹਮਲੇ ਦੀ ਸੰਭਾਵਨਾ ਜਾਂ ਫ਼ੌਜੀ ਤਾਕਤ ਦਾ ਅੰਦਾਜ਼ਾ ਲਾਉਣਾ। ਸੰਚਾਰ ਅਤੇ ਲੌਜਿਸਟਿਕਸ ਦੇ ਖੇਤਰ ਵਿੱਚ ਸੂਚਨਾ ਤਕਨਾਲੋਜੀ ਸੁਰੱਖਿਅਤ ਅਤੇ ਤੇਜ਼ ਚਲਣ ਪ੍ਰਦਾਨ ਕਰਦੀ ਹੈ, ਜਿਸ ਨਾਲ ਫ਼ੌਜੀ ਯੂਨਿਟਾਂ ਵਿਚਕਾਰ ਤਾਲਮੇਲ ਸੁਧਾਰਿਆ ਜਾ ਸਕਦਾ ਹੈ। ਇਸਦੇ ਨਾਲ ਹੀ ਏ. ਆਈ. ਅਧਾਰਿਤ ਸਿਸਟਮ ਲੌਜਿਸਟਿਕਸ ਹਥਿਆਰ, ਭੋਜਨ ਅਤੇ ਮੈਡੀਕਲ ਸਮਾਨ ਦੀ ਸਪਲਾਈ ਨੂੰ ਅਨੁਕੂਲ ਬਣਾਉਂਦੇ ਹਨ।



ਪਬਲਿਕ ਡੋਮੈਨ ਵਿੱਚ ਉਪਲਬਧ ਰਿਪੋਰਟਾਂ ਅਨੁਸਾਰ ਰੂਸ-ਯੂਕ੍ਰੇਨ, ਇਜ਼ਰਾਇਲ-ਇਰਾਨ ਸੰਘਰਸ਼ਾਂ ਵਿੱਚ ਸਬੰਧਤ ਦੇਸ਼ਾਂ ਨੇ ਵਟਸਐਪ ਵਰਗੇ ਪਲੇਟਫ਼ਾਰਮਾਂ ’ਤੇ ਜਾਅਲੀ ਪ੍ਰੋਗਰਾਮ ਭੇਜਕੇ ਫ਼ੌਜੀ ਅਧਿਕਾਰੀਆਂ ਦੀ ਲੋਕੇਸ਼ਨ ਟਰੈਕ ਕੀਤੀ ਅਤੇ ਨਿਸ਼ਾਨਾ ਬਣਾਇਆ ਹੈ। ਯੁੱਧਾਂ ਅਤੇ ਫ਼ੌਜੀ ਝੜਪਾਂ ਵਿੱਚ ਏ.ਆਈ. ਅਤੇ ਸੂਚਨਾ ਤਕਨਾਲੋਜੀ ਦੀ ਵਰਤੋਂ ਮਨੁੱਖੀ ਅਧਿਕਾਰਾਂ ਨੂੰ ਪ੍ਰਭਾਵਤ ਕਰਦੀ ਹੈ ਅਤੇ ਹਥਿਆਰ ਗਲਤੀ ਨਾਲ ਜਾਂ ਜਾਣ ਬੁੱਝ ਕੇ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਲਿਹਾਜ਼ਾ ਯੁੱਧਾਂ ਵਿੱਚ ਏ.ਆਈ. ਅਤੇ ਸੂਚਨਾ ਤਕਨਾਲੋਜੀ ਨੈਤਿਕ ਅਤੇ ਕਾਨੂੰਨੀ ਚੁਣੌਤੀਆਂ ਵੀ ਪੈਦਾ ਕਰਦੀਆਂ ਹਨ। ਭਾਵੇਂ ਸੂਚਨਾ ਤਕਨਾਲੋਜੀ ਅਤੇ ਏ.ਆਈ. ਨੇ ਜੰਗਾਂ ਨੂੰ ਵਧੇਰੇ ਤਕਨੀਕੀ ਅਤੇ ਸੂਝਵਾਨ ਬਣਾਇਆ ਹੈ ਪਰ ਇਸਦੇ ਨਾਲ ਹੀ ਨੈਤਿਕ ਅਤੇ ਸੁਰੱਖਿਆ ਸਬੰਧੀ ਚੁਣੌਤੀਆਂ ਵੀ ਵਧੀਆ ਹਨ। ਲਗਦਾ ਹੈ ਭਵਿੱਖ ਵਿੱਚ ਇਹ ਤਕਨੀਕਾਂ ਜੰਗਾਂ ਦੇ ਸਰੂਪ ਨੂੰ ਹੋਰ ਵੀ ਬਦਲ ਸਕਦੀਆਂ ਹਨ, ਜਿਸ ਨਾਲ ਰਣਨੀਤਕ ਸੰਤੁਲਨ ਅਤੇ ਅੰਤਰਰਾਸ਼ਟਰੀ ਨਿਯਮਾਂ ਦੀ ਮਹੱਤਤਾ ਵਧੇਗੀ। ਪਰ ਦੇਸ਼ ਵਿਦੇਸ਼ਾਂ ਦੀਆਂ ਸਰਕਾਰਾਂ ਤਾਂ ਮੰਨਦੀਆਂ ਹਨ ਕਿ ‘ਜੰਗ ਅਤੇ ਪਿਆਰ ਵਿੱਚ ਹਰੇਕ ਤਕਨੀਕ ਅਤੇ ਹਰੇਕ ਤਰੀਕਾ ਜਾਇਜ਼ ਹੈ।’

ਜੇਕਰ ਪਹਿਲਗਾਮ (ਕਸ਼ਮੀਰ) ਵਿੱਚ ਅੱਤਵਾਦੀਆਂ ਵੱਲੋਂ ਭਾਰਤੀ ਟੂਰਿਸਟਾਂ ਦੀਆਂ ਦਰਦਨਾਕ ਹਥਿਆਰਾਂ ਮੌਤ ਕਾਰਨ ਭਾਰਤ ਵੱਲੋਂ ਪਾਕਿਸਤਾਨ ਕਬਜ਼ੇ ਵਾਲੇ ਕਸ਼ਮੀਰ ਇਲਾਕੇ ਵਿੱਚ ਅੱਤਵਾਦੀਆਂ ਦੇ ਟਿਕਾਣਿਆਂ ਨੂੰ ਨਸ਼ਟ ਕਰਨ ਲਈ ਸ਼ੁਰੂ ਕੀਤਾ ਗਿਆ ਓਪਰੇਸ਼ਨ ਸਿੰਦੂਰ ਜੋ ਭਾਰਤ ਪਾਕ ਫ਼ੌਜੀ ਝੜਪਾਂ ਵਿੱਚ ਬਦਲ ਗਿਆ ਸੀ, ਬਾਰੇ ਗੱਲ ਕੀਤੀ ਜਾਵੇ ਤਾਂ ਜ਼ਿਕਰਯੋਗ ਹੈ ਕਿ ਓਪਰੇਸ਼ਨ ਸਿੰਦੂਰ ਵਿੱਚ ਦੋਵਾਂ ਦੇਸ਼ਾਂ ਨੇ ਸਾਈਬਰ ਵਾਰਫ਼ੇਅਰ, ਸੈਨਿਕ ਅਤੇ ਬਨਿਆਦੀ ਢਾਂਚਿਆਂ ਨੂੰ ਨਿਸ਼ਾਨਾ ਬਣਾਉਣ, ਸੂਚਨਾ ਯੁੱਧ ਵਿੱਚ ਸਮਾਜਿਕ ਪ੍ਰਭਾਵ ਪੈਦਾ ਕਰਨ ਅਤੇ ਰਣਨੀਤਕ ਫ਼ਾਇਦੇ ਹਾਸਲ ਕਰਨ ਲਈ ਸੂਚਨਾ ਤਕਨਾਲੋਜੀ ਅਤੇ ਏ. ਆਈ. ਨੇ ਮੁੱਖ ਭੂਮਿਕਾ ਨਿਭਾਈ ਹੈ। ਏ.ਆਈ ਨੇ ਵੱਡੀ ਮਾਤਰਾ ਵਿੱਚ ਡਾਟਾ (ਸੈਟੇਲਾਈਟ ਚਿੱਤਰ, ਸੋਸ਼ਲ ਮੀਡੀਆ ਅਤੇ ਸੰਚਾਰ) ਦਾ ਵਿਸ਼ਲੇਸ਼ਣ ਕਰਕੇ ਸਟੀਕ ਨਿਸ਼ਾਨਿਆਂ ਦੀ ਪਛਾਣ ਕੀਤੀ, ਫ਼ੌਜੀ ਗਤੀਵਿਧੀਆਂ ਦੀ ਭਵਿੱਖਬਾਣੀ ਅਤੇ ਰਣਨੀਤਕ ਸਿਮੂਲੇਸ਼ਨ ਲਈ ਵਰਤਿਆ ਗਿਆ। ਏ. ਆਈ. ਅਧਾਰਿਤ ਡੀਪਸੀਕ ਵੀਡੀਓ ਅਤੇ ਚਿੱਤਰਾਂ ਨੇ ਸੂਚਨਾ ਯੁੱਧ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਓਪਰੇਸ਼ਨ ਸੰਧੂਰ ਦੌਰਾਨ ਸਾਈਬਰ ਵਾਰਫ਼ੇਅਰ ਦੀ ਵਰਤੋਂ ਨਾਲ ਦੁਸ਼ਮਣ ਦੀਆਂ ਸੰਚਾਰ ਪ੍ਰਨਾਲੀਆਂ ਜਿਵੇਂ ਸੈਨਿਕ ਕਮਾਂਡ ਸੈਂਟਰ, ਸਰਵੇਲੈਂਸ ਰਣਨੀਤਕ ਡੇਟਾਬੇਸ ਨੂੰ ਨਿਸ਼ਾਨਾ ਬਣਾਇਆ ਗਿਆ। ਸਾਈਬਰ ਹਮਲਿਆਂ ਨੇ ਅਨੇਕਾਂ ਜੀ ਪੀ ਐੱਸ ਸਿਸਟਮਾਂ ਨੂੰ ਸਬੋਟਾਜ ਕੀਤਾ ਅਤੇ ਜਹਾਜ਼ਾਂ ਦੀ ਨੇਵੀਗੇਸ਼ਨ ਵਿੱਚ ਵਿਘਨ ਪਾਇਆ। ਡੀਮਫ਼ੇਕ ਅਤੇ ਏ ਆਈ ਅਧਾਰਤ ਪ੍ਰੌਪੇਗੰਡਾ ਦੀ ਖੁੱਲ੍ਹ ਵਰਤੋਂ ਹੋਈ।

ਸੂਚਨਾ ਤਕਨਾਲੋਜੀ ਦੇ ਯੁਗ ਵਿੱਚ ‘ਸੂਚਨਾ ਯੁੱਧ’ ਵਿਰੋਧੀ ਉੱਤੇ ਮੁਕਾਬਲਾ ਕਰਨ ਵਾਲੇ ਫ਼ਾਇਦੇ ਦੀ ਭਾਲ ਵਿੱਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਜੰਗੀ ਵਰਤੋਂ ਅਤੇ ਪ੍ਰਬੰਧਨ ਹੈ। ਇਹ ਆਮ ਰਵਾਇਤੀ ਯੁੱਧਾਂ ਅਤੇ ਸਾਈਬਰ ਯੁੱਧਾਂ ਤੋਂ ਵੱਖਰਾ ਹੈ, ਜਿਸ ਵਿੱਚ ਕੰਪਿਊਟਰਾਂ, ਸੌਫ਼ਟਵੇਅਰ ਅਤੇ ਕਮਾਂਡ ਕੰਟਰੋਲ ਪ੍ਰਣਾਲੀਆਂ ’ਤੇ ਹਮਲਾ ਹੈ। ਸੂਚਨਾ ਯੁੱਧ ਇੱਕ ਨਿਸ਼ਾਨਾ ਦੁਆਰਾ ਭਰੋਸੇਯੋਗ ਜਾਣਕਾਰੀ ਦੀ ਹੇਰਾਫ਼ੇਰੀ ਹੈ, ਬਿਨਾਂ ਨਿਸ਼ਾਨਾਂ ਦੀ ਜਾਗਰੂਕਤਾ ਦੇ ਤਾਂ ਜੋ ਨਿਸ਼ਾਨਾ ਆਪਣੇ ਹਿਤ ਦੇ ਵਿਰੁੱਧ ਪਰ ਸੂਚਨਾ ਯੁੱਧ ਵਾਲੇ ਦੇ ਹਿਤ ਵਿੱਚ ਫ਼ੈਸਲਾ ਲਵੇ ਜਾਂ ਇੰਜ ਕਹਿ ਲਉ ਸੰਚਾਰ ਪ੍ਰਣਾਲੀਆ ਵਿੱਚ ਵਿਘਨ ਪਾਉਣਾ, ਡਰੋਨ ਅਤੇ ਹੋਰ ਨਿਗਰਾਨੀ ਰੋਬੋਟਾਂ ਜਾਂ ਵੈੱਬਕੈਮਾਂ ਦੀ ਵਰਤੋਂ, ਗਲਤ ਜਾਣਕਾਰੀ ਦੇਣ ਲਈ ਚਲਦੇ ਸੰਚਾਰ ਪ੍ਰੋਗਰਾਮਾਂ ਨੂੰ ਹਾਈਜੈਕ ਕਰਨਾ ਆਦਿ। ਅਜੋਕੇ ਦੌਰ ਵਿੱਚ ਯੁੱਧ ਅਤੇ ਫ਼ੌਜੀ ਝੜਪਾਂ ਵਿੱਚ ਸੂਚਨਾ ਤਕਨਾਲੋਜੀ ਅਤੇ ਏ. ਆਈ. ਦੀ ਵਰਤੋਂ ਵਿੱਚ ਫ਼ੌਜੀ ਡਰੋਨ ਜਾਂ ਫ਼ੌਜੀ ਰੋਬੌਟਾਂ ਦੀ ਵਰਤੋਂ ਯੁੱਧ ਦਾ ਇੱਕ ਵਿਲੱਖਣ ਰੂਪ ਹੈ, ਜੋ ਆਮ ਤੌਰ ’ਤੇ ਖ਼ੁਫ਼ੀਆ ਜਾਣਕਾਰੀ, ਨਿਗਰਾਨੀ ਨਿਸ਼ਾਨਾ ਪ੍ਰਾਪਤੀ ਅਤੇ ਖੋਜ ਅਤੇ ਨਿਸ਼ਾਨੇ ਲਈ ਸਿੱਧੇ ਹਮਲੇ ਕਰਨ ਲਈ ਵਰਤੇ ਜਾਂਦੇ ਹਨ। ਡਰੋਨ ਹਮਲਿਆਂ ਦੇ ਸਮਰਥਕ ਦਾਅਵਾ ਕਰਦੇ ਹਨ ਕਿ ਡਰੋਨ ਹਮਲੇ ਖਾਸ ਲੜਾਕਿਆਂ ਨੂੰ ਨਿਸ਼ਾਨਾ ਬਣਾਉਣ ਵਿੱਚ ਬਹੁਤ ਹੱਦ ਤਕ ਪ੍ਰਭਾਵਸ਼ਾਲੀ ਹੁੰਦੇ ਹਨ। ਡਰੋਨ ਹਮਲਿਆਂ ਦੇ ਖਤਰੇ ਦਾ ਮੁਕਾਬਲਾ ਕਰਨ ਲਈ ਰਾਜਾਂ ਦੁਆਰਾ ਐਂਟੀ ਯੂ ਏ ਵੀ ਸਿਸਟਮ ਵਿਕਸਿਤ ਕੀਤੇ ਜਾ ਰਹੇ ਹਨ। ਲਿਹਾਜ਼ਾ ਅਜੋਕੇ ਸਮੇਂ ਵਿੱਚ ਯੁੱਧਾਂ ਅਤੇ ਫ਼ੌਜੀ ਝੜਪਾਂ ਵਿੱਚ ਸੂਚਨਾ ਤਕਨਾਲੋਜੀ ਅਤੇ ਆਰਟੀਫ਼ੀਸ਼ਲ ਇੰਟੈਲੀਜੈਂਸ ਦੀ ਖੁੱਲ੍ਹ ਕੇ ਵਰਤੋਂ ਹੁੰਦੀ ਰਹੇਗੀ। ਹੁਣ ਯੁੱਧ ਜ਼ਮੀਨਾਂ ਉੱਤੇ ਨਹੀਂ ਸਗੋਂ ਅਸਮਾਨ ਅਤੇ ਪੁਲਾੜ ਵਿੱਚ ਲੜੇ ਜਾਣਗੇ ਅਤੇ ਮਾਰੇ ਜਾਣਗੇ ਧਰਤੀ ’ਤੇ ਵਸਦੇ ਲੋਕ।

# ਵੱਖ-ਵੱਖ ਰਾਜਾਂ ’ਚ ਮਜ਼ਬੂਤ ਹੋਈਆਂ ਖੇਤਰੀ ਪਾਰਟੀਆਂ

ਡਾ. ਸੁਰਿੰਦਰ ਮੰਡ

ਇਹ ਵਿਰੋਧੀ ਪਾਰਟੀਆਂ ਦੇ ਸਿਆਸੀ ਵਤੀਰੇ ਨੇ ਤੈਅ ਕਰਨਾ ਹੈ ਕਿ ਅਗਲੀ ਕੇਂਦਰ ਸਰਕਾਰ ਕਿਸ ਦੀ ਬਣੇਗੀ। ਪਿਛਲੀ ਵਾਰ ਸਿਰਫ਼ 39% ਵੋਟਾਂ ਨਾਲ ਭਾਜਪਾ ਸਰਕਾਰ ਬਣੀ ਸੀ। ਇਸ ਲਈ ਇਨ੍ਹਾਂ ਲਈ ਇਹੀ ਸੋਚਣ ਵਿਚਾਰਨ ਦਾ ਸਮਾਂ ਹੈ।

ਕਾਂਗਰਸ ਭਾਜਪਾ ਦੇ ਮੁਕਾਬਲੇ ਸੁਸਤ ਤੇ ਜਿੱਦਲ ਜਾਪਦੀ ਹੈ। 2024 ਵਾਲੀ ਚੋਣ ਵਿੱਚ ਬਿਹਾਰ 30, ਉੜੀਸਾ 20, ਆਂਧਰਾ ਪ੍ਰਦੇਸ਼ 22, ਪੱਛਮੀ ਬੰਗਾਲ 12, ਯੂਪੀ ਤੇ ਤਿਲੰਗਾਨਾ ਦੀਆਂ ਕੁਝ ਵੱਧ ਸੀਟਾਂ ਜੋ ਭਾਜਪਾ ਖੇਮੇ ਨੇ ਜਿੱਤੀਆਂ ਤੇ ਸਰਕਾਰ ਬਣਾਈ, ਇਹ ਜਿਤਾਉਣ ਲਈ ਕਾਂਗਰਸ ਦਾ ਵਿਹਾਰ ਹੀ ਵੱਧ ਜ਼ਿੰਮੇਵਾਰ ਹੈ। ਕਿਵੇਂ?

ਬਿਹਾਰ ਦੇ ਆਗੂ ਨਿਤੀਸ਼ ਕੁਮਾਰ ਦੀ ਪਹਿਲਕਦਮੀ ’ਤੇ ਹੀ ‘ਇੰਡੀਆ’ ਗਠਜੋੜ ਬਣਿਆ ਸੀ। ਪਹਿਲੀ ਮੀਟਿੰਗ ਬੜੇ ਚਾਵਾਂ ਨਾਲ ਪਟਨਾ ਵਿੱਚ ਹੋਈ। ਕਾਂਗਰਸ ਆਗੂ ਰਾਹੁਲ ਗਾਂਧੀ ਚਾਰ ਮਹੀਨੇ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਪੈਦਲ ਯਾਤਰਾ ’ਤੇ ਨਿਕਲਿਆ, ਚੰਗੀ ਗੱਲ। ਨਿਤੀਸ਼ ਕੁਮਾਰ ਅਤੇ ਵਿਰੋਧੀ ਪਾਰਟੀਆਂ ਦੀ ਮੀਟਿੰਗ ਲਈ ਤਰਲੇ ਲੈਣ ’ਤੇ ਕਾਂਗਰਸ ਆਖੇ ਕਿ ਰਾਹੁਲ ਗਾਂਧੀ ਅਜੇ ਯਾਤਰਾ ਕਰ ਰਹੇ ਨੇ, ਮੀਟਿੰਗ ਵਿੱਚ ਕੋਈ ਹੋਰ ਆਗੂ ਵੀ ਜਾ ਸਕਦੇ ਸਨ। ਮੁੱਦਤਾਂ ਬਾਅਦ ਮੀਟਿੰਗ ਹੋਈ ਤਾਂ ਕਨਵੀਨਰ ਵਜੋਂ ਕਾਂਗਰਸ ਆਗੂ ਮਲਿਕਅਰਜੁਨ ਖੜਗੇ ਦਾ ਨਾਮ (ਬਿਨਾ ਕਿਸੇ ਨਾਲ ਸਲਾਹ ਕੀਤਿਆਂ) ਉਛਾਲਣ ਵਾਲਿਆਂ (ਮਮਤਾ ਬੈਨਰਜੀ ਤੇ ਅਰਵਿੰਦ ਕੇਜਰੀਵਾਲ) ਨੇ ਵੀ ਨਿਤੀਸ਼ ਕੁਮਾਰ ਨੂੰ ਭਜਾਉਣ ਵਿੱਚ ਯੋਗਦਾਨ ਪਾਇਆ। ਉਹ ਇਨ੍ਹਾਂ ਦੀਆਂ ਸੁਸਤੀਆਂ ਤੇ ਚੁਸਤੀਆਂ ਦਾ ਮਾਰਿਆ ਅੰਤ ਆਪਣੇ ਕੱਟੜ ਵਿਰੋਧੀ ਰਹੇ ਪਰ ਬਾਂਹਾਂ ਅੱਡੀ ਖੜ੍ਹੇ ਨਰਿੰਦਰ ਮੋਦੀ ਦੀ ਗੱਡੀ ਜਾ ਚੜ੍ਹਿਆ। ਉਹ ਨਾਲ ਹੁੰਦਾ ਤਾਂ ਬਿਹਾਰ ਵਿੱਚ ਹੂੰਝਾ ਫ਼ੇਰੂ ਜਿੱਤ ਹੁੰਦੀ।

ਪੱਛਮੀ ਬੰਗਾਲ ਵਿੱਚ ਕਾਂਗਰਸ ਦਾ ਮਮਤਾ ਬੈਨਰਜੀ ਨਾਲ ਸਿਰਫ਼ ਸੀਟਾਂ ਦੀ ਵੰਡ-ਵੰਡਾਈ ਦਾ ਝਗੜਾ ਸੀ। ਕਾਂਗਰਸ ਵੱਧ ਮੰਗੇ ਤੇ ਮਮਤਾ ਘੱਟ ਦੇਵੇ, ਸਮਝੌਤਾ ਖ਼ਤਮ। ਇਸ ਝਗੜੇ ਵਿੱਚ ਭਾਜਪਾ 12 ਸੀਟਾਂ ਜਿੱਤ ਗਈ; ਮਮਤਾ 29 ਤੇ ਕਾਂਗਰਸ ਸਿਰਫ਼ ਇੱਕ। ਮਿਲ ਕੇ ਚੋਣ ਲੜਦੇ ਤਾਂ ਇਨ੍ਹਾਂ ਦੀਆਂ ਭਾਜਪਾ ਨਾਲੋਂ 12% ਵੋਟਾਂ ਵੱਧ ਸਨ।

ਉੜੀਸਾ ਅੰਦਰ 2019 ਵਿੱਚ 8 ਸੀਟਾਂ ਜਿੱਤ ਕੇ ਜਦ ਭਾਜਪਾ ਮੁੱਖ ਵਿਰੋਧੀ ਪਾਰਟੀ ਬਣੀ ਤਾਂ ਕਾਂਗਰਸ ਮੁੱਖ ਮੰਤਰੀ ਨਵੀਨ ਪਟਨਾਇਕ ਨੂੰ ਹਰ ਹੀਲੇ ਆਪਣੇ ਲਾਗੇ ਲਾਉਂਦੀ। ਭਾਜਪਾ ਚਤੁਰ ਨਿਕਲੀ। ਨਵੀਨ ਪਟਨਾਇਕ ਨੂੰ ਕਾਂਗਰਸ ਨਾਲ ਗੱਠਜੋੜ ਤੋਂ ਰੋਕਣ ਲਈ ਭਾਜਪਾ ਝੂਠ ਮੂਠ ਆਖੇ ਕਿ ‘ਅਸੀਂ 2024 ਦੀ ਚੋਣ ਨਵੀਨ ਨਾਲ ਰਲ ਕੇ ਲੜਨੀ’ ਪਰ ਐਨ ਆਖਿਰੀ ਮੌਕੇ ਕਹਿੰਦੇ- ‘ਇਕੱਲੇ ਲੜਾਂਗੇ’। ਕਾਂਗਰਸ ਸੁਸਤ ਨਾ ਹੁੰਦੀ ਤਾਂ ਨਵੀਨ ਨਾਲ ਤੁਰੰਤ ਸੀਟਾਂ ਦੀ ਵੰਡ ਨਜਿੱਠ ਲੈਂਦੀ ਪਰ ਤਿਕੋਣੀ ਟੱਕਰ ਵਿੱਚ ਭਾਜਪਾ 20 ਸੀਟਾਂ ਜਿੱਤੀ, ਕਾਂਗਰਸ ਇੱਕ। ਕਾਂਗਰਸ ਤੇ ਨਵੀਨ ਦੀਆਂ ਵੋਟਾਂ ਮਿਲਾ ਕੇ ਭਾਜਪਾ ਨਾਲੋਂ 5% ਵੱਧ ਸਨ ਆਂਧਰਾ ਪ੍ਰਦੇਸ਼ ਦਾ ਮੁੱਖ ਮੰਤਰੀ ਜਗਨ ਮੋਹਨ ਰੈਡੀ ਕਾਂਗਰਸੀ ਪਿਛੋਕੜ ਵਾਲਾ ਸੀ। ਉਸ ਦੇ ਮੁੱਖ ਮੰਤਰੀ ਪਿਤਾ ਦੀ ਹਵਾਈ ਹਾਦਸੇ ਵਿੱਚ ਮੌਤ ਪਿਛੋਂ ਮੁੱਖ ਮੰਤਰੀ ਨਾ ਬਣਾਇਆ। ਉਹ ਨਵੀਂ ਪਾਰਟੀ ਬਣਾ ਕੇ ਜਿੱਤ ਕੇ ਮੁੱਖ ਮੰਤਰੀ ਬਣ ਗਿਆ। ਮਗਰੋਂ ਵੀ ਉਸ ਨਾਲ ਖਹਿਬੜੀ ਗਏ। ਦੂਜੇ ਪਾਸੇ, ਨਰਿੰਦਰ ਮੋਦੀ ਨੇ ਆਪਣੇ ਕੱਟੜ ਵਿਰੋਧੀ ਚੰਦਰ ਬਾਬੂ ਨਾਇਡੂ ਨਾਲ ਸਮਝੌਤਾ ਕਰਨ ਨੂੰ ਸਕਿੰਟ ਨਾ ਲਾਇਆ। ਨਤੀਜਾ ਇਹ ਨਿਕਲਿਆ ਕਿ ਭਾਜਪਾ ਖੇਮੇ ਦੀ ਝੋਲੀ 22 ਸੀਟਾਂ (ਜਿਸ ਵਿੱਚ ਭਾਜਪਾ ਦੀਆਂ ਸਿਰਫ਼ 2.8% ਵੋਟਾਂ), ਰੈਡੀ ਦੀਆਂ 4 ਸੀਟਾਂ ਤੇ ਕਾਂਗਰਸ ਸਿਫ਼ਰ। ਕਾਂਗਰਸ ਨੂੰ ਆਂਧਰਾ ਪ੍ਰਦੇਸ਼ ਵਿੱਚ 40% ਵੋਟਾਂ ਵਾਲੇ ਜਗਨ ਮੋਹਨ ਰੈਡੀ ਨੂੰ ਆਗੂ ਮੰਨ ਕੇ ਉਸ ਦੀ ਪਾਰਟੀ ਨਾਲ ਗੱਠਜੋੜ ਕਰਨਾ ਚਾਹੀਦਾ ਹੈ।



ਉੱਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ ਨੇ 63 ਸੀਟਾਂ ’ਤੇ ਚੋਣ ਲੜੀ ਅਤੇ 43 ਸੀਟਾਂ ਜਿੱਤੀਆਂ; ਕਾਂਗਰਸ ਨੇ ਜਿੱਦ ਕਰ ਕੇ 17 ਸੀਟਾਂ ਲਈਆਂ ਤੇ ਜਿੱਤੀਆਂ ਸਿਰਫ਼ 6, ਭਾਜਪਾ ਨੂੰ ਸਿੱਧਾ ਫ਼ਾਇਦਾ ਹੋਇਆ। ਪਿਛਲੀਆਂ ਬਿਹਾਰ ਅਸੈਂਬਲੀ ਚੋਣਾ ਵਿੱਚ ਵੀ ਲਾਲੂ ਯਾਦਵ ਦੀ ਆਰ.ਜੇ.ਡੀ. ਕਾਂਗਰਸ ਨੂੰ 40 ਸੀਟਾਂ ਲੜਨ ਨੂੰ ਕਹਿੰਦੀ ਸੀ ਪਰ ਕਾਂਗਰਸ ਅੜ ਕੇ 70 ਸੀਟਾਂ ਲਈਆਂ ਪਰ ਸਿਰਫ਼ 19 ਜਿੱਤੀਆਂ। ਲਾਲੂ ਯਾਦਵ ਅਤੇ ਖੱਬੇ ਪੱਖੀਆਂ ਦੀ ਜੇਤੂ ਪ੍ਰਤੀਸ਼ਤ ਬਹੁਤ ਜ਼ਿਆਦਾ ਸੀ। ਸਿਰਫ਼ 5 ਸੀਟਾਂ ਵੱਧ ਹੋਣ ਨਾਲ ਭਾਜਪਾ ਸਰਕਾਰ ਬਣਾ ਗਈ।

ਕਾਂਗਰਸ ਨੂੰ ਸਮਝਣਾ ਚਾਹੀਦਾ ਕਿ ਤਿਲੰਗਾਨਾ ਦੇ ਕੇ ਚੰਦਰਸ਼ੇਖਰ ਰਾਓ ਦੀ ਭਾਰਤੀ ਰਾਸ਼ਟਰੀ ਸਮਿਤੀ ਵੀ ‘ਇੰਡੀਆ’ ਗਠਜੋੜ ਦੀ ਵਿਚਾਰਕ ਸਹਿਯੋਗੀ ਹੈ। ਉਸ ਨੂੰ ਗੱਠਜੋੜ ਵਿੱਚ ਆਉਣ ਲਈ ਕਹਿਣ। ਇਹ ਰਲ ਕੇ ਤਿਲੰਗਾਨਾ ਵਿੱਚ ਹੂੰਝਾ ਫ਼ੇਰ ਸਕਦੇ।

ਉਂਝ, ਅਜੇ ਵੀ ਕੋਈ ਆਖਿਰ ਨਹੀਂ ਆ ਗਈ। 2024 ਦੀ ਚੋਣ ਵਿੱਚ ਦੇਸ਼ ਭਰ ਵਿੱਚੋਂ ਭਾਜਪਾ ਦੇ ਐੱਨ.ਡੀ.ਏ. ਦੀਆਂ ਵੋਟਾਂ ‘ਇੰਡੀਆ’ ਗਠਜੋੜ ਨਾਲੋਂ ਸਿਰਫ਼ 2% ਦੇ ਲਗਭਗ ਹੀ ਵੱਧ ਸਨ।

ਬਿਹਾਰ, ਉੱਤਰ ਪ੍ਰਦੇਸ਼, ਉੜੀਸਾ, ਆਂਧਰਾ ਪ੍ਰਦੇਸ਼, ਤਿਲੰਗਾਨਾ, ਝਾਰਖੰਡ, ਪੱਛਮੀ ਬੰਗਾਲ ਵਿੱਚ ਕਾਂਗਰਸ ਨੂੰ ਵੱਧ ਸੀਟਾਂ ਮੰਗਣ ਦੀ ਥਾਂ ਹਰ ਹੀਲੇ ਖੇਤਰੀ ਪਾਰਟੀਆਂ ਨਾਲ ਚੁਸਤ, ਵਿਸ਼ਾਲ ਗੱਠਜੋੜ ਦੀ ਜ਼ਰੂਰਤ ਹੈ। ਹਰਿਆਣਾ, ਗੁਜਰਾਤ, ਗੋਆ ਤੇ ਦਿੱਲੀ ਵਿੱਚ ਗੱਠਜੋੜ ਕਾਂਗਰਸ ਤੇ ‘ਆਪ’ ਦੀ ਸਿਆਸੀ ਸਮਝ ਦਾ ਇਮਤਿਹਾਨ ਹੋਵੇਗਾ। ਨਿੱਜੀ ਗਿਣਤੀਆਂ ਮਿਣਤੀਆਂ ਦੋਵਾਂ ਨੂੰ ਲੈ ਡੁੱਬਣਗੀਆਂ। ਜੇ ਲੋਕ ਮੁੱਦਿਆਂ ਨੂੰ ਲੈ ਕੇ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਛੱਤੀਸਗੜ੍ਹ, ਉੱਤਰਾਖੰਡ ਵਿੱਚ ਕਾਂਗਰਸ ਨੇ ਕੋਈ ਵੱਡਾ ਸੰਘਰਸ਼ ਨਾ ਛੇੜਿਆ ਤਾਂ ਇਸ ਨੇ ਉੱਠ ਨਹੀਂ ਸਕਣਾ। ਮਹਾਰਾਸ਼ਟਰ ਵਿੱਚ ਵਿਰੋਧੀ ਧਿਰਾਂ ਹਤਾਸ਼ ਨਾ ਹੋਣ, ਏਕਤਾ ਬਣਾਈ ਰੱਖਣ ਤਾਂ ਝੂਠ ਫ਼ਰੇਬ ਦਾ ਗੁਬਾਰਾ ਫ਼ਟ ਸਕਦਾ ਹੈ। ਮਨੀਪੁਰ ਦੇ ਘਟਨਾਕ੍ਰਮ ਦੇ ਮੱਦੇਨਜ਼ਰ ਉੱਤਰ-ਪੂਰਬੀ ਸੂਬਿਆਂ ਵਿੱਚ ਕਾਂਗਰਸ ਸਥਾਨਕ ਪਾਰਟੀਆਂ ਨਾਲ ਸਮਝੌਤੇ ਲਈ ਉਚੇਚ ਦਿਖਾਵੇ ਤਾਂ ਵੱਡਾ, ਹੈਰਾਨੀਜਨਕ ਹੁੰਗਾਰਾ ਮਿਲਣ ਦੇ ਆਸਾਰ ਹਨ।

(ਬਾਕੀ ਸਫ਼ਾ 31 ’ਤੇ)

# ਆਪਣਾ ਪੰਜਾਬ ਹੋਵੇ !

# ਤੀਆਂ ਦਾ ਮੇਲਾ ਲੱਗਿਆ ਹੋਵੇ

* ਨੱਚਾਂ ਮੈਂ ਬਰਨਾਲੇ, ਧਮਕ ਮੇਰੀ ਲੁਧਿਆਣੇ ਪੈਂਦੀ
* ਸੱਤ ਸਮੁੰਦਰ ਪਾਰ ਬੈਠੇ ਪੰਜਾਬੀ ਹਰ ਵੇਲੇ ਮੰਗਦੇ ਨੇ ਪੰਜਾਬ ਲਈ ਦੁਆਵਾਂ




**ਪੰਜਾਬ ਵਿੱਚ ਹੁਣ ਤੀਆਂ ਦਾ ਤਿਉਹਾਰ ਸਟੇਜਾਂ ਅਤੇ ਹੋਟਲਾਂ ਤੱਕ ਸੀਮਿਤ ਹੁੰਦਾ ਜਾ ਰਿਹਾ ਹੈ। ਹੁਣ ਪਹਿਲਾਂ ਵਾਂਗ ਪਿੰਡਾਂ ਦੇ ਬਾਹਰ ਖਾਲੀ ਥਾਂ 'ਤੇ ਤੀਆਂ ਦੇ ਮੇਲੇ ਨਹੀਂ ਲੱਗਦੇ। ਕੁਝ ਦਹਾਕੇ ਪਹਿਲਾਂ ਤੱਕ ਲੌਂਗੋਵਾਲ ਅਤੇ ਬਰਨਾਲਾ ਦੇ ਤੀਆਂ ਦੇ ਮੇਲੇ ਬਹੁਤ ਪ੍ਰਸਿੱਧ ਸਨ। ਕੁਝ ਦਹਾਕੇ ਪਹਿਲਾਂ ਬਰਨਾਲਾ ਵਿੱਚ ਜੰਡਾਂ ਵਾਲਾ ਟੋਭਾ ਨੇੜੇ ਖਾਲੀ ਤੇ ਖੁੱਲ੍ਹੀ ਥਾਂ ਵਿੱਚ ਲਗਦਾ ਤੀਆਂ ਦਾ ਮੇਲਾ ਇਸ ਲੇਖਕ ਨੇ ਵੀ ਆਪਣੇ ਬਚਪਣ ਦੌਰਾਨ ਵੇਖਿਆ ਹੈ, ਭਾਵੇਂ ਕਿ ਇਸ ਮੇਲੇ ਵਿੱਚ ਮਰਦਾਂ ਦੇ ਜਾਣ ਦੀ ਮਨਾਹੀ ਹੁੰਦੀ ਸੀ ਪਰ ਬੱਚਾ ਹੋਣ ਕਰਕੇ ਲੇਖਕ ਵੀ ਆਪਣੀਆਂ ਭੈਣਾਂ ਨਾਲ ਇਸ ਮੇਲੇ ਵਿੱਚ ਚਲਿਆ ਜਾਂਦਾ ਸੀ। ਜਿਸ ਕਰਕੇ ਬਰਨਾਲਾ ਦਾ ਤੀਆਂ ਦਾ ਮੇਲਾ ਇਸ ਲੇਖਕ ਦੇ ਮਨ ਵਿੱਚ ਅਜੇ ਵੀ ਵਸਿਆ ਹੋਇਆ ਹੈ, ਭਾਵੇਂ ਕਿ ਇਹ ਮੇਲਾ ਹੁਣ ਨਹੀਂ ਲੱਗਦਾ।**



ਪੰਜਾਬੀ ਖਾਸ ਕਰਕੇ ਸਿੱਖ ਦੁਨੀਆ ਦੇ ਕਿਸੇ ਵੀ ਇਲਾਕੇ ਵਿੱਚ ਰਹਿੰਦੇ ਹੋਣ, ਉਹਨਾਂ ਦੇ ਪੇਕੇ ਜਾਂ ਜੱਦੀ ਘਰ ਪੰਜਾਬ ਵਿੱਚ ਹੀ ਹੁੰਦੇ ਹਨ। ਦੇਸ਼ਾਂ ਪਰਦੇਸਾਂ ਵਿੱਚ ਰਹਿੰਦਿਆਂ ਵੀ ਪੰਜਾਬੀ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਨਾਲ ਜੁੜੇ ਰਹਿਣ ਦਾ ਯਤਨ ਕਰਦੇ ਹਨ ਅਤੇ ਉਹਨਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੀਆਂ ਜੜਾਂ ਪੰਜਾਬ ਵਿੱਚ ਹੀ ਹਨ। ਇਸੇ ਕਾਰਨ ਕਈ ਵਾਰ ਸੱਤ ਸਮੁੰਦਰ ਪਾਰ ਬੈਠੇ ਪੰਜਾਬੀ ਆਪਣੇ ਪੰਜਾਬ ਲਈ ਦੁਆਵਾਂ ਮੰਗਦੇ ਰਹਿੰਦੇ ਹਨ ਅਤੇ ਪੰਜਾਬ ਜ਼ਰੂਰ ਆਉਣਾ ਚਾਹੁੰਦੇ ਹਨ। ਵੱਖ- ਵੱਖ ਮੁਲਕਾਂ ਵਿੱਚ ਕਈ ਦਹਾਕਿਆਂ ਤੋਂ ਰਹਿ ਰਹੇ ਪੰਜਾਬੀਆਂ ਨੂੰ ਪੰਜਾਬ ਬਹੁਤ ਯਾਦ ਆਉਂਦਾ ਹੈ ਅਤੇ ਇਹ ਪੰਜਾਬ ਕਿਸੇ ਨਾ ਕਿਸੇ ਤਰੀਕੇ ਪੰਜਾਬ ਜਰੂਰ ਆਉਣਾ ਚਾਹੁੰਦੇ ਹਨ।

ਦੂਰ ਦੂਰ ਦੇ ਮੁਲਕਾਂ ਵਿੱਚ ਬੈਠੇ ਪੰਜਾਬੀ ਅਕਸਰ ਇਹ ਕਹਿੰਦੇ ਹਨ ਕਿ ਦੁਨੀਆ 'ਚ ਸਿਰਫ਼ ਪੰਜਾਬ ਹੀ ਅਜਿਹਾ ਇਲਾਕਾ ਹੈ, ਜਿਥੇ ਕਿ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ, ਜਿਸ ਕਰਕੇ ਪੰਜਾਬ ਦਾ ਪੌਣ ਪਾਣੀ ਵੱਖਰਾ ਹੀ ਹੈ। ਪੰਜਾਬ 'ਚ ਵਾਪਰਦੀ ਹਰ ਘਟਨਾ ਦਾ ਪਰਦੇਸਾਂ 'ਚ ਬੈਠੇ ਪੰਜਾਬੀਆਂ 'ਤੇ ਡੂੰਘਾ ਅਸਰ ਹੁੰਦਾ ਹੈ ਅਤੇ ਉਹ ਅਕਸਰ ਪੰਜਾਬ ਦੇ ਮੌਜੂਦਾ ਹਾਲਾਤ ਵੇਖ ਕੇ ਪੰਜਾਬ ਲਈ ਦੁਆਵਾਂ ਮੰਗਦੇ ਹਨ।

ਸੱਤ ਸਮੁੰਦਰ ਪਾਰ ਵੱਖ- ਵੱਖ ਆਧੁਨਿਕ ਮੁਲਕਾਂ ਵਿੱਚ ਬੈਠੇ ਪੰਜਾਬੀਆਂ ਨਾਲ ਗੱਲਬਾਤ ਕਰਨ ਦੌਰਾਨ ਇਹ ਗੱਲ ਉਭਰ ਕੇ ਆਈ ਕਿ ਵਿਦੇਸ਼ਾਂ ਵਿੱਚ ਪੰਜਾਬੀਆਂ ਨੇ ਸਖ਼ਤ ਮਿਹਨਤ ਕਰਕੇ ਡਾਲਰ/ਪੌਂਡ ਤਾਂ ਕਮਾ ਲਏ ਪਰ ਆਪਣੇ ਪੰਜਾਬ ਨੂੰ ਛੱਡਣ ਦਾ ਦੁੱਖ ਉਹਨਾਂ ਨੂੰ ਅਜੇ ਵੀ ਹੈ। ਉਹਨਾਂ ਦਾ ਕਹਿਣਾ ਹੈ ਕਿ ਵਿਦੇਸ਼ਾਂ ਵਿੱਚ ਮਿਹਨਤਾਂ ਦਾ ਮੁੱਲ ਤਾਂ ਪੈ ਜਾਂਦਾ ਹੈ ਅਤੇ ਮਿਹਨਤ ਕਰਕੇ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਬਹੁਤ ਤਰੱਕੀ ਕੀਤੀ ਹੈ, ਪਰ ਉਹਨਾਂ ਦੇ ਮਨਾਂ ਅੰਦਰ ਪੰਜਾਬ ਪੂਰੀ ਤਰ੍ਹਾਂ ਵਸਿਆ ਹੋਇਆ ਹੈ। ਪੰਜਾਬ ਦੀ ਵਾਰ ਵਾਰ ਯਾਦ ਆਉਣ ਕਾਰਨ ਹੀ ਅਨੇਕਾਂ ਪੰਜਾਬੀਆਂ ਨੇ ਹਿੰਮਤ ਕਰਕੇ ਵੱਖ ਵੱਖ ਮੁਲਕਾਂ 'ਚ ਇੱਕ ਤਰ੍ਹਾਂ ਮਿੰਨੀ ਪੰਜਾਬ ਵਸਾਏ ਹੋਏ ਹਨ ਅਤੇ ਪੰਜਾਬ ਦੇ ਗੀਤ ਰਿਵਾਜ ਉਥੇ ਪੰਜਾਬੀ ਤਰੀਕੇ ਨਾਲ ਹੀ ਮਨਾਏ ਜਾਂਦੇ ਹਨ।



ਇਹ ਸਤਰਾਂ ਲਿਖੇ ਜਾਣ ਵੇਲੇ ਪੰਜਾਬ ਵਿੱਚ ਸਾਵਣ ਮਹੀਨਾ ਚਲ ਰਿਹਾ ਹੈ ਅਤੇ ਸਾਵਣ ਦੇ ਪ੍ਰਸਿੱਧ ਤਿਉਹਾਰ ਤੀਆਂ ਨੂੰ ਵੀ ਵੱਖ- ਵੱਖ ਮੁਲਕਾਂ ਵਿੱਚ ਵਸੇ ਪੰਜਾਬੀਆਂ ਖਾਸ ਕਰਕੇ ਪੰਜਾਬਣਾਂ ਵੱਲੋਂ ਮਨਾਏ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ। ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਪੰਜਾਬ ਦੁਨੀਆ ਦੇ ਕਿਸੇ ਵੀ ਇਲਾਕੇ ਵਿੱਚ ਜਾ ਕੇ ਰਹਿਣ ਲੱਗ ਜਾਣ ਪਰ ਉਹ ਆਪਣਾ ਪਿਛੋਕੜ, ਗੀਤ ਰਿਵਾਜ ਅਤੇ ਤਿਉਹਾਰ ਮਨਾਉਣੇ ਨਹੀਂ ਭੁਲਦੇ। ਇਸੇ ਕਾਰਨ ਵੱਖ- ਵੱਖ ਮੁਲਕਾਂ ਵਿੱਚ ਇਸ ਸਮੇਂ ਤੀਆਂ ਦਾ ਤਿਉਹਾਰ ਪੰਜਾਬਣਾਂ ਵੱਲੋਂ ਮਨਾਇਆ ਜਾ ਰਿਹਾ ਹੈ, ਇਸ ਤਿਉਹਾਰ ਨੂੰ ਮਨਾਉਣ ਮੌਕੇ ਵਿਦੇਸ਼ਾਂ ਵਿੱਚ ਵਸੀਆਂ ਪੰਜਾਬਣਾਂ ਪੂਰੀ ਤਰਾਂ ਰਵਾਇਤੀ ਪਹਿਰਾਵੇ ਪਾ ਕੇ ਸ਼ਾਮਲ ਹੁੰਦੀਆਂ ਹਨ, ਜਿਨ੍ਹਾਂ ਦੀ ਸ਼ਾਨ ਹੀ ਨਿਰਾਲੀ ਹੁੰਦੀ ਹੈ। ਤੀਆਂ ਦਾ ਤਿਉਹਾਰ ਮੌਕੇ ਮਹਿੰਦੀ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਅਤੇ ਗਿੱਧਾ ਪਾਇਆ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਦੇ ਸਟਾਲ ਲਗਾਏ ਜਾਂਦੇ ਹਨ। ਕਈ ਪੰਜਾਬਣਾਂ ਇਹ ਵੀ ਦਾਅਵਾ ਕਰਦੀਆਂ ਹਨ ਕਿ ਵਿਦੇਸ਼ਾਂ ਦੀਆਂ ਸਟੇਜਾਂ 'ਤੇ ਤੀਆਂ ਮਨਾਉਂਦੇ ਹੋਏ ਪਾਏ ਜਾਂਦੇ ਗਿੱਧੇ ਦੌਰਾਨ ਨੱਚਦੀਆਂ ਮੁਟਿਆਰਾਂ ਦੀਆਂ ਅੱਡੀਆਂ ਦੀ ਧਮਕ ਪੂਰੀ ਦੁਨੀਆ ਵਿੱਚ ਸੁਣਾਈ ਦਿੰਦੀ ਹੈ। ਤੀਆਂ ਦੇ ਤਿਉਹਾਰ ਮੌਕੇ ਪੀਂਘਾਂ ਵੀ ਝੂਟੀਆਂ ਜਾਂਦੀਆਂ ਹਨ। ਇਸ ਤਰ੍ਹਾਂ ਵਿਦੇਸ਼ਾਂ 'ਚ ਵੀ ਮਿੰਨੀ ਪੰਜਾਬ ਦਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਇਸ ਤਰ੍ਹਾਂ ਪਰਵਾਸੀ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਪੰਜਾਬੀ ਵਿਰਸਾ ਸੰਭਾਲਿਆ ਹੋਇਆ ਹੈ।



ਪੰਜਾਬ ਦੇ ਲੋਕ ਮੁੱਢ ਕਦੀਮ ਤੋਂ ਹੀ ਮਿਹਨਤੀ ਅਤੇ ਇਮਾਨਦਾਰ ਹਨ ਅਤੇ ਆਪਣੇ ਮਹਾਨ ਵਿਰਸੇ ਨਾਲ ਜੁੜੇ ਰਹਿੰਦੇ ਹਨ। ਇਹ ਹੀ ਕਾਰਨ ਹੈ ਕਿ ਦੁਨੀਆ ਦੇ ਵੱਖ- ਵੱਖ ਮੁਲਕਾਂ ਵਿੱਚ ਬੈਠੇ ਪੰਜਾਬੀ ਵੀ ਇਸ ਸਮੇਂ ਸਾਵਣ ਮਹੀਨੇ ਅਤੇ ਤੀਆਂ ਦਾ ਆਨੰਦ ਮਾਣ ਰਹੇ ਹਨ। ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਮੇਲੇ ਪੰਜਾਬੀਆਂ ਦੀ ਜਿੰਦ ਜਾਨ ਹੁੰਦੇ ਹਨ। ਇਸ ਕਰਕੇ ਸਾਵਣ ਮਹੀਨੇ ਤੀਆਂ ਦੇ ਮੇਲਿਆਂ ਦਾ ਆਨੰਦ ਪੂਰੀ ਦੁਨੀਆ 'ਚ ਬੈਠੇ ਪੰਜਾਬੀ ਕਿਸੇ ਨਾ ਕਿਸੇ ਤਰੀਕੇ ਮਾਣ ਰਹੇ ਹਨ ਅਤੇ ਪੰਜਾਬ ਲਈ ਦੁਆਵਾਂ ਮੰਗ ਰਹੇ ਹਨ।





# ਪੀ.ਜੀ.ਪੀ. ਪ੍ਰੋਗਰਾਮ: ਮਾਪਿਆਂ ਅਤੇ ਦਾਦਾ-ਦਾਦੀ ਨੂੰ ਕੈਨੇਡਾ ਬੁਲਾਉਣ ਦਾ ਸੁਨਹਿਰੀ ਮੌਕਾ

## ਸੁਪਰ ਵੀਜ਼ਾ: 5 ਸਾਲ ਰਹਿਣ ਦੀ ਸਹੂਲਤ, ਵਿਜ਼ੀਟਰ ਵੀਜ਼ੇ ਤੋਂ ਕਿਵੇਂ ਵੱਖਰਾ ? ਕੀ ਹਨ ਸ਼ਰਤਾਂ ?

## ਗੰਭੀਰ ਬਿਮਾਰੀਆਂ ਵਾਲੇ ਅਰਜ਼ੀਕਾਰ: ਸੁਪਰ ਵੀਜ਼ਾ ਅਤੇ ਪੀ.ਜੀ.ਪੀ. ਦੀਆਂ ਸਿਹਤ ਸਬੰਧੀ ਪਾਬੰਦੀਆਂ

ਕੈਨੇਡਾ ਸਰਕਾਰ ਨੇ ਹਾਲ ਹੀ ਵਿੱਚ ਪੇਰੇਂਟਸ ਐਂਡ ਗਰੈਂਡ ਪੇਰੇਂਟਸ ਪ੍ਰੋਗਰਾਮ (ਪੀ.ਜੀ.ਪੀ.) ਅਤੇ ਸੁਪਰ ਵੀਜ਼ਾ ਨਾਲ ਜੁੜੀ ਅਹਿਮ ਜਾਣਕਾਰੀ ਸਾਂਝੀ ਕੀਤੀ ਹੈ। ਇਸ ਪ੍ਰੋਗਰਾਮ ਅਤੇ ਵੀਜ਼ੇ ਦੇ ਜ਼ਰੀਏ ਕੈਨੇਡਾ ਦੇ ਨਾਗਰਿਕ ਅਤੇ ਸਥਾਈ ਨਿਵਾਸੀ (ਪਰਮਾਨੈਂਟ ਰੈਜ਼ੀਡੈਂਟਸ) ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਕੈਨੇਡਾ ਬੁਲਾਉਣ ਦਾ ਮੌਕਾ ਪ੍ਰਾਪਤ ਕਰ ਸਕਦੇ ਹਨ। 16 ਜੁਲਾਈ 2025 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਮੁਤਾਬਕ, 28 ਜੁਲਾਈ 2025 ਤੋਂ ਪੀ.ਜੀ.ਪੀ. ਦੇ ਸੱਦੇ ਭੇਜਣ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।



**ਪੀ.ਜੀ.ਪੀ. ਪ੍ਰੋਗਰਾਮ ਕੀ ਹੈ ?**

ਪੇਰੇਂਟਸ ਐਂਡ ਗਰੈਂਡਪੇਰੇਂਟਸ ਪ੍ਰੋਗਰਾਮ (ਪੀ.ਜੀ.ਪੀ.) ਕੈਨੇਡਾ ਸਰਕਾਰ ਦਾ ਇੱਕ ਖਾਸ ਪ੍ਰੋਗਰਾਮ ਹੈ, ਜਿਸ ਦੇ ਜ਼ਰੀਏ ਕੈਨੇਡਾ ਦੇ ਨਾਗਰਿਕ (ਸਿਟੀਜ਼ਨ) ਜਾਂ ਸਥਾਈ ਨਿਵਾਸੀ (ਪਰਮਾਨੈਂਟ ਰੈਜ਼ੀਡੈਂਟਸ) ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਕੈਨੇਡਾ ਵਿੱਚ ਸਥਾਈ ਨਿਵਾਸ (ਪਰਮਾਨੈਂਟ ਰੈਜ਼ੀਡੈਂਸੀ) ਲਈ ਸਪਾਂਸਰ ਕਰ ਸਕਦੇ ਹਨ। ਇਸ ਪ੍ਰੋਗਰਾਮ ਦਾ ਮੁੱਖ ਮਕਸਦ ਪਰਿਵਾਰਾਂ ਨੂੰ ਇਕੱਠੇ ਰਹਿਣ ਦਾ ਮੌਕਾ ਦੇਣਾ ਹੈ। ਪੀ.ਜੀ.ਪੀ. ਤਹਿਤ, ਸਪਾਂਸਰ ਨੂੰ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਦੀ ਵਿੱਤੀ ਜ਼ਿੰਮੇਵਾਰੀ ਚੁੱਕਣੀ ਪੈਂਦੀ ਹੈ, ਤਾਂ ਜੋ ਉਹ ਸਰਕਾਰੀ ਸਹਾਇਤਾ 'ਤੇ ਨਿਰਭਰ ਨਾ ਰਹਿਣ।

2025 ਦੇ ਪੀ.ਜੀ.ਪੀ. ਦੌਰ ਵਿੱਚ, ਇਮੀਗ੍ਰੇਸ਼ਨ, ਰਿਫਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਅਗਲੇ ਦੋ ਹਫਤਿਆਂ ਦੌਰਾਨ 17,860 ਸੱਦੇ ਭੇਜੇਗਾ। ਇਨ੍ਹਾਂ ਸੱਦਿਆਂ ਵਿੱਚੋਂ 10,000 ਅਰਜ਼ੀਆਂ ਨੂੰ ਸਥਾਈ ਨਿਵਾਸ ਲਈ ਮਨਜ਼ੂਰੀ ਦਿੱਤੀ ਜਾਵੇਗੀ। ਜਿਨ੍ਹਾਂ ਸਪਾਂਸਰਾਂ ਨੇ 2020 ਵਿੱਚ ਅਰਜ਼ੀ ਦਿੱਤੀ ਸੀ ਅਤੇ ਅਜੇ ਤੱਕ ਸੱਦਾ ਨਹੀਂ ਮਿਲਿਆ, ਉਨ੍ਹਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਉਹ ਆਪਣੀ ਈਮੇਲ (ਸਪੈਮ ਅਤੇ ਜੰਕ ਫੋਲਡਰ ਸਮੇਤ) ਨੂੰ ਧਿਆਨ ਨਾਲ ਚੈੱਕ ਕਰਨ। ਸਪਾਂਸਰ ਨੂੰ ਇਨਵੀਟੇਸ਼ਨ ਟੂ ਅਪਲਾਈ (ਆਈ.ਟੀ.ਏ.) ਮਿਲਣ 'ਤੇ ਅਰਜ਼ੀ ਨੂੰ ਪਰਮਾਨੈਂਟ ਰੈਜ਼ੀਡੈਂਸ ਪੋਰਟਲ ਰਾਹੀਂ ਜਮ੍ਹਾਂ ਕਰਾਉਣੀ ਹੋਵੇਗੀ।

**ਸੁਪਰ ਵੀਜ਼ਾ ਕੀ ਹੈ ?**

ਸੁਪਰ ਵੀਜ਼ਾ ਇੱਕ ਵਿਸ਼ੇਸ਼ ਕਿਸਮ ਦਾ ਵੀਜ਼ਾ ਹੈ, ਜੋ ਮਾਪਿਆਂ ਅਤੇ ਦਾਦਾ-ਦਾਦੀ ਨੂੰ ਆਪਣੇ ਬੱਚਿਆਂ ਜਾਂ ਪੋਤਰੇ-ਪੋਤਰੀਆਂ ਨਾਲ ਕੈਨੇਡਾ ਵਿੱਚ ਲੰਬੇ ਸਮੇਂ ਤੱਕ ਰਹਿਣ ਦੀ ਇਜਾਜ਼ਤ ਦਿੰਦਾ ਹੈ। ਇਸ ਵੀਜ਼ੇ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਨਾਲ ਅਰਜ਼ੀਕਾਰ ਇੱਕ ਵਾਰ ਵਿੱਚ 5 ਸਾਲ ਤੱਕ ਕੈਨੇਡਾ ਵਿੱਚ ਰਹਿ ਸਕਦਾ ਹੈ, ਜਦਕਿ ਆਮ ਵਿਜ਼ੀਟਰ ਵੀਜ਼ੇ 'ਤੇ ਵੱਧ ਤੋਂ ਵੱਧ 6 ਮਹੀਨੇ ਹੀ ਰੁਕਿਆ ਜਾ ਸਕਦਾ ਹੈ। ਸੁਪਰ ਵੀਜ਼ਾ 10 ਸਾਲਾਂ ਲਈ ਮਲਟੀਪਲ ਐਂਟਰੀ ਦੀ ਸਹੂਲਤ ਵੀ ਦਿੰਦਾ ਹੈ, ਭਾਵ ਅਰਜ਼ੀਕਾਰ ਵਾਰ-ਵਾਰ ਕੈਨੇਡਾ ਵਿੱਚ ਦਾਖਲ ਹੋ ਸਕਦਾ ਹੈ।

ਸੁਪਰ ਵੀਜ਼ੇ ਦੀ ਪ੍ਰਕਿਰਿਆ ਵਿੱਚ ਥੋੜ੍ਹਾ ਸਮਾਂ ਲੱਗਦਾ ਹੈ, ਪਰ ਇਹ ਪੀ.ਜੀ.ਪੀ. ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਮਿਲ ਸਕਦਾ ਹੈ। ਇਸ ਵੀਜ਼ੇ ਲਈ ਅਰਜ਼ੀਕਾਰ ਨੂੰ ਕੁਝ ਮੁੱਢਲੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ, ਜਿਵੇਂ ਕਿ ਸਿਹਤ ਜਾਂਚ, ਵਿੱਤੀ ਸਥਿਤੀ ਦਾ ਸਬੂਤ ਅਤੇ ਸਪਾਂਸਰ ਦੀ ਜ਼ਿੰਮੇਵਾਰੀ।

**ਪੀ.ਜੀ.ਪੀ. ਲਈ ਸਪਾਂਸਰ ਦੀਆਂ ਯੋਗਤਾਵਾਂ**

ਕੈਨੇਡਾ ਸਰਕਾਰ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ, ਪੀ.ਜੀ.ਪੀ. ਤਹਿਤ ਸਪਾਂਸਰ ਬਣਨ ਲਈ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ:

**ਉਮਰ:** ਸਪਾਂਸਰ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ।

**ਨਿਵਾਸ:** ਸਪਾਂਸਰ ਨੂੰ ਕੈਨੇਡਾ ਵਿੱਚ ਰਹਿਣਾ ਚਾਹੀਦਾ ਹੈ।

**ਨਾਗਰਿਕਤਾ/ਸਥਿਤੀ:** ਸਪਾਂਸਰ ਜਾਂ ਤਾਂ ਕੈਨੇਡੀਅਨ ਨਾਗਰਿਕ ਹੋਵੇ, ਪਰਮਾਨੈਂਟ ਰੈਜ਼ੀਡੈਂਟ ਹੋਵੇ, ਜਾਂ ਕੈਨੇਡੀਅਨ-ਇੰਡੀਅਨ ਐਕਟ ਦੇ ਤਹਿਤ ਰਜਿਸਟਰਡ ਭਾਰਤੀ ਵਿਅਕਤੀ ਹੋਵੇ। ਸਪਾਂਸਰ ਕੋਲ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਦੀਆਂ ਵਿੱਤੀ ਜ਼ਰੂਰਤਾਂ ਪੂਰੀਆਂ ਕਰਨ ਲਈ ਕਾਫੀ ਆਮਦਨ ਹੋਣੀ ਚਾਹੀਦੀ ਹੈ। ਇਸ ਦੇ ਸਬੂਤ ਵਜੋਂ ਇਨਕਮ ਦੇ ਦਸਤਾਵੇਜ਼ ਜਮ੍ਹਾਂ ਕਰਾਉਣੇ ਪੈਂਦੇ ਹਨ। ਸਪਾਂਸਰ ਨੂੰ 'ਅੰਡਰਟੇਕਿੰਗ' ਅਤੇ



'ਸਪਾਂਸਰਸ਼ਿਪ ਐਗਰੀਮੈਂਟ' 'ਤੇ ਦਸਤਖਤ ਕਰਨੇ ਪੈਂਦੇ ਹਨ, ਜਿਸ ਵਿੱਚ ਉਹ ਸਪਾਂਸਰ ਕੀਤੇ ਵਿਅਕਤੀ ਦੀ ਪੂਰੀ ਵਿੱਤੀ ਅਤੇ ਰੋਜ਼ਮਰਾਂ ਦੀ ਜ਼ਿੰਮੇਵਾਰੀ ਲੈਂਦਾ ਹੈ। ਸਪਾਂਸਰ ਨੂੰ 'ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ' ਅਤੇ ਇਸ ਦੀਆਂ ਰੈਗੁਲੇਸ਼ਨਜ਼ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ।

**ਕੌਣ ਸਪਾਂਸਰ ਨਹੀਂ ਬਣ ਸਕਦਾ ?**

ਕੁਝ ਸਥਿਤੀਆਂ ਵਿੱਚ ਸਪਾਂਸਰ ਨੂੰ ਅਯੋਗ ਮੰਨਿਆ ਜਾਂਦਾ ਹੈ: ਜੇਕਰ ਸਪਾਂਸਰ ਜੇਲ੍ਹ ਜਾਂ ਹਿਰਾਸਤ ਵਿੱਚ ਹੈ।

ਜੇਕਰ ਸਪਾਂਸਰ ਨੇ ਇਮੀਗ੍ਰੇਸ਼ਨ ਲੋਨ, ਪਰਫਾਰਮੈਂਸ ਬਾਂਡ, ਜਾਂ ਅਦਾਲਤ ਵੱਲੋਂ ਨਿਰਦੇਸ਼ਿਤ ਵਿੱਤੀ ਮਦਦ (ਜਿਵੇਂ ਐਲੀਮਨੀ ਜਾਂ ਚਾਈਲਡ ਸਪੋਰਟ) ਅਦਾ ਨਹੀਂ ਕੀਤੀ।

ਜੇਕਰ ਸਪਾਂਸਰ ਨੇ ਪਹਿਲਾਂ ਸਪਾਂਸਰ ਕੀਤੇ ਵਿਅਕਤੀ ਨੂੰ ਲੋੜੀਂਦੀ ਮਦਦ ਨਹੀਂ ਦਿੱਤੀ।

ਜੇਕਰ ਸਪਾਂਸਰ ਨੂੰ ਬੈਂਕ ਵੱਲੋਂ ਦਿਵਾਲੀਆ ਘੋਸ਼ਿਤ ਕੀਤਾ ਗਿਆ ਹੈ।

ਜੇਕਰ ਸਪਾਂਸਰ ਸਰਕਾਰੀ ਸਹਾਇਤਾ 'ਤੇ ਨਿਰਭਰ ਹੈ।

ਜੇਕਰ ਸਪਾਂਸਰ ਦਾ ਕੋਈ ਅਪਰਾਧਿਕ ਰਿਕਾਰਡ ਹੈ।

**ਜੇਕਰ ਸਪਾਂਸਰ ਕੈਨੇਡਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਿਹਾ ਹੈ।**

**ਸੁਪਰ ਵੀਜ਼ਾ ਲਈ ਯੋਗਤਾ**

ਸੁਪਰ ਵੀਜ਼ਾ ਲਈ ਸਪਾਂਸਰ ਅਤੇ ਅਰਜ਼ੀਕਾਰ ਨੂੰ ਇਹ ਸੁਨਿਸ਼ਚਿਤ ਕਰਨਾ ਪੈਂਦਾ ਹੈ:

ਸਪਾਂਸਰ ਦੀਆਂ ਵਿੱਤੀ ਜ਼ਰੂਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ, ਜਿਸ ਵਿੱਚ ਉਸ ਦੀ ਆਮਦਨ ਘੱਟੋ-ਘੱਟ ਮਿੱਥੇ ਹੱਦ (Low Income Cut-Off - LICO) ਤੋਂ ਵੱਧ ਹੋਣੀ ਚਾਹੀਦੀ ਹੈ।

ਅਰਜ਼ੀਕਾਰ (ਮਾਪੇ ਜਾਂ ਦਾਦਾ-ਦਾਦੀ) ਦੀ ਸਿਹਤ ਜਾਂਚ ਕਰਵਾਉਣੀ ਜ਼ਰੂਰੀ ਹੈ।

ਅਰਜ਼ੀਕਾਰ ਨੂੰ ਕੈਨੇਡਾ ਵਿੱਚ ਰਹਿਣ ਦੌਰਾਨ ਸਿਹਤ ਬੀਮਾ (ਮਿੱਥੇ ਸਮੇਂ ਲਈ) ਕਰਵਾਉਣਾ ਹੋਵੇਗਾ, ਜਿਸ ਦਾ ਖਰਚ ਸਪਾਂਸਰ ਨੂੰ ਚੁੱਕਣਾ ਪੈਂਦਾ ਹੈ।

ਸਪਾਂਸਰ ਨੂੰ ਇੱਕ ਸੱਦਾ ਪੱਤਰ ਜਾਰੀ ਕਰਨਾ ਪੈਂਦਾ ਹੈ, ਜਿਸ ਵਿੱਚ ਉਹ ਅਰਜ਼ੀਕਾਰ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹੈ।

**ਕੌਣ ਸਪਾਂਸਰ ਕੀਤਾ ਜਾ ਸਕਦਾ ਹੈ ?**

**ਪੀ.ਜੀ.ਪੀ. ਅਤੇ ਸੁਪਰ ਵੀਜ਼ਾ ਲਈ:** ਮਾਪੇ ਅਤੇ ਦਾਦਾ-ਦਾਦੀ: ਇਹ ਜੈਨੇਟਿਕ (ਖੂਨ ਦੇ ਰਿਸ਼ਤੇ ਵਾਲੇ) ਜਾਂ ਗੋਦ ਲਏ ਹੋਣੇ ਚਾਹੀਦੇ ਹਨ।

**ਨਿਰਭਰ ਬੱਚੇ:** ਜੇਕਰ ਮਾਪਿਆਂ ਜਾਂ ਦਾਦਾ-ਦਾਦੀ ਦੇ ਨਿਰਭਰ ਬੱਚੇ (ਭੈਣ-ਭਰਾ ਜਾਂ ਸੋਤੇਲੇ ਭੈਣ-ਭਰਾ) ਹਨ, ਤਾਂ ਉਨ੍ਹਾਂ ਨੂੰ ਵੀ ਸਪਾਂਸਰ ਕੀਤਾ ਜਾ ਸਕਦਾ ਹੈ।

**ਤਲਾਕਸ਼ੁਦਾ ਮਾਪਿਆਂ ਦੇ ਪਾਰਟਨਰ:** ਜੇਕਰ ਮਾਪੇ ਜਾਂ ਦਾਦਾ-ਦਾਦੀ ਤਲਾਕਸ਼ੁਦਾ ਹਨ, ਤਾਂ ਉਨ੍ਹਾਂ ਦੇ ਮੌਜੂਦਾ ਸਾਥੀ ਨੂੰ ਵੀ ਸਪਾਂਸਰ ਕੀਤਾ ਜਾ ਸਕਦਾ ਹੈ।

**ਕੌਣ ਸਪਾਂਸਰ ਨਹੀਂ ਕੀਤਾ ਜਾ ਸਕਦਾ ?**

ਸਪਾਂਸਰ ਆਪਣੇ ਪਤੀ/ਪਤਨੀ ਦੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਸਿੱਧੇ ਸਪਾਂਸਰ ਨਹੀਂ ਕਰ ਸਕਦਾ। ਹਾਲਾਂਕਿ, ਉਹ ਆਪਣੇ ਪਾਰਟਨਰ ਦੀ ਅਰਜ਼ੀ 'ਤੇ ਸਹਿ-ਦਸਤਖਤ ਕਰ ਸਕਦਾ ਹੈ।

**ਸੁਪਰ ਵੀਜ਼ਾ ਅਰਜ਼ੀ ਪ੍ਰਕਿਰਿਆ ਕਿਵੇਂ ਹੁੰਦੀ ਹੈ ?**

**ਸੱਦਾ ਪੱਤਰ:** ਸਪਾਂਸਰ ਨੂੰ ਅਰਜ਼ੀਕਾਰ ਲਈ ਇੱਕ ਸੱਦਾ ਪੱਤਰ ਲਿਖਣਾ ਪੈਂਦਾ ਹੈ, ਜਿਸ ਵਿੱਚ ਉਸ ਦੀ ਵਿੱਤੀ ਜ਼ਿੰਮੇਵਾਰੀ ਅਤੇ ਅਰਜ਼ੀਕਾਰ ਦੀਆਂ ਵੇਰਵਿਆਂ ਦਾ ਜ਼ਿਕਰ ਹੋਵੇ।

**ਸਿਹਤ ਬੀਮਾ:** ਅਰਜ਼ੀਕਾਰ ਲਈ ਘੱਟੋ-ਘੱਟ ਇੱਕ ਸਾਲ ਦਾ ਸਿਹਤ ਬੀਮਾ (ਕੈਨੇਡੀਅਨ ਬੀਮਾ ਕੰਪਨੀ ਤੋਂ) ਜ਼ਰੂਰੀ ਹੈ।

**ਦਸਤਾਵੇਜ਼:** ਅਰਜ਼ੀਕਾਰ ਨੂੰ ਪਾਸਪੋਰਟ, ਸਿਹਤ ਜਾਂਚ ਸਰਟੀਫਿਕੇਟ, ਵਿੱਤੀ ਸਬੂਤ, ਅਤੇ ਸਪਾਂਸਰ ਦੀ ਆਮਦਨ ਦੇ ਸਬੂਤ ਜਮ੍ਹਾਂ ਕਰਾਉਣੇ ਪੈਂਦੇ ਹਨ।

**ਅਰਜ਼ੀ ਜਮ੍ਹਾਂ:** ਸੁਪਰ ਵੀਜ਼ਾ ਅਰਜ਼ੀ ਆਨਲਾਈਨ ਜਾਂ ਨੇੜੇ ਦੇ ਵੀਜ਼ਾ ਅਪਲੀਕੇਸ਼ਨ ਸੈਂਟਰ ਰਾਹੀਂ ਜਮ੍ਹਾਂ ਕਰਵਾਈ ਜਾਂਦੀ ਹੈ।

**ਬਾਇਓਮੈਟ੍ਰਿਕ ਅਤੇ ਇੰਟਰਵਿਊ:** ਜੇਕਰ ਜ਼ਰੂਰੀ ਹੋਵੇ, ਅਰਜ਼ੀਕਾਰ ਨੂੰ ਬਾਇਓਮੈਟ੍ਰਿਕ ਜਮ੍ਹਾਂ ਕਰਵਾਉਣੇ ਅਤੇ ਇੰਟਰਵਿਊ ਲਈ ਬੁਲਾਇਆ ਜਾ ਸਕਦਾ ਹੈ।

ਕੈਨੇਡਾ ਦਾ ਪੀ.ਜੀ.ਪੀ. ਅਤੇ ਸੁਪਰ ਵੀਜ਼ਾ ਪ੍ਰੋਗਰਾਮ ਪਰਿਵਾਰਾਂ ਨੂੰ ਇਕੱਠੇ ਰਹਿਣ ਦਾ ਸੁਨਹਿਰੀ ਮੌਕਾ ਦਿੰਦੇ ਹਨ। ਪੀ.ਜੀ.ਪੀ. ਰਾਹੀਂ ਮਾਪੇ ਅਤੇ ਦਾਦਾ-ਦਾਦੀ ਨੂੰ ਸਥਾਈ ਨਿਵਾਸ ਮਿਲ ਸਕਦਾ ਹੈ, ਜਦਕਿ ਸੁਪਰ ਵੀਜ਼ਾ ਲੰਬੇ ਸਮੇਂ ਲਈ ਰਹਿਣ ਦੀ ਸਹੂਲਤ ਦਿੰਦਾ ਹੈ। 28 ਜੁਲਾਈ 2025 ਤੋਂ ਸ਼ੁਰੂ ਹੋਣ ਵਾਲੇ ਪੀ.ਜੀ.ਪੀ. ਦੇ ਸੱਦੇ 2020 ਦੀਆਂ ਅਰਜ਼ੀਆਂ 'ਤੇ ਅਧਾਰਿਤ ਹਨ, ਅਤੇ ਸਪਾਂਸਰਾਂ ਨੂੰ ਸਮੇਂ ਸਿਰ ਅਰਜ਼ੀ ਜਮ੍ਹਾਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਸੁਪਰ ਵੀਜ਼ਾ ਇੱਕ ਤੇਜ਼ ਅਤੇ ਲਚਕਦਾਰ ਵਿਕਲਪ ਹੈ, ਜੋ ਮਾਪਿਆਂ ਅਤੇ ਦਾਦਾ-ਦਾਦੀ ਨੂੰ 5 ਸਾਲ ਤੱਕ ਰਹਿਣ ਦੀ ਇਜਾਜ਼ਤ ਦਿੰਦਾ ਹੈ।

ਜੇਕਰ ਤੁਸੀਂ ਆਪਣੇ ਪਰਿਵਾਰ ਨੂੰ ਕੈਨੇਡਾ ਬੁਲਾਉਣ ਦੀ ਯੋਜਨਾ ਬਣਾ ਰਹੇ ਹੋ, ਤਾਂ ਸਹੀ ਜਾਣਕਾਰੀ ਅਤੇ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ। ਵਧੇਰੇ ਜਾਣਕਾਰੀ ਲਈ ਕੈਨੇਡਾ ਸਰਕਾਰ ਦੀ ਅਧਿਕਾਰਤ ਵੈੱਬਸਾਈਟ www.canada.ca 'ਤੇ ਜਾਓ

**ਕਿਹੜੀਆਂ ਗੰਭੀਰ ਬਿਮਾਰੀਆਂ ਵਾਲੇ ਵਿਅਕਤੀ ਸੁਪਰ ਵੀਜ਼ਾ 'ਤੇ ਨਹੀਂ ਬੁਲਾਏ ਜਾ ਸਕਦੇ ?**

ਕੈਨੇਡਾ ਸਰਕਾਰ ਦੇ ਨਿਯਮਾਂ ਮੁਤਾਬਕ, ਸੁਪਰ ਵੀਜ਼ਾ ਅਰਜ਼ੀਕਾਰਾਂ ਨੂੰ ਸਿਹਤ ਜਾਂਚ ਤੋਂ ਗੁਜ਼ਰਨਾ ਪੈਂਦਾ ਹੈ। ਜੇਕਰ ਅਰਜ਼ੀਕਾਰ ਨੂੰ ਕੋਈ ਅਜਿਹੀ ਗੰਭੀਰ ਬਿਮਾਰੀ ਹੈ, ਜੋ ਕੈਨੇਡਾ ਦੀ ਸਿਹਤ ਸੇਵਾਵਾਂ 'ਤੇ ਬੋਝ ਪਾਉਂਦੀ ਹੈ ਜਾਂ ਜਨਤਕ ਸਿਹਤ ਲਈ ਖ਼ਤਰਾ ਹੈ, ਤਾਂ ਅਰਜ਼ੀ ਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ। ਇਹ ਬਿਮਾਰੀਆਂ ਸ਼ਾਮਲ ਹਨ:

**ਸੰਕਾਰਾਤਮਕ ਰੋਗ:** ਜਿਵੇਂ ਕਿ ਐਕਟਿਵ ਟੀ.ਬੀ. ਜਾਂ ਅਜਿਹੀਆਂ ਹੋਰ ਬਿਮਾਰੀਆਂ ਜੋ ਜਨਤਕ ਸਿਹਤ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

ਜੇਕਰ ਅਰਜ਼ੀਕਾਰ ਦੀ ਮਾਨਸਿਕ ਸਿਹਤ ਸਮੱਸਿਆ ਕਾਰਨ ਉਹ ਆਪਣੀ ਜਾਂ ਦੂਜਿਆਂ ਦੀ ਸੁਰੱਖਿਆ ਲਈ ਖ਼ਤਰਾ ਹੈ ਤਾਂ ਉਹ ਨਹੀਂ ਬੁਲਾਇਆ ਜਾ ਸਕਦਾ। ਜਿਵੇਂ ਕਿ ਕਿਸੇ ਅਜਿਹੀ ਬਿਮਾਰੀ ਜਿਸ ਦੇ ਇਲਾਜ ਲਈ ਕੈਨੇਡਾ ਦੀ ਸਿਹਤ ਪ੍ਰਣਾਲੀ 'ਤੇ ਵਧੇਰੇ ਖਰਚ ਆਉਂਦਾ ਹੋਵੇ, ਜਿਵੇਂ ਕਿ ਡਾਇਲਸਿਸ ਜਾਂ ਗੰਭੀਰ ਕੈਂਸਰ ,ਉਸਨੂੰ ਵੀ ਨਹੀਂ ਬੁਲਾਇਆ ਜਾ ਸਕਦਾ।

ਹਾਲਾਂਕਿ, ਇਹ ਸਿਹਤ ਜਾਂਚ ਦੇ ਨਤੀਜਿਆਂ 'ਤੇ ਨਿਰਭਰ ਕਰਦਾ ਹੈ, ਅਤੇ ਹਰੇਕ ਕੇਸ ਨੂੰ ਵੱਖਰੇ ਤੌਰ 'ਤੇ ਵੇਖਿਆ ਜਾਂਦਾ ਹੈ। ਅਰਜ਼ੀਕਾਰ ਨੂੰ ਸਰਕਾਰ ਦੁਆਰਾ ਨਾਮਜ਼ਦ ਡਾਕਟਰ ਤੋਂ ਸਿਹਤ ਜਾਂਚ ਕਰਵਾਉਣੀ ਪੈਂਦੀ ਹੈ।





# ਵਿਦਿਆਰਥੀ ਸਿਆਸਤ ਨੂੰ ਖ਼ਤਰੇ ਵਜੋਂ ਦੇਖਦੀਆਂ ਹਨ ਸਰਕਾਰਾਂ

ਡਾ. ਅਮਨਦੀਪ ਸਿੰਘ

ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰਸ਼ਾਸਕਾਂ ਨੇ ਪਿਛਲੇ ਦਿਨੀਂ ਕੈਂਪਸਾਂ ਅੰਦਰ ਕਿਸੇ ਵੀ ਪ੍ਰਕਾਰ ਦਾ ਧਰਨਾ ਪ੍ਰਦਰਸ਼ਨ ਕਰਨ ’ਤੇ ਰੋਕ ਲਗਾਉਣ ਦੇ ਨੋਟਿਸ ਕੱਢੇ। ਪਟਿਆਲਾ ਦੀ ਜ਼ਿਲ੍ਹਾ ਅਦਾਲਤ ਦੇ ਹਵਾਲੇ ਨਾਲ ਪ੍ਰਸ਼ਾਸਨ ਨੇ ਪੰਜਾਬੀ ਯੂਨੀਵਰਸਿਟੀ ਦੀ ਹਦੂਦ ਦੇ 300 ਮੀਟਰ ਦੇ ਘੇਰੇ ਵਿੱਚ ਧਰਨਾ ਨਾ ਲਗਾਉਣ ਦਾ ਹੁਕਮ ਸੁਣਾ ਦਿੱਤਾ। ਪੰਜਾਬ ਯੂਨੀਵਰਸਿਟੀ ਦਾ ਪ੍ਰਸ਼ਾਸਨ ਇਸ ਤੋਂ ਵੀ ਦੋ ਕਦਮ ਅਗਾਂਹ ਵਧਿਆ ਅਤੇ ਵਿਦਿਆਰਥੀਆਂ ਤੋਂ ਦਾਖ਼ਲਾ ਲੈਣ ਸਮੇਂ ਇਸ ਸ਼ਰਤ ਤਹਿਤ ਹਲਫੀਆ ਬਿਆਨ ਲੈਣ ਬਾਰੇ ਕਿਹਾ ਗਿਆ ਅਤੇ ਇਹ ਪੱਕਾ ਕੀਤਾ ਗਿਆ ਕਿ ਉਹ ਕੈਂਪਸ ਅੰਦਰ ਕੋਈ ਧਰਨਾ ਪ੍ਰਦਰਸ਼ਨ ਨਹੀਂ ਕਰਨਗੇ। ਹਾਈ ਕੋਰਟ ਨੇ ਵੀ ਕਹਿ ਦਿੱਤਾ ਕਿ ‘ਪ੍ਰਦਰਸ਼ਨ ਕਰਨ ਦਾ ਅਧਿਕਾਰ ਤੇ ਪੜ੍ਹਾਈ ਦਾ ਅਧਿਕਾਰ, ਇਕੱਠੇ ਨਹੀਂ ਚੱਲ ਸਕਦੇ।’ ਇਹ ਸੰਸਥਾਵਾਂ ਚਲਾਉਣ ਵਾਲੇ ਸ਼ਾਇਦ ਸੰਵਿਧਾਨਕ ਮੁੱਲਾਂ ਅਤੇ ਯੂਨੀਵਰਸਿਟੀ ਦੇ ਅਰਥ ਭੁੱਲ ਗਏ ਜਾਪਦੇ ਹਨ ਜਾਂ ਫਿਰ ਕਿਸੇ ਸਿਆਸਤ ਦਾ ਸ਼ਿਕਾਰ ਹੁੰਦੇ ਜਾਪ ਰਹੇ ਹਨ ਜਿਸ ਵਿੱਚ ਵਿਰੋਧ ਕਰਨ ਅਤੇ ਅਸਹਿਮਤੀ ਦਰਸਾਉਣ ਦੀ ਇਜਾਜ਼ਤ ਹੀ ਨਹੀਂ ਹੈ। ਕੀ ਯੂਨੀਵਰਸਿਟੀਆਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ? ਇਸ ਦਾ ਉੱਤਰ ਹੈ: ਹਰਗਿਜ਼ ਨਹੀਂ।

ਅਕਸਰ ਦਲੀਲ ਦਿੱਤੀ ਜਾਂਦੀ ਹੈ ਕਿ ਵਿਦਿਆਰਥੀ ਸਿਆਸਤ ਦੀ ਬਜਾਏ ਸਿਰਫ਼ ਪੜ੍ਹਾਈ ’ਤੇ ਧਿਆਨ ਕੇਂਦਰਿਤ ਕਰਨ; ਹਾਲਾਂਕਿ ਇਸ ਕਥਨ ਵਿੱਚ ਵੀ ਸਿਆਸਤ ਹੈ। ਸ਼ਹੀਦ ਭਗਤ ਸਿੰਘ ਨੇ 1928 ਵਿੱਚ ‘ਵਿਦਿਆਰਥੀ ਤੇ ਸਿਆਸਤ’ ਲੇਖ ਵਿੱਚ ਇਸੇ ਮੁੱਦੇ ਨੂੰ ਪੇਸ਼ ਕੀਤਾ ਸੀ। ਅੱਜ ਅਸੀਂ 100 ਸਾਲ ਬਾਅਦ ਵੀ ਉਸੇ ਤਰ੍ਹਾਂ ਦੀ ਗ਼ਲਤ ਸਮਝ ਅਤੇ ਰਵੱਈਏ ਦਾ ਸ਼ਿਕਾਰ ਹਾਂ, ਹਾਲਾਂਕਿ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਭਾਵੇਂ ਪੰਜਾਬ ਦੇ ਹਰ ਅਦਾਰੇ ਅੰਦਰ ਲਗਵਾਈਆਂ ਗਈਆਂ ਹਨ। ਅਜਿਹੇ ਫੈਸਲੇ ਵਿਰੋਧਾਭਾਸੀ ਵੱਧ ਜਾਪਦੇ ਹਨ ਕਿਉਂਕਿ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀ ਸਿਰਫ਼ ਵਿਦਿਆਰਥੀ ਨਹੀਂ ਬਲਕਿ ਉਹ ਬਾਲਗ ਅਤੇ ਵੋਟਰ ਵੀ ਹਨ। ਅਸੀਂ ਜਦ ਉਨ੍ਹਾਂ ਨੂੰ ਨਾਗਰਿਕ ਵਜੋਂ ਲੋਕਤੰਤਰੀ ਅਮਲ ਜਾਂ ਵੋਟਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਦੇ ਹਾਂ ਤਾਂ ਇਹ ਵੀ ਸਿਆਸਤ ਦਾ ਹੀ ਹਿੱਸਾ ਹੈ।

‘ਦਿ ਆਈਡੀਆ ਆਫ ਏ ਯੂਨੀਵਰਸਿਟੀ’ ਕਿਤਾਬ ਲਿਖਣ ਵਾਲੇ ਵਿਦਵਾਨ ਜੌਹਨ ਹੈਨਰੀ ਕਾਰਡੀਨਲ ਨਿਊਮੈਨ ਨੇ ਕਿਹਾ ਹੈ ਕਿ ਯੂਨੀਵਰਸਿਟੀ ਦਾ ਦਾਰਸ਼ਨਿਕ ਆਧਾਰ ‘ਸੱਚਾਈ ਦੀ ਖੋਜ’ ਹੈ। ਯੂਨੀਵਰਸਿਟੀ ਦਾ ਮਕਸਦ ਸੀਮਤ ਹੁਨਰ ਵਾਲੇ ਪੇਸ਼ੇਵਰ ਨਹੀਂ, ਸਗੋਂ ਸਰਵਪੱਖੀ ਸ਼ਖ਼ਸ ਵਿਕਸਿਤ ਕਰਨਾ ਹੈ। ਇਸ ਲਈ ਯੂਨੀਵਰਸਿਟੀ ਬਾਹਰੀ ਦਬਾਅ ਤੋਂ ਮੁਕਤ ਅਤੇ ਬੌਧਿਕ ਆਜ਼ਾਦੀ ਦਾ ਸਥਾਨ ਹੋਣੀ ਚਾਹੀਦੀ ਹੈ ਜਿੱਥੇ ਵਿਦਿਆਰਥੀ ਤੇ ਵਿਦਵਾਨ ਮੌਜੂਦਾ ਨਿਯਮਾਂ ਨੂੰ ਚੁਣੌਤੀ ਦੇ ਸਕਦੇ ਹੋਣ ਅਤੇ ਵਿਵਾਦ ਵਾਲੇ ਮੁੱਦਿਆਂ ’ਤੇ ਬਹਿਸ ਕਰ ਸਕਦੇ ਹੋਣ। ਪੰਡਿਤ ਜਵਾਹਰ ਲਾਲ ਨਹਿਰੂ ਨੇ 1947 ਦੇ ਅਲਾਹਾਬਾਦ ਯੂਨੀਵਰਸਿਟੀ ਵਿੱਚ ਵਿਸ਼ੇਸ਼ ਕਾਨਵੋਕੇਸ਼ਨ ਭਾਸ਼ਣ ਮੌਕੇ ਕਿਹਾ ਸੀ, ਯੂਨੀਵਰਸਿਟੀ



ਮਾਨਵਤਾਵਾਦ, ਸਹਿਣਸ਼ੀਲਤਾ, ਤਰਕ, ਤਰੱਕੀ, ਵਿਚਾਰਾਂ ਦੇ ਸਾਹਸ ਅਤੇ ਸੱਚ ਦੀ ਖੋਜ ਲਈ ਖੜ੍ਹੀ ਹੈ। ਜੇ ਯੂਨੀਵਰਸਿਟੀਆਂ ਆਪਣਾ ਫਰਜ਼ ਸਹੀ ਢੰਗ ਨਾਲ ਨਿਭਾਉਂਦੀਆਂਹਨ ਤਾਂ ਇਹ ਦੇਸ਼ ਅਤੇ ਲੋਕਾਂ ਦਾ ਭਲਾ ਹੈ। ਜੇ ਸਿੱਖਿਆ ਦਾ ਮੰਦਰ ਖ਼ੁਦ ਹੀ ਕੱਟੜਤਾ ਅਤੇ ਛੋਟੇ ਉਦੇਸ਼ਾਂ ਦਾ ਘਰ ਬਣ ਜਾਂਦਾ ਹੈ ਤਾਂ ਫਿਰ ਰਾਸ਼ਟਰ ਕਿਵੇਂ ਖ਼ੁਸ਼ਹਾਲ ਹੋਵੇਗਾ ? ਜਾਂ ਲੋਕਾਂ ਦਾ ਕੱਦ ਕਿਵੇਂ ਵਧੇਗਾ ?

ਸਰਕਾਰਾਂ ਅਕਸਰ ਵਿਦਿਆਰਥੀ ਸਰਗਰਮੀ ਨੂੰ ਖ਼ਤਰੇ ਵਜੋਂ ਦੇਖਦੀਆਂ ਹਨ, ਜਿਸ ਦਾ ਜਵਾਬ ਉਹ ਸੈਂਸਰਸ਼ਿਪ, ਗ੍ਰਿਫਤਾਰੀਆਂ ਜਾਂ ਹਿੰਸਾ ਨਾਲ ਵੀ ਦਿੰਦੀਆਂ ਹਨ। ਭਾਰਤੀ ਸੁਤੰਤਰਤਾ ਸੰਗਰਾਮ ’ਚ ਵਿਦਿਆਰਥੀਆਂ ਦੀ ਅਹਿਮ ਭੂਮਿਕਾ ਸੀ। ਮਹਾਤਮਾ ਗਾਂਧੀ ਦੀ ਅਗਵਾਈ ਵਿੱਚ 1920-22 ਦੇ ਅਸਹਿਯੋਗ ਅੰਦੋਲਨ ਦੌਰਾਨ ਹਜ਼ਾਰਾਂ ਵਿਦਿਆਰਥੀਆਂ ਨੇ ਬ੍ਰਿਟਿਸ਼ ਸੰਚਾਲਿਤ ਵਿਦਿਅਕ ਅਦਾਰਿਆਂ ਦਾ ਬਾਈਕਾਟ ਕੀਤਾ ਅਤੇ ਸਵੈ-ਸ਼ਾਸਨ ਲਈ ਭਾਈਚਾਰਿਆਂ ਨੂੰ ਮਜ਼ਬੂਤ ਕੀਤਾ। 1976 ਵਿੱਚ ਦੱਖਣੀ ਅਫਰੀਕਾ ਦੀ ਸੋਵੇਟੋ ਬਗ਼ਾਵਤ ਵਿੱਚ ਵਿਦਿਆਰਥੀਆਂ ਨੇ ਰੰਗਭੇਦ ਸ਼ਾਸਨ ਅਧੀਨ ‘ਅਫਰੀਕਾਨਸ’ ਭਾਸ਼ਾ ਨੂੰ ਪੜ੍ਹਾਈ ਦਾ ਮਾਧਿਅਮ ਬਣਾਉਣ ਵਿਰੁੱਧ ਪ੍ਰਦਰਸ਼ਨ ਕੀਤਾ। ਉਨ੍ਹਾਂ ਦੀ ਬਗ਼ਾਵਤ ਭਾਵੇਂ ਦਬਾ ਦਿੱਤੀ ਗਈ ਪਰ ਇਸ ਨੇ ਵਿਸ਼ਵਵਿਆਪੀ ਰੰਗਭੇਦ ਵਿਰੋਧੀ ਭਾਵਨਾਵਾਂ ਉਭਾਰੀਆਂ। 2014 ਵਿੱਚ ਹਾਂਗਕਾਂਗ ਦੀ ‘ਅੰਬਰੇਲਾ ਮੂਵਮੈਂਟ’ ਦੀ ਅਗਵਾਈ ਵਿਦਿਆਰਥੀਆਂ ਨੇ ਜਮਹੂਰੀ ਸੁਧਾਰਾਂ ਦੀ ਮੰਗ ਨਾਲ ਕੀਤੀ। ਇਸ ਲਹਿਰ ਨੂੰ ਵੀ ਭਾਵੇਂ ਸਖ਼ਤ ਸਰਕਾਰੀ ਦਮਨ ਦਾ ਸਾਹਮਣਾ ਕਰਨਾ ਪਿਆ, ਪਰ ਇਸ ਨੇ ਚੀਨ ਦੀਆਂ ਸੱਤਾਵਾਦੀ ਨੀਤੀਆਂ ’ਤੇ ਵਿਸ਼ਵਵਿਆਪੀ ਧਿਆਨ ਖਿੱਚਿਆ। ਚਿਲੀ ਦੇ 2011-13 ਦੇ ਸਿੱਖਿਆ ਲਈ ਕੀਤੇ ਪ੍ਰਦਰਸ਼ਨਾਂ ਦੌਰਾਨ ਵਿਦਿਆਰਥੀਆਂ ਨੂੰ ਹੰਝੂ ਗੈਸ ਅਤੇ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪਿਆ, ਪਰ ਉਨ੍ਹਾਂ ਸਸਤੀ ਸਿੱਖਿਆ ਲਈ ਸੁਧਾਰ ਸੁਰੱਖਿਅਤ ਕੀਤੇ। ਅਮਰੀਕਾ ਵਿੱਚ 2013 ਵਾਲੇ ‘ਬਲੈਕ ਲਾਈਵਜ਼ ਮੈਟਰ’ ਅੰਦੋਲਨ ਅਤੇ 1989 ਵਿੱਚ ਚੀਨ ਦੇ ਤਿਆਨਮਨ ਸਕੁਏਅਰ ਵਿੱਚ ਵਿਦਿਆਰਥੀ ਜਥੇਬੰਦੀਆਂ ਨੇ ਅਕਾਦਮਿਕ ਸਿਧਾਂਤ ਨੂੰ ਜ਼ਮੀਨੀ ਸਰਗਰਮੀ ਨਾਲ ਜੋੜਿਆ ਜਿਨ੍ਹਾਂ ਨੇ ਅਗਾਂਹ ਮਨੁੱਖੀ ਹੱਕਾਂ ਦੀ ਬਹਿਸ ਲਈ ਰਾਹ ਮੋਕਲਾ ਕੀਤਾ।

2016 ਵਿੱਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ’ਤੇ ਰਾਜਧ੍ਰੋਹ ਦੇ ਦੋਸ਼ਾਂ ਖ਼ਿਲਾਫ਼ ਵਿਰੋਧ ਨੇ ਦੇਸ਼ਿਵਆਪੀ ਬਹਿਸ ਨੂੰ ਜਨਮ ਦਿੱਤਾ, ਜਿਸ ਵਿੱਚ ਅਕਾਦਮਿਕ ਆਜ਼ਾਦੀ ਅਤੇ ਰਾਸ਼ਟਰਵਾਦ ਦੇ ਸਵਾਲ ਉਠਾਏ ਗਏ। ਵਿਦਿਆਰਥੀਆਂ ਨੇ ਰੈਲੀਆਂ, ਸੈਮੀਨਾਰ ਅਤੇ ਸਮਰਥਨ ਮੁਹਿੰਮਾਂ ਜਥੇਬੰਦ ਕੀਤੀਆਂ, ਜਿਸ ਨੇ ਸਰਕਾਰ ਨੂੰ ਅਕਾਦਮਿਕ ਆਜ਼ਾਦੀ ਅਤੇ ਵਿਰੋਧ ਦੇ ਸਵਾਲਾਂ ਦਾ ਸਾਹਮਣਾ ਕਰਨ ਲਈ ਮਜਬੂਰ ਕੀਤਾ। ਇਸੇ ਤਰ੍ਹਾਂ 2019-20 ਵਿੱਚ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਸਰਗਰਮੀ ਦੌਰਾਨ ਜਾਮੀਆ ਮਿਲੀਆ ਇਸਲਾਮੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਪੁਲੀਸ ਹਿੰਸਾ ਦਾ ਸਾਹਮਣਾ ਕਰਦਿਆਂ ਮਾਰਚ ਕੀਤੇ ਅਤੇ ਭਾਰਤ ਦੀ ਧਰਮ ਨਿਰਪੱਖਤਾ ਦੀ ਰਾਖੀ ਲਈ ਸੰਘਰਸ਼ ਕੀਤਾ।

ਵਿਦਿਆਰਥੀ ਬੌਧਿਕ, ਮਨੋਵਿਗਿਆਨਕ ਅਤੇ ਨੈਤਿਕ ਵਿਕਾਸ ਦੇ ਪੌਡੇ ਚੜ੍ਹ ਰਹੇ ਹੁੰਦੇ ਹਨ। ਉਹ ਸਥਾਪਤ ਨਿਯਮਾਂ ’ਤੇ ਸਵਾਲ ਉਠਾਉਣ ਅਤੇ ਤਬਦੀਲੀ ਦੀ ਵਕਾਲਤ ਕਰਨ ਦੀ ਵਿਲੱਖਣ ਸਥਿਤੀ ਵਿੱਚੋਂ ਲੰਘ ਰਹੇ ਹੁੰਦੇ ਹਨ। ਉਨ੍ਹਾਂ ਦੀ ਅਰਥਿਕ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤੀ ਉਨ੍ਹਾਂ ਨੂੰ ਉਹ ਜੋਖਿਮ ਲੈਣ ਦੀ ਆਗਿਆ ਦਿੰਦੀ ਹੈ ਜੋ ਦੂਜੇ ਸ਼ਾਇਦ ਨਹੀਂ ਲੈ ਸਕਦੇ, ਜਿਸ ਨਾਲ ਉਹ ਸਿਆਸੀ ਅੰਦੋਲਨਾਂ ਦੀ ਅਗਵਾਈ ਕਰਦੇ ਹਨ। ਯੂਨੀਵਰਸਿਟੀਆਂ ਸਮਾਜਿਕ ਨਿਆਂ ਦੀ ਖੋਜ ਵਿੱਚ ਤਬਦੀਲੀ ਦੇ ਜ਼ਰੀਏ ਵਜੋਂ ਕੰਮ ਕਰਦੀਆਂ ਹਨ। ਇਹ ਸਿਰਫ਼ ਗਿਆਨ ਦੇਣ ਵਾਲੇ ਅਦਾਰੇ ਨਹੀਂ, ਬਲਕਿ ਮਨੁੱਖੀ ਵਿਚਾਰਾਂ ਦੀਆਂ ਪੰਗੂੜੀਆਂ ਹਨ, ਜਿੱਥੇ ਵਿਚਾਰ ਸਿੰਜੇ ਜਾਂਦੇ ਹਨ, ਅੰਤਰ-ਆਤਮਾ ਜਾਗਦੀ ਹੈ ਅਤੇ ਸਮਾਜ ਬਦਲਦੇ ਹਨ। ਸੰਸਾਰ ਪ੍ਰਸਿੱਧ ਵਿਦਵਾਨ ਪਾਲ ਫਰੇਰੇ ਨੇ ਆਪਣੀ ਵਿਸ਼ਵ ਪ੍ਰਸਿੱਧ ਰਚਨਾ ‘ਪੈਡਾਗੋਜੀ ਆਫ ਦਿ ਅਪ੍ਰੈਸਡ’ ਵਿੱਚ ਤਰਕ ਦਿੱਤਾ ਹੈ ਕਿ ਸਿੱਖਿਆ ਜਾਂ ਤਾਂ ਨੌਜਵਾਨ ਪੀੜ੍ਹੀ ਨੂੰ ਮੌਜੂਦਾ ਪ੍ਰਣਾਲੀ ਵਿੱਚ ਸ਼ਾਮਿਲ ਕਰਨ ਦਾ ਸਾਧਨ ਬਣਦੀ ਹੈ ਜਾਂ ਆਜ਼ਾਦੀਆਂ ਦੇ ਅਭਿਆਸ ਦਾ। ਸਮੱਸਿਆ ਵਿਦਿਆਰਥੀਆਂ ਅੰਦਰ ਨਹੀਂ, ਸਗੋਂ ਜਟਿਲ ਪ੍ਰਕਿਰਿਆਵਾਂ ਵਿੱਚ ਹੈ। ਇਹ ਅਸੀਂ ਤੈਅ ਕਰਨਾ ਹੈ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿਰਫ਼ ਆਗਿਆਕਾਰੀ ਬਾਸ਼ਿੰਦੇ ਬਣਾਉਣਾ ਹੈ ਜਾਂ ਸਵੈ-ਅਨੁਸ਼ਾਸਿਤ ਜਮਹੂਰੀ ਪ੍ਰਕਿਰਿਆਵਾਂ ਵਿੱਚ ਸਰਗਰਮ ਸ਼ਹਿਰੀ। ਵਿਦਿਆਰਥੀ, ਸਿਆਸਤ ਵਿਘਨ ਨਹੀਂ ਬਲਕਿ ਸਿੱਖਣ ਦਾ ਵਿਸਥਾਰ ਹੈ। ਰੋਕਾਂ ਖੜ੍ਹੀਆਂ ਕਰ ਕੇ ਵਿਅਕਤੀਆਂ ਨੂੰ ਰੋਕਿਆ ਜਾ ਸਕਦਾ ਹੈ ਪਰ ਅਮਲ ਨੂੰ ਨਹੀਂ। ਇਸ ਲਈ ਯੂਨੀਵਰਸਿਟੀ ਪ੍ਰਕਿਰਿਆਵਾਂ ਦਰੁਸਤ ਕਰਨ ਵੱਲ ਯਤਨ ਹੋਣੇ ਚਾਹੀਦੇ ਹਨ। ਵਿਚਾਰਕ ਮੱਤਭੇਦ ਸੁਲਝਾਉਣ ਲਈ ਪ੍ਰਸ਼ਾਸਨਿਕ ਜਾਂ ਕਾਨੂੰਨੀ ਰੋਕਾਂ ਦੀ ਥਾਂ ਸੰਵਾਦ ਬਿਹਤਰ ਨਤੀਜੇ ਦੇ ਸਕਦਾ ਹੈ।



# ਪੰਜਾਬ ਅੰਦਰ ਲੋੜ ਅਨੁਸਾਰ ਨਹੀਂ ਹੋ ਰਹੀ ਮੱਕੀ ਦੀ ਪੈਦਾਵਾਰ

## ਹੋਰਨਾਂ ਰਾਜਾਂ ਤੋਂ ਹਰ ਸਾਲ ਲੱਖਾਂ ਟਨ ਮੱਕੀ ਮੰਗਵਾਉਂਦਾ ਹੈ ਪੰਜਾਬ





ਪੰਜਾਬ ਵਿੱਚ ਜ਼ਮੀਨਦੋਜ਼ ਪਾਣੀ ਨੂੰ ਬਚਾਉਣ ਅਤੇ ਫ਼ਸਲੀ ਵਿਭਿੰਨਤਾ ਨੂੰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਨੇ ਇਸ ਵਾਰ ਮੱਕੀ ਦੀ ਫ਼ਸਲ ਨੂੰ ਉਤਸ਼ਾਹਿਤ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਸਰਕਾਰ ਵੱਲੋਂ ਝੋਨੇ ਹੇਠੋਂ ਰਕਬਾ ਘਟਾਉਣ ਲਈ ਹੀ ਮੱਕੀ ਦੀ ਬਿਜਾਈ ਕਰਵਾਈ ਜਾ ਰਹੀ ਹੈ। ਰਾਜ ਵਿੱਚ ਮੱਕੀ ਦੀ ਲੋੜ ਬਹੁਤ ਵੱਧ ਗਈ ਹੈ, ਪਰ ਉਤਪਾਦਨ ਅਤੇ ਬਿਜਾਈ ਖੇਤਰ ਇਸ ਦੇ ਮੁਕਾਬਲੇ ਕਾਫ਼ੀ ਘੱਟ ਹੈ, ਜਿਸ ਕਾਰਨ ਪੰਜਾਬ ਨੂੰ ਹਰ ਸਾਲ ਲੱਖਾਂ ਮੀਟਰਿਕ ਟਨ ਮੱਕੀ ਬਾਹਰਲੇ ਰਾਜਾਂ ਤੋਂ ਮੰਗਵਾਉਣੀ ਪੈ ਰਹੀ ਹੈ। ਵਿਭਾਗ ਅਨੁਸਾਰ ਸੂਬੇ ਅੰਦਰ ਕਰੀਬ ਪੰਜ ਲੱਖ ਮੀਟਰਿਕ ਟਨ ਮੱਕੀ ਦੀ ਪੈਦਾਵਾਰ ਹੁੰਦੀ ਹੈ, ਪਰ ਇਹ ਖਪਤ ਪੰਜ ਗੁਣਾ ਜਿਆਦਾ ਹੈ। ਚਾਰ ਦਹਾਕੇ ਪਹਿਲਾਂ ਮੱਕੀ ਪੰਜਾਬ ਦੀਆਂ ਮੁੱਖ ਫਸਲਾਂ ਵਿੱਚੋਂ ਹੁੰਦੀ ਸੀ ਪਰ ਹੌਲੀ ਹੌਲੀ ਮੱਕੀ ਹੇਠ ਰਕਬਾ ਘੱਟ ਗਿਆ। ਸਾਲ 1960,61 ਮੱਕੀ ਹੇਠ ਰਕਬਾ 3.72 ਲੱਖ ਹੈਕਟੇਅਰ ਸੀ। ਇਸ ਵਾਰ ਪੰਜਾਬ ਸਰਕਾਰ ਨੇ ਝੋਨੇ ਹੇਠੋਂ ਰਕਬਾ ਘਟਾਉਣ ਦੇ ਮਨੋਰਥ ਨਾਲ 6 ਜ਼ਿਲ੍ਹਿਆਂ ਵਿੱਚ ਮੱਕੀ ਦੀ ਬਿਜਾਈ ਦਾ ਪਾਈਲਟ ਪ੍ਰੋਜੈਕਟ ਸ਼ੁਰੂ ਕੀਤਾ ਹੈ। ਇਸ ਸਕੀਮ ਤਹਿਤ ਸਰਕਾਰ ਵੱਲੋਂ ਸੂਬੇ ਦੇ 6 ਜ਼ਿਲ੍ਹਿਆਂ ਬਠਿੰਡਾ, ਪਠਾਨਕੋਟ, ਗੁਰਦਾਸਪੁਰ, ਜਲੰਧਰ ਅਤੇ ਕਪੂਰਥਲਾ ਅਤੇ ਸੰਗਰੂਰ ਨੂੰ ਚੁਣ ਕੇ 10,000 ਹੈਕਟੇਅਰ ਰਕਬੇ ਹੇਠ ਮੱਕੀ ਦੀ ਕਾਸ਼ਤ ਕਰਵਾਉਣ ਦਾ ਟੀਚਾ ਮਿਥਿਆ ਗਿਆ ਹੈ, ਪਰ ਹੁਣ ਤਕ 7200 ਹੈਕਟੇਅਰ ਵਿਚ ਮੱਕੀ ਦੀ ਬਿਜਾਈ ਹੋ ਚੁੱਕੀ ਹੈ ਅਤੇ ਬਿਜਾਈ ਅਜੇ ਚੱਲ ਰਹੀ ਹੈ। ਵਿਭਾਗ ਦਾ ਦਾਅਵਾ ਹੈ ਕਿ ਮੱਕੀ ਦੀ ਬਿਜਾਈ ਦਾ ਰੱਖਿਆ ਗਿਆ ਟੀਚਾ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ। ਸਰਕਾਰ ਵੱਲੋਂ ਇਸ ਦੇ ਬਦਲੇ ਕਿਸਾਨਾਂ ਨੂੰ 17,500 ਪ੍ਰਤੀ ਹੈਕਟੇਅਰ ਵਿੱਤੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਮਾਰਕਫੈੱਡ ਵੱਲੋਂ ਮੱਕੀ ਦੀ 2400 ਰੁਪਏ ਸਮਰਥਨ ਮੁੱਲ 'ਤੇ ਖ਼ਰੀਦ ਕੀਤੀ ਜਾਵੇਗੀ।

ਪੰਜਾਬ ਅੰਦਰ ਮੱਕੀ ਦੀ ਬਿਜਾਈ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੀ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀ ਖੁਦ ਨਿੱਜੀ ਦਿਲਚਸਪੀ ਲੈ ਕੇ ਕਿਸਾਨਾਂ ਨੂੰ ਮੱਕੀ ਦੀ ਬਿਜਾਈ ਲਈ ਪ੍ਰੇਰਿਤ ਕਰ ਰਹੇ ਹਨ। ਪੰਜਾਬ ਸਰਕਾਰ ਨੇ ਪਹਿਲੀ ਵਾਰ ਮੱਕੀ ਦੀ ਬਿਜਾਈ ਲਈ 10 ਹਜ਼ਾਰ ਹੈਕਟੇਅਰ ਰਕਬੇ ਦਾ ਟੀਚਾ ਮਿਥਿਆ ਹੈ, ਜਿਸ ਵਿੱਚੋਂ ਹੁਣ ਤੱਕ ਕਰੀਬ 7200 ਹੈਕਟੇਅਰ ਵਿੱਚ ਮੱਕੀ ਦੀ ਬਿਜਾਈ ਹੋ ਚੁੱਕੀ ਹੈ। ਸੂਬੇ ਦੇ ਸੰਗਰੂਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਅੰਦਰ ਦੋ ਦੋ ਹਜ਼ਾਰ ਹੈਕਟੇਅਰ ਵਿੱਚ ਮੱਕੀ ਦੀ ਬਿਜਾਈ ਦਾ ਟੀਚਾ ਮਿਥਿਆ ਗਿਆ ਹੈ ਜਦੋਂ ਕਿ ਬਾਕੀ ਜ਼ਿਲ੍ਹਿਆਂ ਵਿੱਚ 1500 ਹੈਕਟੇਅਰ ਵਿੱਚ ਮੱਕੀ ਬਿਜਾਈ ਦਾ ਟੀਚਾ ਮਿਥਿਆ ਗਿਆ ਹੈ। ਬਠਿੰਡਾ ਜ਼ਿਲ੍ਹੇ ਅੰਦਰ 1500 ਹੈਕਟੇਅਰ ਰਕਬੇ ਵਿੱਚ ਬਿਜਾਈ ਦਾ ਟੀਚਾ ਸੀ, ਜਿਸ ਵਿੱਚੋਂ ਹੁਣ ਤੱਕ ਕਰੀਬ 1150 ਹੈਕਟੇਅਰ ਵਿੱਚ ਮੱਕੀ ਦੀ ਬਿਜਾਈ ਹੋ ਚੁੱਕੀ ਹੈ ਜਦੋਂ ਕਿ ਸੰਗਰੂਰ ਜ਼ਿਲ੍ਹੇ ਵਿੱਚ 2 ਹਜ਼ਾਰ ਹੈਕਟੇਅਰ ਵਿੱਚ ਮੱਕੀ ਦੀ ਬਿਜਾਈ ਦਾ ਟੀਚਾ ਹੈ। ਜਿਸ ਵਿੱਚੋਂ 1200 ਹੈਕਟੇਅਰ ਰਕਬੇ ਵਿੱਚ ਮੱਕੀ ਦੀ ਬਿਜਾਈ ਹੋ ਚੁੱਕੀ ਹੈ। ਇਸ ਤਰ੍ਹਾਂ ਹੀ ਜਲੰਧਰ ਜ਼ਿਲ੍ਹੇ ਵਿੱਚ 1500 ਹੈਕਟੇਅਰ ਵਿੱਚ ਬਿਜਾਈ ਦਾ ਟੀਚਾ ਹੈ, ਜਿਸ ਵਿੱਚੋਂ 1220 ਹੈਕਟੇਅਰ ਵਿੱਚ ਮੱਕੀ ਦੀ ਬਿਜਾਈ ਹੋ ਚੁੱਕੀ ਹੈ। ਕਪੂਰਥਲਾ ਵਿੱਚ ਵੀ ਮੱਕੀ ਦੀ ਬਿਜਾਈ ਦਾ ਟੀਚਾ 1400 ਹੈਕਟੇਅਰ ਰੱਖਿਆ ਗਿਆ ਸੀ, ਜਿਸ ਵਿੱਚੋਂ 950 ਹੈਕਟੇਅਰ ਵਿੱਚ ਬਿਜਾਈ ਮੁਕੰਮਲ ਹੋ ਚੁੱਕੀ ਹੈ। ਇਸ ਤਰ੍ਹਾਂ ਹੀ ਗੁਰਦਾਸਪੁਰ ਜ਼ਿਲ੍ਹੇ ਅੰਦਰ 2 ਹਜ਼ਾਰ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਦਾ ਟੀਚਾ ਮਿਥਿਆ ਗਿਆ ਸੀ ਪਰ ਇੱਥੇ ਹੁਣ ਤੱਕ 940 ਹੈਕਟੇਅਰ ਵਿੱਚ ਮੱਕੀ ਦੀ ਬਿਜਾਈ ਹੋ ਚੁੱਕੀ ਹੈ। ਪਠਾਨਕੋਟ ਸੂਬੇ ਦਾ ਅਜਿਹਾ ਜ਼ਿਲ੍ਹਾ ਹੈ, ਜਿੱਥੇ 1500 ਹੈਕਟੇਅਰ ਟੀਚੇ ਦੇ ਮੁਕਾਬਲੇ 1650 ਹੈਕਟੇਅਰ ਵਿੱਚ ਮੱਕੀ ਦੀ ਬਿਜਾਈ ਹੋ ਚੁੱਕੀ ਹੈ।

ਪੋਲਟਰੀ, ਡੇਅਰੀ, ਸਟਾਰਚ ਅਤੇ ਐਲਕੋਹਲ ਉਦਯੋਗ ਲਈ ਅਤੇ ਈਥੇਨੌਲ ਲਈ ਮੱਕੀ ਦੀ ਲੋੜ ਪੈਂਦੀ ਹੈ, ਪਰ ਪੰਜਾਬ ਅੰਦਰ ਮੱਕੀ ਦੀ ਵੱਡੀ ਘਾਟ ਹੈ। ਪੰਜਾਬ ਵਿੱਚ ਪ੍ਰਤੀ ਸਾਲ ਮੱਕੀ ਦਾ ਉਤਪਾਦਨ ਕਰੀਬ 5 ਲੱਖ ਮੀਟਰਿਕ ਟਨ ਹੁੰਦਾ ਹੈ, ਪਰ ਇਸ ਦੀ ਖਪਤ ਕਈ ਗੁਣਾ ਜਿਆਦਾ ਹੈ। ਪੰਜਾਬ ਦੂਜੇ ਰਾਜਾਂ ਤੋਂ ਮੱਕੀ ਖਰੀਦਦਾ ਆ ਰਿਹਾ ਹੈ। ਪੰਜਾਬ ਦੀਆਂ ਪ੍ਰਮੁੱਖ ਕੰਪਨੀਆਂ ਅਤੇ ਫੀਡ ਮਿੱਲਾਂ ਨੂੰ ਆਪਣੀ ਮੰਗ ਪੂਰੀ ਕਰਨ ਲਈ ਬਿਹਾਰ, ਝਾਰਖੰਡ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਤਾਮਿਲਨਾਡੂ ਤੋਂ ਮੱਕੀ ਮੰਗਵਾਉਣੀ ਪੈਂਦੀ ਹੈ। ਜੇਕਰ ਸਰਕਾਰ ਦਾ ਸ਼ੁਰੂ ਕੀਤਾ ਪਾਇਲਟ ਪ੍ਰੋਜੈਕਟ ਕਾਮਯਾਬ ਹੋ ਜਾਂਦਾ ਹੈ ਤਾਂ ਕਿਸਾਨਾਂ ਨੂੰ ਇਸ ਦਾ ਵੱਡਾ ਫਾਇਦਾ ਹੋਵੇਗਾ। ਮੱਕੀ ਪ੍ਰਯੋਗ ਸਾਈਲੇਜ ਲਈ ਵੀ ਵੱਡੀ ਪੱਧਰ 'ਤੇ ਹੁੰਦਾ ਹੈ।

ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਹੈ ਕਿ ਅਸੀਂ ਫ਼ਸਲੀ ਵਿਭਿੰਨਤਾ ਨੂੰ ਅਪਨਾ ਕੇ ਮਿੱਟੀ ਦੀ ਸਿਹਤ ਵਿੱਚ ਸੁਧਾਰ, ਪਾਣੀ ਦੀ ਖਪਤ ਘਟਾਉਣ ਦੇ ਨਾਲ-ਨਾਲ ਇੱਕ ਵਧੇਰੇ ਟਿਕਾਊ ਖੇਤੀਬਾੜੀ ਪ੍ਰਣਾਲੀ ਤਿਆਰ ਕਰ ਸਕਦੇ ਹਾਂ। ਇਸ ਨਾਲ ਨਾ ਸਿਰਫ਼ ਸਾਡੇ ਕਿਸਾਨਾਂ ਨੂੰ ਲਾਭ ਹੋਵੇਗਾ ਸਗੋਂ ਇਹ ਪੰਜਾਬ ਵਿੱਚ ਟਿਕਾਊ ਖੇਤੀਬਾੜੀ ਦੇ ਸਾਡੇ ਟੀਚੇ ਨੂੰ ਪ੍ਰਾਪਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਵੀ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਨਰਮੇ ਦੀ ਬਿਜਾਈ ਦਾ ਟੀਚਾ ਪੂਰਾ ਕੀਤਾ ਗਿਆ ਹੈ। ਹੁਣ ਮੱਕੀ ਵਿਭਾਗ ਮੱਕੀ ਦੀ ਬਿਜਾਈ ਦੇ ਟੀਚੇ ਨੇੜੇ ਪਹੁੰਚ ਗਿਆ ਹੈ ਅਤੇ ਅਗਲੇ ਦਿਨਾਂ ਵਿਚ ਟੀਚਾ ਪੂਰਾ ਕਰ ਲਿਆ ਜਾਵੇਗਾ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਨਰੋਈਆਂ ਕਦਰਾਂ-ਕੀਮਤਾਂ ਦੇ ਰਾਹ ਤੋਰਿਆ ਜਾਵੇ ਨੌਜਵਾਨ ਪੀੜ੍ਹੀ ਨੂੰ

ਮਨੁੱਖੀ ਜੀਵਨ ਦੀ ਤੋਰ ਬਹੁਤ ਬਦਲ ਗਈ ਹੈ ਤੇ ਨਿੱਤ ਬਦਲਦੀ ਜਾ ਰਹੀ ਹੈ। ਪੁਰਾਣੀਆਂ ਮਾਨਤਾਵਾਂ ਖ਼ਤਮ ਹੋ ਰਹੀਆਂ ਹਨ ਤੇ ਨਵੀਆਂ ਸੋਚਾਂ ਤੇ ਅਕੀਦੇ ਪੈਦਾ ਹੋ ਰਹੇ ਹਨ। ਬਦਲ ਰਹੇ ਸਮਿਆਂ ਨੇ ਮਨੁੱਖੀ ਮਨ ਵਿੱਚ ਨਵੀਆਂ ਸੋਚਾਂ ਪੈਦਾ ਕੀਤੀਆਂ ਹਨ। ਕੁੜੀਆਂ-ਮੁੰਡਿਆਂ ਦੀ ਬਰਾਬਰੀ ਦੀਆਂ ਗੱਲਾਂ ਹੋ ਰਹੀਆਂ ਹਨ। ਭਾਵੇਂ ਇਹ ਅਜੇ ਸਭ ਕੁਝ ਸਮਾਜ ਦੀ ਸੋਚ ਦਾ ਹਿੱਸਾ ਨਹੀਂ ਬਣਿਆ, ਪਰ ਇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਹਨ ਕਿ ਪਹਿਲਾਂ ਨਾਲੋਂ ਕੁੜੀਆਂ/ਔਰਤਾਂ ਦੀ ਹਾਲਤ ਵਿੱਚ ਬਹੁਤ ਤਬਦੀਲੀ ਆ ਚੁੱਕੀ ਹੈ। ਕੁੜੀਆਂ ਆਪਣੀ ਮਿਹਨਤ, ਲਗਨ ਤੇ ਆਤਮ-ਵਿਸ਼ਵਾਸ ਨਾਲ ਪੜ੍ਹ-ਲਿਖ ਕੇ ਉੱਚੀ ਸਿੱਖਿਆ ਹਾਸਲ ਕਰਕੇ ਉੱਚੇ ਅਹੁਦਿਆਂ ਤੱਕ ਪਹੁੰਚ ਕੇ ਅੰਬਰੀਂ ਉਡਾਰੀਆਂ ਭਰ ਰਹੀਆਂ ਹਨ। ਜੀਵਨ ਦੇ ਹਰ ਖੇਤਰ ਵਿੱਚ ਔਰਤਾਂ ਨੇ ਆਪਣੀ ਲਿਆਕਤ ਦੇ ਬਲ ’ਤੇ ਆਪਣੀ ਸੂਝ ਦਾ ਲੋਹਾ ਮਨਵਾਇਆ ਹੈ।

ਇਸ ਦੇ ਬਾਵਜੂਦ ਜਿਹੜੀ ਗੱਲ ਸਭ ਤੋਂ ਵੱਧ ਮਨ ਨੂੰ ਤੜਪਾਉਂਦੀ ਹੈ, ਉਹ ਇਹ ਹੈ ਕਿ ਸਮਾਜ ਵਿੱਚ ਔਰਤਾਂ ਵੱਲੋਂ ਨਵੀਆਂ ਨਿਵੇਕਲੀਆਂ ਪੈੜਾਂ ਸਿਰਜਣ ਦੇ ਬਾਵਜੂਦ ਕੁੜੀਆਂ/ਔਰਤਾਂ ਦੇ ਨਿਰਾਦਰ ਦੀਆਂ ਘਟਨਾਵਾਂ ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਛੇੜ-ਛਾੜ, ਅਗਵਾ, ਅਸ਼ਲੀਲ ਗੱਲਾਂ ਤੇ ਜਬਰ-ਜਨਾਹ ਦੀਆਂ ਘਟਨਾਵਾਂ ਮਨੁੱਖੀ ਹਿਰਦਿਆਂ ਨੂੰ ਵਲੂੰਧਰ ਰਹੀਆਂ ਹਨ। ਜਿਸ ਘਰ ਦੀ ਧੀ-ਭੈਣ ਨਾਲ ਅਜਿਹਾ ਵਾਪਰਦਾ ਹੈ, ਉਸ ਦੇ ਮਨ ਦੇ ਦਰਦ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਬਹੁਤੇ ਲੋਕ ਤਾਂ ਅਜਿਹੀਆਂ ਮੰਦਭਾਗੀਆਂ ਖ਼ਬਰਾਂ ਨੂੰ ਸਤਹੀ ਪੱਧਰ ’ਤੇ ਪੜ੍ਹ ਕੇ ਅੱਗੇ ਲੰਘ ਜਾਂਦੇ ਹਨ। ਜੇ ਸਮਾਜ ਅਜਿਹੀਆਂ ਘਟਨਾਵਾਂ ਵਿਰੁੱਧ ਇੱਕ-ਜੁੱਟ ਹੋ ਕੇ ਆਵਾਜ਼ ਬੁਲੰਦ ਕਰੇ ਤਾਂ ਅਜਿਹੇ ਦੋਸ਼ੀਆਂ ਨੂੰ ਨੰਗਾ ਕੀਤਾ ਜਾ ਸਕਦਾ ਹੈ। ਪਹਿਲਾਂ ਵੀ ਕਈ ਵਾਰ ਜਨਤਾ ਦੇ ਭਰਵੇਂ ਵਿਰੋਧ ਕਾਰਨ ਦੋਸ਼ੀਆਂ ਦੀ ਪੁਸ਼ਤ-ਪਨਾਹੀ ਕਰਨ ਵਾਲੇ ਰਸੂਖ਼ਦਾਰ ਲੋਕਾਂ ਨੂੰ ਨੰਗਾ ਕੀਤਾ ਗਿਆ ਹੈ ਤੇ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਹੋਏ ਹਨ।

ਅਸਲ ਗੱਲ ਇਹ ਹੈ ਕਿ ਕੌਣ ਨੇ ਅਜਿਹੇ ਲੋਕ ਜੋ ਕੁੜੀਆਂ/ਔਰਤਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਦੇ ਹਨ। ਇਹ ਕਿਸੇ ਹੋਰ ਦੁਨੀਆ ਵਿੱਚੋਂ ਨਹੀਂ ਆਉਂਦੇ, ਇਹ ਸਾਡੇ ਆਲੇ-ਦੁਆਲੇ ਵਿੱਚ ਹੀ ਵਸੇ ਹੋਏ ਹਨ। ਇਨ੍ਹਾਂ ਦੀ ਸ਼ਨਾਖਤ ਕਰਨ ਦੀ ਲੋੜ ਹੈ। ਸਾਡਾ ਪੁੱਤ, ਭਰਾ, ਭਤੀਜਾ, ਦੋਸਤ ਜਾਂ ਹੋਰ ਕੋਈ ਸਬੰਧੀ ਕਿਵੇਂ ਵਿਚਰਦਾ ਹੈ, ਇਸ ਵਾਰੇ ਅਸੀਂ ਅਕਸਰ ਅਣਜਾਣ ਹੀ ਹੁੰਦੇ ਹਾਂ। ਅਸੀਂ ਆਪਣੇ ਬੱਚਿਆਂ ਖ਼ਾਸ ਤੌਰ ’ਤੇ ਮੁੰਡਿਆਂ ਨੂੰ ਸਕੂਲ/ਕਾਲਜ ਵਿੱਚ ਦਾਖਲ ਕਰਵਾ ਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਾਂ। ਉਹ ਜਿੰਨੇ ਪੈਸੇ ਮੰਗਦਾ ਹੈ, ਬਹੁਤੇ ਮਾਪੇ ਔਖੇ-ਸੌਖੇ ਦੇਈ ਜਾਂਦੇ ਹਨ। ਅਸੀਂ ਆਪਣੇ ਕੰਮਾਂਕਾਰਾਂ ਵਿੱਚ ਰੁੱਝੇ ਆਪਣੇ ਬੱਚੇ ਦੀ ਸਾਰ ਲੈਣੀ ਭੁੱਲ ਹੀ ਜਾਂਦੇ ਹਾਂ। ਆਪਣੇ ਬੱਚਿਆਂ ਦੀਆਂ ਗਤੀਵਿਧੀਆਂ ਬਾਰੇ ਮਾਪਿਆਂ ਦਾ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਤੁਹਾਡਾ ਬੱਚਾ ਕੀ ਕਰਦਾ ਹੈ, ਉਸ ਦੇ ਦੋਸਤ ਕਿਹੋ ਜਿਹੇ ਹਨ। ਉਹ ਬਹੁਤਾ ਸਮਾਂ ਕਿੱਥੇ ਗੁਜ਼ਾਰਦਾ ਹੈ। ਉਸ ਦੇ ਸ਼ੌਕ ਕੀ ਹਨ। ਉਸ ਦੀਆਂ ਆਦਤਾਂ ਰੁਚੀਆਂ ਕਿਹੋ ਜਿਹੀਆਂ ਹਨ। ਕੀ ਉਹ ਘਰ ਦੇ ਜੀਆਂ ਕੋਲ ਬੈਠ ਕੇ ਗੱਲਬਾਤ ਕਰਦਾ ਹੈ? ਉਸ ਦੇ ਸੁਭਾਅ ਵਿੱਚ ਤੁਹਾਨੂੰ ਕੋਈ ਤਬਦੀਲੀ ਤਾਂ ਨਜ਼ਰ ਨਹੀਂ ਆ ਰਹੀ। ਆਪਣੀ ਮਾਂ, ਭੈਣ ਪ੍ਰਤੀ ਉਸ ਦਾ ਕੀ ਵਿਵਹਾਰ ਹੈ। ਇਹੋ ਜਿਹੀਆਂ ਗੱਲਾਂ ਤੋਂ ਕਿਸੇ ਨੌਜਵਾਨ ਬੱਚੇ ਦੇ ਸੁਭਾਅ ਦੀਆਂ ਕੁਝ ਗੱਲਾਂ ਦਾ ਪਤਾ ਲਗਾਇਆ ਜਾ ਸਕਦਾ ਹੈ।



ਅਕਸਰ ਕੁੜੀਆਂ ਨੂੰ ਘਰ ਤੋਂ ਬਾਹਰ ਜਾਣ ਸਮੇਂ ਮਾਪੇ ਕਈ ਤਰ੍ਹਾਂ ਦੀਆਂ ਹਦਾਇਤਾਂ ਦਿੰਦੇ ਹਨ, ਪਰ ਇਸ ਦੇ ਉਲਟ ਮਾਪੇ ਸਕੂਲ/ਕਾਲਜ ਪੜ੍ਹਦੇ ਮੁੰਡਿਆਂ ਨੂੰ ਬਹੁਤ ਘੱਟ ਅਜਿਹੀਆਂ ਹਦਾਇਤਾਂ ਦਿੰਦੇ ਹਨ। ਜੇ ਕਹਿੰਦੇ ਵੀ ਹੋਣਗੇ ਤਾਂ ਡਰਦੇ ਡਰਦੇ ਕਿ ਇਹ ਕਿਤੇ ਬੁਰਾ ਨਾ ਮਨਾ ਲਏ। ਮੁੰਡੇ ਪੜ੍ਹਾਈ ਵਿੱਚ ਵੀ ਕੁੜੀਆਂ ਦੇ ਮੁਕਾਬਲੇ ਪਿੱਛੇ ਹਨ, ਪਰ ਮਾਪੇ ਝਿੜਕਾਂ ਤੇ ਟੋਕਾ-ਟਕਾਈ ਕੁੜੀਆਂ ਦੀ ਹੀ ਵੱਧ ਕਰਦੇ ਹਨ। ਅਜੋਕੇ ਬੱਚੇ ਵਿਸ਼ੇਸ਼ ਤੌਰ ’ਤੇ ਬਹੁਤੇ ਪੁੱਤਰ ਮਾਪਿਆਂ ਦੀ ਬਹੁਤੀ ਗੱਲ ਸੁਣਨ ਲਈ ਤਿਆਰ ਹੀ ਨਹੀਂ ਹਨ। ਅਸਲ ਵਿੱਚ ਜਵਾਨ ਬੱਚਿਆਂ ਨੂੰ ਝਿੜਕਾਂ ਮਾਰ ਕੇ ਸਖ਼ਤੀ ਨਾਲ ਸਮਝਾਉਣ ਦੀ ਥਾਂ ਸਹਿਜਤਾ, ਪਿਆਰ ਤੇ ਇੱਕ ਦੋਸਤ ਸਮਝ ਕੇ ਹੀ ਸਮਝਾਇਆ ਜਾ ਸਕਦਾ ਹੈ।ਘਰ-ਪਰਿਵਾਰ ਵਿੱਚ ਵਿਚਰਦਿਆਂ ਬੱਚਿਆਂ ਦੀ ਗੱਲ ਵੀ ਠਰ੍ਹੰਮੇ ਨਾਲ ਸੁਣਨੀ ਬਹਤ ਜ਼ਰੂਰੀ ਹੈ। ਆਪਸੀ ਸੰਵਾਦ ਦਾ ਰਾਹ ਅਪਣਾ ਕੇ ਹੀ ਖ਼ੁਸ਼ਗਵਾਰ ਮਾਹੌਲ ਸਿਰਜਿਆ ਜਾ ਸਕਦਾ ਹੈ। ਜੇ ਤੁਹਾਡਾ ਬੱਚਾ ਘਰ ਵਿੱਚ ਆਪਣੀ ਮਾਂ, ਭੈਣ, ਚਾਚੀ, ਤਾਈ ਤੇ ਹੋਰ ਔਰਤਾਂ ਦਾ ਸਤਿਕਾਰ ਕਰਦਾ ਹੈ ਤਾਂ ਉਸ ਦੀ ਪ੍ਰਸੰਸਾ ਕੀਤੀ ਜਾਣੀ ਚਾਹੀਦੀ ਹੈ। ਨਾਲ ਹੀ ਉਸ ਨੂੰ ਇਹ ਦ੍ਰਿੜ ਕਰਾਉਣ ਦੀ ਵੀ ਲੋੜ ਹੈ ਕਿ ਜੀਵਨ ਵਿੱਚ ਵਿਚਰਦਿਆਂ ਹਰ ਕੁੜੀ/ਔਰਤ ਦਾ ਸਤਿਕਾਰ ਕੀਤਾ ਜਾਵੇ। ਅਜੋਕਾ ਸਮਾਂ ਬਹੁਤ ਤੇਜ਼-ਤਰਾਰ ਹੈ, ਕਈ ਵਾਰ ਕੋਈ ਸਾਥੀ ਅਜਿਹਾ ਮਿਲ ਜਾਂਦਾ ਹੈ ਕਿ ਤੁਹਾਡਾ ਪੁੱਤਰ ਵੀ ਕਿਸੇ ਦੇ ਪ੍ਰਭਾਵ ਵਿੱਚ ਆ ਕੇ ਗ਼ਲਤ ਦਿਸ਼ਾ ਅਖ਼ਤਿਆਰ ਕਰ ਲੈਂਦਾ ਹੈ। ਉਸ ਨੂੰ ਸੁਚੇਤ ਰੂਪ ਵਿੱਚ ਪਹਿਲਾਂ ਹੀ ਇਹ ਸਮਝਾਉਣ ਦੀ ਲੋੜ ਹੈ ਕਿ ਅਜਿਹੇ ਕਿਸੇ ਰਾਹ ਨਹੀਂ ਤੁਰਨਾ, ਜਿਸ ਨਾਲ ਸਮਾਜ ਵਿੱਚ ਪਰਿਵਾਰ ਨੂੰ ਸ਼ਰਮਿੰਦਗੀ ਸਹਿਣੀ ਪਵੇ।

ਸਾਡੇ ਕੋਲ ਇਤਿਹਾਸਕ ਤੌਰ ’ਤੇ ਬਹੁਤ ਮਹਾਨ ਵਿਰਸਾ ਹੈ, ਜਿਸ ਵਿੱਚ ਭਾਵੇਂ ਕਿਸੇ ਦੁਸ਼ਮਣ ਦੀ ਔਰਤ ਵੀ ਕਿਉਂ ਨਾ ਹੋਵੇ, ਉਸ ਵੱਲ ਵੀ ਸਿੰਘ ਸੂਰਮੇ ਨਾ ਆਪ ਤੇ ਨਾ ਹੀ ਕਿਸੇ ਹੋਰ ਨੂੰ ਮੈਲੀ ਅੱਖ ਨਾਲ ਦੇਖਣ ਦੀ ਆਗਿਆ ਦਿੰਦੇ ਸਨ। ਇਸ ਤੋਂ ਅੱਗੇ ਉਨ੍ਹਾਂ ਦੀ ਪੂਰੀ ਹਿਫਾਜ਼ਤ ਕੀਤੀ ਜਾਂਦੀ ਸੀ। ਅਜਿਹੇ ਮੌਕਿਆਂ ’ਤੇ ਜੇ ਕੋਈ ਆਪਣਾ ਸਾਥੀ ਵੀ ਕਿਸੇ ਔਰਤ ਪ੍ਰਤੀ ਮਾੜੀ ਨਜ਼ਰ ਰੱਖਦਾ ਸੀ ਤਾਂ ਇਹ ਯੋਧੇ ਉਸ ਨੂੰ ਵੀ ਮੌਤ ਦੇ ਰਾਹ ਤੋਰਨ ਤੋਂ ਗੁਰੇਜ਼ ਨਹੀਂ ਕਰਦੇ ਸਨ। ਜਦੋਂ ਹਮਲਾਵਰ ਹਿੰਦੋਸਤਾਨ ਦੀਆਂ ਬਹੂ-ਬੇਟੀਆਂ ਨੂੰ ਬੰਦੀ ਬਣਾ ਕੇ ਆਪਣੇ ਐਸ਼ੋ-ਆਰਾਮ ਲਈ ਲੈ ਜਾਂਦੇ ਸਨ ਤਾਂ ਉਦੋਂ ਵੀ ਉੱਚੇ-ਸੁੱਚੇ ਕਿਰਦਾਰਾਂ ਦੇ ਮਾਲਕ ਸਿੰਘ-ਸੂਰਮੇ ਹੀ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਇਨ੍ਹਾਂ ਨੂੰ ਛੁਡਾ ਕੇ ਸੁਰੱਖਿਅਤ ਵਾਪਸ ਮੋੜ ਲਿਆਉਂਦੇ ਰਹੇ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀ ਇੱਕ ਵਾਰ ਦੀ ਪਉੜੀ ਵਿੱਚ ਪਰਾਈਆਂ ਇਸਤਰੀਆਂ ਪ੍ਰਤੀ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਹੈ ਦੀ ਸਿੱਖਿਆ ਦਿੱਤੀ ਹੈ-‘ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।’

ਨੌਜਵਾਨ ਪੀੜ੍ਹੀ ਨੂੰ ਅਜਿਹੇ ਸ਼ਾਨਾਮੱਤੇ ਵਿਰਸੇ ਦੀਆਂ ਮੁੱਲਵਾਨ ਕਹਾਣੀਆਂ ਤੋਂ ਜਾਣੂ ਕਰਾ ਕੇ ਉਨ੍ਹਾਂ ਦੀ ਸੋਚ ਬਦਲੀ ਜਾ ਸਕਦੀ ਹੈ। ਨੌਜਵਾਨਾਂ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ ਤੁਹਾਡਾ ਕਿਰਦਾਰ ਏਨਾ ਉੱਚਾ ਹੋਵੇ ਕਿ ਹਰ ਔਰਤ ਤੁਹਾਡੀ ਹਾਜ਼ਰੀ ਵਿੱਚ ਬਿਨਾਂ ਕਿਸੇ ਡਰ ਦੇ ਵਿਚਰ ਸਕੇ। ਅਕਸਰ ਦੇਖਦੇ ਹਾਂ ਕਿ ਕਈ ਵਾਰ ਔਰਤਾਂ ਪ੍ਰਤੀ ਮੈਲੀ ਸੋਚ ਰੱਖਣ ਵਾਲੇ ਵਿਅਕਤੀ ਦਿਨ-ਦਿਹਾੜੇ ਤੇ ਭਰੇ ਬਾਜ਼ਾਰਾਂ ਵਿੱਚ ਹੀ ਕਿਸੇ ਔਰਤ ਨੂੰ ਪਰੇਸ਼ਾਨ ਕਰਦੇ ਹੋਏ ਉਸ ਦਾ ਨਿਰਾਦਰ ਕਰਦੇ ਹਨ, ਪਰ ਆਲੇ-ਦੁਆਲੇ ਵਿਚਰਦੇ ਲੋਕ ਆਰਾਮ ਨਾਲ ਆਪਣੇ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ। ਕੋਈ ਵੀ ਇਸ ਨਿਰਾਦਰੀ ਦੇ ਵਿਰੁੱਧ ਆਵਾਜ਼ ਨਹੀਂ ਉਠਾਉਂਦਾ।

ਜਿਹੜਾ ਵਿਅਕਤੀ ਆਪਣੀ ਮਾਂ, ਭੈਣ, ਧੀ ਜਾਂ ਹੋਰ ਔਰਤਾਂ ਪ੍ਰਤੀ ਆਪਣੇ ਮਨ ਵਿੱਚ ਸਤਿਕਾਰ ਦੀ ਭਾਵਨਾ ਰੱਖਦਾ ਹੈ, ਉਸ ਨੂੰ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਿਰੁੱਧ ਵੀ ਡਟ ਕੇ ਆਵਾਜ਼ ਉਠਾਉਣੀ ਚਾਹੀਦੀ ਹੈ। ਰੌਲਾ ਪਾ ਕੇ ਹੋਰ ਲੋਕਾਂ ਨੂੰ ਇਕੱਠੇ ਕਰਨਾ ਚਾਹੀਦਾ ਹੈ ਤਾਂ ਕਿ ਔਰਤ ਨੂੰ ਇਹ ਮਹਿਸੂਸ ਨਾ ਹੋਵੇ ਕਿ ਉਸ ਦੀ ਅਜਿਹੇ ਗੁੰਡਿਆਂ ਤੋਂ ਸਹਾਇਤਾ ਕਰਨ ਵਾਲਾ ਕੋਈ ਨਹੀਂ ਹੈ। ਨੌਜਵਾਨ ਮੁੰਡਿਆਂ ਨੂੰ ਇਹ ਅਹਿਸਾਸ ਕਰਾਉਣ ਦੀ ਲੋੜ ਹੈ ਕਿ ਜੇ ਕੋਈ ਲੜਕੀ ਕਿਤੇ ਵੀ ਮੁਸੀਬਤ ਵਿੱਚ ਹੈ ਤਾਂ ਉਸ ਨੂੰ ਅਜਿਹੀ ਭਾਵਨਾ ਨਾਲ ਹੀ ਸੰਕਟ ਵਿੱਚੋਂ ਕੱਢਣ ਦੇ ਯਤਨ ਕੀਤੇ ਜਾਣ, ਜਿਵੇਂ ਤੁਸੀਂ ਆਪਣੇ ਘਰ ਦੀ ਕਿਸੇ ਔਰਤ ਦੀ ਇੱਜ਼ਤ ਬਚਾਉਣ ਲਈ ਕਰਦੇ ਹੋ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਸਾਰੇ ਮਾਪਿਆਂ ਦੀ ਇਹੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਚੰਗੇ ਇਨਸਾਨ ਬਣਨ। ਜੇ ਕਾਲਜ, ਯੂਨੀਵਰਸਿਟੀ ਪੜ੍ਹਦਾ ਤੁਹਾਡਾ ਬੱਚਾ ਪੜ੍ਹਾਈ ਵਿੱਚ ਬਹੁਤੇ ਨੰਬਰ ਨਹੀਂ ਵੀ ਲੈ ਸਕਿਆ ਤਾਂ ਕੋਈ ਗੱਲ ਨਹੀਂ, ਉਸ ਵਿੱਚ ਇਨਸਾਨੀਅਤ ਵਾਲੇ ਗੁਣ ਜ਼ਰੂਰ ਹੋਣੇ ਚਾਹੀਦੇ ਹਨ। ਜੇ ਤੁਸੀਂ ਆਪਣੀਆਂ ਕੋਸ਼ਿਸ਼ਾਂ ਨਾਲ ਆਪਣੇ ਬੱਚੇ ਦੇ ਮਨ ਵਿੱਚ ਅਜਿਹੀਆਂ ਕਦਰਾਂ-ਕੀਮਤਾਂ ਪੈਦਾ ਕਰਨ ਵਿੱਚ ਕਾਮਯਾਬ ਹੋ ਜਾਂਦੇ ਹੋ ਤਾਂ ਤੁਹਾਡੇ ਜਿਹਾ ਖ਼ੁਸ਼ਕਿਸਮਤ ਕੋਈ ਨਹੀਂ ਹੋਵੇਗਾ। ਤੁਸੀਂ ਨਰੋਏ ਸਮਾਜ ਲਈ ਵੀ ਬਹੁਤ ਵੱਡੀ ਜ਼ਿੰਮੇਵਾਰੀ ਨਿਭਾਅ ਰਹੇ ਹੋਵੋਗੇ। ਅੱਜ ਸਾਡਾ ਸਭ ਤੋਂ ਵੱਧ ਜ਼ੋਰ ਇਸ ਗੱਲ ’ਤੇ ਹੀ ਲੱਗਾ ਹੋਇਆ ਹੈ ਕਿ ਸਾਡੇ ਬੱਚੇ ਡਾਕਟਰ, ਇੰਜੀਨੀਅਰ ਜਾਂ ਵਿਦੇਸ਼ਾਂ ਵਿੱਚ ਜਾ ਕੇ ਵੱਧ ਤੋਂ ਵੱਧ ਪੈਸਾ ਕਮਾਉਣ ਦੇ ਯੋਗ ਹੋ ਜਾਣ। ਕਿਸੇ ਤਰ੍ਹਾਂ ਵੀ ਇਨਸਾਨੀ ਗੁਣਾਂ ਨੂੰ ਘਟਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਸਮਾਜਿਕ ਮਾਹੌਲ ਨੂੰ ਦੇਖਦਿਆਂ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਜੋਕੀ ਨੌਜਵਾਨ ਪੀੜ੍ਹੀ ਨੂੰ ਨਰੋਈਆਂ ਕਦਰਾਂ-ਕੀਮਤਾਂ ਦੇ ਰਾਹ ਤੋਰਿਆ ਜਾਵੇ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਅਮੀਰ ਵਿਰਸੇ ਨੂੰ ਬਚਾਉਣ ਲਈ ਕੀਤੇ ਜਾਣ ਉਪਰਾਲੇ



**ਰਾਜਵਿੰਦਰ ਲਹਿਲ**

ਜ਼ਮਾਨੇ 'ਚ ਖ਼ਾਸਾ ਬਦਲਾਅ ਆ ਗਿਆ ਹੈ। ਕਿੰਨਾ ਕੁਝ ਬਦਲ ਗਿਆ, ਕਿੰਨਾ ਬਦਲ ਰਿਹਾ ਹੈ ਤੇ ਪਤਾ ਨਹੀਂ ਹਾਲੇ ਹੋਰ ਕਿੰਨਾ ਕੁਝ ਬਦਲਦੇ ਦੇਖਣਾ ਬਾਕੀ ਹੈ। ਹਾਲਾਂਕਿ ਪੰਜਾਬੀਆਂ ਅਤੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀ ਦੁਨੀਆ ਭਰ ਵਿੱਚ ਚੜ੍ਹਤ ਹੈ ਪਰ ਪਹਿਲਾਂ ਵਾਲੀ ਗੱਲ ਨਹੀਂ ਰਹੀ। ਉਹ ਸਵਾਦ ਨਹੀਂ ਜੋ ਇਸ ਇੰਤਹਾ ਤਰੱਕੀ ਤੋਂ ਪਹਿਲਾਂ ਹੁੰਦਾ ਸੀ। ਅੱਜ ਪੰਜਾਬੀ ਵਿਰਸੇ ਦੀ ਦੁਨੀਆ ਭਰ ਵਿੱਚ ਚੜ੍ਹਤ ਹੈ। ਦੂਜੀਆਂ ਸੱਭਿਅਤਾਵਾਂ ਤੇ ਨਸਲਾਂ ਦੇ ਲੋਕ ਵੀ ਪੰਜਾਬ ਦੇ ਵਿਰਸੇ ਤੇ ਸੱਭਿਆਚਾਰ ਨੂੰ ਪਸੰਦ ਕਰਦੇ ਹਨ। ਦੁਨੀਆ ਦੇ ਜਿਹੜੇ ਵੀ ਹਿੱਸੇ ਵਿੱਚ ਪੰਜਾਬੀ ਗਏ ਹਨ, ਆਪਣਾ ਸੱਭਿਆਚਾਰ ਤੇ ਵਿਰਸਾ ਨਾਲ ਲੈ ਕੇ ਗਏ ਹਨ। ਸੱਭਿਆਚਾਰ ਤੋਂ ਭਾਵ ਹੈ ਲੋਕਾਂ ਦੇ ਇਕ ਸਮੂਹ ਵੱਲੋਂ ਸਿਰਜੀ ਵਿਸ਼ੇਸ਼ ਜੀਵਨ-ਜਾਚ ਜਿਸ ਵਿੱਚ ਉਨ੍ਹਾਂ ਲੋਕਾਂ ਦਾ ਰਹਿਣ-ਸਹਿਣ, ਕਿੱਤੇ, ਰਸਮੋ-ਰਿਵਾਜ, ਰਿਸ਼ਤੇ-ਨਾਤੇ, ਪਹਿਰਾਵਾ, ਵਿਸ਼ਵਾਸ, ਕਦਰਾਂ-ਕੀਮਤਾਂ, ਮਨੋਰੰਜਨ ਦੇ ਸਾਧਨ, ਭਾਸ਼ਾ ਅਤੇ ਲੋਕ-ਸਾਹਿਤ ਆਦਿ ਸ਼ਾਮਲ ਹੁੰਦੇ ਹਨ।

ਹਰ ਕੌਮ ਜਾਂ ਜਨ-ਸਮੂਹ ਦਾ ਆਪਣਾ ਇਕ ਸੱਭਿਆਚਾਰ ਹੁੰਦਾ ਹੈ ਭਾਵੇਂ ਉਹ ਵਿਕਾਸ ਦੇ ਕਿਸੇ ਵੀ ਪੜਾਅ ਉੱਤੇ ਕਿਉਂ ਨਾ ਹੋਵੇ। ਪੰਜਾਬ ਦਾ ਸੱਭਿਆਚਾਰ ਇਸ ਪੱਖੋਂ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਪੰਜਾਬੀ ਗੀਤ-ਸੰਗੀਤ ਅਤੇ ਖਾਣ-ਪੀਣ ਨੇ ਤਾਂ ਦੁਨੀਆ ਭਰ ਵਿੱਚ ਵਿਸ਼ੇਸ਼ ਥਾਂ ਬਣਾਈ ਹੈ। ਪਰ ਸਾਡੇ ਕਈ ਰਸਮੋ-ਰਿਵਾਜਾਂ ਅਤੇ ਹੋਰ ਸੱਭਿਆਚਾਰਕ ਕਿਰਿਆਵਾਂ ਵਿੱਚ ਗੰਧਲਾਪਣ ਆ ਗਿਆ ਹੈ। ਕੋਈ ਟਾਈਮ ਹੁੰਦਾ ਸੀ ਜਦੋਂ ਪਿੰਡ ਵਿੱਚ ਕਿਸੇ ਦੇ ਘਰ ਵਿਆਹ ਹੋਣਾ ਤਾਂ ਸਾਰਾ ਪਿੰਡ ਵਿਆਹ ਵਾਲੇ ਪਰਿਵਾਰ ਨਾਲ ਵਿਆਹ ਦੇ ਕੰਮ ਵਿੱਚ ਰੁੱਝਿਆ ਰਹਿੰਦਾ ਸੀ। ਸਾਰੇ ਪਿੰਡ ਵਿਚ ਮੇਲੇ ਵਰਗਾ ਮਾਹੌਲ ਹੁੰਦਾ ਸੀ।

ਆਲੇ-ਦੁਆਲੇ ਦੇ ਦਸ ਪਿੰਡਾਂ ਨੂੰ ਪਤਾ ਲੱਗ ਜਾਂਦਾ ਸੀ ਕਿ ਫਲਾਂ ਪਿੰਡ ਵਿੱਚ ਕੋਈ ਵਿਆਹ ਹੋ ਰਿਹਾ ਹੈ। ਮੌਜੂਦਾ ਸਮੇਂ ਨੱਠ-ਭੱਜ ਅਤੇ ਤੇਜ਼ੀ ਦੇ ਮਾਹੌਲ ਵਿੱਚ ਆਲਮ ਇਹ ਹੈ ਕਿ ਹੁਣ ਜਦੋਂ ਕਿਸੇ ਦੇ ਵਿਆਹ ਹੁੰਦਾ ਹੈ ਤਾਂ ਨਾਲ ਦੇ ਘਰ ਵਾਲੇ ਨੂੰ ਵੀ ਪਤਾ ਨਹੀਂ ਹੁੰਦਾ ਕਿ ਗੁਆਂਢ ਵਿੱਚ ਵਿਆਹ ਹੈ। ਵਿਆਹ ਵੀ ਕੁਝ ਘੰਟਿਆਂ ਵਿੱਚ ਹੀ ਸਿਮਟ ਕੇ ਰਹਿ ਗਏ ਹਨ।

ਬਹੁਤੇ ਲੋਕ ਵਿਆਹਾਂ ਉੱਤੇ ਸਿਰਫ਼ ਟਾਈਮ ਪਾਸ ਹੀ ਕਰਨ ਜਾਂਦੇ ਹਨ। ਉਸ ਤੋਂ ਵੀ ਅੱਗੇ, ਹੁਣ ਤਾਂ ਵਿਆਹਾਂ ਵਿੱਚ ਇੱਕ ਸਮੂਹ ਅਜਿਹਾ ਵੀ ਮਿਲ ਜਾਂਦਾ ਹੈ ਜਿਹੜਾ ਇੱਕ ਪਾਸੇ ਸਾਈਡ 'ਤੇ ਬੈਠ ਕੇ ਮੋਬਾਈਲ ਚਲਾਉਂਦਾ ਰਹਿੰਦਾ ਹੈ। ਰਿਸ਼ਤੇਦਾਰਾਂ ਨੂੰ ਨਾ ਕੋਈ ਸਤਿ ਸ੍ਰੀ ਅਕਾਲ, ਨਾ ਕੋਈ ਪਿਆਰ। ਮੇਰੇ ਉਹ ਦਿਨ ਵੀ ਯਾਦ ਹਨ ਜਦੋਂ ਬਾਪੂ ਜਾਂ ਦਾਦੇ ਆਪਣੇ ਬੱਚਿਆਂ ਨੂੰ ਮੋਢੇ 'ਤੇ ਬਿਠਾ ਕੇ ਮੇਲਾ ਦਿਖਾਉਣ ਜਾਂਦੇ ਹੁੰਦੇ ਸਨ। ਬੱਚੇ ਸਿਹਤਮੰਦ ਖੁਰਾਕਾਂ ਖਾਂਦੇ ਹੁੰਦੇ ਸਨ ਤੇ ਇਕ ਅੱਜ ਦਾ ਸਮਾਂ ਹੈ ਜਦੋਂ ਅਨੇਕਾਂ ਔਲਾਦਾਂ ਨਸ਼ਿਆਂ ਵਿੱਚ ਗਰਕੀਆਂ ਪਈਆਂ ਹਨ। ਪਹਿਲਾਂ ਦਾਦੀਆਂ ਰਾਤ ਨੂੰ ਸੌਣ ਸਮੇਂ ਬੱਚਿਆਂ ਨੂੰ ਬਾਤਾਂ ਸੁਣਾਇਆ ਕਰਦੀਆਂ ਸਨ ਤੇ ਹੁਣ ਦੀ ਨੌਜਵਾਨੀ ਨੇ ਬਾਤਾਂ ਤਾਂ ਕੀ ਸੁਣਨੀਆਂ ਨੇ, ਉਨ੍ਹਾਂ ਕੋਲ ਦੋ ਮਿੰਟ ਲਈ ਮਾਪਿਆਂ ਦੀ ਗੱਲ ਸੁਣਨ ਦਾ ਸਮਾਂ ਵੀ ਨਹੀਂ ਹੈ। ਹਾਂ, ਮੋਬਾਈਲ ਦੇਖਣ ਤੇ ਸੁਣਨ ਦਾ ਵਾਧੂ ਸਮਾਂ ਹੈ। ਹੋਰ ਹੀ ਤਰ੍ਹਾਂ ਦਾ ਸਮਾਂ ਚੱਲ ਰਿਹਾ ਹੈ!

ਪਹਿਲਾਂ ਬੱਚੇ ਬਾਂਟੇ ਖੇਡਦੇ, ਕਸਰਤਾਂ ਕਰਦੇ ਅਤੇ ਪਿੱਠੂ ਵਰਗੀਆਂ ਜ਼ੋਰਦਾਰ ਖੇਡਾਂ ਖੇਡਦੇ ਪਰ ਅੱਜ ਦੇ ਬੱਚਿਆਂ ਨੂੰ ਵੀਡੀਓ ਗੇਮਾਂ ਤੋਂ ਹੀ ਵਿਹਲ ਨਹੀਂ। ਇੱਕ ਹੋਰ ਵੱਡਾ ਮਸਲਾ ਆਦਰ-ਮਾਣ ਅਤੇ ਸਤਿਕਾਰ ਦਾ ਹੈ। ਬਹੁਤੇ ਮਾਪੇ ਇਸ ਗੱਲੋਂ ਪਰੇਸ਼ਾਨ ਨਜ਼ਰ ਆਉਂਦੇ ਹਨ ਕਿ ਉਨ੍ਹਾਂ ਦੇ ਬੱਚੇ ਆਪਣੇ ਮਾਂ ਬਾਪ ਤੇ ਬਜ਼ੁਰਗਾਂ ਦਾ ਸਤਿਕਾਰ ਹੀ ਨਹੀਂ ਕਰਦੇ। ਬਹੁਤੇ ਬੱਚੇ ਆਪਣੇ ਮਾਪਿਆਂ ਸਾਹਮਣੇ ਹੀ ਮੋਬਾਈਲ 'ਤੇ ਵਲੋਗਿੰਗ ਕਰਨ ਵਿੱਚ ਰੁੱਝੇ ਰਹਿੰਦੇ ਹਨ। ਉਨ੍ਹਾਂ ਤੋਂ ਪਾਣੀ ਦਾ ਇੱਕ ਗਲਾਸ ਮੰਗ ਕੇ ਦੇਖ ਲਓ, ਅੱਗੋਂ ਭੱਜ-ਭੱਜ ਪੈਂਦੇ ਨੇ।

ਤਕਨੀਕੀ ਯੁੱਗ ਨੇ ਜਿੱਥੇ ਬੱਚਿਆਂ ਤੇ ਨੌਜਵਾਨਾਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੋਂ ਦੂਰ ਕੀਤਾ ਹੈ, ਉੱਥੇ ਹੀ ਬੱਚਿਆਂ ਨੂੰ ਆਪਣੇ ਮਾਪਿਆਂ ਤੋਂ ਵੀ ਦੂਰ ਕੀਤਾ ਹੈ। ਜ਼ਮਾਨਾ ਕੀ ਬਦਲਿਆ, ਰਿਸ਼ਤੇ-ਨਾਤੇ ਹੀ ਬਦਲ ਗਏ। ਜਿਵੇਂ-ਜਿਵੇਂ ਸਮਾਂ ਬਦਲਦਾ ਜਾ ਰਿਹਾ ਹੈ, ਉਸ ਦੇ ਪ੍ਰਭਾਵ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਵੀ ਵੇਖਣ ਨੂੰ ਮਿਲ ਰਹੇ ਹਨ। ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਸਾਡੇ ਗੀਤ-ਸੰਗੀਤ ਤੇ ਵਿਰਸੇ ਨੇ ਤਾਂ ਦੁਨੀਆ ਭਰ ਵਿੱਚ ਥਾਂ ਬਣਾ ਲਈ ਹੈ ਪਰ ਲੋਕ ਸਾਰੰਗੀਆਂ, ਅਲਗੋਜ਼ੇ, ਅਖਾੜੇ, ਝੂਮਰ, ਸੰਮੀ, ਫੁਲਕਾਰੀਆਂ, ਚਰਖੇ, ਲੋਕ ਗੀਤਾਂ, ਪੰਜਾਬੀ ਪਹਿਰਾਵੇ, ਅਸਲ ਖਾਣ-ਪੀਣ ਆਦਿ ਨਾਲੋਂ ਟੁੱਟਦੇ ਜਾ ਰਹੇ ਹਨ। ਪਹਿਲਾਂ ਕੁੜੀਆਂ ਨੂੰ ਤ੍ਰਿੰਞਣਾਂ ਵਿੱਚ ਕਸੀਦੇ ਕੱਢਣ, ਗਿੱਧੇ 'ਚ ਬੋਲੀਆਂ ਪਾਉਣ ਅਤੇ ਪੀਂਘਾਂ ਝੂਟਣ ਦਾ ਬਹੁਤ ਸ਼ੌਕ ਹੁੰਦਾ ਸੀ ਪਰ ਸਮੇਂ ਦੇ ਨਾਲ-ਨਾਲ ਅਤੇ ਮੁੰਡਿਆਂ ਨਾਲ ਬਰਾਬਰ ਮੁਕਾਬਲੇਬਾਜ਼ੀ ਕਾਰਨ ਕੁੜੀਆਂ ਨੇ ਇਨ੍ਹਾਂ ਚੀਜ਼ਾਂ ਨੂੰ ਵਿਸਾਰਨਾ ਸ਼ੁਰੂ ਕਰ ਦਿੱਤਾ ਹੈ। ਬਹੁਤੀਆਂ ਕੁੜੀਆਂ (ਨਿਰੋਲ ਪਿੰਡਾਂ ਵਾਲੀਆਂ ਵੀ) ਅੱਜ-ਕੱਲ੍ਹ ਵਧੇਰੇ ਸਮਾਂ ਜਿਮ, ਕਲੱਬਾਂ ਤੇ ਕਿੱਟੀ ਪਾਰਟੀਆਂ ਵਿੱਚ ਬਿਤਾਉਂਦੀਆਂ ਹਨ। ਇਸ ਵਿੱਚ ਕੁਝ ਮਾੜਾ ਨਹੀਂ ਪਰ ਕੁਝ ਸੁਧਾਰ ਦੀ ਗੁੰਜਾਇਸ਼ ਜ਼ਰੂਰ ਹੈ। ਅੱਜ ਦੇ ਸਮੇਂ ਜ਼ਿਆਦਾ ਮਾਪੇ ਨੌਕਰੀਆਂ ਜਾਂ ਕੰਮਾਂਕਾਰਾਂ ਵਿੱਚ ਰੁੱਝੇ ਹੋਣ ਕਰ ਕੇ ਆਪਣੇ ਬੱਚਿਆਂ ਨੂੰ ਪੂਰੀ ਖੁੱਲ੍ਹ ਅਤੇ ਸੁਤੰਤਰਤਾ ਦਿੰਦੇ ਹਨ ਜਿਸ ਦਾ ਕਈ ਵਾਰ ਬੱਚੇ ਗ਼ਲਤ ਲਾਹਾ ਲੈ ਜਾਂਦੇ ਹਨ।

ਆਧੁਨਿਕਤਾ ਦੇ ਇਸ ਦੌਰ ਵਿੱਚ ਹੌਲੀ-ਹੌਲੀ ਪੰਜਾਬੀ ਵੀ ਵਿਦੇਸ਼ੀ ਸੱਭਿਆਚਾਰ ਅਨੁਸਾਰ ਆਪਣੇ-ਆਪ ਨੂੰ ਢਾਲ ਰਹੇ ਹਨ। ਅੱਜ-ਕੱਲ੍ਹ ਔਰਤਾਂ ਦੇ ਸਿਰੋਂ ਚੁੰਨੀ ਗੁਆਚਦੀ ਜਾ ਰਹੀ ਹੈ। ਮੁੰਡੇ-ਕੁੜੀਆਂ ਸਿਹਤ ਦੀ ਪਰਵਾਹ ਕੀਤੇ ਬਿਨਾਂ ਜੰਕ ਫੂਡ ਵੱਲ ਆਕਰਸ਼ਿਤ ਹੋ ਰਹੇ ਹਨ ਤੇ ਰਵਾਇਤੀ ਖਾਣਿਆਂ ਤੋਂ ਦੂਰ ਹੁੰਦੇ ਜਾ ਰਹੇ ਹਨ। ਹੁਣ ਸਾਗ ਕੱਟਣ ਵਾਲੀ ਦਾਤ, ਤੰਦੂਰ ਤੇ ਚੁੱਲ੍ਹਿਆਂ ਨੂੰ ਲੋਕ ਭੁੱਲਦੇ ਜਾ ਰਹੇ ਹਨ। ਘਰ-ਘਰ ਵਿੱਚ ਮਾਈਕ੍ਰੋਵੇਵ, ਆਟੇ ਗੁੰਨ੍ਹਣ ਵਾਲੀਆਂ ਮਸ਼ੀਨਾਂ ਤੇ ਭਾਂਡੇ ਧੋਣ ਵਾਲੀਆਂ ਮਸ਼ੀਨਾਂ ਆ ਗਈਆਂ ਹਨ। ਸੱਚੀਓਂ, ਹੋਰ ਹੀ ਜ਼ਮਾਨਾ ਆ ਗਿਆ ਹੈ। ਇੱਕ ਹੋਰ ਮਸਲਾ ਹੈ। ਪੰਜਾਬੀ ਮਾਂ-ਬੋਲੀ ਵਿੱਚ ਵਿਗਾੜ ਆਉਣ ਦੇ ਨਾਲ-ਨਾਲ ਸਾਡੇ ਰਹਿਣ-ਸਹਿਣ, ਪਹਿਰਾਵੇ ਅਤੇ ਖੇਡਾਂ ਵਿੱਚ ਵੀ ਬਦਲਾਅ ਆ ਗਿਆ ਹੈ। ਹੁਣ ਦੇ ਬੱਚੇ ਚੋਪੜ, ਕੋਟਲਾ ਛਪਾਕੀ, ਗੁੱਲੀ ਡੰਡਾ ਵਰਗੀਆਂ ਖੇਡਾਂ ਨਹੀਂ ਖੇਡਦੇ। ਨਾ ਹੀ ਨੌਜਵਾਨ ਕਬੱਡੀ, ਗੱਤਕੇ ਅਤੇ ਕੁਸ਼ਤੀਆਂ ਕਰਦੇ ਹਨ। ਸਵਖਤੇ ਕੋਈ-ਕੋਈ ਬੱਚਾ ਹੀ ਉੱਠਦਾ ਹੈ। ਮੈਦਾਨਾਂ ਦੀ ਥਾਂ ਟੀਵੀ ਗੇਮਾਂ ਨੇ ਲੈ ਲਈ ਹੈ। ਇਹੀ ਕਾਰਨ ਹੈ ਕਿ ਛੋਟੇ-ਛੋਟੇ ਬੱਚੇ ਵੀ ਗੰਭੀਰ ਬਿਮਾਰੀਆਂ ਦੀ ਲਪੇਟ ਵਿੱਚ ਆ ਰਹੇ ਹਨ।

ਰਵਾਇਤੀ ਤੇ ਆਰਾਮਦਾਇਕ ਪਹਿਰਾਵੇ ਦੀ ਥਾਂ ਊਲ-ਜਲੂਲ ਜਿਹੇ ਵਸਤਰ ਅੱਜ ਦਾ ਫੈਸ਼ਨ ਹਨ। ਲੋਕ-ਦਿਖਾਵਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ ਜਦਕਿ ਆਪਸੀ ਪਿਆਰ, ਮੋਹ ਮੁਹੱਬਤ ਤੇ ਅਪਣੱਤ ਨਿਘਾਰ ਵੱਲ ਜਾ ਰਹੇ ਹਨ। ਸਾਂਝੇ ਪਰਿਵਾਰ ਟੁੱਟ ਰਹੇ ਹਨ। ਇਕੱਲਿਆਂ ਰਹਿਣਾ ਅੱਜ-ਕੱਲ੍ਹ ਫੈਸ਼ਨ ਬਣ ਗਿਆ ਹੈ। ਲੋਕ ਪਰਿਵਾਰ ਵਿਚ ਬਜ਼ੁਰਗਾਂ ਦੀ ਗੱਲ ਨੂੰ ਸਹਾਰਦੇ ਨਹੀਂ। ਬਜ਼ੁਰਗਾਂ ਨੂੰ ਪਹਿਲਾਂ ਵਰਗਾ ਸਤਿਕਾਰ ਨਹੀਂ ਦਿੱਤਾ ਜਾਂਦਾ। ਸਹਿਣਸ਼ੀਲਤਾ ਦੀ ਘਾਟ ਕਾਰਨ ਸਮਾਜ ਵਿੱਚ ਦਿਨ-ਬ-ਦਿਨ ਅਣਸੁਖਾਵੀਆਂ ਘਟਨਾਵਾਂ ਵਾਪਰ ਰਹੀਆਂ ਹਨ। ਅੱਜ ਲੋੜ ਹੈ ਸੰਭਲਣ ਦੀ। ਜੇ ਇਸੇ ਤਰ੍ਹਾਂ ਅਸੀਂ ਆਪਣਾ ਮੂਲ ਭੁੱਲਦੇ ਰਹੇ ਤਾਂ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਜਾਵਾਂਗੇ।

# ਗੱਲਾਂ ਗੱਲਾਂ ਵਿੱਚ ਰਾਣੀਹਾਰ ਤੂੰ ਬਣਾਏ......

**ਗੁਰਬਿੰਦਰ ਸਿੰਘ ਮਾਣਕ**

ਕਦੇ ਕਦੇ ਝੂਠ ਬੋਲਣਾ ਵੀ ਚੰਗਾ ਲੱਗਦਾ ਹੈ। ਜੇ ਝੂਠ ਬੋਲਣ ਨਾਲ ਹੀ ਜ਼ਿੰਦਗੀ ਸੁਖਾਵੀਂ ਤੋਰੇ ਤੁਰੀ ਜਾਵੇ ਤਾਂ ਭਲਾ ਹਰਜ ਵੀ ਕੀ ਹੈ। ਕਈ ਵਾਰ ਕਿਸੇ ਦਫ਼ਤਰ ਦਾ ਮੁਲਾਜ਼ਮ, ਅਚਾਨਕ ਹੀ ਕੁਝ ਪ੍ਰਾਪਤ ਕਰਨ ਲਈ ਆਪਣੇ ਅਫ਼ਸਰ ਦੀ ਝੂਠੀ-ਮੂਠੀ ਚਮਚੀ ਮਾਰਨ ਲੱਗ ਜਾਂਦਾ ਹੈ। ਛੋਟੇ ਪੱਧਰ ਦਾ ਨੇਤਾ, ਵੱਡੇ ਨੇਤਾ ਦੀ ਝੂਠੀ ਤਾਰੀਫ਼ ਦੇ ਪੁਲ ਬੰਨ੍ਹਦਾ ਹੈ। ਵੱਡਾ ਅਫ਼ਸਰ ਆਪਣੇ ਮਹਿਕਮੇ ਦੇ ਵੱਡੇ ਅਫ਼ਸਰ ਦੀ ਝੂਠੀ ਸ਼ਾਨ ਵਿੱਚ ਕਸੀਦੇ ਪੜ੍ਹਦਾ ਹੈ। ਉਸ ਦੀਆਂ ਨਜ਼ਰਾਂ ਵਿੱਚ ਚੰਗਾ ਦਿਸਣ ਲਈ, ਉਹ ਕਈ ਪਾਪੜ ਵੇਲਦਾ ਹੈ ਤੇ ਸਮਾਜਿਕ ਸਬੰਧ ਬਣਾਉਣ ਦੀ ਕੋਸਿਸ਼ ਕਰਦਾ ਹੈ। ਪਤੀ ਆਪਣੀ ਪਤਨੀ ਦੀ ਝੂਠੀ ਤਾਰੀਫ਼ ਕਰਦਾ ਹੈ। ਵਿਆਹ-ਸ਼ਾਦੀ ਦੇ ਕਈ ਸਾਲਾਂ ਬਾਅਦ ਅਚਾਨਕ ਪਤਨੀ 'ਖ਼ੂਬਸੂਰਤ' ਲੱਗਣ ਲੱਗ ਜਾਂਦੀ ਹੈ।

ਉਸ ਦੀ 'ਮੁਸਕਰਾਹਟ' ਦੀ ਕਿਸੇ ਕਹਿੰਦੀ ਕਹਾਉਂਦੀ ਫ਼ਿਲਮੀ ਹੀਰੋਇਨ ਨਾਲ ਤੁਲਨਾ ਹੋਣ ਲੱਗਦੀ ਹੈ। ਰੋਜ਼ ਵਾਂਗ ਬਣਾਈ ਉਸ ਦੀ ਦਾਲ-ਸਬਜ਼ੀ ਵੀ ਅਚਾਨਕ ਬੇਹੱਦ 'ਸੁਆਦ' ਲੱਗਣ ਦੇ ਖ਼ੁਸ਼ਨੁਮਾ ਬੋਲ ਸੁਣਾਈ ਦਿੰਦੇ ਹਨ। ਪਤਾ ਅਗਲੇ ਨੂੰ ਵੀ ਹੁੰਦਾ ਹੈ ਕਿ ਇਹ ਸਭ ਕੁੱਝ ਝੂਠ ਦਾ ਪੁਲੰਦਾ ਹੈ ਤੇ ਇਸ ਪਿੱਛੇ ਕੋਈ ਖ਼ਾਸ ਗਰਜ਼ ਹੈ। ਕਿੰਨਾ ਕਿੰਨਾ ਚਿਰ ਇਹ ਮਤਲਬੀ ਝੂਠ ਚੱਲਦਾ ਰਹਿੰਦਾ ਹੈ। ਗੱਲ ਗੱਲ 'ਤੇ ਲੜਨ-ਝਗੜਨ ਵਾਲੇ ਪਤੀ-ਪਤਨੀ ਵਿੱਚ ਵੀ ਇਸ ਝੂਠ ਕਾਰਨ ਕੁੱਝ ਦਿਨ ਮਾਹੌਲ ਸ਼ਾਂਤ ਬਣਿਆ ਰਹਿੰਦਾ ਹੈ। ਜ਼ਿੰਦਗੀ ਦਾ ਕੋਈ ਅਜਿਹਾ ਪੱਖ ਨਜ਼ਰ ਨਹੀਂ ਆਉਂਦਾ ਜਿੱਥੇ ਝੂਠ ਨਾ ਹੋਵੇ, ਚੁਗਲੀ ਨਾ ਹੋਵੇ ਤੇ ਚਾਪਲੂਸੀ ਨਾ ਹੋਵੇ। ਅਸਲ ਵਿੱਚ ਝੂਠ ਬੋਲਣ ਦੀ ਚਲਾਕੀ ਵਿੱਚ ਪਤੀ-ਪਤਨੀ ਵਿੱਚੋਂ ਕੋਈ ਘੱਟ ਨਹੀਂ ਹੁੰਦਾ। ਜਦੋਂ ਕੋਈ ਸੂਟ-ਸਾੜ੍ਹੀ ਜਾਂ ਕੁੱਝ ਹੋਰ ਲੈਣਾ ਹੋਵੇ ਤਾਂ ਸ੍ਰੀਮਤੀ ਜੀ ਵੀ ਕੁੱਝ ਦਿਨਾਂ ਲਈ ਪਤੀ ਦੀ ਝੂਠੀ ਤਾਰੀਫ਼ ਦੇ ਪੁਲ ਬੰਨ੍ਹੀ ਰੱਖਦੀ ਹੈ। ਕਈ ਸਿਆਣੇ ਤਾਂ ਇਸ ਨੂੰ ਮੁਹੱਬਤ ਦੀ 'ਐਕਟਿੰਗ' ਕਹਿੰਦੇ ਹਨ।

ਹਰ ਮਨੁੱਖ ਨੂੰ ਉਸ ਦੇ ਬਚਪਨ ਵਿੱਚ ਦੱਸਿਆ ਜਾਂਦਾ ਹੈ ਕਿ ਝੂਠ ਬੋਲਣਾ ਪਾਪ ਹੈ, ਪਰ ਹਰ ਮਨੁੱਖ ਜੀਵਨ ਦੇ ਰਾਹ ਤੁਰਿਆ ਸੁਭਾਵਿਕ ਹੀ ਅਨੇਕਾਂ ਵਾਰ ਝੂਠ ਬੋਲਦਾ ਹੈ। ਬਹੁਗਿਣਤੀ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸਵੇਰ ਤੋਂ ਸ਼ਾਮ ਤੱਕ ਜਾਣਦਿਆਂ ਸਮਝਦਿਆਂ ਹੋਇਆਂ ਵੀ ਝੂਠ ਬੋਲਣ ਤੋਂ ਗੁਰੇਜ਼ ਨਹੀਂ ਕਰਦੀ। ਇਹ ਨਿੱਕੇ ਨਿੱਕੇ ਝੂਠ ਕਿਸੇ ਦਾ ਕੋਈ ਨੁਕਸਾਨ ਨਹੀਂ ਕਰਦੇ, ਪਰ ਝੂਠ ਤਾਂ ਆਖਰ ਝੂਠ ਹੀ ਹੈ ਭਾਵੇਂ ਉਹ ਵੱਡਾ ਹੋਵੇ ਜਾਂ ਛੋਟਾ। ਆਪਣੇ ਬਚਪਨ ਵਿੱਚ ਜਦੋਂ ਅਸੀਂ ਸਕੂਲ ਪੜ੍ਹਦੇ ਸੀ ਤਾਂ ਆਮ ਤੌਰ 'ਤੇ ਸਕੂਲ ਦੀਆਂ ਕੰਧਾਂ ਉੱਤੇ ਮਾਟੋ ਲਿਖੇ ਹੁੰਦੇ ਸਨ ਜਿਨ੍ਹਾਂ ਵਿੱਚ ਇਹ ਵੀ ਹੁੰਦਾ ਸੀ ਕਿ 'ਸਦਾ ਸੱਚ ਬੋਲੋ।' ਕਦੇ ਕਦੇ ਮਨ ਵਿੱਚ ਇੱਕ ਖ਼ਿਆਲ ਆਉਂਦਾ ਸੀ ਕਿ ਹਮੇਸ਼ਾਂ ਸੱਚ ਕਿਵੇਂ ਬੋਲਿਆ ਜਾ ਸਕਦਾ ਹੈ। ਬੱਚੇ ਤੋਂ ਲੈ ਕੇ ਵੱਡੇ ਮਨੁੱਖ ਤੱਕ ਕਦੇ ਕਦਾਈਂ ਅਜਿਹੀ ਨੌਬਤ ਆ ਹੀ ਜਾਂਦੀ ਹੈ ਕਿ ਜਦੋਂ ਝੂਠ ਬੋਲਣ ਬਿਨਾਂ ਸਰਦਾ ਹੀ ਨਹੀਂ। ਬਾਅਦ ਵਿੱਚ ਅਧਿਆਪਕ ਹੁੰਦਿਆਂ ਇੱਕ ਸਕੂਲ ਦੀ ਦੀਵਾਰ 'ਤੇ ਇਹ ਵੀ ਲਿਖਿਆ ਪੜ੍ਹਿਆ ਕਿ 'ਸੱਚ ਬੋਲੋ।' ਭਾਵ ਜ਼ਰੂਰੀ ਨਹੀਂ ਕਿ ਹਮੇਸ਼ਾਂ ਸੱਚ ਹੀ ਬੋਲਿਆ ਜਾਵੇ। ਜੇ ਨਿੱਕਾ ਜਿਹਾ ਝੂਠ ਬੋਲਿਆਂ ਕਿਸੇ ਦਾ ਬਚਾਅ ਹੁੰਦਾ ਹੋਵੇ ਤਾਂ ਕੀ ਹਰਜ ਹੈ ਝੂਠ ਬੋਲਣ ਵਿੱਚ। ਸਿਆਣਿਆਂ ਨੇ ਕਿਹਾ ਵੀ ਹੈ ਕਿ ਜੇਕਰ ਕਿਸੇ ਗਊ ਗ਼ਰੀਬ ਤੇ ਬੇਦੋਸ਼ੇ ਦੀ ਰੱਖਿਆ ਲਈ ਝੂਠ ਬੋਲਣਾ ਵੀ ਪਏ ਤਾਂ ਪਾਪ ਨਹੀਂ ਲੱਗਦਾ। ਉਂਜ ਕਈ ਮਨੁੱਖ ਤਾਂ ਰੱਬ ਦੇ ਨਾਂ ਦੀਆਂ ਝੂਠੀਆਂ ਸਹੁੰਆਂ ਵੀ ਖਾਈ ਜਾਂਦੇ ਹਨ।

ਬੱਚੇ ਦਾ ਪਹਿਲਾ ਸਕੂਲ ਉਸ ਦਾ ਘਰ ਹੁੰਦਾ ਹੈ। ਘਰ ਦੇ ਜੀਆਂ ਵਿੱਚ ਵਿਚਰਦਾ ਬੱਚਾ ਹਰ ਗੱਲ ਵਿੱਚ ਉਨ੍ਹਾਂ ਦੀ ਨਕਲ ਕਰਦਾ ਹੈ। ਜੇ ਬੱਚੇ ਸਾਹਮਣੇ ਘਰ ਦੇ ਵੱਡੇ ਝੂਠ ਬੋਲਦੇ ਹਨ ਤਾਂ ਇਸ ਦਾ ਪ੍ਰਭਾਵ ਸਿੱਧੇ ਰੂਪ ਵਿੱਚ ਬੱਚੇ 'ਤੇ ਵੀ ਪੈਂਦਾ ਹੈ। ਨਿੱਕੇ ਬੱਚੇ ਦੇ ਮਨ ਵਿੱਚ ਹਰ ਗੱਲ ਨੂੰ ਜਾਣਨ ਦੀ ਤੀਬਰ ਜਗਿਆਸਾ ਹੁੰਦੀ ਹੈ। ਇਸ ਕਾਰਨ ਉਹ ਹਰ ਗੱਲ ਬਾਰੇ ਕਈ ਤਰ੍ਹਾਂ ਦੇ ਸੁਆਲ ਕਰਦਾ ਹੈ। ਅਕਸਰ ਬੱਚਿਆਂ ਨੂੰ ਜਾਂ ਤਾਂ ਝਿੜਕ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ ਜਾਂ ਬੱਚੇ ਨੂੰ ਮਨਘੜਤ ਤੇ ਝੂਠੀ ਜਾਣਕਾਰੀ ਦੇ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ। ਅਕਸਰ ਮਾਵਾਂ ਛੋਟੇ ਬੱਚੇ ਨੂੰ ਡਰਾਉਣ ਲਈ 'ਮਾਊਂ' ਜਾਂ ਭੂਤਾਂ-ਪ੍ਰੇਤਾਂ ਦਾ ਡਰਾਵਾ ਦੇ ਦਿੰਦੀਆਂ ਹਨ। ਬੱਚਿਆਂ ਨਾਲ ਹਾਸੇ-ਮਜ਼ਾਕ ਵਿੱਚ ਬੋਲਿਆ ਝੂਠ ਵੀ ਉਨ੍ਹਾਂ ਦੇ ਅਗਾਊਂ ਜੀਵਨ ਦੇ ਵਿਕਾਸ ਵਿੱਚ ਕਈ ਰੁਕਾਵਟਾਂ ਪੈਦਾ ਕਰਦਾ ਹੈ।

ਮਾਵਾਂ ਅਕਸਰ ਬੱਚਿਆਂ ਨੂੰ ਸਿਖਾਉਂਦੀਆਂ ਹਨ ਕਿ ਘਰੋਂ ਬਾਹਰ ਜਾ ਕੇ ਆਪਣੇ ਘਰ ਬਾਰੇ ਸੱਚ ਨਾ ਦੱਸਣ। ਜਿਵੇਂ ਮਾਂ-ਬਾਪ ਦੂਜਿਆਂ ਨੂੰ ਆਪਣੇ ਘਰ ਬਾਰੇ ਵਧਾ-ਚੜ੍ਹਾਅ ਕੇ ਦੱਸਦੇ ਹਨ, ਉਸੇ ਤਰ੍ਹਾਂ ਹੀ ਬੱਚੇ ਵੀ ਝੂਠ ਤੇ ਗ਼ਲਤ-ਬਿਆਨੀ ਕਰਨ ਦੇ ਰਾਹ ਤੁਰ ਪੈਂਦੇ ਹਨ। ਕਈ ਵਾਰ ਬੱਚੇ ਕੋਈ ਚੀਜ਼-ਵਸਤ ਚੋਰੀ ਕਰਕੇ ਘਰ ਲੈ ਆਉਂਦੇ ਹਨ। ਜੇਕਰ ਮਾਪੇ ਬੱਚਿਆਂ ਨੂੰ ਇਨ੍ਹਾਂ ਨਿੱਕੀਆਂ ਨਿੱਕੀਆਂ ਚੋਰੀਆਂ ਤੋਂ ਸ਼ੁਰੂ ਵਿੱਚ ਹੀ ਨਹੀਂ ਵਰਜਣਗੇ ਤਾਂ ਬੱਚਿਆਂ ਦੀ ਇਹ ਆਦਤ ਪੱਕ ਜਾਵੇਗੀ। ਉਹ ਹਰ ਗੱਲ 'ਤੇ ਝੂਠ ਬੋਲੇਗਾ।

ਚੁਗਲੀਆਂ ਵੀ ਇੱਕ ਤਰ੍ਹਾਂ ਨਾਲ ਝੂਠ ਦਾ ਹੀ ਰੂਪ ਹੁੰਦੀਆਂ ਹਨ। ਕਿਸੇ ਬਾਰੇ ਵਧਾਅ-ਚੜ੍ਹਾਅ ਕੇ ਗੱਲ ਕਰਨੀ ਤੇ ਉਸ ਨੂੰ ਨੀਵਾਂ ਦਿਖਾਉਣ ਦੀ ਪ੍ਰਵਿਰਤੀ ਅਕਸਰ ਦੇਖਣ ਨੂੰ ਮਿਲਦੀ ਹੈ। ਔਰਤਾਂ ਇਕੱਠੀਆਂ ਹੋ ਕੇ ਜਦੋਂ ਕਿਸੇ ਹੋਰ ਬਾਰੇ ਇੱਕ ਦੂਜੇ ਨਾਲ ਗੱਲਾਂ ਕਰਦੀਆਂ ਹਨ ਤਾਂ ਉਨ੍ਹਾਂ ਦੇ ਚਿਹਰੇ ਦੇ ਹਾਵ-ਭਾਵ ਦੇਖਣ ਵਾਲੇ ਹੁੰਦੇ ਹਨ। ਪਲਾਂ-ਛਿਣਾਂ ਵਿੱਚ ਹੀ ਉਹ ਇੱਕ ਦੂਜੀ ਨਾਲ ਕਈਆਂ ਦੇ ਪੋਤੜੇ ਫ਼ੋਲ ਜਾਂਦੀਆਂ ਹਨ। ਇਸ ਵਿੱਚ ਬਹੁਤਾ ਝੂਠ ਹੀ ਹੁੰਦਾ ਹੈ। ਇਸੇ ਝੂਠ ਕਾਰਨ ਗੁਆਂਢਣਾਂ-ਗੁਆਂਢਣਾਂ ਵਿੱਚ ਕਈ ਵਾਰ 'ਜੰਗ' ਵੀ ਛਿੜ ਜਾਂਦੀ ਹੈ। ਇਸ ਤਰ੍ਹਾਂ ਇਹ ਝੂਠ ਅਕਾਰਨ ਹੀ ਸਾਡੀ ਜ਼ਿੰਦਗੀ ਵਿੱਚ ਕੁੜੱਤਣ ਭਰ ਦਿੰਦੇ ਹਨ।

ਸਿਆਸਤਦਾਨ ਬਣਨ ਲਈ ਤਾਂ ਸ਼ਾਇਦ ਪਹਿਲੀ ਸ਼ਰਤ ਹੀ ਇਹ ਹੈ ਕਿ ਬੰਦਾ ਝੂਠ ਬੋਲਣ ਵਿੱਚ ਮਾਹਿਰ ਹੋਵੇ। ਅਸੀਂ ਅਕਸਰ ਦੇਖਦੇ ਹਾਂ ਕਿ ਨੇਤਾ ਜਿਸ ਢੰਗ ਨਾਲ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਦੇ ਹਨ ਕਿ ਏਨੀ ਸਫ਼ਾਈ ਨਾਲ ਤਾਂ ਹੋਰ ਕੋਈ ਝੂਠ ਵੀ ਨਾ ਬੋਲ ਸਕਦਾ ਹੋਵੇ। ਪਿਛਲੇ ਕਈ ਦਹਾਕਿਆਂ ਤੋਂ ਰਾਜ ਕਰਨ ਵਾਲੀਆਂ ਸਿਆਸੀ ਪਾਰਟੀਆਂ ਦੇ ਵੱਡੀ ਗਿਣਤੀ ਨੇਤਾ ਝੂਠ ਦੇ ਸਿਰ 'ਤੇ ਹੀ ਰਾਜ ਕਰੀ ਜਾ ਰਹੇ ਹਨ ਤੇ ਲੋਕਾਂ ਨੂੰ ਬੇਵਕੂਫ਼ ਬਣਾਈ ਜਾ ਰਹੇ ਹਨ। ਵੋਟਰਾਂ ਨਾਲ ਝੂਠੇ ਵਾਅਦੇ ਕਰਨੇ ਤੇ ਪੰਜਾਂ ਸਾਲਾਂ ਬਾਅਦ ਉਸੇ ਝੂਠ ਨੂੰ ਦੁਹਰਾਉਣਾ ਆਮ ਗੱਲ ਬਣ ਗਈ ਹੈ। ਇਹ ਹੁਣ ਤੱਕ ਆਮ ਲੋਕਾਂ ਨੂੰ ਵਾਅਦਿਆਂ ਤੇ ਦਾਅਵਿਆਂ ਦੇ ਰੰਗੀਨ ਭਰਮਜਾਲ ਵਿੱਚ ਫ਼ਸਾ ਕੇ ਅਸਲੀਅਤ ਦਾ ਅਜਿਹਾ ਭਰਮ ਸਿਰਜਦੇ ਹਨ ਕਿ ਲੋਕ ਇਨ੍ਹਾਂ ਦੀਆਂ ਗੱਲਾਂ ਵਿੱਚ ਫ਼ਸ ਜਾਂਦੇ ਹਨ। ਜਦੋਂ ਤੱਕ ਅਸਲੀਅਤ ਸਾਹਮਣੇ ਆਉਂਦੀ ਹੈ, ਉਦੋਂ ਤੱਕ ਵਕਤ ਲੰਘ ਚੁੱਕਾ ਹੁੰਦਾ ਹੈ।

ਬਹੁਤੇ ਦਫ਼ਤਰ ਤਾਂ ਚੱਲਦੇ ਹੀ ਝੂਠ ਦੇ ਸਹਾਰੇ ਹਨ। ਦਫ਼ਤਰ ਦੇ ਕਈ ਬਾਬੂ ਹਰ ਝੂਠ ਨੂੰ ਸੱਚ ਤੇ ਹਰ ਸੱਚ ਨੂੰ ਝੂਠ ਬਣਾਉਣ ਵਿੱਚ ਵਿਸ਼ੇਸ਼ ਮੁਹਾਰਤ ਰੱਖਦੇ ਹਨ। ਕਿਸੇ ਬਾਬੂ ਵੱਲੋਂ 'ਝੂਠ' ਐਲਾਨੇ ਗਏ ਕੰਮ ਨੂੰ 'ਸੱਚ' ਬਣਾਉਣ ਲਈ ਲੋਕਾਂ ਨੂੰ ਕਿਹੜੇ ਕਿਹੜੇ ਪਾਪੜ ਵੇਲਣੇ ਪੈਂਦੇ ਹਨ, ਇਸ ਦਾ ਬਹੁਤਿਆਂ ਨੂੰ ਤਲਖ ਤਜਰਬਾ ਹੈ। ਕੋਈ ਦੁਕਾਨਦਾਰ ਜੇ ਆਪਣੇ ਗਾਹਕਾਂ ਨਾਲ ਝੂਠ ਨਾ ਬੋਲੇ ਤਾਂ ਦੁਕਾਨਦਾਰੀ ਸੰਭਵ ਹੀ ਨਹੀਂ। ਹਰ ਦੁਕਾਨਦਾਰ ਗਾਹਕ ਨੂੰ ਇਹੀ ਕਹੇਗਾ, 'ਦੇਖੋ ਜੀ, ਇਹ ਡਿਸਕਾਊਂਟ ਤਾਂ ਸਿਰਫ਼ ਤੁਹਾਡੇ ਲਈ ਹੈ, ਬਾਕੀਆਂ ਲਈ ਤਾਂ ਰੇਟ ਪੂਰਾ ਹੈ।' ਮਿੱਠੀ ਜ਼ੁਬਾਨ ਨਾਲ ਦੁਕਾਨਦਾਰ ਆਪਣੇ ਗਾਹਕਾਂ ਨੂੰ ਝੂਠ ਦੇ ਜਾਲ ਵਿੱਚ ਇਸ ਤਰ੍ਹਾਂ ਫ਼ਸਾ ਲੈਂਦੇ ਹਨ ਕਿ ਗਾਹਕ ਨੂੰ ਸੋਚਣ-ਵਿਚਾਰਨ ਦਾ ਮੌਕਾ ਹੀ ਨਹੀਂ ਮਿਲਦਾ।

ਜੇ ਸਹੀ ਅਰਥਾਂ ਵਿੱਚ ਦੇਖੀਏ ਤਾਂ ਫ਼ਿਲਮਾਂ ਵੀ ਝੂਠੀ ਮੁਹੱਬਤ ਦੀ ਪੇਸ਼ਕਾਰੀ ਤੋਂ ਬਿਨਾਂ ਕੁੱਝ ਨਹੀਂ ਹੁੰਦੀਆਂ। ਝੂਠਾ ਮਾਹੌਲ, ਮੇਕਅੱਪ ਤੇ ਕੈਮਰਿਆਂ ਨਾਲ ਸਿਰਜੀ ਅਦਾਕਾਰਾਂ ਦੀ ਖ਼ੂਬਸੂਰਤੀ, ਮਾਰ-ਧਾੜ ਲੜਾਈ, ਗੋਲੀਆਂ, ਕਤਲ ਸਭ ਕੁੱਝ 'ਅਸਲੀਅਤ' ਦਾ ਭਰਮ ਹੀ ਸਿਰਜਦੇ ਹਨ। ਸਾਡੀਆਂ ਫ਼ਿਲਮਾਂ ਦਾ ਹੀਰੋ ਤਾਂ 'ਸੋਲਾਂ ਕਲਾਂ ਸੰਪੂਰਨ' ਹੁੰਦਾ ਹੈ। ਉਹਦੇ ਸਾਹਮਣੇ ਕੋਈ ਟਿਕ ਨਹੀਂ ਸਕਦਾ। ਉਹ ਜੀਪ ਕਾਰ ਨਾਲੋਂ ਵੀ ਤੇਜ਼ ਦੌੜ ਸਕਦਾ ਹੈ।

(ਬਾਕੀ ਸਫ਼ਾ 31 'ਤੇ)

# ਕਾਲੀਆਂ ਘਟਾਵਾਂ ਚੜ੍ਹ ਆਈਆਂ ਨੀਂ ...

ਸਾਉਣ ਮਹੀਨਾ ਸੰਮਤ ਅਤੇ ਨਾਨਕਸ਼ਾਹੀ ਕੈਲੰਡਰ ਦਾ ਪੰਜਵਾਂ ਮਹੀਨਾ ਹੈ। ਇਸ ਮਹੀਨੇ ਨੂੰ 'ਸਾਵਣ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਮਹੀਨਾ ਗ੍ਰੇਗੇਰੀਅਨ ਕੈਲੰਡਰ ਅਨੁਸਾਰ ਅੱਧ ਜੁਲਾਈ ਤੋਂ ਅੱਧ ਅਗਸਤ ਤੱਕ ਹੁੰਦਾ ਹੈ ਅਤੇ ਇਸ ਵਿੱਚ 30 ਦਿਨ ਹੁੰਦੇ ਹਨ। ਭਾਵੇਂ ਆਮ ਕਰਕੇ ਬਰਸਾਤਾਂ ਦੀ ਸ਼ੁਰੂਆਤ ਹਾੜ ਮਹੀਨੇ ਦੇ ਅੱਧ ਤੋਂ ਬਾਅਦ ਹੀ ਹੋ ਜਾਂਦੀ ਹੈ, ਪਰ ਇਸ ਮਹੀਨੇ ਨੂੰ ਬਰਸਾਤਾਂ ਦਾ ਪਹਿਲਾ ਮਹੀਨਾ ਮੰਨਿਆ ਜਾਂਦਾ ਹੈ।



ਸਾਉਣ ਸਾਲ ਦੇ ਬਾਰਾਂ ਮਹੀਨਿਆਂ ਵਿੱਚੋਂ ਮੌਸਮ ਪੱਖੋਂ ਸਭ ਤੋਂ ਹੁਸੀਨ, ਰਮਣੀਕ ਅਤੇ ਵਿਲੱਖਣਤਾ ਭਰਪੂਰ ਮਹੀਨਾ ਹੈ। ਹੋਵੇ ਵੀ ਕਿਉਂ ਨਾ ਕਿਉਂਕਿ ਸਾਉਣ ਮਹੀਨੇ ਜੇਠ-ਹਾੜ ਦੀ ਤਨ ਅਤੇ ਧਰਤੀ ਨੂੰ ਤਪਾਉਂਦੀ ਗਰਮੀ ਤੋਂ ਕਿਣਮਿਣ ਵਰਸਦੀਆਂ ਬਾਰੀਕ ਕਣੀਆਂ ਰਾਹਤ ਦਿੰਦੀਆਂ ਹਨ। ਗਰਮੀ, ਖੁਸ਼ਕੀ ਅਤੇ ਲੋਆਂ ਕਾਰਨ ਝੁਲਸੀ ਬਨਸਪਤੀ ਵਿੱਚ ਟਹਿਕ ਆ ਜਾਂਦੀ ਹੈ। ਇਸ ਮਹੀਨੇ ਦੇ ਬਹੁਪੱਖੀ ਪੱਖਾਂ ਕਾਰਨ ਇਹ ਪੰਜਾਬੀ ਸੱਭਿਆਚਾਰਕ ਪੱਖ ਤੋਂ ਵੀ ਆਪਣੀ ਪਛਾਣ ਰੱਖਦਾ ਹੈ।
ਸਾਉਣ ਮਹੀਨੇ ਹਿੰਦ ਮਹਾਸਾਗਰ ਵੱਲੋਂ ਆਉਂਦੀਆਂ ਨਮੀ ਭਰਪੂਰ ਹਵਾਵਾਂ, ਜਿਨ੍ਹਾਂ ਨੂੰ ਮੌਨਸੂਨ ਪੌਣਾਂ ਕਿਹਾ ਜਾਂਦਾ ਹੈ, ਸਮੁੱਚੇ ਭਾਰਤ ਸਮੇਤ ਭਾਰਤ ਦੇ ਉੱਤਰੀ ਖਿੱਤੇ ਵਿੱਚ ਭਰਪੂਰ ਵਰਖਾ ਕਰਦੀਆਂ ਹਨ। ਅਜਿਹੇ ਮੌਸਮ ਦਾ ਪ੍ਰਭਾਵ ਬਹੁਤ ਸਾਰੇ ਖੇਤਰਾਂ ਵਿੱਚ ਵਿਖਾਈ ਦਿੰਦਾ ਹੈ। ਇਸ ਸਮੇਂ ਬੱਦਲਾਂ ਦੀਆਂ ਡਾਰਾਂ ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸਾਉਂਦੀਆਂ ਹਨ। ਬਾਗ਼ਾਂ ਵਿੱਚ ਕੋਇਲਾਂ ਕੂਕਦੀਆਂ ਹਨ ਅਤੇ ਅਜਿਹੇ ਮਸਤੀ ਚੜ੍ਹਾਉਣ ਵਾਲੇ ਮੌਸਮ ਵਿੱਚ ਮੋਰ ਮਸਤੀ ਵਿੱਚ ਆ ਕੇ ਪੈਲ਼ਾਂ ਪਾਉਂਦੇ ਹਨ;

ਆਇਆ ਮਹੀਨਾ ਸਾਉਣ, ਮੀਂਹ ਲਿਆਇਆ ਸਾਉਣ।
ਚੜ੍ਹ ਚੜ੍ਹ ਬੱਦਲ ਆਉਣ, ਤੇ ਆ ਕੇ ਮੀਂਹ ਵਰਸਾਉਣ।
ਬਾਗ਼ੀਂ ਕੋਇਲਾਂ ਗਾਉਣ, ਖ਼ੁਸ਼ੀ ਵਿੱਚ ਮੋਰ ਪੈਲ਼ਾਂ ਪਾਉਣ।

ਮੌਨਸੂਨ ਪੌਣਾਂ ਦੇ ਪ੍ਰਭਾਵ ਸਦਕਾ ਨਮੀ ਭਰਪੂਰ ਬੱਦਲਾਂ ਦੀਆਂ ਸੰਘਣੀਆਂ ਪਰਤਾਂ ਵਾਲੀਆਂ ਕਾਲੀਆਂ ਘਟਾਵਾਂ ਦੇ ਰੂਪ ਵਿੱਚ ਵੱਖਰਾ ਨਜ਼ਾਰਾ ਪੇਸ਼ ਕਰਦੀਆਂ ਹਨ। ਇਨ੍ਹਾਂ ਵਿੱਚ ਲਿਸ਼ਕਦੀ ਬਿਜਲੀ ਹੋਰ ਵੀ ਸੁੰਦਰ ਲੱਗਦੀ ਹੈ। ਇਨ੍ਹਾਂ ਘਟਾਵਾਂ ਦੀਆਂ ਨਿੱਕੀ ਨਿੱਕੀ ਕਣੀ ਦੀਆਂ ਬਰਸਾਤਾਂ ਅਤੇ ਝੜੀਆਂ ਦੀ ਆਪਣੀ ਸੱਭਿਆਚਾਰਕ ਪੱਖ ਤੋਂ ਵੀ ਪਛਾਣ ਹੈ। ਇਹ ਕਾਲੀਆਂ ਘਟਾਵਾਂ ਵੱਖਰਾ ਨਜ਼ਾਰਾ ਪੇਸ਼ ਕਰਨ ਦੇ ਨਾਲ ਨਾਲ ਮਨੁੱਖ ਅਤੇ ਜੰਤੂਆਂ ਨੂੰ ਧੁਰ ਰੂਹ ਤੱਕ ਮਸਤ ਕਰਨ ਦਾ ਕੰਮ ਕਰਦੀਆਂ ਹਨ;

ਕਾਲੀਆਂ ਘਟਾਵਾਂ ਚੜ੍ਹ ਆਈਆਂ ਨੀਂ
ਵਿੱਚ ਘਟਾ ਦੇ ਬਿਜਲੀ ਮਾਰੇ ਲਿਸ਼ਕਾਰੇ।
ਵਿੱਚ ਘਟਾ ਦੇ ਉੱਡਦੇ ਫਿਰਦੇ ਬਗਲੇ
ਵੱਖਰੇ ਆਉਣ ਨਜ਼ਾਰੇ।
***
ਸਾਉਣ ਘਟਾ ਚੜ੍ਹ ਆਈਆਂ
ਭਿੱਜ ਗਈ ਰੂਹ ਮਿੱਤਰਾ

ਸਾਉਣ ਦੀਆਂ ਝੜੀਆਂ ਕੇਵਲ ਬਰਸਾਤਾਂ ਰਾਹੀਂ ਹੀ ਮੌਸਮ ਨੂੰ ਖ਼ੁਸ਼ਗਵਾਰ ਨਹੀਂ ਬਣਾਉਂਦੀਆਂ, ਸਗੋਂ ਕਈ ਵਾਰ ਲੋਕਾਂ ਲਈ ਮੁਸੀਬਤਾਂ ਦਾ ਸਬੱਬ ਵੀ ਬਣਦੀਆਂ ਰਹੀਆਂ ਹਨ। ਗਲੀਆਂ, ਪਹੀਆਂ 'ਤੇ ਗੋਡੇ ਗੋਡੇ ਗਾਰਾ ਹੋ ਜਾਂਦਾ ਹੈ। ਝੜੀਆਂ ਦੀਆਂ ਨਿੱਕੀ ਕਣੀ ਦੀਆਂ ਬਰਸਾਤਾਂ ਕੱਚੇ ਕੋਠਿਆਂ, ਸਬਾਤਾਂ ਨੂੰ ਚੋਣ ਲਾ ਦਿੰਦੀਆਂ ਸਨ। ਅਜਿਹਾ ਹੋਣ ਨਾਲ ਲੋਕਾਂ ਦੇ ਕੱਚੇ ਕੋਠੇ ਢਹਿਣ ਲੱਗਦੇ ਸਨ। ਭਾਰ ਵਧਣ ਨਾਲ ਛੱਤਾਂ ਦੀਆਂ ਬਾਲ਼ੇ, ਕੜੀਆਂ ਟੁੱਟਣੀਆਂ ਸ਼ੁਰੂ ਹੋ ਜਾਂਦੀਆ ਸਨ;

ਸਾਉਣ ਦੀ ਝੜੀ, ਨਾ ਕੋਠਾ ਛੱਡੇ ਨਾ ਕੜੀ।

ਸਾਉਣ ਦੇ ਰੰਗੀਨ ਮੌਸਮ ਦੌਰਾਨ ਕੁੜੀਆਂ ਦਾ ਤਿਉਹਾਰ 'ਤੀਆਂ' ਆਉਂਦਾ ਹੈ। ਇਸ ਤਿਉਹਾਰ ਦੀ ਆਪਣੀ ਪਛਾਣ ਅਤੇ ਮਹੱਤਵ ਰਿਹਾ ਹੈ। ਪਿੰਡ ਦੇ ਛੱਪੜਾਂ, ਟੋਭਿਆਂ ਉੱਤਲੇ ਪਿੱਪਲਾਂ ਤੇ ਬੋਹੜਾਂ ਹੇਠ ਸਾਉਣ ਮਹੀਨੇ ਦੀ ਤੀਜ ਤੋਂ ਤੀਆਂ ਲੱਗਦੀਆਂ ਹਨ। ਤੀਆਂ ਲਈ ਵਿਆਹੀਆਂ ਕੁੜੀਆਂ ਉਚੇਚੇ ਰੂਪ ਵਿੱਚ ਪੇਕੇ ਪਿੰਡ ਵਿੱਚ ਪਹੁੰਚਦੀਆਂ;

ਸਾਉਣ ਚੜ੍ਹ ਗਿਆ ਤੀਆਂ ਦੇ ਦਿਨ ਨੇੜੇ
ਮਾਏਂ ਭੇਜੀਂ ਮੇਰੇ ਚੰਨ ਵੀਰ ਨੂੰ।

ਸਾਉਣ ਮਹੀਨੇ ਖ਼ੁਸ਼ਗਾਵਰ ਮੌਸਮ ਦਾ ਆਨੰਦ ਸਜੀਆਂ ਫਬੀਆਂ ਕੁੜੀਆਂ ਵੱਲੋਂ ਪਿੰਡਾਂ ਦੇ ਛੱਪੜਾਂ, ਟੋਭਿਆਂ ਉੱਤਲੇ ਪਿੱਪਲਾਂ ਹੇਠ ਲੱਗੀਆਂ ਤੀਆਂ ਵਿੱਚ ਲਿਆ ਜਾਂਦਾ। ਕੁੜੀਆਂ ਸਜ ਧਜ ਕੇ ਪੂਰੀ ਮਸਤੀ ਵਿੱਚ ਸ਼ਾਮ ਨੂੰ ਇਕੱਠੀਆਂ ਹੁੰਦੀਆਂ;

ਰਲ ਮਿਲ ਕੁੜੀਆਂ 'ਕੱਠੀਆਂ ਹੋਈਆਂ
ਜਿਉਂ ਮਿਰਗਾਂ ਦੀਆਂ ਡਾਰਾਂ।
ਪਿੱਪਲਾਂ ਹੇਠਾਂ ਲੱਗੀਆਂ ਤੀਆਂ
ਆਈਆਂ ਸਭ ਮੁਟਿਆਰਾਂ।
ਲੁੱਟ ਲਓ ਕੁੜੀਓ ਨੀਂ
ਸਾਉਣ ਦੀਆਂ ਬਹਾਰਾਂ।

ਸਾਉਣ ਮਹੀਨੇ ਆਉਣ ਵਾਲਾ ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਵਿੱਚ ਬੇਹੱਦ ਮਹੱਵਪੂਰਨ ਮੌਕਾ ਰਿਹਾ ਹੈ। ਵਿਆਹੀਆਂ ਕੁੜੀਆਂ ਨੂੰ ਇਸ ਸਮੇਂ ਪੇਕੇ ਜਾਣ ਦੀ ਬੜੀ ਬੇਸਬਰੀ ਨਾਲ ਉਡੀਕ ਹੁੰਦੀ। ਫਿਰ ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ ਕਿ ਇਸ ਸਬੰਧੀ ਲੋਕ ਗੀਤਾਂ, ਟੱਪਿਆਂ ਅਤੇ ਬੋਲੀਆਂ ਵਿੱਚ ਜ਼ਿਕਰ ਨਾ ਹੋਵੇ। ਇਸ ਸਬੰਧੀ ਲੋਕ ਗੀਤਾਂ ਅਤੇ ਟੱਪਿਆਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ-

ਪਾਈਂ ਵੇ ਮਲਾਹਾ ਬੇੜੀਆਂ।
ਮੈਂ ਜਾਣਾ ਦਰਿਓਂ ਪਾਰ।
ਸਾਵਣ ਆਇਆ

ਸਾਉਣ ਮਹੀਨੇ ਅਤੇ ਕੋਇਲ ਦਾ ਗੂੜ੍ਹਾ ਸਬੰਧ ਹੈ। ਇਸ ਮਹੀਨੇ ਬਾਗ਼ੀਂ ਕੋਇਲਾਂ ਕੂਕਦੀਆਂ ਹਨ। ਸਾਉਣ ਦੀ ਇਸ ਕੋਇਲ ਨੂੰ ਪ੍ਰਤੀਕਾਤਮਕ ਰੂਪ ਵਿੱਚ ਲੋਕ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਬਿਆਨਿਆ ਮਿਲਦਾ ਹੈ;

ਪ੍ਰੀਤਾਂ ਦੀ ਸਾਡੀ ਸਾਂਝ ਪਕੇਰੀ
ਲਾ ਕੇ ਤੋੜ ਨਿਭਾਵਾਂ
ਨੀਂ ਕੋਇਲੇ ਸਾਉਣ ਦੀਏ
ਤੈਨੂੰ ਹੱਥਾਂ 'ਤੇ ਚੋਗ ਚੁਗਾਵਾਂ

ਸਾਉਣ ਮਹੀਨੇ ਦੀਆਂ ਬਰਸਾਤਾਂ, ਨਿੱਖਰੀ ਬਨਸਪਤੀ ਅਤੇ ਬਦਲੇ ਪੌਣ ਪਾਣੀ ਦੇ ਨਾਲ ਨਾਲ ਖਾਣ ਪੀਣ ਸਬੰਧੀ ਵੀ ਕਾਫ਼ੀ ਕੁਝ ਬਦਲਦਾ ਹੈ। ਇਸ ਮਹੀਨੇ ਖਾਣ ਪੀਣ ਲਈ ਵਿਸ਼ੇਸ਼ ਪਕਵਾਨ ਮਿਲਦੇ ਹਨ। ਇਸ ਸਮੇਂ ਠੰਢੇ ਹੋਏ ਮੌਸਮ ਵਿੱਚ ਮੀਂਹ ਪੈਣ ਤੋਂ ਬਾਅਦ ਘਰ ਘਰ ਗੁਲਗੁਲੇ ਪੂੜੇ ਬਣਦੇ ਹਨ ਅਤੇ ਚਾਵਾਂ ਨਾਲ ਖਾਧੇ ਜਾਂਦੇ ਹਨ;

ਆਇਆ ਸਾਉਣ ਮੌਜਾਂ ਮਨਾਉਣ ਨੂੰ।
ਨਿੱਕੀ ਕਣੀ ਦਾ ਮੀਂਹ ਨਹਾਉਣ ਨੂੰ।
ਤੇ ਖੀਰਾਂ ਪੂੜੇ, ਗੁਲਗਲੇ ਖਵਾਉਣ ਨੂੰ।
***
ਖੀਰਾਂ ਪੂੜੇ ਖਾਣ ਨੂੰ
ਲੱਗੀਆਂ ਸਾਉਣ ਦੀਆਂ ਝੜੀਆਂ

ਸਾਉਣ ਮਹੀਨੇ ਖੀਰ ਬਣਾਉਣਾ ਅਤੇ ਖਾਣਾ ਚੰਗਾ ਮੰਨਿਆ ਜਾਂਦਾ ਹੈ। ਸ਼ਾਇਦ ਇਸ ਦਾ ਕਾਰਨ ਸਾਉਣ ਮਹੀਨੇ ਮੱਝਾਂ ਦੇ ਪਏ ਸੂਏ, ਬਰਸਾਤਾਂ ਕਾਰਨ ਹੋਏ ਹਰੇ ਚਾਰੇ, ਘਾਹ ਅਤੇ ਠੰਢੇ ਮੌਸਮ ਕਾਰਨ ਦੁੱਧ ਦੀ ਬਹੁਤਾਤ ਦਾ ਹੋਣਾ ਹੈ। ਇਸ ਸਬੰਧੀ ਟੱਪਿਆਂ, ਬੋਲੀਆਂ, ਲੋਕ ਸਿਆਣਪਾਂ ਵਿੱਚ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਸਾਵਣ ਨਾ ਖੀਰਾਂ ਖਾਧੀਆਂ
ਤੂੰ ਕਿਉਂ ਜਨਮਿਓਂ ਅਪਰਾਧੀਆ।

ਸਾਉਣ ਮਹੀਨੇ ਦੀ ਪ੍ਰਮੁੱਖ ਖ਼ਾਸੀਅਤ ਚੜ੍ਹ ਚੜ੍ਹ ਆਉਂਦੇ ਤੇ ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸਾਉਂਦੇ ਬੱਦਲ, ਠੰਡੀਆਂ ਹਵਾਵਾਂ ਦੇ ਝੋਕੇ ਅਤੇ ਇੱਕ ਵੱਖਰੀ ਕਿਸਮ ਦਾ ਵਾਤਾਵਰਣ ਹੈ। ਬੱਦਲਾਂ ਅਤੇ ਸਾਉਣ ਮਹੀਨੇ ਦਾ ਗੂੜ੍ਹਾ ਸਬੰਧ ਹੈ। ਅਜਿਹਾ ਹੋਣ ਕਾਰਨ ਲੋਕ ਬੋਲੀਆਂ, ਟੱਪਿਆਂ ਵਿੱਚ ਸਾਉਣ ਨਾਲ ਬੱਦਲਾਂ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਆਇਆ ਸਾਉਣ ਮਹੀਨਾ
ਅੜੀਓ ਲੈ ਕੇ ਸਰਦ ਹਵਾਵਾਂ
ਪੇਕੇ ਘਰੋਂ ਆਈਆਂ ਝਾਂਜਰਾਂ
ਅੱਡੀ ਮਾਰ ਛਣਕਾਵਾਂ
ਖੱਟਾ ਡੋਰੀਆ ਉੱਡ ਉੱਡ ਜਾਵੇ
ਜਦ ਮੈਂ ਪੀਂਘ ਚੜ੍ਹਾਵਾਂ
ਸਾਉਣ ਦਿਆ ਬੱਦਲਾ ਵੇ
ਤੇਰਾ ਜਸ ਤੀਆਂ ਵਿੱਚ ਗਾਵਾਂ।

ਸਾਉਣ ਦੀਆਂ ਬਰਸਾਤਾਂ ਇਸ ਮਹੀਨੇ ਨੂੰ ਹੁਸੀਨ ਤੇ ਵਿਲੱਖਣ ਬਣਾਉਂਦੀਆਂ ਹਨ। ਅਜਿਹਾ ਹੋਣ ਕਾਰਨ ਟੱਪਿਆਂ ਵਿੱਚ ਸਾਉਣ ਦੇ ਬੱਦਲ ਨੂੰ ਵਰ੍ਹਨ ਲਈ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਸਾਉਣ ਦਿਆ ਬੱਦਲਾ ਵੇ
ਵਰ੍ਹ ਵਰ੍ਹ ਹੋ ਜਾ ਢੇਰ

ਸਾਉਣ ਮਹੀਨੇ ਦੌਰਾਨ ਮੀਂਹ ਅਕਸਰ ਕਾਲੀਆਂ ਘਟਾਵਾਂ ਨਾਲ ਅਚਾਨਕ ਬੜੀ ਤੇਜ਼ੀ ਨਾਲ ਵਰ੍ਹਨ ਲੱਗਦਾ ਹੈ ਅਤੇ ਅਜਿਹਾ ਹੋਣ ਕਾਰਨ ਲੋਕਾਂ ਦਾ ਇਸ ਨਾਲ ਭਿੱਜਣਾ ਆਮ ਜਿਹੀ ਗੱਲ ਹੁੰਦੀ ਹੈ। ਉਂਝ ਵੀ ਭਿੱਜ ਕੇ ਪੂਰਾ ਆਨੰਦ ਲਿਆ ਜਾਂਦਾ ਸੀ;

ਆਇਆ ਸਾਵਣ ਦਿਲ ਪਰਚਾਵਣ
ਝੜੀ ਲੱਗ ਗਈ ਭਾਰੀ
ਝੂਟੇ ਲੈਂਦੀ ਮਰੀਅਮ ਭਿੱਜ ਗਈ
ਨਾਲੇ ਰਾਮ ਪਿਆਰੀ।

ਸਾਉਣ ਦੀਆਂ ਬਰਸਾਤਾਂ ਜਿੱਥੇ ਜੇਠ-ਹਾੜ ਦੀ ਗਰਮੀ ਕਾਰਨ ਤਪਦੀ ਧਰਤੀ ਨੂੰ ਠਾਰਦੀਆਂ ਹਨ, ਉੱਥੇ ਗਰਮੀ ਤੇ ਖੁਸ਼ਕੀ ਕਾਰਨ ਝੰਬੀ ਬਨਸਪਤੀ ਨੂੰ ਲੋੜੀਂਦਾ ਪਾਣੀ ਪ੍ਰਦਾਨ ਕਰਕੇ ਹਰਾ ਭਰਾ ਬਣਾਉਂਦੀਆਂ ਹਨ;

ਸਾਵਣ ਵਣ ਹਰਿਆਵਲੇ
ਸੁੱਕੇ ਵੁੱਠੇ ਅੱਕ ਜਵਾਹਾ

ਸਾਉਣ ਮਹੀਨੇ ਚੜ੍ਹ ਚੜ੍ਹ ਆਉਂਦੀਆਂ ਘਟਾਵਾਂ ਨਿੱਕੀ ਨਿੱਕੀ ਕਣੀ ਦਾ ਮੀਂਹ ਵਰ੍ਹਾਉਂਦੀਆਂ ਹਨ। ਜਨ ਜੀਵਨ ਨੂੰ ਮਸਤ ਕਰਨ ਦੇ ਨਾਲ ਨਾਲ ਤਨ ਨੂੰ ਭਿਉਣ ਦਾ ਕੰਮ ਕਰਦੀਆਂ ਹਨ। ਕਿਸੇ ਲਈ ਇਹ ਧੁਰ ਰੂਹ ਤੱਕ ਆਪਣਾ ਅਸਰ ਕੁਝ ਇਸ ਤਰ੍ਹਾਂ ਵਿਖਾਉਂਦੀਆਂ ਹਨ;

ਭਿੱਜ ਗਈ ਰੂਹ ਮਿੱਤਰਾ
ਸਾਉਣ ਘਟਾਂ ਚੜ੍ਹ ਆਈਆਂ

ਸਾਉਣ ਮਹੀਨੇ ਦੀਆਂ ਬਰਸਾਤਾਂ ਨਾਲ ਬਨਸਪਤੀ 'ਤੇ ਨਿਖਾਰ ਆਉਂਦਾ ਹੈ। ਕੱਖ ਪਣਪਦੇ ਹਨ। ਮੱਝਾਂ ਗਾਵਾਂ ਰੱਜ ਰੱਜ ਘਾਹ ਖਾਂਦੀਆਂ ਹਨ;

ਸਾਉਣ ਮਹੀਨੇ ਘਾਹ ਹੋ ਗਿਆ
ਚਰਦੀਆਂ ਮੱਝੀਆਂ ਗਾਈਆਂ

ਸਾਉਣ ਮਹੀਨੇ ਲੱਗਦੀਆਂ ਤੀਆਂ ਵਿੱਚ ਕੁੜੀਆਂ ਪੇਕੇ ਪਿੰਡ ਦੇ ਪਿੱਪਲਾਂ 'ਤੇ ਪੀਂਘਾਂ ਪਾਉਂਦੀਆਂ ਹਨ। ਪਿੰਡ ਦੇ ਪਿੱਪਲਾਂ ਦਾ ਬਹੁਪੱਖੀ ਮਹੱਤਵ ਹੁੰਦਾ ਹੈ। ਅਜਿਹਾ ਹੋਣ ਕਾਰਨ ਲੋਕ ਬੋਲੀਆਂ ਵਿੱਚ ਸਾਉਣ ਮਹੀਨੇ ਦੇ ਨਾਲ ਇਸ ਦਾ ਵੱਖ ਵੱਖ ਰੂਪਾਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਪਿੱਪਲਾ ਵੇ ਪੇਕੇ ਪਿੰਡ ਦਿਆ
ਤੇਰੇ 'ਤੇ ਪੀਂਘਾਂ ਅਸੀਂ ਪਾਈਆਂ।
ਬਿਨ ਤੀਆਂ ਤੇਰੀ ਯਾਦ ਸਤਾਵੇ
ਛੱਡ ਪੇਕੇ ਪਿੰਡ ਆਈਆਂ।
ਸਾਉਣ ਮਹੀਨੇ ਅਸੀਂ ਬੁੱਲੇ ਲੁੱਟੇ
ਛਾਵਾਂ ਮਾਣਦੀਆਂ ਮੱਝਾਂ ਗਾਈਆਂ।

ਜਦੋਂ ਸਾਉਣ ਦੀਆਂ ਝੜੀਆਂ ਨਿੱਕੀ ਨਿੱਕੀ ਕਣੀ ਦਾ ਮੀਂਹ ਵਰ੍ਹਾਉਂਦੀਆਂ ਹਨ ਤਾਂ ਇਸ ਦਾ ਪ੍ਰਭਾਵ ਵਿਸ਼ਾਲ ਰੂਪ ਵਿੱਚ ਵਿਖਾਈ ਦਿੰਦਾ ਹੈ;

ਮਹੀਨਾ ਸੁਹਾਵਣਾ ਸਾਉਣ ਆ ਗਿਆ।
ਬੂੰਦਾ ਬਾਂਦੀ ਮੀਂਹ ਵਰ੍ਹਾਉਣ ਆ ਗਿਆ।
ਆ ਕੇ ਸਾਉਣ ਨੇ ਲਾਈਆਂ ਝੜੀਆਂ
ਸਾਰਿਆਂ ਨੂੰ ਉਹ ਨਹਾਉਣ ਆ ਗਿਆ।

ਭਾਵੇਂ ਸਾਉਣ ਦਾ ਮਹੀਨਾ ਆਪਣੀਆਂ ਬਰਸਾਤਾਂ ਕਾਰਨ ਪ੍ਰਸਿੱਧ ਹੈ। ਇਹ ਮਹੀਨਾ ਆਪਣੀਆਂ ਬਰਸਾਤਾਂ ਕਾਰਨ ਰੰਗੀਨ ਮੌਸਮ ਦੇ ਨਾਲ ਨਾਲ ਪੰਜਾਬ ਦੀ ਆਰਥਿਕਤਾ ਦਾ ਮੁੱਖ ਹਿੱਸਾ ਖੇਤੀਬਾੜੀ ਲਈ ਰੀੜ੍ਹ ਦੀ ਹੱਡੀ ਦਾ ਕੰਮ ਕਰਦਾ ਹੈ, ਪ੍ਰੰਤੂ ਕਈ ਵਾਰ ਬਰਸਾਤਾਂ ਦਾ ਇਹ ਮਹੀਨਾ ਵੀ ਮੀਂਹ ਤੋਂ ਸੱਖਣਾ ਰਹਿ ਜਾਂਦਾ ਹੈ। ਅਜਿਹੇ ਸਮੇਂ ਆਧੁਨਿਕ ਸੰਚਾਈ ਸਾਧਨਾਂ ਦੀ ਘਾਟ ਸਮੇਂ ਸੋਕੇ ਦੀ ਸਥਿਤੀ ਵਿੱਚ ਸਾਉਣੀ ਦੀਆਂ ਫ਼ਸਲਾਂ ਪ੍ਰਭਾਵਿਤ ਹੁੰਦੀਆਂ ਸਨ ਅਤੇ ਪਸ਼ੂਆਂ ਨੂੰ ਖਾਣ ਲਈ ਚਾਰੇ ਦੀ ਵੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਸੀ;

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਚੀਮਾਂ
ਸਾਉਣ ਮੀਂਹ ਨਾ ਪੈਂਦਾ ਸੁੱਕੀਆਂ ਵਗਣ ਜ਼ਮੀਨਾਂ
ਤੂੜੀ ਖਾਂਦੇ ਬਲਦ ਹਾਰ ਗਏ, ਗੱਭਰੂ ਗਿੱਝ ਗਏ ਫੀਮਾਂ
ਤੇਰੀ ਬੈਠਕ ਨੇ, ਪੱਟਿਆ ਕਬੂਤਰ ਚੀਨਾ

ਜਦੋਂ ਕਦੇ ਅਜਿਹੇ ਹਾਲਾਤ ਬਣ ਜਾਂਦੇ ਹਨ ਤਾਂ ਇਸ ਲਈ ਗੁੱਡੀਆਂ ਫੂਕੀਆਂ ਜਾਂਦੀਆਂ ਅਤੇ ਇਸ ਲਈ ਜ਼ਿੰਮੇਵਾਰ ਕਿਸੇ ਦਾ ਸਰਾਪ ਜਾਂ ਹੋਇਆ ਕੋਈ ਪਾਪ ਮੰਨਿਆ ਜਾਂਦਾ ਸੀ। ਇਸ ਪੱਖ ਦਾ ਲੋਕ ਬੋਲੀਆਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਧਾਈਆਂ ਧਾਈਆਂ ਧਾਈਆਂ
ਪਤਾ ਨਹੀਂ ਕਿਹੜੇ ਪਾਪ ਹੋ ਗਏ
ਵਿੱਚ ਸਾਉਣ ਦੇ ਨਾ ਚਾਰ ਕਣੀਆਂ ਪਾਈਆਂ

ਵੱਖ ਵੱਖ ਮਹੀਨਿਆਂ ਦੌਰਾਨ ਖਾਣ ਲਈ ਵੱਖ ਵੱਖ ਤਰ੍ਹਾਂ ਦੇ ਫ਼ਲ ਮਿਲਦੇ ਹਨ। ਸਾਉਣ ਮਹੀਨੇ ਜਾਮਣਾਂ ਅਤੇ ਕਦੇ ਪੰਜਾਬ ਵਿੱਚ ਬਹੁਤਾਤ ਵਿੱਚ ਮਿਲਦੇ ਵਣਾਂ 'ਤੇ ਲੱਗਦੀਆਂ ਪੀਲ੍ਹਾਂ ਖਾਣ ਨੂੰ ਮਿਲਦੀਆਂ ਸਨ;

ਜੇਠ ਹਾੜ ਵਿੱਚ ਅੰਬ ਵਧੇਰੇ
ਸਾਉਣ ਜਾਮਣੂ ਪੀਲ੍ਹਾਂ

ਸਾਉਣ ਜਿੱਥੇ ਮਨੁੱਖ ਨੂੰ ਝੂਮਣ ਲਾ ਦਿੰਦਾ ਹੈ, ਉੱਥੇ ਪਸ਼ੂ, ਪੰਛੀ ਵੀ ਸਾਉਣ ਦੇ ਸੁਹਾਵਣੇ ਮੌਸਮ ਦਾ ਆਨੰਦ ਲੈਂਦੇ ਹਨ। ਕੋਇਲਾਂ ਗਾਉਂਦੀਆਂ ਹਨ ਅਤੇ ਕਾਲੀਆਂ ਘਟਾਵਾਂ ਵਿੱਚੋਂ ਵਰ੍ਹਦੀਆਂ ਬਾਰੀਕ ਕਣੀਆਂ ਨਾਲ ਮੋਰ ਮਸਤੀ ਵਿੱਚ ਝੂਮਣ ਲੱਗਦੇ ਹਨ;

ਨਿੱਕੀਆਂ ਨਿੱਕੀਆਂ ਪੈਣ ਫੁਹਾਰਾਂ
ਧਰਤੀ 'ਤੇ ਆਈਆਂ ਬਹਾਰਾਂ
ਮੋਰ ਝੂਮਣ ਵਿੱਚ ਮਸਤੀ ਦੇ
ਵੇਖ ਕਾਲੇ ਨੀਲੇ ਬੱਦਲਾਂ ਦੀਆਂ ਡਾਰਾਂ

ਸਾਉਣ ਮਹੀਨੇ ਹੋਰਨਾਂ ਬਹੁਤ ਸਾਰੇ ਪੱਖਾਂ ਦੇ ਨਾਲ ਵਿਆਹੀਆਂ ਕੁੜੀਆਂ ਨੂੰ ਉਨ੍ਹਾਂ ਦੇ ਪੇਕਿਆਂ ਵੱਲੋਂ ਸੰਧਾਰਾ ਦੇਣ ਦਾ ਰਿਵਾਜ ਰਿਹਾ ਹੈ। ਇਸ ਵਿੱਚ ਕੱਪੜੇ, ਮੱਠੀਆਂ, ਬਿਸਕੁਟ, ਖਾਣ ਪੀਣ ਦਾ ਸਾਮਾਨ ਆਦਿ ਵਰਗੀਆਂ ਵਸਤੂਆਂ ਹੁੰਦੀਆਂ ਸਨ। ਅਜਿਹਾ ਕਰਨਾ ਕਦੇ ਔਰਤ ਦੇ ਸਹੁਰੇ ਘਰ ਮਾਣ ਸਨਾਮਨ ਲਈ ਜ਼ਰੂਰੀ ਮੰਨਿਆ ਜਾਂਦਾ ਸੀ। ਲੋਕ ਬੋਲੀਆਂ ਅਤੇ ਟੱਪਿਆਂ ਵਿੱਚ ਇਸ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਮਾਏਂ ਨੀਂ ਦੂਰ ਬੈਠੀਏ
ਧੀਆਂ ਕਿਉਂ ਦਿੱਤੀਆਂ ਦੂਰ
ਸਾਵਣ ਆਇਆ।
ਪੰਜ ਸੇਰ ਪਿੰਨੀਆਂ ਪਾ ਕੇ
ਵੀਰ ਮੇਰੇ ਨੂੰ ਤੋਰ
ਸਾਵਣ ਆਇਆ।

ਇਸ ਮਹੀਨੇ ਬਨਸਪਤੀ 'ਤੇ ਨਿਖਾਰ ਆਉਂਦਾ ਹੈ। ਪਾਣੀ ਭੰਡਾਰ ਕਰਨ ਦਾ ਮੁੱਖ ਸਰੋਤ ਟੋਭੇ ਛੱਪੜ ਸਾਉਣ ਮਹੀਨੇ ਦੀਆਂ ਬਰਸਾਤਾਂ ਨਾਲ ਨੱਕੋ ਨੱਕ ਭਰ ਜਾਂਦੇ ਹਨ। ਇਸ ਸਮੇਂ ਸਾਉਣੀ ਦੀਆਂ ਫ਼ਸਲਾਂ ਵੀ ਪੂਰੇ ਜੋਬਨ 'ਤੇ ਹੁੰਦੀਆਂ ਹਨ;

ਸਾਉਣ ਮਾਹ ਝੜੀਆਂ ਗਰਮੀ ਝਾੜ ਸੁੱਟੀ
ਧਰਤੀ ਪੁੰਗਰੀ, ਟਹਿਕੀਆਂ ਡਾਲੀਆਂ ਨੇ
ਰਾਹ ਰੋਕ ਲਏ ਛੱਪੜਾਂ ਟੋਭਿਆਂ ਨੇ
ਨਦੀਆਂ ਨਾਲਿਆਂ ਜੂਹਾਂ ਹੰਘਾਲੀਆਂ ਨੇ
ਧਾਈਂ ਉੱਸਰੇ, ਨਿੱਸਰੀ ਚਰ੍ਹੀ ਮੱਕੀ
ਤੇ ਕਪਾਹੀਂ ਨਾ ਜਾਣ ਸੰਭਾਲੀਆਂ ਨੇ


ਸਾਉਣ ਤੇ ਮਹਿੰਦੀ ਦਾ ਗੂੜ੍ਹਾ ਸਬੰਧ ਹੈ। ਤੀਆਂ ਤੋਂ ਪਹਿਲਾਂ ਕੁੜੀਆਂ ਮਹਿੰਦੀ ਲਗਾਉਂਦੀਆਂ ਹਨ। ਅਜੋਕੇ ਸਮੇਂ ਦੀਆਂ ਬਾਜ਼ਾਰ ਵਿੱਚ ਮਿਲਦੀ ਬਣੀ ਬਣਾਈ ਮਹਿੰਦੀ ਦੀ ਬਜਾਏ ਪਹਿਲਾਂ ਬਾਗ਼ਾਂ ਵਿੱਚੋਂ ਮਹਿੰਦੀ ਦੇ ਬੂਟੇ ਤੋਂ ਹਰੇ ਪੱਤੇ ਤੋੜ ਕੇ ਲਿਆਂਦੇ ਜਾਂਦੇ ਸਨ। ਲੋਕ ਟੱਪਿਆਂ ਅਤੇ ਬੋਲੀਆਂ ਵਿੱਚ ਇਸ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਮਹਿੰਦੀ ਤਾਂ ਪਾ ਦੇ ਮਾਏ ਸੁੱਕਣੀ
ਮਾਏ ਮੇਰੀਏ
ਮਹਿੰਦੀ ਦਾ ਰੰਗ ਨੀਂ ਉਦਾਸ
ਸਾਵਣ ਆਇਆ।

ਸਾਉਣ ਮਹੀਨੇ ਸਬੰਧੀ ਬਹੁਤ ਸਾਰੀਆਂ ਅਖਾਣਾਂ ਅਤੇ ਕਹਾਵਤਾਂ ਮਿਲਦੀਆਂ ਹਨ, ਜਿਹੜੀਆਂ ਇਸ ਮਹੀਨੇ ਦੇ ਵੱਖ ਵੱਖ ਪੱਖਾਂ ਨੂੰ ਬਿਆਨ ਕਰਦੀਆਂ ਹਨ;

ਸਾਵਣ ਸੁੱਤੀ, ਸਦਾ ਵਿਗੁੱਤੀ
***

(ਬਾਕੀ ਸਫ਼ਾ 31 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

### 31 ਜੁਲਾਈ ਨੂੰ ਸ਼ਹੀਦੀ ਦਿਵਸ ’ਤੇ ਵਿਸ਼ੇਸ਼

# ਸ਼ਹੀਦ-ਏ-ਆਜ਼ਮ ਸ੍ਰ. ਊਧਮ ਸਿੰਘ

ਸ੍ਰ. ਊਧਮ ਸਿੰਘ ਗਦਰ ਲਹਿਰ ਦਾ ਰਾਸ਼ਟਰੀ ਕ੍ਰਾਂਤੀਕਾਰੀ ਹੋਇਆ ਹੈ। ਗਦਰ ਲਹਿਰ ਹਿੰਦੁਸਤਾਨ ਦੀ ਆਜ਼ਾਦੀ ਲਈ ਅਮਰੀਕਾ ਵਿੱਚ ਸਰਗਰਮ ਹੋਈ , ਸਭ ਤੋਂ ਵੱਧ ਫਾਂਸੀਆਂ ਅਤੇ ਉਮਰ ਕੈਦ ਦੀਆਂ ਸਜਾਵਾਂ ਇਸੇ ਲਹਿਰ ਹੇਠ ਹੋਈਆਂ। ਸ਼ਹਾਦਤਾਂ ਦੇ ਇਸ ਅਮੀਰ ਵਿਰਸੇ ਵਿੱਚ ਊਧਮ ਸਿੰਘ ਦਾ ਇੱਕ ਉੱਘਾ ਨਾਉਂ ਹੈ। ਉਸ ਨੂੰ ਲੈਫਟੀਨੈਂਟ ਗਵਰਨਰ ਪੰਜਾਬ ਮਾਈਕਲ ਫਰਾਂਸਿਸ ਉਡਵਾਇਰ ਨੂੰ ਮਾਰਨ ਤੇ ਸੰਸਾਰ ਵਿੱਚ ਪ੍ਰਸਿੱਧੀ ਮਿਲੀ ਜੋ ਜਲਿਆਂਵਾਲਾ ਬਾਗ ਅੰਮ੍ਰਿਤਸਰ ਦੇ ਸਾਕੇ ਦਾ ਦੋਸ਼ੀ ਸੀ।

ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿੱਚ ਪਿਤਾ ਟਹਿਲ ਸਿੰਘ ਜੰਮੂ ਅਤੇ ਮਾਤਾ ਨਰੈਣ ਕੌਰ ਦੇ ਘਰ ਹੋਇਆ। ਬਚਪਣ ਨਾ ਨਾਮ ਸ਼ੇਰ ਸਿੰਘ ਸੀ। ਪਿਤਾ ਇਕ ਕਿਸਾਨ ਪ੍ਰਵਾਰ ਤੋਂ ਸਨ। ਜੋ ਰੇਲਵੇ ਸੈਨਾ ਵਿੱਚ ਪਿੰਡ ਉਪਾਲੀ ਵਿਖੇ ਤਾਇਨਾਤ ਸਨ। ਵੱਡੇ ਭਰਾ ਦਾ ਨਾਮ ਮੁਕਤਾ ਸਿੰਘ ਸੀ। ਸੰਨ 1901 ਵਿੱਚ ਉਹਨਾਂ ਦੇ ਮਾਤਾ ਜੀ ਦੀ ਮੌਤ ਹੋ ਗਈ। ਉਹਨਾਂ ਨੇ ਪਿਤਾ ਜੀ ਵੀ 1907 ਵਿੱਚ ਅਕਾਲ ਚਲਾਣਾ ਕਰ ਗਏ। ਉਹ ਦੋਵੇਂ ਭਰਾ 24 ਅਕਤੂਬਰ 1907 ਨੂੰ ਕੇਂਦਰੀ ਖਾਲਸਾ ਯਤੀਮਖਾਨਾ ਪੁਤਲੀਘਰ ਅੰਮ੍ਰਿਤਸਰ ਦਾਖਲ ਹੋ ਗਏ। ਉਹਨਾਂ ਨੂੰ ਸਿੱਖ ਧਰਮ ਦੀ ਸਿਖਿਆ ਮਿਲੀ। ਜਿਥੇ ਸ਼ੇਰ ਸਿੰਘ ਨੂੰ ਊਧਮ ਸਿੰਘ ਨਾਉਂ ਮਿਲਿਆ। ਭਰਾ ਮੁਕਤਾ ਸਿੰਘ ਨੂੰ ਸਾਧੂ ਸਿੰਘ ਨਾਉਂ ਮਿਲਿਆ। ਪਰ 1917 ਵਿੱਚ ਵੱਡੇ ਭਰਾ ਦੀ ਮੌਤ ਹੋ ਗਈ। ਊਧਮ ਸਿੰਘ ਦੀ ਉਮਰ 17 ਕੁ ਸਾਲ ਸੀ ਜਦੋਂ ਉਹ ਇਕੱਲਾ ਰਹਿ ਗਿਆ। ਸੰਨ 1918 ਵਿੱਚ ਊਧਮ ਸਿੰਘ ਨੇ ਦਸਵੀਂ ਪਾਸ ਕਰ ਲਈ। ਤਦ ਉਸਨੇ ਯਤੀਮਖਾਨਾ ਛੱਡ ਦਿੱਤਾ। ਉਸ ਨੂੰ ਆਪਣੇ ਦੁਆਲੇ ਅੰਗਰੇਜ਼ੀ ਸਾਮਰਾਜ ਦੀਆਂ ਕੋਝੀਆਂ ਚਾਲਾਂ ਦੀ ਸਮਝ ਆਉਣ ਲੱਗੀ। ਉਹ ਇੱਕ ਗੰਭੀਰ ਵਿਚਾਰਾਂ ਦਾ ਬਣ ਗਿਆ।

ਅਪ੍ਰੈਲ 10,1919 ਨੂੰ ਰੋਲਟ ਐਕਟ ਦੇ ਵਿਰੋਧ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂ ਗ੍ਰਿਫ਼ਤਾਰ ਹੋਏ। ਕਰਨਲ ਰੈਗੀਨਾਲਡ ਡਾਇਰ ਨੇ ਸਮੂਹ ਇਕੱਠਾਂ ’ਤੇ ਪਾਬੰਦੀ ਲਗਾ ਦਿੱਤੀ। ਲੋਕ ਰੋਸ ਪ੍ਰਦਰਸ਼ਨ ਲਈ ਜਲਿਆਂਵਾਲਾ ਬਾਗ ਵਿੱਚ ਸ਼ਾਂਤੀਪੂਰਵਕ ਇਕੱਠੇ ਹੋਏ। ਕਰਨਲ ਡਾਇਰ ਦੀਆਂ ਫ਼ੌਜਾਂ ਨੇ ਬਾਗ ਦਾ ਇੱਕੋ ਰਸਤਾ ਬੰਦ ਕਰਕੇ ਬਿਨਾ ਕਿਸੇ ਚਿਤਾਵਨੀ ਦੇ ਨਿਹੱਥੇ ਲੋਕਾਂ ਤੇ ਉਦੋਂ ਤਕ ਗੋਲੀ ਚਲਾਈ ਜਦੋਂ ਤਕ ਅਸਲਾ ਮੁੱਕ ਨਹੀਂ ਗਿਆ। ਕਾਂਗਰਸ ਨੇ ਦੱਸਿਆ ਕਿ 1000ਦੀ ਮੌਤ ਹੋਈ ਅਤੇ 1500 ਜ਼ਖਮੀ ਹੋਏ।

ਊਧਮ ਸਿੰਘ ਉਸ ਦਿਨ ਇਕੱਠ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਿਹਾ ਸੀ। ਉਸਨੇ ਮਨ ਤੇ ਇਸ ਖ਼ੂਨੀ ਸਾਕੇ ਦਾ ਡੂੰਘਾ ਸਦਮਾ ਲੱਗਿਆ। ਉਸਨੇ ਪ੍ਰਣ ਕੀਤਾ ਕਿ ਉਹ ਇਸ ਖ਼ੂਨੀ ਸਾਕੇ ਦਾ ਬਦਲਾ ਜ਼ਰੂਰ ਲਵੇਗਾ। ਗੁੱਸੇ ਅਤੇ ਬਦਲੇ ਦੀ ਭਾਵਨਾ ਨਾਲ ਉਹ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਵਿੱਚ ਕੁੱਦ ਗਿਆ। ਉਹ ਸਭ ਤੋਂ ਪਹਿਲਾਂ ਪੂਰਬੀ ਅਫ਼ਰੀਕਾ ਵਿੱਚ ਗਿਆ। ਉਸਨੇ ਉਡਵਾਇਰ ਨੂੰ ਮਾਰਨ ਦਾ ਸੰਘਰਸ਼ ਸ਼ੁਰੂ ਕਰ ਲਿਆ। ਅਮਰੀਕਾ ਪਹੁੰਚਿਆ ਤਾਂ ਉਸ ਦੀ ਮੁਲਾਕਾਤ ਗਦਰੀ ਬਾਬਿਆਂ ਨਾਲ ਹੋ ਗਈ। ਸੰਨ 1924 ਵਿੱਚ ਉਹ ਗਦਰ ਲਹਿਰ ਵਿੱਚ ਸ਼ਾਮਲ ਹੋ ਗਿਆ। ਗਦਰ ਲਹਿਰ ਦੀਆਂ ਸਰਗਰਮੀਆਂ ਵਿੱਚ ਉਹ ਅਮਰੀਕਾ ਦੂਰ ਦੂਰ ਤਕ ਘੁੰਮਿਆ। ਗੁਪਤ ਵਿਚਰਦਿਆਂ ਉਸ ਦੇ ਨਾਉਂ ਸਨ-ਉਦੈ ਸਿੰਘ, ਸ਼ੇਰ ਸਿੰਘ ਤੇ ਫਰੈਂਕ ਬਰਾਜੀਲ ਆਦਿ।



ਸ੍ਰ. ਭਗਤ ਸਿੰਘ ਦੇ ਕਹਿਣ ਤੇ ਉਹ 1927 ਵਿੱਚ ਅਸਲੇ ਸਮੇਤ ਆਪਣੇ 25 ਸਾਥੀਆਂ ਨਾਲ ਭਾਰਤ ਪਰਤ ਆਇਆ ਪਰ ਉਸੇ ਸਾਲ ਨਾਜਾਇਜ਼ ਹਥਿਆਰ ਰੱਖਣ ਦੇ ਜੁਰਮ ਵਿੱਚ ਕੈਦ ਰਿਹਾ। ਅਕਤੂਬਰ 1931 ਨੂੰ ਰਿਹਾਅ ਹੋਇਆ। ਉਸ ਨੂੰ ਪਤਾ ਲੱਗਿਆ ਕਿ ਬ੍ਰਿਗੇਡੀਅਰ ਜਨਰਲ ਡਾਇਰ ਦੀ 1927 ਵਿੱਚ ਬ੍ਰਿਟੇਨ ਵਿੱਚ ਮੌਤ ਹੋ ਗਈ ਹੈ। ਉਸ ਦੇ ਸਾਥੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਵੀ 23 ਮਾਰਚ 1931 ਨੂੰ ਫਾਂਸੀ ਹੋ ਗਈ ਹੈ।

ਉਹ ਸੁਨਾਮ ਰਹਿਣ ਲੱਗਿਆ। ਉਹ ਪੁਲਿਸ ਦੀ ਨਿਗਰਾਨੀ ਹੇਠ ਸੀ ਕਿਉਂਕਿ ਉਸ ਦੇ ਸਬੰਧ ਭਗਤ ਸਿੰਘ ਦੀ ਕ੍ਰਾਂਤੀਕਾਰੀ ਪਾਰਟੀ ਹਿੰਦੁਸਤਾਨ ਸ਼ੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਨਾਲ ਸਨ। ਉਸਨੇ ਮੁਹੰਮਦ ਸਿੰਘ ਆਜ਼ਾਦ ਦੇ ਨਾਉਂ ਤੇ ਅੰਮ੍ਰਿਤਸਰ ਫੱਟਾ ਲਿਖਣ ਦੀ ਦੁਕਾਨ ਕਰ ਲਈ। ਉਸ ਦਾ ਨਾਉਂ ਉਸ ਦੀ ਬਾਂਹ ਤੇ ਖੁਣਿਆ ਹੋਇਆ ਸੀ। ਅੰਦਰਖਾਤੇ ਉਹ ਕ੍ਰਾਂਤੀਕਾਰੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਸੀ। ਉਹ ਲੰਡਨ ਜਾਣ ਦੀ ਯੋਜਨਾ ਬਣਾ ਰਿਹਾ ਸੀ ਕਿ ਜਲਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਲੈ ਸਕੇ। ਉਹ ਪੁਲਿਸ ਤੋਂ ਬਚਦਾ ਕਸ਼ਮੀਰ ਰਾਹੀਂ ਜਰਮਨੀ ਵਿੱਚ ਦਾਖਲ ਹੋ ਗਿਆ। ਉਥੋਂ ਉਹ ਇਟਲੀ, ਫਰਾਂਸ, ਸਵਿਟਜ਼ਰਲੈਂਡ ਰਾਹੀਂ ਸੰਨ 1934 ਵਿੱਚ ਇੰਗਲੈਂਡ ਪਹੁੰਚਿਆ। ਉਸਨੇ ਲੱਕੜੀ ਕਾਰੀਗਰੀ , ਮੋਟਰ ਮੈਕੇਨਿਕ ਦਾ ਕੰਮ ਕੀਤਾ। ਉਸਨੇ ਕਾਰ ਵੀ ਰੱਖ ਗਈ। ਉਹ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨਾਲ ਜੁੜਿਆ ਰਿਹਾ। ਮੂਲ ਰੂਪ ਵਿੱਚ ਉਸ ਦਾ ਅਸਲ ਨਿਸ਼ਾਨਾ ਉਡਵਾਇਰ ਨੂੰ ਮਾਰਨ ਦਾ ਰਿਹਾ। ਉਸ ਨੇ ਛੇ ਗੋਲੀਆਂ ਵਾਲਾ ਪਿਸਤੌਲ ਖ੍ਰੀਦ ਲਿਆ। ਉਹ ਇੱਕ ਅਜਿਹੇ ਮੌਕੇ ਦੀ ਤਲਾਸ਼ ਵਿੱਚ ਸੀ ਕਿ ਉਸ ਨੂੰ ਭੀੜ ਵਾਲੀ ਜਗਾ ਤੇ ਮਾਰਿਆ ਜਾਵੇ, ਜਿਥੇ ਆਮ ਜਨਤਾ ਦਾ ਧਿਆਨ ਖਿੱਚਿਆ ਜਾਵੇ ਕਿ ਹਿੰਦੁਸਤਾਨੀਆਂ ਦਾ ਖ਼ੂਨ ਵਹਾਉਣ ਵਾਲੇ ਨੂੰ ਮੌਤ ਦੀ ਸਜਾ ਮਿਲੀ ਹੈ। ਘਟਨਾ ਦੀ ਖ਼ਬਰ ਸੰਸਾਰ ਭਰ ਦੀਆਂ ਅਖ਼ਬਾਰਾਂ ਵਿੱਚ ਛੱਪੇ।

ਊਧਮ ਸਿੰਘ ਨੂੰ ਪਤਾ ਲੱਗਿਆ ਕਿ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਦੀ ਇੱਕ ਸਾਂਝੀ ਇੱਕਰਤਾ 13 ਮਾਰਚ 1940 ਨੂੰ 10-ਕੈਕਸਟਨ ਹਾਲ ਲੰਡਨ ਵਿਖੇ ਹੋ ਰਹੀ ਹੈ। ਉਡਵਾਇਰ ਦਾ ਭਾਸ਼ਣ ਹੈ। ਇੱਕਤਰਤਾ ਦੇ ਦਿਨ ਊਧਮ ਸਿੰਘ ਰਿਵਾਲਵਰ ਲੈ ਕੇ ਪਹੁੰਚ ਗਿਆ। ਜਦੋਂ ਕਾਰਵਾਈ ਖਤਮ ਹੋਣ ’ਤੇ ਆਈ, ਊਧਮ ਸਿੰਘ ਮੰਚ ਵਲ ਵਧਿਆ, ਉਸਨੇ ਦੋ ਗੋਲੀਆਂ ਉਡਵਾਇਰ ਤੇ ਦਾਗ ਦਿੱਤੀਆਂ। ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਤਦ ਹੀ ਉਸਨੇ ਲਾਰਡ ਜ਼ੈਟਲੈਂਡ ਸਕੱਤਰ ਸਟੇਟ ਆਫ਼ ਇੰਡੀਆ, ਲਾਰਡ ਲਿਮਿੰਗਟਨ ਅਤੇ ਸਰ ਲੂਈਸ ਡੇਨ ਅਧਿਕਾਰੀਆਂ ਨੂੰ ਵੀ ਜ਼ਖ਼ਮੀ ਕਰ ਦਿੱਤਾ। ਊਧਮ ਸਿੰਘ ਸ਼ਾਂਤ ਚਿੱਤ ਖੜ੍ਹਾ ਰਿਹਾ। ਉਸ ਦਾ ਭੱਜਣ ਦਾ ਇਰਾਦਾ ਨਹੀਂ ਸੀ। ਪੁਲਿਸ ਹਿਰਾਸਤ ਵਿੱਚ ਊਧਮ ਸਿੰਘ ਨੇ ਪੁੱਛਿਆ ਕਿ ਕੀ ਜ਼ੈਟਲੈਂਡ ਮਰ ਗਿਆ ? ਉਹ ਵੀ ਮਰਨਾ ਚਾਹੀਦਾ ਸੀ। ਮੇਰੇ ਹਿੱਸੇ ਇਕ ਦਾ ਹੀ ਮਰਨਾ ਸੀ। ਮੈਂ ਸੁਸਤ ਹੋ ਗਿਆ ਹਾਂ ਵਾਂਗਾ। ਉਸ ਦੇ ਦੁਆਲੇ ਕਈ ਔਰਤਾਂ ਵੀ ਸਨ। 1 ਅਪ੍ਰੈਲ 1940 ਨੂੰ ਊਧਮ ਸਿੰਘ ਤੇ ਰਸਮੀ ਤੌਰ ਤੇ ਉਡਵਾਇਰ ਦੇ ਕਤਲ ਦਾ ਦੋਸ਼ ਲੱਗਿਆ।

ਊਧਮ ਸਿੰਘ ਨੂੰ ਬਕਿਸ਼ਟਨ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਉਹ 42 ਦਿਨ ਭੁੱਖ ਹੜਤਾਲ ਤੇ ਰਿਹਾ। ਜੂਨ 4 1940 ਨੂੰ ਸੈਂਟਰ ਕਰਿਮੀਨਲ ਕੋਰਟ ਓਲਡ ਬੈਲੀ ਵਿੱਚ ਮੁਕਦਮੇ ਦੀ ਕਾਰਵਾਈ ਹੋਈ। ਜੱਜ ਨੇ ਪੁੱਛਿਆ ਕਿ ਤੂੰ ਸ਼ਰੇਆਮ ਇਕ ਕਤਲ ਕਿਉਂ ਕੀਤਾ ਹੈ ? ਊਧਮ ਸਿੰਘ ਨੇ ਬੜੀ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ ਕਿ ਇਹ ਸਾਡਾ ਪੁਰਾਣਾ ਦੁਸ਼ਮਣ ਹੈ। ਇਹ ਇਸੇ ਮੌਤ ਦਾ ਹੱਕਦਾਰ ਸੀ। ਇਹ ਮੇਰੇ ਦੇਸ਼ ਵਾਸੀਆਂ ਦੀਆਂ ਆਜ਼ਾਦੀ ਪ੍ਰਤੀ ਭਾਵਨਾਵਾਂ ਨੂੰ ਕੁਚਲਣ ਵਾਲਾ ਸੀ ਮੈਂ ਇਸ ਨੂੰ ਕੁਚਲ ਦਿੱਤਾ। ਇਸ ਬਦਲੇ ਲਈ ਮੈਂ 21 ਸਾਲ ਸੰਘਰਸ਼ ਕੀਤਾ ਹੈ। ਮੈਂ ਆਪਣੇ ਦੇਸ਼ ਵਾਸੀਆਂ ਤੇ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਵੇਖੇ ਹਨ। ਅੰਗਰੇਜ਼ੀ ਸਾਮਰਾਜ ਦਾ ਵਿਦਰੋਹ ਕਰਨਾ ਮੇਰਾ ਫਰਜ਼ ਸੀ। ਮੇਰੇ ਲਈ ਇਸ ਤੋਂ ਵੱਧ ਹੋਰ ਕਿਹੜੀ ਮਾਣ ਵਾਲੀ ਗਲ ਹੋ ਸਕਦੀ ਹੈ ਕਿ ਮੈਂ ਆਪਣੀ ਮਾਤ ਭੂਮੀ ਲਈ ਕੁਰਬਾਨ ਹੋ ਰਿਹਾ ਹਾਂ।

ਊਧਮ ਸਿੰਘ ਨੂੰ ਜੁਲਾਈ 31 1940 ਨੂੰ ਪੈਂਟੋਂਵਿਲੇ ਜੇਲ੍ਹ ਲੰਡਨ ਵਿੱਚ ਫਾਂਸੀ ਦਿੱਤੀ ਗਈ। ਉਸ ਨੂੰ ਜੇਲ੍ਹ ਦੇ ਅਹਾਤੇ ਵਿੱਚ ਦਫ਼ਨਾਇਆ ਗਿਆ। ਜੁਲਾਈ 1974 ਵਿੱਚ ਊਧਮ ਸਿੰਘ ਦੀਆਂ ਅਸਥੀਆਂ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਸਾਧੂ ਸਿੰਘ ਥਿੰਦ ਦੇ ਯਤਨਾਂ ਨਾਲ ਭਾਰਤ ਲਿਆਂਦੀਆਂ ਗਈਆਂ। ਜਿਸ ਦਾ ਕਾਂਗਰਸ ਪ੍ਰਧਾਨ ਸ਼ੰਕਰ ਦਿਆਲ ਸ਼ਰਮਾ, ਮੁੱਖ ਮੰਤਰੀ ਪੰਜਾਬ ਗਿਆਨੀ ਜੈਲ ਸਿੰਘ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸਵਾਗਤ ਕੀਤਾ ਗਿਆ। ਅੰਤਮ ਰਸਮਾਂ ਜਨਮ ਅਸਥਾਨ ਸੁਨਾਮ ਵਿੱਚ ਪੂਰੀਆਂ ਹੋਈਆਂ। ਅਸਥੀਆਂ ਨੂੰ ਸਤਲੁਜ ਦਰਿਆ ਵਿੱਚ ਜਲ ਪ੍ਰਵਾਹਿਤ ਕੀਤਾ ਗਿਆ। ਅਸਥੀਆਂ ਦਾ ਕੁਝ ਹਿਸਾ ਜਲਿਆਂਵਾਲਾ ਬਾਗ ਅੰਮ੍ਰਿਤਸਰ ਦੇ ਅਜਾਇਬ ਘਰ ਵਿੱਚ ਰਖਿਆ ਗਿਆ।

ਵਿਰਾਸਤ :

1 . ਊਧਮ ਸਿੰਘ ਦੀ ਯਾਦ ਨੂੰ ਸਮਰਪਿਤ ਇੱਕ ਸਮਾਜ ਸੇਵੀ ਸੰਸਥਾ ਸੋਹੋ ਰੋਡ ਬਰਮਿੰਘਮ ਵਿੱਚ ਹੈ।

2.ਇੱਕ ਅਜਾਇਬ ਘਰ ਜਲਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਹੈ।

3. ਊਧਮ ਸਿੰਘ ਦੇ ਹਥਿਆਰ ਚਾਕੂ, ਡਾਇਰੀ, ਗੋਲੀ ਵਾਰਦਾਤ ਸਮੇਂ ਬਲੈਕ ਮਿਊਜ਼ੀਅਮ ਸਕਾਟਲੈਂਡ ਯਾਰਡ।

4. ਉਸ ਦੀ ਯਾਦ ਵਿੱਚ ਕਈ ਫ਼ਿਲਮਾਂ ਬਣੀਆਂ ਹਨ।

5. ਪੂਰਬੀ ਉਤਰ ਪ੍ਰਦੇਸ਼ ਵਿੱਚ ਮੁੱਖ ਮੰਤਰੀ ਮਾਇਆਵਤੀ ਵੱਲੋਂ ਜ਼ਿਲ੍ਹੇ ਦਾ ਨਾਉਂ ਊਧਮ ਸਿੰਘ ਦੇ ਨਾਮ ’ਤੇ ਰਖਿਆ ਗਿਆ।

6. ਸ਼ਹੀਦ ਦੀ ਯਾਦ ਵਿੱਚ ਅਨੂਪਗੜ੍ਹ ਰਾਜਸਥਾਨ ਵਿੱਚ ਇੱਕ ਚੌਂਕ ਹੈ।

7. ਸਾਕਾ ਵੈਨਜ਼ਰਜ਼ ਵੱਲੋਂ ਵੀਡੀਓ 1998 ਅਤੇ 2015 ਫਰੈਂਕ ਬਰਾਜੀਲ ਨਾਮ ਤੇ ਬਣੀ ਹੈ।

8. ਜਲਿਆ ਵਾਲਾ ਬਾਗ ਅੰਮ੍ਰਿਤਸਰ ਵਿਖੇ 13 ਮਾਰਚ 2018 ਨੂੰ ਸਰਵ ਕੰਬੋਜ ਸਮਾਜ ਵੱਲੋਂ 10 ਫੁੱਟ ਉੱਚਾ ਬੁੱਤ ਲਗਾਇਆ ਗਿਆ। ਜਿਸਦਾ ਉਦਘਾਟਨ ਗ੍ਰਹਿ ਮੰਤਰੀ ਰਾਜਨਾਥ ਨੇ ਕੀਤਾ।

9. ਸ਼ਹੀਦ ਦਾ ਜੱਦੀ ਘਰ ਅਜਾਇਬ ਘਰ ਬਣਿਆ।

10. ਸੁਨਾਮ ਨੂੰ ਸੁਨਾਮ ਊਧਮ ਸਿੰਘ ਵਾਲਾ ਨਾਮ ਦਿੱਤਾ ਗਿਆ।

ਅੰਤਿਕਾ : ਕਬੀਰ ਜੀ ਕਹਿੰਦੇ ਹਨ ਕਿ ਹੇ ਕਬੀਰ! ਮਰਦਾ ਮਰਦਾ ਉਂਝ ਤਾਂ ਸਾਰਾ ਸੰਸਾਰ ਮਰ ਰਿਹਾ ਹੈ, ਪਰ ਕਿਸੇ ਨੇ ਸੱਚੇ ਮਰਨ ਦੀ ਜਾਚ ਨਹੀਂ ਸਿੱਖੀ, ਜੇ ਮਨੁੱਖ ਇਸ ਤਰਾਂ ਸੱਚੀ ਮੌਤ ਮਰਦਾ ਹੈ, ਉਸ ਨੂੰ ਫਿਰ ਮਰਨਾ ਨਹੀਂ ਪੈਂਦਾ।

ਅੰਗ 555, ਹਵਾਲਾ ਸਲੋਕ ਭਗਤ ਕਬੀਰ ਜੀ, ਸਲੋਕ ਨੰਬਰ 29.

ਅੱਬਾਸ ਧਾਲੀਵਾਲ
ਮਲੇਰਕੋਟਲਾ

# ਮਹਾਨ ਸਿੱਖ ਯੋਧਾ ਸ਼ਹੀਦ ਊਧਮ ਸਿੰਘ

ਜਦੋਂ ਵੀ ਮਹਾਨ ਸ਼ਹੀਦਾਂ ਦੀ ਗੱਲ ਚੱਲਦੀ ਹੈ ਤਾਂ ਊਧਮ ਸਿੰਘ ਦਾ ਨਾਂ ਦੇਸ਼ ਦੇ ਚੋਟੀ ਦੇ ਕੌਮੀ ਸ਼ਹੀਦਾਂ ਵਿੱਚ ਆਉਂਦਾ ਹੈ। ਊਧਮ ਸਿੰਘ ਦਾ ਅਸਲ ਨਾਂ ਸ਼ੇਰ ਸਿੰਘ ਸੀ। ਉਨ੍ਹਾਂ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਹੋਇਆ। ਸੁਨਾਮ ਉਸ ਸਮੇਂ ਪਟਿਆਲਾ ਰਿਆਸਤ ਦਾ ਇੱਕ ਹਿੱਸਾ ਹੋਇਆ ਕਰਦਾ ਸੀ। ਆਪ ਦੇ ਪਿਤਾ ਟਹਿਲ ਸਿੰਘ ਉਸ ਸਮੇਂ ਨੇੜੇ ਦੇ ਪਿੰਡ ਉਪਲੀ ਵਿਖੇ ਰੇਲਵੇ ਫ਼ਾਟਕ ’ਤੇ ਚੌਂਕੀਦਾਰ ਸਨ। ਸ਼ੇਰ ਸਿੰਘ ਅਜੇ ਸੱਤ ਸਾਲਾਂ ਦਾ ਵੀ ਨਹੀਂ ਸੀ ਹੋਇਆ ਕਿ ਉਸਦੇ ਸਿਰ ਉੱਤੋਂ ਮਾਂ-ਬਾਪ ਦਾ ਸਾਇਆ ਉੱਠ ਗਿਆ। ਮਾਪਿਆਂ ਦੇ ਸਾਏ ਤੋਂ ਵਾਂਝੇ ਹੋ ਜਾਣ ਉਪਰੰਤ ਊਧਮ ਸਿੰਘ ਨੂੰ ਖਾਲਸਾ ਯਤੀਮਖ਼ਾਨਾ ਅੰਮ੍ਰਿਤਸਰ ਵਿਖੇ ਦਾਖ਼ਲ ਕਰਵਾ ਦਿੱਤਾ ਗਿਆ।

ਸੰਨ 1919 ਵਿੱਚ ਜਲ੍ਹਿਆਂਵਾਲਾ ਬਾਗ਼ ਦੇ ਹੱਤਿਆ ਕਾਂਡ ਦੇ ਫੱਟੜਾਂ ਦੀ ਸੇਵਾ ਉੱਤੇ ਲੱਗੇ ਹੋਣ ਕਾਰਨ ਸਾਰੀ ਦੁਰਘਟਨਾ ਦੀ ਦਰਦਨਾਕ ਝਾਕੀ ਉਸ ਦੀਆਂ ਅੱਖਾਂ ਅੱਗੋਂ ਦੀ ਲੰਘੀ, ਜਿਸਦਾ ਉਸ ਦੇ ਨਿਰਛਲ ਅਤੇ ਕੋਮਲ ਦਿਲ ਉੱਤੇ ਇਸ ਕਦਰ ਡੂੰਘਾ ਅਸਰ ਪਿਆ ਕਿ ਉਸ ਨੇ ਉਕਤ ਜ਼ੁਲਮ ਦਾ ਬਦਲਾ ਲੈਣ ਦੀ ਪੱਕੀ ਠਾਣ ਲਈ। ਇਹ ਵੀ ਕਿਹਾ ਜਾਂਦਾ ਹੈ ਕਿ ਲਾਸ਼ਾਂ ਦੇ ਢੇਰ ਵਿੱਚ ਖੜੋਕੇ ਉਸ ਨੇ ਪ੍ਰਣ ਕੀਤਾ ਕਿ ਮੈਂ ਗਵਰਨਰ ਓਡਵਾਇਰ ਨੂੰ ਮਾਰ ਕੇ ਇਸ ਜ਼ੁਲਮ ਦਾ ਬਦਲਾ ਲਵਾਂਗਾ। ਇਹੋ ਵਜ੍ਹਾ ਹੈ ਕਿ ਜਲ੍ਹਿਆਂਵਾਲੇ ਬਾਗ਼ ਦੀ ਦੁਖਾਂਤਕ ਘਟਨਾ ਤੋਂ ਛੇਤੀ ਬਾਅਦ ਉਹ ਇਨਕਲਾਬੀਆਂ ਦੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਦੌਰਾਨ ਨੌਜਵਾਨ ਭਾਰਤ ਸਭਾ ਦਾ ਮੈਂਬਰ ਬਣ ਕੇ ਕੁਝ ਕੰਮ ਕੀਤੇ। ਇਸੇ ਵਿਚਕਾਰ ਇੱਕ ਠੇਕੇਦਾਰ ਦੀ ਸਹਾਇਤਾ ਨਾਲ ਊਧਮ ਮੈਕਸੀਕੋ ਰਾਹੀਂ ਅਮਰੀਕਾ ਜਾ ਪੁੱਜਾ। ਚੰਗਾ ਮਕੈਨਿਕ ਹੋਣ ਕਰਕੇ ਹਵਾਈ ਜਹਾਜ਼ਾਂ ਦੀ ਇੱਕ ਕੰਪਨੀ ਵਿੱਚ ਨੌਕਰ ਹੋ ਗਿਆ ਤੇ ਉੱਥੇ ਹੀ ਵਿਆਹ ਕੀਤਾ। ਛੇਤੀ ਹੀ ਉੱਥੇ ਗਦਰ ਪਾਰਟੀ ਦੇ ਇਨਕਲਾਬੀਆਂ ਨਾਲ ਉਸ ਦਾ ਮੇਲ ਹੋ ਗਿਆ। ਦੇਸ਼ ਵਾਪਸੀ ’ਤੇ ਉਸ ਕੋਲੋਂ ਹਥਿਆਰ ਅਤੇ ਬੰਬ ਫੜੇ ਗਏ ਜਿਸ ਕਾਰਨ ਅੰਮ੍ਰਿਤਸਰ ਸਟੇਸ਼ਨ ’ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਜੁਰਮ ਵਿੱਚ ਉਨ੍ਹਾਂ ਨੂੰ ਚਾਰ ਸਾਲ ਕੈਦ ਹੋਈ ਤੇ ਘਰ ਬਾਰ ਸਭ ਕੁਝ ਜ਼ਬਤ ਹੋ ਗਿਆ, 1931 ਵਿੱਚ ਰਿਹਾਅ ਹੋਣ ’ਤੇ ਉਹ ਇੱਕ ਵਾਰ ਫਿਰ ਆਪਣੀ ਜੱਦੀ ਰਿਹਾਇਸ਼ ਸੁਨਾਮ ਵਾਪਸ ਆ ਗਏ। ਪਰ ਸਥਾਨਿਕ ਪੁਲਿਸ ਦੁਆਰਾ ਪ੍ਰੇਸ਼ਾਨ ਕੀਤੇ ਜਾਣ ’ਤੇ ਉਹ ਫਿਰ ਅੰਮ੍ਰਿਤਸਰ ਵਾਪਸ ਚਲੇ ਗਏ ਅਤੇ ਜਾ ਕੇ ਸਾਈਨਬੋਰਡ ਪੇਂਟਰ ਦੀ ਦੁਕਾਨ ਖੋਲ੍ਹ ਲਈ ਅਤੇ ਆਪਣਾ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਰੱਖ ਲਿਆ। ਇਹ ਉਹ ਨਾਂ ਸੀ ਜਿਸਦੀ ਵਰਤੋਂ ਇਸਨੇ ਬਾਅਦ ਵਿੱਚ ਇੰਗਲੈਂਡ ਵਿੱਚ ਕੀਤੀ ਸੀ। ਇਸ ਨਾਂ ਨੂੰ ਅਪਣਾਉਣ ਦਾ ਭਾਵ ਭਾਰਤ ਦੇ ਸਾਰੇ ਧਰਮਾਂ ਦੀ ਏਕਤਾ ਉੱਪਰ ਬਲ ਦੇਣਾ ਸੀ ਜੋ ਕਿ ਭਾਰਤੀ ਰਾਜਨੀਤਿਕ ਸੁਤੰਤਰਤਾ ਅੰਦੋਲਨ ਦਾ ਆਧਾਰ ਸੀ। ਇਸੇ ਦੌਰਾਨ ਆਪਣਾ ਨਾਂ ਤਬਦੀਲ ਕਰ ਮਹਾਦੀਪਾਂ ਵਿੱਚ ਘੁੰਮਦਾ ਘੁਮਾਉਂਦਾ ਇੰਗਲੈਂਡ ਜਾ ਪੁੱਜਾ। ਫਿਰ 1933 ਤੋਂ 1940 ਤਕ ਉੱਥੇ ਹੀ ਰਿਹਾ।

ਆਖਿਰ ਲੰਮੀ ਉਡੀਕ ਤੋਂ ਬਾਅਦ 13 ਮਾਰਚ 1940 ਨੂੰ ਉਹ ਘੜੀ ਵੀ ਆ ਗਈ ਜਿਸਦਾ ਉਸ ਨੂੰ ਸਾਲਾਂ ਤੋਂ ਇੰਤਜ਼ਾਰ ਸੀ। ਉਸ ਦਿਨ 4.30 ਵਜੇ ਕੈਕਸਟਨ ਹਾਲ, ਲੰਡਨ ਵਿੱਚ ਜਿੱਥੇ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਵੱਲੋਂ ਸਾਂਝੇ ਤੌਰ ’ਤੇ ਆਯੋਜਿਤ ਮੀਟਿੰਗ ਹੋ ਰਹੀ ਸੀ, ਊਧਮ ਸਿੰਘ ਨੇ ਆਪਣੀ ਪਿਸਤੌਲ ਤੋਂ ਮਾਈਕਲ ਓਡਵਾਇਰ ਉੱਤੇ, ਜੋ ਅੰਮ੍ਰਿਤਸਰ ਦੇ ਖ਼ੂਨੀ ਸਾਕੇ ਸਮੇਂ ਪੰਜਾਬ ਦਾ ਗਵਰਨਰ ਸੀ, ਪੰਜ-ਛੇ ਗੋਲ਼ੀਆਂ ਚਲਾਈਆਂ। ਓਡਵਾਇਰ ਦੇ ਦੋ ਗੋਲ਼ੀਆਂ ਲੱਗੀਆਂ ਤੇ ਜ਼ਮੀਨ ’ਤੇ ਡਿੱਗਦੇ ਸਾਰ ਹੀ ਮੌਤ ਦਾ ਸ਼ਿਕਾਰ ਹੋ ਗਿਆ। ਇਸ ਮੌਕੇ ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਭਾਰਤ ਲਈ ਵਿਦੇਸ਼ ਵਿਭਾਗ ਦਾ ਮੁਖੀ ਲਾਰਡ ਜੈਂਟਲੈਂਡ ਵੀ ਜ਼ਖ਼ਮੀ ਹੋਇਆ। ਊਧਮ ਸਿੰਘ ਨੂੰ ਤੁਰੰਤ ਪਿਸਤੌਲ ਸਮੇਤ ਫੜ੍ਹ ਲਿਆ ਗਿਆ। ਦਰਅਸਲ ਊਧਮ ਸਿੰਘ ਨੇ ਉੱਥੋਂ ਫ਼ਰਾਰ ਹੋਣ ਦਾ ਕੋਈ ਯਤਨ ਨਹੀਂ ਕੀਤਾ ਸਗੋਂ ਉਹ ਲਗਾਤਾਰ ਇਹੋ ਕਹਿੰਦਾ ਰਿਹਾ ਕਿ ਉਸਨੇ ਆਪਣੇ ਦੇਸ਼ ਵੱਲੋਂ ਲਗਾਈ ਗਈ ਸੇਵਾ ਪੂਰੀ ਕਰ ਦਿੱਤੀ ਹੈ।

ਊਧਮ ਸਿੰਘ ਵੱਲੋਂ ਮਾਈਕਲ ਓਡਵਾਇਰ ਦੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਨੇ ਵੱਖ-ਵੱਖ ਅੰਦਾਜ਼ ਵਿੱਚ ਪ੍ਰਕਾਸ਼ਿਤ ਕੀਤਾ। ਲੰਡਨ ਤੋਂ ਪ੍ਰਕਾਸ਼ਿਤ ਹੁੰਦੇ ਅਖ਼ਬਾਰ ‘ਦੀ ਟਾਈਮਜ਼ ਆਫ ਲੰਡਨ’ ਨੇ ਊਧਮ ਸਿੰਘ ਨੂੰ ‘ਆਜ਼ਾਦੀ ਦਾ ਲੜਾਕਾ’ ਅਤੇ ਉਸ ਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਦੱਸਿਆ।

ਉਧਰ ਇਸ ਸਬੰਧ ’ਚ ਜਰਮਨ ਰੇਡੀਓ ਤੋਂ ਵਾਰ-ਵਾਰ ਇਹੋ ਨਸ਼ਰ ਹੁੰਦਾ ਰਿਹਾ ਕਿ ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰਦੇ। ਉਹ ਵੀਹ ਸਾਲ ਤੋਂ ਲੰਮੇ ਵਕਫੇ ਬਾਅਦ ਵੀ ਉਹਨਾਂ ਨੂੰ ਮਾਰ ਮੁਕਾਉਂਦੇ ਹਨ। ਇਸ ਦੌਰਾਨ ਪੰਡਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਇਸਦੀ ਨਿੰਦਾ ਕੀਤੀ, ਜਦ ਕਿ ਸੁਭਾਸ਼ ਚੰਦਰ ਬੋਸ ਨੇ ਊਧਮ ਸਿੰਘ ਦੇ ਕਾਰਨਾਮੇ ਦੀ ਪ੍ਰਸ਼ੰਸਾ ਕੀਤੀ।

ਊਧਮ ਸਿੰਘ ਦੀ ਸੂਰਮਗਤੀ ਵਾਲੀ ਦ੍ਰਿੜ੍ਹਤਾ ਇਸ ਗੱਲੋਂ ਹੀ ਪ੍ਰਮਾਣਿਤ ਹੁੰਦੀ ਹੈ ਕਿ ਉਸ ਨੇ ਮਾਈਕਲ ਓਡਵਾਇਰ ਦਾ ਕਤਲ ਕਰਨ ਮਗਰੋਂ ਆਪਣਾ ਜੁਰਮ ਕਬੂਲ ਕਰ ਕੇ ਖ਼ੁਦ ਨੂੰ ਕਾਨੂੰਨ ਦੇ ਹਵਾਲੇ ਕਰ ਦਿੱਤਾ ਤੇ (ਬਾਕੀ ਸਫ਼ਾ 31 ’ਤੇ)




# ਆਧੁਨਿਕਤਾ ਦੇ ਯੁੱਗ 'ਚ ਔਰਤਾਂ ਦੀ ਅਸਲ ਹੋਂਦ ਹੈ ਖ਼ਤਰੇ ਵਿੱਚ

ਡਾ. ਨਰਮਦੇਸ਼ਵਰ ਪ੍ਰਸਾਦ ਚੌਧਰੀ

ਅਸੀਂ ਸਾਰੇ ਮੰਨਦੇ ਹਾਂ ਕਿ ਇਸ ਬ੍ਰਹਿਮੰਡ ਵਿੱਚ ਬਣਾਈ ਗਈ ਸਭ ਤੋਂ ਪਵਿੱਤਰ ਚੀਜ਼ ਔਰਤ ਹੈ। ਔਰਤ ਦੀ ਪਵਿੱਤਰਤਾ ਅਤੇ ਸੁੰਦਰਤਾ ਕਾਰਨ ਉਸ ਦੇ ਸਰੀਰ ਵਿੱਚ ਦੇਵਤੇ ਨਿਵਾਸ ਕਰਦੇ ਹਨ, ਵਿਸ਼ਵਾਸ ਕਰੋ, ਜਿਸ ਘਰ ਵਿੱਚ ਇਸਤਰੀ ਨਹੀਂ ਹੈ, ਉਸ ਘਰ ਵਿੱਚ ਰੱਬ ਨਹੀਂ ਵੱਸ ਸਕਦਾ। ਸਾਰੇ ਸੰਸਾਰ ਵਿੱਚ, ਸੁੰਦਰਤਾ ਕੇਵਲ ਔਰਤਾਂ ਦੁਆਰਾ ਬਣਾਈ ਜਾਂਦੀ ਹੈ।

ਇਸ ਧਰਤੀ ਦੀ ਸਾਰੀ ਸੁੰਦਰਤਾ ਅਤੇ ਸ਼ਾਨ ਸਿਰਫ਼ ਔਰਤਾਂ ਕਰਕੇ ਹੈ। ਘਰ ਹੋਵੇ ਜਾਂ ਬਾਹਰ, ਸਾਰਾ ਸੰਸਾਰ ਔਰਤਾਂ ਦੀ ਬਦੌਲਤ ਹੀ ਹਰਿਆ-ਭਰਿਆ ਰਹਿੰਦਾ ਹੈ ਪਰ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਔਰਤਾਂ ਦੀ ਅਸਲ ਹੋਂਦ ਹੀ ਖ਼ਤਰੇ ਵਿੱਚ ਆ ਗਈ ਹੈ। ਸ਼ੰਕੇ ਪੈਦਾ ਹੋਣ ਲੱਗ ਪਏ ਹਨ ਕਿ ਔਰਤ ਹੁਣ ਔਰਤ ਨਹੀਂ ਰਹੀ ਜਾਂ ਨਹੀਂ, ਸਿਰਫ਼ ਸਰੀਰਕ ਤੌਰ 'ਤੇ ਔਰਤ ਵਰਗਾ ਦਿਸਣਾ ਔਰਤ ਦਾ ਸੁਭਾਅ ਨਹੀਂ ਹੈ, ਸਗੋਂ ਇਹ ਜ਼ਰੂਰੀ ਹੈ ਕਿ ਔਰਤ ਵਿੱਚ ਔਰਤ ਦੇ ਮੂਲ ਗੁਣ ਹਨ ਜਾਂ ਨਹੀਂ।

ਜਦੋਂ ਅਸੀਂ ਅਜੋਕੇ ਹਾਲਾਤਾਂ ਵਿੱਚ ਔਰਤਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਾਨੂੰ ਬਹੁਤ ਸਾਰੀਆਂ ਊਣਤਾਈਆਂ ਨਜ਼ਰ ਆਉਂਦੀਆਂ ਹਨ। ਅੱਜ ਔਰਤਾਂ ਦਾ ਸੁਭਾਅ ਬਦਲ ਗਿਆ ਹੈ ਅਤੇ ਉਨ੍ਹਾਂ ਵਿੱਚ ਖਾਸ ਕਰਕੇ ਨੌਜਵਾਨ ਲੜਕੀਆਂ ਹਨ ਜਿਨ੍ਹਾਂ ਦਾ ਨੈਤਿਕ ਪਤਨ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਕੁੜੀਆਂ ਆਪਣੀਆਂ ਧਾਰਮਿਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ। ਅੱਜ-ਕੱਲ੍ਹ ਸਕੂਲ-ਕਾਲਜ ਦੀਆਂ ਕੁੜੀਆਂ ਖੁੱਲ੍ਹੇਆਮ ਸ਼ਰਾਬ, ਸਿਗਰਟ ਅਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੀਆਂ ਨਜ਼ਰ ਆਉਂਦੀਆਂ ਹਨ।

ਪਹਿਲਾਂ ਜੇਕਰ ਨੌਜਵਾਨ ਸਿਗਰਟ ਪੀਂਦੇ ਸਨ ਤਾਂ ਉਹ ਆਪਣੇ ਬਜ਼ੁਰਗਾਂ ਦੇ ਆਉਣ ਤੋਂ ਬਾਅਦ ਇਸ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਸਨ, ਪਰ ਅੱਜ ਕੁਝ ਕੁੜੀਆਂ ਸਿਗਰਟ ਪੀ ਰਹੀਆਂ ਹਨ ਅਤੇ ਜੇਕਰ ਤੁਸੀਂ ਲੰਘ ਰਹੇ ਹੋ ਤਾਂ ਉਹ ਇਸ ਨੂੰ ਛੁਪਾਉਣ ਦੀ ਖੇਚਲ ਵੀ ਨਹੀਂ ਕਰਦੀਆਂ।

ਤੁਸੀਂ ਦਲੀਲ ਦੇ ਸਕਦੇ ਹੋ ਕਿ ਜੇਕਰ ਮਰਦ ਇਹ ਸਭ ਕਰਦੇ ਹਨ ਤਾਂ ਔਰਤਾਂ ਕਿਉਂ ਨਹੀਂ ? ਅਸਲ ਵਿੱਚ ਅਜਿਹਾ ਹੁੰਦਾ ਹੈ ਕਿ ਜਦੋਂ ਤੁਸੀਂ ਸ਼ਰਾਬੀ ਹੁੰਦੇ ਹੋ, ਤਾਂ ਤੁਹਾਡੇ ਸਰੀਰਕ ਸ਼ੋਸ਼ਣ ਦੀ ਸੰਭਾਵਨਾ ਵੱਧ ਜਾਂਦੀ ਹੈ ਅਤੇ ਅਜਿਹੀ ਸਥਿਤੀ ਵਿੱਚ ਮਰਦ ਦੇ ਮੁਕਾਬਲੇ ਔਰਤ ਨੂੰ ਜ਼ਿਆਦਾ ਨੁਕਸਾਨ ਹੁੰਦਾ ਹੈ। ਨਸ਼ੇ ਦੀ ਹਾਲਤ ਵਿੱਚ ਤੁਹਾਡਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਜੇਕਰ ਕੋਈ ਵੀਡੀਓ ਬਣਾ ਲਈ ਜਾਵੇ ਤਾਂ ਬਾਅਦ ਵਿੱਚ ਇਸਨੂੰ ਬਲੈਕਮੇਲ ਕਰਨ ਲਈ ਆਸਾਨੀ ਨਾਲ ਵਰਤਿਆ ਜਾ ਸਕਦਾ ਹੈ ਅਤੇ ਇਹ ਗੱਲ ਹਰ ਰੋਜ਼ ਸੁਣਨ ਨੂੰ ਮਿਲਦੀ ਹੈ ਅਤੇ ਕਈ ਵਾਰ ਲੜਕੀਆਂ ਸ਼ਰਮ ਦੇ ਮਾਰੇ ਖੁਦਕੁਸ਼ੀ ਵੀ ਕਰ ਲੈਂਦੀਆਂ ਹਨ ਪਰ ਅਸੀਂ ਆਪਣੀਆਂ ਗਲਤੀਆਂ ਤੋਂ ਨਹੀਂ ਸਿੱਖਦੇ।

ਅੱਜਕੱਲ੍ਹ ਕੁੜੀਆਂ ਜਿਸ ਤਰ੍ਹਾਂ ਦਾ ਪਹਿਰਾਵਾ ਪਹਿਨਦੀਆਂ ਹਨ, ਉਹ ਕਈ ਵਾਰ ਬਹੁਤ ਭੜਕਾਊ ਹੁੰਦਾ ਹੈ। ਮੈਂ ਇਸ ਗੱਲ ਦਾ ਸਮਰਥਨ ਨਹੀਂ ਕਰਦਾ ਕਿ ਔਰਤਾਂ ਨੂੰ ਪਰਦੇ ਜਾਂ ਬੁਰਕੇ ਵਿੱਚ ਰੱਖਿਆ ਜਾਣਾ ਚਾਹੀਦਾ ਹੈ, ਪਰ ਪਹਿਰਾਵੇ ਦੀ ਇੱਕ ਸੀਮਾ ਹੋਣੀ ਚਾਹੀਦੀ ਹੈ। ਤੁਸੀਂ ਹਰ ਰੋਜ਼ ਦੇਖ ਰਹੇ ਹੋਵੋਗੇ ਕਿ ਸਰਦੀਆਂ ਦੇ ਦਿਨਾਂ 'ਚ ਵਿਆਹ-ਸ਼ਾਦੀਆਂ ਅਤੇ ਹੋਰ ਫੰਕਸ਼ਨਾਂ 'ਚ ਜਦੋਂ ਹਰ ਕੋਈ ਠੰਡ ਤੋਂ ਕੰਬ ਰਿਹਾ ਹੁੰਦਾ ਹੈ ਤਾਂ ਦੂਜੇ ਪਾਸੇ ਔਰਤਾਂ ਸਿਰਫ ਸਾੜੀ ਅਤੇ ਬਲਾਊਜ਼ ਜਾਂ ਲਹਿੰਗਾ ਚੋਲੀ 'ਚ ਹੀ ਨਜ਼ਰ ਆਉਣਗੀਆਂ। ਅੱਜ-ਕੱਲ੍ਹ ਫੈਸ਼ਨ ਦੇ ਨਾਂ 'ਤੇ ਛੋਟੀਆਂ-ਛੋਟੀਆਂ ਪੈਂਟਾਂ ਜਾਂ ਸਕਰਟਾਂ 'ਚ ਮੁਟਿਆਰਾਂ ਘਰਾਂ 'ਚ ਰਹਿੰਦੀਆਂ ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਆਪਣੇ ਘਰ 'ਚ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਨ੍ਹਾਂ ਦੇ ਘਰ 'ਚ ਪਿਤਾ ਅਤੇ ਭਰਾ ਦੇ ਰੂਪ 'ਚ ਮਰਦ ਵੀ ਹਨ।



ਆਧੁਨਿਕਤਾ ਦਾ ਮਤਲਬ ਅਸ਼ਲੀਲਤਾ ਬਿਲਕੁਲ ਨਹੀਂ ਹੈ। ਤੁਸੀਂ ਪਹਿਲਾਂ ਫੈਸਲਾ ਕਰੋ ਕਿ ਤੁਸੀਂ ਮਨੁੱਖ ਹੋ ਜਾਂ ਜਾਨਵਰ, ਜੇ ਤੁਸੀਂ ਆਪਣੇ ਆਪ ਨੂੰ ਜਾਨਵਰ ਦੀ ਸ਼੍ਰੇਣੀ ਵਿੱਚ ਰੱਖਦੇ ਹੋ ਤਾਂ ਸਭ ਕੁਝ ਮਾਫਯੋਗ ਹੈ। ਫਿਰ ਤੁਸੀਂ ਸਾਰੇ ਰਿਸ਼ਤੇ ਭੁੱਲ ਜਾਂਦੇ ਹੋ। ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਅੱਜ ਬਹੁਤੀਆਂ ਕੁੜੀਆਂ ਆਪਣੇ ਹੀ ਭਾਈਚਾਰੇ ਦੇ ਮੁੰਡਿਆਂ ਨੂੰ ਛੱਡ ਕੇ ਦੂਜੇ ਭਾਈਚਾਰਿਆਂ ਦੇ ਲੜਕਿਆਂ ਨਾਲ ਪਿਆਰ ਕਰ ਰਹੀਆਂ ਹਨ ਜਾਂ ਉਨ੍ਹਾਂ ਨਾਲ ਵਿਆਹ ਕਰ ਰਹੀਆਂ ਹਨ। ਇਸ 'ਤੇ ਵਿਚਾਰ ਕਰਨ ਦੀ ਲੋੜ ਹੈ।

ਆਪਣੇ ਧਰਮ ਦੇ ਮੁੰਡਿਆਂ ਨੂੰ ਛੱਡ ਕੇ ਦੂਜੇ ਧਰਮ ਦੇ ਮੁੰਡਿਆਂ ਨਾਲ ਵਿਆਹ ਕਰਨਾ ਤੁਹਾਡੀ ਜ਼ਿੰਦਗੀ ਵਿੱਚ ਮੁਸੀਬਤਾਂ ਨੂੰ ਸੱਦਾ ਦੇਣਾ ਹੈ। ਅੱਜ ਸਾਨੂੰ ਇਨ੍ਹਾਂ ਸਾਰੀਆਂ ਗੱਲਾਂ 'ਤੇ ਡੂੰਘਾਈ ਨਾਲ ਸੋਚਣ ਦੀ ਲੋੜ ਹੈ। ਆਧੁਨਿਕਤਾ ਦੇ ਨਾਂ 'ਤੇ ਕੁਰਾਹੇ ਪੈ ਰਹੀਆਂ ਲੜਕੀਆਂ 'ਤੇ ਕਾਬੂ ਪਾਉਣ ਦੀ ਲੋੜ ਹੈ। ਅੱਜ ਸਾਨੂੰ ਸਾਰਿਆਂ ਨੂੰ ਇਸ ਬਾਰੇ ਸੋਚਣ ਦੀ ਲੋੜ ਹੈ।

# ਪੇਕੇ ਪਿੰਡ ਦਿਆ ਪਿੱਪਲਾ....

ਹਰ ਔਰਤ ਦੇ ਚੇਤਿਆਂ ਵਿੱਚ ਉਸਦਾ ਪੇਕਾ ਘਰ ਹਮੇਸ਼ਾ ਹੀ ਵਸਿਆ ਰਹਿੰਦਾ ਹੈ। ਹਰ ਔਰਤ ਦੀ ਇੱਛਾ ਹੁੰਦੀ ਹੈ ਕਿ ਉਸਦੇ ਪੇਕਿਆਂ ਤੋਂ ਹਮੇਸ਼ਾ ਠੰਡੀਆਂ ਹਵਾਵਾਂ ਆਉਂਦੀਆਂ ਰਹਿਣ। ਹਰ ਔਰਤ ਜਿਥੇ ਆਪਣੇ ਪਰਿਵਾਰ ਦੀ ਹਰ ਦਿਨ ਪਰਮਾਤਮਾ ਤੋਂ ਸੁੱਖ ਮੰਗਦੀ ਹੈ, ਉਥੇ ਉਹ ਆਪਣੇ ਪੇਕਿਆਂ ਦੀ ਸੁੱਖ ਲਈ ਵੀ ਪਰਮਾਤਮਾ ਅੱਗੇ ਬੇਨਤੀ ਕਰਨੀ ਨਹੀਂ ਭੁਲਦੀ। ਮਾਂ ਬਾਪ ਦੇ ਹੁੰਦਿਆਂ ਹਰ ਵਿਆਹੁਤਾ ਔਰਤ ਪੂਰੇ ਮਾਣ ਅਤੇ ਹੱਕ ਨਾਲ ਪੇਕੇ ਜਾਂਦੀ ਹੈ। ਮਾਪਿਆਂ ਦੇ ਤੁਰ ਜਾਣ ਤੋਂ ਬਾਅਦ ਅਕਸਰ ਅਨੇਕਾਂ ਔਰਤਾਂ ਦਾ ਪੇਕਿਆਂ ਦੇ ਘਰ ਆਉਣਾ ਜਾਣਾ ਘੱਟ ਹੋ ਜਾਂਦਾ ਹੈ, ਕਿਉਂਕਿ ਅਕਸਰ ਨਣਾਨ ਭਰਜਾਈ ਦੀ ਸੋਚ ਵਿੱਚ ਵਖਰੇਵਾਂ ਹੁੰਦਾ ਹੈ। ਇਸਦੇ ਬਾਵਜੂਦ ਵੱਡੀ ਗਿਣਤੀ ਔਰਤਾਂ ਆਪਣੇ ਸਕੇ ਭਰਾਵਾਂ ਨੂੰ ਆਪਣੇ ਸਾਰੀ ਉਮਰ ਦੇ ਮਾਪੇ ਸਮਝਦੀਆਂ ਹਨ। ਭਰਾ ਵੀ ਆਪਣੀ ਪੂਰੀ ਜ਼ਿੰਮੇਵਾਰੀ ਨਿਭਾਉਂਦੇ ਹਨ ਅਤੇ ਨਾਨਕ ਛੱਕਾਂ ਪੂਰਦੇ ਹਨ, ਜਿਸ ਕਰਕੇ ਅਕਸਰ ਭੈਣਾਂ ਕਹਿੰਦੀਆਂ ਹਨ ਕਿ ਛੱਕਾਂ ਪੂਰਦੇ ਅੰਮਾ ਦੇ ਜਾਏ, ਚਾਚੇ ਤਾਏ ਮਤਲਬ ਦੇ। ਅਕਸਰ ਔਰਤਾਂ ਆਪਣੇ ਸਹੁਰੇ ਘਰ ਵਿੱਚ ਰਹਿੰਦਿਆਂ ਵੀ ਪੇਕਿਆਂ ਦੀ ਸੁੱਖ ਸਾਂਦ ਮੰਗਦੀਆਂ ਰਹਿੰਦੀਆਂ ਹਨ। ਔਰਤਾਂ ਹਮੇਸ਼ਾ ਚਾਹੁੰਦੀਆਂ ਹਨ ਕਿ ਉਹਨਾਂ ਦਾ ਪੇਕਿਆਂ ਦਾ ਘਰ ਵਸਦਾ ਰਹੇ। ਜਿਹੜੇ ਘਰ ਵਿੱਚ ਔਰਤ ਦਾ ਜਨਮ ਹੋਇਆ ਹੁੰਦਾ ਹੈ ਅਤੇ ਬਚਪਨ ਬੀਤਿਆ ਹੁੰਦਾ ਹੈ ਤੇ ਜਵਾਨੀ ਚੜ੍ਹੀ ਹੁੰਦੀ ਹੈ। ਉਸੇ ਘਰ ਨੂੰ ਵਿਆਹ ਤੋਂ ਬਾਅਦ ਹਰ ਔਰਤ ਨੂੰ ਛੱਡਣਾ ਪੈਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਘਰ ਨੂੰਹ ਨੇ ਸਾਂਭ ਲਿਆ, ਧੀ ਤੁਰ ਗਈ ਝਾੜ ਕੇ ਪੱਲੇ। ਪੇਕਿਆਂ ਦੀ ਯਾਦ ਹਰ ਔਰਤ ਨੂੰ ਸਾਰੀ ਉਮਰ ਆਉਂਦੀ ਰਹਿੰਦੀ ਹੈ। ਹਰ ਔਰਤ ਆਨੀ ਬਹਾਨੀ ਆਪਣੇ ਪੇਕਿਆਂ ਨੂੰ ਫੋਨ ਕਰਕੇ ਉਹਨਾਂ ਦੀ ਸੁਖ ਸਾਂਦ ਪੁੱਛਦੀ ਰਹਿੰਦੀ ਹੈ। ਹਰ ਔਰਤ ਆਪਣੇ ਬੱਚਿਆਂ ਤੋਂ ਵੱਧ ਆਪਣੇ ਭਤੀਜੇ ਭਤੀਜੀਆਂ ਨੂੰ ਪਿਆਰ ਕਰਦੀ ਹੈ।





ਅਕਸਰ ਔਰਤਾਂ ਆਪਣੇ ਪੇਕਿਆਂ ਦੇ ਪਿੰਡ/ਸ਼ਹਿਰ 'ਚ ਲੱਗੇ ਦਰਖ਼ਤਾਂ ਨੂੰ ਵੀ ਯਾਦ ਕਰਦੀਆਂ ਰਹਿੰਦੀਆਂ ਹਨ। ਅਕਸਰ ਔਰਤਾਂ ਸਹੁਰੇ ਘਰ ਬੈਠੀਆਂ ਕਹਿੰਦੀਆਂ ਹਨ-

ਪੇਕੇ ਪਿੰਡ ਦਿਆ ਪਿੱਪਲਾ,
ਪੌਣਾਂ ਹੱਥ ਸੁਨੇਹਾ ਦੇ ਦੇਈਂ ਵੇ।

ਹਰ ਨਵਵਿਆਹੁਤਾ ਮੁਟਿਆਰ ਨੂੰ ਤੀਆਂ ਮੌਕੇ ਪੇਕੇ ਜਾਣ ਦਾ ਬਹੁਤ ਚਾਅ ਹੁੰਦਾ ਹੈ। ਜੇ ਕਿਸੇ ਮੁਟਿਆਰ ਦਾ ਭਰਾ ਤੀਆਂ ਮੌਕੇ ਉਸ ਨੂੰ ਲੈਣ ਨਾ ਆਏ ਤਾਂ ਅਕਸਰ ਸੱਸ ਨਿਹੋਰੇ ਮਾਰਦੀ ਹੈ

ਤੈਨੂੰ ਤੀਆਂ 'ਤੇ ਲੈਣ ਨਾ ਆਏ,
ਨੀ ਬਹੁਤੇ ਭਰਾਵਾਂ ਵਾਲੀਏ

ਜਦੋਂ ਵੀਰ ਆਪਣੀ ਭੈਣ ਦੇ ਘਰ ਪਹੁੰਚਦਾ ਹੈ ਤਾਂ ਭੈਣ ਚਾਹੁੰਦੀ ਹੈ ਕਿ ਉਸਦੀ ਪੂਰੀ ਆਓ ਭਗਤ ਕੀਤੀ ਜਾਵੇ। ਅਕਸਰ ਉਹ ਆਪਣੀ ਸੱਸ ਨੂੰ ਕਹਿੰਦੀ ਹੈ ਕਿ ਸੱਸੇ ਤੇਰੀ ਮਹਿੰ ਮਰ ਜਾਵੇ, ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।

ਹਰ ਔਰਤ ਆਪਣੇ ਜਨਮ ਤੋਂ ਲੈ ਕੇ ਮੌਤ ਤਕ ਆਪਣੇ ਪੇਕਿਆਂ ਦੀ ਸੁੱਖ ਮੰਗਦੀ ਹੈ ਅਤੇ ਪੇਕਾ ਘਰ ਉਸਦੇ ਦਿਲ ਵਿੱਚ ਹਮੇਸ਼ਾ ਵਸਦਾ ਰਹਿੰਦਾ ਹੈ।

# ਮਾਂ ਨੀ ਮਾਂ ਮੂੰਹ ਕਿੱਲਾਂ ਉੱਗੀਆਂ....

## ਬਰਸਾਤ ਦੇ ਮੌਸਮ 'ਚ ਚਿਹਰੇ ਦੇ ਮੁਹਾਸਿਆਂ ਤੋਂ ਪਾਓ ਛੁਟਕਾਰਾ

ਬਰਸਾਤ ਦੇ ਮੌਸਮ 'ਚ ਚਮੜੀ ਦਾ ਜ਼ਿਆਦਾ ਧਿਆਨ ਰੱਖਣਾ ਪੈਂਦਾ ਹੈ। ਇਸ ਮੌਸਮ 'ਚ ਵਾਤਾਵਰਨ 'ਚ ਨਮੀ ਅਤੇ ਬੈਕਟੀਰੀਆ ਜ਼ਿਆਦਾ ਹੁੰਦੇ ਹਨ, ਜਿਸ ਕਾਰਨ ਚਮੜੀ ਨਾਲ ਜੁੜੀਆਂ ਸਮੱਸਿਆਵਾਂ ਵਧਣ ਲੱਗਦੀਆਂ ਹਨ। ਮਾਨਸੂਨ 'ਚ ਚਮੜੀ ਤੇਲਯੁਕਤ ਅਤੇ ਚਿਪਚਿਪੀ ਹੋ ਜਾਂਦੀ ਹੈ ਜਿਸ ਨਾਲ ਚਿਹਰੇ 'ਤੇ ਮੁਹਾਸੇ, ਬਲੈਕਹੈੱਡਸ ਅਤੇ ਵ੍ਹਾਈਟਹੈੱਡਸ ਵਰਗੀਆਂ ਸਮੱਸਿਆਵਾਂ ਹੋ ਜਾਂਦੀਆਂ ਹਨ। ਅਸੀਂ ਅਕਸਰ ਆਪਣੀ ਚਮੜੀ ਦੀ ਦੇਖਭਾਲ ਦੇ ਰੁਟੀਨ ਵਿੱਚ ਟੋਨਿੰਗ ਛੱਡ ਦਿੰਦੇ ਹਾਂ। ਪਰ ਸਿਹਤਮੰਦ ਚਮੜੀ ਲਈ ਟੋਨਿੰਗ ਬਹੁਤ ਜ਼ਰੂਰੀ ਹੈ। ਮਾਨਸੂਨ 'ਚ ਚਿਹਰੇ ਨੂੰ ਸਾਫ ਕਰਨ ਤੋਂ ਬਾਅਦ ਟੋਨਰ ਦੀ ਵਰਤੋਂ ਜ਼ਰੂਰ ਕਰੋ। ਇਸ ਨਾਲ ਚਮੜੀ 'ਤੇ ਜਮ੍ਹਾ ਗੰਦਗੀ ਅਤੇ ਮੇਕਅੱਪ ਨੂੰ ਦੂਰ ਕਰਨ 'ਚ ਮਦਦ ਮਿਲਦੀ ਹੈ। ਜੇਕਰ ਤੁਸੀਂ ਬਾਜ਼ਾਰ ਤੋਂ ਟੋਨਰ ਨਹੀਂ ਖਰੀਦਣਾ ਚਾਹੁੰਦੇ ਹੋ ਤਾਂ ਘਰ 'ਚ ਗੁਲਾਬ ਜਲ ਜਾਂ ਖੀਰੇ ਦੀ ਵਰਤੋਂ ਟੋਨਰ ਦੇ ਤੌਰ 'ਤੇ ਕਰ ਸਕਦੇ ਹੋ।

ਬਰਸਾਤ ਦੇ ਮੌਸਮ ਵਿੱਚ ਹਵਾ 'ਚ ਨਮੀ ਅਤੇ ਬੈਕਟੀਰੀਆ ਜ਼ਿਆਦਾ ਹੁੰਦੇ ਹਨ, ਜਿਸ ਕਾਰਨ ਚਮੜੀ ਦੇ ਰੋਮ 'ਚ ਗੰਦਗੀ ਜਮ੍ਹਾ ਹੋ ਜਾਂਦੀ ਹੈ। ਬਰਸਾਤ ਦੇ ਮੌਸਮ ਵਿੱਚ ਮੁਹਾਸੇ ਦੀ ਸਮੱਸਿਆ ਤੋਂ ਬਚਣ ਲਈ ਆਪਣੇ ਚਿਹਰੇ ਨੂੰ ਕਿਸੇ ਚੰਗੇ ਹਲਕੇ ਫੇਸ ਵਾਸ਼ ਨਾਲ ਧੋਵੋ।



ਕੁਝ ਲੋਕਾਂ ਨੂੰ ਲੱਗਦਾ ਹੈ ਕਿ ਬਰਸਾਤ ਦੇ ਮੌਸਮ 'ਚ ਉਨ੍ਹਾਂ ਦੀ ਚਮੜੀ ਤੇਲ ਵਾਲੀ ਹੋ ਜਾਂਦੀ ਹੈ, ਇਸ ਲਈ ਉਨ੍ਹਾਂ ਨੂੰ ਮਾਇਸਚਰਾਈਜ਼ਰ ਦੀ ਜ਼ਰੂਰਤ ਨਹੀਂ ਹੁੰਦੀ ਪਰ ਅਜਿਹਾ ਸੋਚਣਾ ਗਲਤ ਹੈ। ਮੌਸਮ ਭਾਵੇਂ ਕੋਈ ਵੀ ਹੋਵੇ, ਤੁਹਾਡੀ ਚਮੜੀ ਨੂੰ ਨਮੀ ਦੀ ਲੋੜ ਹੁੰਦੀ ਹੈ। ਇਸ ਨਾਲ ਤੁਹਾਡੀ ਚਮੜੀ ਦੀ ਨਮੀ ਬਰਕਰਾਰ ਰਹਿੰਦੀ ਹੈ। ਬਰਸਾਤ ਦੇ ਮੌਸਮ ਵਿੱਚ ਜੈੱਲ ਬੇਸਡ ਮਾਇਸਚਰਾਈਜ਼ਰ ਦੀ ਵਰਤੋਂ ਕਰੋ।

ਮੁਹਾਸੇ ਦੀ ਸਮੱਸਿਆ ਨੂੰ ਦੂਰ ਕਰਨ ਲਈ ਵੀ ਨਿੰਮ ਨੂੰ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਨਿੰਮ ਵਿੱਚ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ ਜੋ ਮੁਹਾਸੇ ਨੂੰ ਘੱਟ ਕਰਨ ਵਿੱਚ ਮਦਦ ਕਰਦੇ ਹਨ। ਤੁਸੀਂ ਚਾਹੋ ਤਾਂ ਨਿੰਮ ਦੀਆਂ ਪੱਤੀਆਂ ਨੂੰ ਪੀਸ ਕੇ ਇਸ ਦਾ ਪੇਸਟ ਚਿਹਰੇ 'ਤੇ ਲਗਾ ਸਕਦੇ ਹੋ ਜਾਂ ਫਿਰ ਤੁਸੀਂ ਨਿੰਮ ਦੀਆਂ ਪੱਤੀਆਂ ਨੂੰ ਪਾਣੀ 'ਚ ਉਬਾਲ ਕੇ ਆਪਣਾ ਚਿਹਰਾ ਸਾਫ਼ ਕਰ ਸਕਦੇ ਹੋ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਾਣੀ ਪੀਣਾ ਸਾਡੀ ਸਿਹਤ ਅਤੇ ਚਮੜੀ ਲਈ ਕਿੰਨਾ ਫਾਇਦੇਮੰਦ ਹੈ। ਪਾਣੀ ਪੀਣ ਨਾਲ ਸਰੀਰ 'ਚੋਂ ਜ਼ਹਿਰੀਲੇ ਤੱਤ ਬਾਹਰ ਨਿਕਲ ਜਾਂਦੇ ਹਨ। ਇਸ ਨਾਲ ਚਿਹਰੇ 'ਤੇ ਮੁਹਾਸੇ ਅਤੇ ਬਲੈਕ ਹੈੱਡਸ ਦੀ ਸਮੱਸਿਆ ਵੀ ਦੂਰ ਹੋ ਜਾਂਦੀ ਹੈ। ਦਿਨ ਵਿੱਚ ਘੱਟ ਤੋਂ ਘੱਟ 7-8 ਗਲਾਸ ਪਾਣੀ ਪੀਓ। ਇਸ ਤੋਂ ਇਲਾਵਾ ਤੁਸੀਂ ਨਾਰੀਅਲ ਪਾਣੀ, ਜੂਸ ਆਦਿ ਦਾ ਸੇਵਨ ਕਰ ਸਕਦੇ ਹੋ।

TRANS-ALLIANCE
TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's

## FUEL CARDS

NO CREDIT - NO PROBLEM
BEST CUSTOMER SERVICE

QUIKQ WEX




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# ਤੇ ਨਦੀ ਵਗਦੀ ਰਹੀ



ਅੰਮ੍ਰਿਤਾ ਪ੍ਰੀਤਮ

ਇੱਕ ਘਟਨਾ ਸੀ-ਜੋ ਨਦੀ ਦੇ ਪਾਣੀ ਵਿੱਚ ਵਹਿੰਦੀ ਕਿਸੇ ਉਸ ਯੁਗ ਦੇ ਕੰਢੇ ਕੋਲ ਆ ਕੇ ਖਲੋ ਗਈ, ਜਿਥੇ ਇੱਕ ਘਣੇ ਜੰਗਲ ਵਿੱਚ ਵੇਦ ਵਿਆਸ ਤਪ ਕਰ ਰਹੇ ਸਨ...

ਸਮਾਧੀ ਦੀ ਲੀਨਤਾ ਟੁੱਟੀ ਤਾਂ ਸਾਹਮਣੇ ਰਾਣੀ ਸਤਯਵਤੀ ਉਦਾਸ ਪਰ ਦੈਵੀ ਸੁੰਦਰੀ ਦੇ ਰੂਪ ਵਿੱਚ ਖਲੋਤੀ ਹੋਈ ਸੀ।

ਬਿਰਛ ਦੇ ਪੱਤਿਆਂ ਵਾਂਗ ਝੁਕ ਕੇ ਵੇਦ ਵਿਆਸ ਨੇ ਪ੍ਰਣਾਮ ਕੀਤੀ, ਆਖਿਆ-ਤੂੰ ਮੇਰੀ ਸਦੀਵੀ ਸੁੰਦਰੀ ਮਾਂ! ਅੱਜ ਉਦਾਸੀ ਦਾ ਇਹ ਵੇਸ ਕਿਉਂ ?

ਮਾਂ ਨੇ ਰਿਖੀ ਪੁੱਤਰ ਨੂੰ ਮੋਹ ਨਾਲ ਭਰੀ ਛਾਤੀ ਨਾਲ ਲਾਇਆ, ਆਖਿਆ - ਤੂੰ ਰਿਖੀ ਵੰਸ਼ ਵਿਚੋਂ, ਤੂੰ ਮੋਹ ਦੀ ਪੀੜ ਨਹੀਂ ਜਾਣਦਾ। ਰਾਜ ਦਾ ਦਰਦ ਮੈਂ ਰਾਜਾ ਸ਼ਾਂਤਨੁ ਤੋਂ ਪਾਇਆ, ਤੇ ਉਹਦੇ ਰਾਜ ਦੀ ਰੱਖਿਆ ਲਈ ਮੈਂ ਜਿਸ ਕੁੱਖ ਵਿਚੋਂ ਤੈਨੂੰ ਜਨਮ ਦਿੱਤਾ ਸੀ, ਉਸ ਕੁੱਖ ਵਿਚੋਂ ਰਾਜਾ ਸ਼ਾਂਤਨੁ ਦੇ ਦੋ ਪੁੱਤਰਾਂ ਨੂੰ ਜਨਮ ਦਿੱਤਾ। ਪਰ ਇੱਕ ਮੇਰਾ ਰਾਜਕੁਮਾਰ ਯੁੱਧ ਵਿੱਚ ਮਾਰਿਆ ਗਿਆ, ਤੇ ਦੂਜਾ, ਦੋ ਰਾਣੀਆਂ ਨੂੰ ਰੋਂਦੀਆਂ ਛੱਡ ਕੇ ਖਈ ਰੋਗ ਨਾਲ ਮਰ ਗਿਆ।

ਬਿਰਛ ਦੇ ਸਾਰੇ ਪੱਤੇ ਜਿਵੇਂ ਕੁਮਲਾ ਕੇ ਵੇਦ ਵਿਆਸ ਦੇ ਤਪੀ ਚੇਹਰੇ ਵੱਲ ਵੇਖਣ ਲੱਗੇ...

ਰਾਣੀ ਸਤਯਵਤੀ ਦਾ ਮਨ ਗੰਗਾ ਦੀਆਂ ਨਿਰਮਲ ਲਹਿਰਾਂ ਵਾਂਗ ਵਹਿਣ ਲੱਗਾ, ਆਖਣ ਲੱਗੀ-ਮਹਾਰਿਖੀ ਪਰਾਸ਼ਰ ਨੇ ਗੰਗਾ ਦੇ ਪਾਣੀ ਵਾਂਗ ਮੈਨੂੰ ਅੰਗ ਲਾਇਆ ਸੀ, ਤੂੰ ਉਸੇ ਪਾਣੀ ਦਾ ਮੋਤੀ, ਤੂੰ ਜਲਾਂ ਤੇ ਥਲਾਂ ਵਿੱਚ ਖੇਡਦਾ, ਜੰਗਲ, ਬੇਲੇ, ਤੇ ਜੂਹਾਂ ਤੇਰੀ ਤਾਬਿਆ ਕੀਤੀ। ਤੂੰ ਤਾਜ ਵਿੱਚ ਜੜੇ ਹੋਏ ਮੋਤੀ ਦਾ ਦਰਦ ਨਹੀਂ ਜਾਣਦਾ।

ਬਿਰਛ ਦੇ ਹਰੇ ਰੰਗ ਵਾਂਗੂੰ ਵੇਦ ਵਿਆਸ ਦੇ ਹੋਠ ਮੁਸਕਰਾਏ - ਮੈਂ ਰਾਜ ਦਾ ਦਰਦ ਨਹੀਂ ਜਾਣਦਾ, ਪਰ ਮਾਂ ਦਾ ਦਰਦ ਜਾਣਦਾ ਹਾਂ..

ਸਤਯਵਤੀ ਬਿਰਛ ਦੇ ਗਲ ਲੱਗੀ ਵੇਲ ਵਾਂਗ ਝੂਮ ਗਈ, ਕਹਿਣ ਲੱਗੀ ਤਾਜ ਦੇ ਮੋਤੀ ਨੂੰ ਤਖ਼ਤ ਚਾਹੀਦਾ ਹੈ, ਤਖ਼ਤ ਨੂੰ ਵਾਰਿਸ ਚਾਹੀਦਾ ਹੈ, ਮੇਰੀਆਂ ਦੋਵੇਂ ਨੂੰਹਾਂ ਅੱਜ ਵਿਧਵਾ, ਅੱਜ ਮੈਂ ਉਨ੍ਹਾਂ ਲਈ ਤੇਰੇ ਕੋਲੋਂ ਪੁੱਤਰ ਦਾ ਦਾਨ ਮੰਗਣ ਆਈ ਹਾਂ...

ਵੇਦ ਵਿਆਸ ਨੇ ਸਿਰ ਉੱਤੇ ਫੈਲੇ ਹੋਏ ਬਿਰਛ ਵੱਲ ਵੇਖਿਆ, ਤੇ ਸਾਰਾ ਬਿਰਛ ਜਿਵੇਂ ਖਿੜ ਸਿਮਟ ਕੇ ਧਰਤੀ ਦੀ ਛਾਤੀ ਵਿੱਚ ਪਏ ਹੋਏ ਆਪਣੇ ਬੀਜ ਵੱਲ ਵੇਖਣ ਲੱਗਾ...

ਰਿਖੀ ਦੇ ਹੋਠ ਹੱਸ ਪਏ, ਆਖਿਆ-ਇਹ ਮਾਂ ਦਾ ਹੁਕਮ ਤੇ ਧਰਤੀ ਦਾ ਹੁਕਮ ਪੂਰਾ ਹੋਵੇਗਾ....

ਤੇ ਵੇਦ ਵਿਆਸ ਨੇ ਵਚਨ ਪੂਰਾ ਕੀਤਾ-ਅੰਬਿਕਾ ਤੇ ਅੰਬਾਲਿਕਾ ਦੋਹਾਂ ਨੂੰ ਇੱਕ ਇੱਕ ਪੁੱਤਰ ਦਾ ਦਾਨ ਦਿੱਤਾ..

ਨਦੀ ਦਾ ਪਾਣੀ ਬੱਚਿਆਂ ਦੀ ਕਿਲਕਾਰੀ ਵਾਂਗ ਹੱਸਦਾ ਜਦੋਂ ਫੇਰ ਵਹਿਣ ਲੱਗਾ, ਤਾਂ ਉਹੀ ਘਟਨਾ ਜੁਗਾਂ ਵਿਚੋਂ ਲੰਘਦੀ ਕਲਯੁਗ ਦੇ ਇੱਕ ਕੰਢੇ ਕੋਲ ਖਲੋ ਗਈ, ਉਥੇ ਜਿੱਥੇ ਬਲਦੇਵ ਦਾ ਸਧਾਰਣ ਜਿਹਾ ਘਰ ਸੀ। ਜਿੱਥੇ ਉਹਦੇ ਮੇਜ਼ ਉਤੇ ਪਈਆਂ ਕਿਤਾਬਾਂ ਵਿੱਚ ਸਿਰਫ਼ ਮਹਾਭਾਰਤ ਦੇ ਪਰਵ ਨਹੀਂ ਸਨ, ਕਾਮੂ ਵੀ ਸੀ, ਕਾਫ਼ਕਾ ਵੀ ਸੀ, ਪਾਸਤਰਨਾਕ ਵੀ ਸੀ...

ਤੇ ਉਹਦੇ ਸਾਹਮਣੇ ਉਹਦਾ ਮਿੱਤਰ ਕਾਸ਼ੀ ਨਾਥ ਬਿਰਛ ਦੇ ਇੱਕ ਟੁੱਟੇ ਹੋਏ ਪੱਤੇ ਵਾਂਗ ਖਲੋ ਗਿਆ, ਕਹਿਣ ਲੱਗਾ - ਜਿਹੜਾ ਦਾਨ ਮੈਨੂੰ ਰੱਬ ਨਹੀਂ ਦੇ ਸਕਿਆ, ਨਾ ਕਿਸੇ ਵੈਦ ਦਾ ਦਾਰੂ, ਉਹ ਦਾਨ ਮੈਂ ਤੇਰੇ ਕੋਲੋਂ ਮੰਗਣ ਆਇਆ ਹਾਂ.. ਇੱਕ ਪੁੱਤਰ ਦਾ ਦਾਨ...

ਸਿਰ ਉਤੇ ਬਿਰਛ ਕੋਈ ਨਹੀਂ ਸੀ-ਪਰ ਬਲਦੇਵ ਦੇ ਕੰਨਾਂ ਵਿੱਚ ਬਿਰਛ ਦੇ ਪੱਤਿਆਂ ਦੀ ਸ਼ਾਂ ਸ਼ਾਂ ਭਰ ਗਈ...

ਕਾਸ਼ੀ ਨਾਥ ਕਹਿ ਰਿਹਾ ਸੀ ਮੇਰੀ ਔਰਤ ਦੇ ਨਰੋਏ ਤਨ ਨੂੰ ਇੱਕ ਮਰਦ ਦੇ ਰੋਗੀ ਤਨ ਦਾ ਸਰਾਪ ਲੱਗਾ ਹੋਇਆ ਏ.. ਮੇਰੇ ਮਿੱਤਰ! ਬਸ ਇਹ ਸਰਾਪ ਇੱਕ ਘੜੀ ਵਾਸਤੇ ਲਾਹ ਦੇ!

ਬਲਦੇਵ ਦਾ ਸਾਰਾ ਬਦਨ ਬਿਰਛ ਦੀ ਜੜ੍ਹ ਵਾਂਗ ਹੋ ਗਿਆ..

ਕਾਸ਼ੀ ਨਾਥ ਇੱਕ ਰੁਲਦੇ ਪੱਤੇ ਵਾਂਗ ਉੱਡ ਕੇ ਜਿਵੇਂ ਉਹਦੇ ਪੈਰਾਂ ਕੋਲ ਆ ਗਿਆ ਇਹ ਭੇਤ ਸਿਰਫ਼ ਮੈਂ ਜਾਣਾ, ਤੂੰ ਜਾਣੇ, ਤੇ ਉਹ ਜਾਣੇਗੀ, ਹੋਰ ਕੋਈ ਨਹੀਂ.. ਕੋਈ ਨਹੀਂ...

ਬਲਦੇਵ ਦੇ ਬਿਰਛ ਦੀ ਜੜ੍ਹ ਵਾਂਗ ਹੋਏ ਬਦਨ ਵਿਚੋਂ ਇੱਕ ਸੰਕਲਪ ਪੁੰਗਰਿਆ - ਇਹ ਸ਼ਾਇਦ ਇਤਿਹਾਸ ਦਾ ਹੁਕਮ ਹੈ.. ਮੈਂ ਸ਼ਾਇਦ ਇੱਕ ਵੇਦ ਵਿਆਸ ਹਾਂ.. ਇੱਕ ਰਿਖੀ..

ਤੇ ਉਹੀ ਜੁੱਗਾਂ ਦੀ ਘਟਨਾ ਫੇਰ ਘਟੀ-ਟੁੱਟੇ ਹੋਏ ਪੱਤਿਆਂ ਦੇ ਘਰ ਫੁੱਲਾਂ ਦੀ ਵੰਸ਼ ਚੱਲੀ...

ਕਾਸ਼ੀ ਨਾਥ ਦੇ ਘਰ ਪੁੱਤਰ ਜੰਮਿਆ। ਅੰਗਾਂ ਤੇ ਸਾਕਾਂ ਦੇ ਮੂੰਹ ਵਧਾਈਆਂ ਨਾਲ ਭਰ ਗਏ। ਤੇ ਜਦੋਂ ਬਲਦੇਵ ਨੇ ਪੰਘੂੜੇ ਵਿੱਚ ਪਏ ਹੋਏ ਬੱਚੇ ਨੂੰ ਉਡ਼ ਕੇ ਵੇਖਿਆ-ਉਹਦੇ ਹੋਠ ਵੇਦ ਵਿਆਸ ਦੇ ਹੋਠਾਂ ਵਾਂਗ ਮੀਟੇ ਗਏ..

ਨਹੀਂ-ਨਹੀਂ ਮੈਂ ਵੇਦ ਵਿਆਸ ਨਹੀਂ.. ਬਲਦੇਵ ਦੀ ਆਪਣੀ ਹੀ ਚੀਕ ਵਰਗੀ ਆਵਾਜ਼ ਨਾਲ ਨੀਂਦਰ ਖੁਲ੍ਹ ਗਈ...

ਮੰਜੀ ਦੇ ਕੋਲ ਦੀ ਤਿਪਾਈ ਉਤੇ ਅਜੇ ਵੀ ਰਾਤ ਦੀ ਬਚੀ ਹੋਈ ਵਿਸਕੀ ਪਈ ਹੋਈ ਸੀ, ਉਹਨੇ ਕੰਬਦੇ ਹੱਥ ਨਾਲ ਗਿਲਾਸ ਵਿੱਚ ਵਿਸਕੀ ਲੁੱਦੀ, ਤੇ ਇੱਕ ਡੀਕ ਨਾਲ ਪੀਂਦਾ, ਬੌਂਗੀਆਂ ਵਾਂਗ ਬੋਲਣ ਲੱਗਾ - ਤੂੰ ਦੇਵ ਪੁੱਤਰ ਸੀ ਵੇਦ ਵਿਆਸ! ਤੂੰ ਮਾਨਵ-ਪੁੱਤਰ ਨਹੀਂ ਸੀ...

ਬਲਦੇਵ ਦੀ ਕਲਪਨਾ ਉਹਨੂੰ ਸਦੀਆਂ ਦੇ ਦੂਰ ਇੱਕ ਜੰਗਲ ਵਿੱਚ ਲੈ ਗਈ, ਤੇ ਉਹ ਜੰਗਲ ਦੇ ਵਿਰਲਾਪ ਵਾਂਗ ਬੋਲਿਆ -ਰਿਖੀ ਰਾਜ! ਤੇਰੇ ਕੋਲ ਸਮਾਧੀ ਏ, ਨਿਰੀ ਸਮਾਧੀ, ਪਰ ਮੇਰੇ ਕੋਲ ਸੁਪਨੇ ਨੇ-ਬਹੁਤੇ ਸੁਪਨੇ, , ,

ਬਲਦੇਵ ਦੇ ਬੋਲ ਛਾਤੀ ਵਿਚੋਂ ਉੱਠ ਉੱਠ ਕੇ ਰੁੱਖਾਂ ਨਾਲ ਟਕਰਾਂਦੇ ਰਹੇ - ਵੇਖ ਰਿਖੀ ਪੁੱਤਰ! ਮੇਰੇ ਵੱਲ ਵੇਖ! ਅਹਿ ਵੇਖ ਮੇਰੀ ਅੰਬਿਕਾ.. ਤੈਨੂੰ ਤਾਂ ਆਪਣੀ ਅੰਬਿਕਾ ਦੀ ਦੂਜੇ ਦਿਨ ਪਛਾਣ ਵੀ ਨਹੀਂ ਸੀ ਰਹੀ, ਪਰ ਵੇਖ, ਅਹਿ ਮੇਰਾ ਪਰਛਾਵਾਂ ਨਹੀਂ ਮੇਰੀ ਅੰਬਿਕਾ ਏ... ਮੈਂ ਜਿੱਥੇ ਜਾਵਾਂ ਮੇਰੇ ਨਾਲ ਜਾਂਦੀ ਏ..

ਤੇ ਬਲਦੇਵ ਜ਼ੋਰ ਦੀ ਹੱਸਿਆ - ਦੇਖ! ਰਿਖੀ ਪੁੱਤਰ! ਤੇਰਾ ਕੋਈ ਪਰਛਾਵਾਂ ਨਹੀਂ.. ਲੋਕ ਸੱਚ ਆਖਦੇ ਨੇ ਕਿ ਦੇਵਤਿਆਂ ਦਾ ਪਰਛਾਵਾਂ ਨਹੀਂ ਹੁੰਦਾ.. ਪਰ ਇਨਸਾਨ ਨੂੰ ਤਾਂ ਪਰਛਾਵੇਂ ਦਾ ਸਰਾਪ ਹੁੰਦਾ ਏ.. ਵੇਖ ਮੇਰਾ ਪਰਛਾਵਾਂ, ਮੇਰੇ ਤੋਂ ਵੱਡਾ..

ਫੇਰ ਬਲਦੇਵ ਦੀ ਆਵਾਜ਼ ਅੰਤਾਂ ਦੀ ਚੁੱਪ ਨਾਲ ਟਕਰਾ ਕੇ ਨਿੰਮੋਝੂਣ ਹੋ ਗਈ - ਤੇਰੀ ਸਮਾਧੀ ਖੁਲ੍ਹ ਗਈ ਸੀ, ਜਦੋਂ ਸਤਯਵਤੀ ਨੇ ਆਵਾਜ਼ ਦਿੱਤੀ ਸੀ, ਪਰ ਮੇਰੀ ਆਵਾਜ਼ ਨਾਲ ਨਹੀਂ ਖੁਲ੍ਹਦੀ.. ਕਿਉਂ ਨਹੀਂ ਖੁਲ੍ਹਦੀ? ਤੂੰ ਅੰਬਿਕਾ ਦੀ ਝੋਲੀ ਵਿੱਚ ਖੇਡਦਾ ਆਪਣਾ ਪੁੱਤਰ ਕਦੇ ਆਪਣੀਆਂ ਬਾਹਵਾਂ ਵਿੱਚ ਚੁੱਕ ਕੇ ਨਹੀਂ ਸੀ ਵੇਖਿਆ.. ਮੈਂ ਵੇਖਿਆ ਹੈ ਉਹਨੂੰ, ਬਾਹਵਾਂ ਵਿੱਚ ਚੁੱਕ ਕੇ, ਗਲ ਨਾਲ ਲਾ ਕੇ.. ਤੇ ਤੂੰ ਨਹੀਂ ਜਾਣਦਾ, ਫੇਰ ਉਹਨੂੰ ਗਲ ਨਾਲੋਂ ਲਾਹੁਣਾ ਆਪਣੇ ਮਾਸ ਨਾਲੋਂ ਮਾਸ ਦੇ ਟੁਕੜੇ ਨੂੰ ਤੋੜਣ ਵਾਂਗ ਹੁੰਦਾ ਹੈ...

ਬਲਦੇਵ ਦਾ ਸਾਰਾ ਪਿੰਡਾ, ਪਿੰਡੇ ਵਿਚੋਂ ਵਗਦੇ ਲਹੂ ਵਿੱਚ ਭਿੱਜ ਗਿਆ ਤੂੰ ਕਦੇ ਲਹੂ ਦੀ ਹਵਾੜ੍ਹ ਨਹੀਂ ਵੇਖੀ ਰਿਖੀ ਪੁੱਤਰ! ਆਦਮ ਦੇ ਲਹੂ ਦੀ ਇੱਕ ਹਵਾੜ੍ਹ ਵੀ ਹੁੰਦੀ ਹੈ-ਜਦੋਂ ਉਹ ਧੁਰ ਮਨ ਤੱਕ ਜ਼ਖ਼ਮੀ ਹੋ ਜਾਂਦਾ ਹੈ.. ਤੇ ਲਹੂ ਦੀ ਇਕ ਸੁਗੰਧ ਵੀ ਹੁੰਦੀ ਹੈ, ਜਦੋਂ ਬੱਚੇ ਦੇ ਕੂਲੇ ਕੂਲੇ ਹੋਠ ਹੱਸਦੇ ਹਨ, ਉਦੋਂ ਆਪਣੇ ਹੀ ਪਿੰਡੇ ਵਿਚੋਂਣ ਲਹੂ ਦੀ ਇਕ ਸੁਗੰਧ ਉਠਦੀ ਹੈ

ਤੇ ਇੱਕ ਹੋਰ ਤਿੱਖੀ ਸੁਗੰਧ ਬਲਦੇਵ ਦੇ ਮੱਥੇ ਦੀਆਂ ਨਾੜਾਂ ਵਿੱਚ ਫੈਲ ਗਈ, ਤੇ ਉਹ ਅੱਧੀ ਜਿਹੀ ਸੁਰਤ ਵਿੱਚ ਬੋਲਿਆ ਮੇਰੀ ਅੰਬਿਕਾ ਦੇ ਪਿੰਡੇ ਦੀ ਸੁਗੰਧ ਭਾਵੇਂ ਕਿਥੇ ਚਲੀ ਜਾਵੇ, ਮੈਂ ਉਹਨੂੰ ਲੱਭ ਸਕਦਾ ਹਾਂ.. ਉਹਦੇ ਕੰਬਦੇ ਕੰਬਦੇ ਸਾਹ ਐਥੇ ਮੇਰੇ ਮੌਢੇ ਕੋਲ, ਮੇਰੀ ਬਾਂਹ ਕੋਲ, ਮੇਰੀ ਗਰਦਨ ਕੋਲ ਪਏ ਹੋਏ ਨੇ.. ਇੱਕ ਅਮਾਨਤ ਵਾਂਗ ਪਏ ਹੋਏ ਨੇ, ਤੇ ਵੇਖ.. ਮੇਰੇ ਅੰਦਰ ਵੀ-ਮੈਂ ਉਹਦੇ ਹੋਠਾਂ ਵਿਚੋਂ ਇਕ ਪੂਰਾ ਘੁੱਟ ਪੀਤਾ ਸੀ..

ਬਲਦੇਵ ਦੇ ਮੱਥੇ ਦੀ ਇੱਕ ਨਾੜ ਚੀਸ ਵਾਂਗ ਕੱਸੀ ਗਈ, ਤੇ ਉਹ ਹੇਠਲੇ ਹੋਠ ਨੂੰ ਦੰਦਾਂ ਵਿੱਚ ਲੈ ਕੇ ਕਹਿਣ ਲੱਗਾ - ਰਿਖੀ ਪੁੱਤਰ! ਤੂੰ ਸਿਰਫ਼ ਦੇਣਾ ਜਾਣਦਾ ਸੀ, ਤੈਨੂੰ ਕੁਝ ਵੀ ਲੈਣ ਦੀ, ਕੁਝ ਵੀ ਅੰਗੀਕਾਰ ਕਰਨ ਦੀ ਪਛਾਣ ਨਹੀਂ ਸੀ.. ਮੈਂ ਉਹ ਪਛਾਣ ਪਾਈ ਹੈ-ਮੈਂ ਜਦੋਂ ਆਪਣੀ ਅੰਬਿਕਾ ਦੇ ਜਿਸਮ ਦੀਆਂ ਤੈਹਾਂ ਵਿੱਚ ਗਿਆ ਸਾਂ, ਉਹ ਤੈਹਾਂ ਮੈਨੂੰ ਲੈ ਕੇ ਇੱਕ ਮੁੱਠ ਵਾਂਗ ਮੀਟੀਆਂ ਗਈਆਂ ਸਨ-ਤੇ ਫੇਰ ਜਦੋਂ ਫੁੱਲ ਦੀਆਂ ਪੱਤੀਆਂ ਵਾਂਗ ਖੁਲ੍ਹੀਆਂ ਸਨ, ਮੈਂ ਵਾਪਿਸ ਮੁੜਦਾ ਉਨ੍ਹਾਂ ਦੀ ਗੰਧ ਆਪਣੇ ਨਾਲ ਲੈ ਆਇਆ ਸਾਂ.. ਉਹ ਸਿਰਫ਼ ਕੁਝ ਦੇਣ ਦਾ ਨਹੀਂ, ਕੁਝ ਲੈਣ ਦਾ ਵੀ ਪਲ ਸੀ, ਮੈਂ ਉਹ ਪਲ ਵੇਖਿਆ ਹੈ ਰਿਖੀ ਪੁੱਤਰ! ਤੂੰ ਨਹੀਂ ਵੇਖਿਆ.. ਦੇਣਾ ਦਰਦ ਨਹੀਂ ਹੁੰਦਾ, ਲੈਣਾ ਇੱਕ ਦਰਦ ਹੁੰਦਾ ਹੈ, ਤੂੰ ਉਹ ਦਰਦ ਨਹੀਂ ਜਾਣਦਾ ਮੇਰੇ ਰਿਖੀ ਰਾਜ!...

ਦੁਆਲੇ ਸਭ ਸ਼ਾਂਤ ਸੀ-ਦੁਆਲੇ ਵੀ, ਦੂਰ ਤੱਕ ਵੀ-ਜਿੱਥੋਂ ਤੱਕ ਬਲਦੇਵ ਨੂੰ ਜ਼ਿੰਦਗੀ ਦੇ ਰਹਿੰਦੇ ਵਰ੍ਹਿਆਂ ਦਾ ਭਵਿੱਖ ਦਿੱਸ ਸਕਦਾ ਸੀ, ਉਥੋਂ ਤੱਕ, ਇੱਕ ਅੰਤ ਹੀਨ ਚੁੱਪ, ਇੱਕ ਖਾਮੋਸ਼ ਹਨੇਰਾ। ਪਰ ਬਲਦੇਵ ਹਨੇਰੇ ਵਿੱਚ ਪਏ ਹੋਏ ਹਨੇਰੇ ਦੇ ਇੱਕ ਟੁਕੜੇ ਵਾਂਗ ਗਾੜ੍ਹਾ ਹੋ ਕੇ ਆਪਣੇ ਅੰਗਾਂ ਵਿੱਚ ਸਿਮਟ ਗਿਆ, ਉਹਦੇ ਹੋਠ ਕੁਝ ਇੰਝ ਹਿਲਦੇ ਰਹੇ, ਜਿਵੇਂ ਹਨੇਰੇ ਦੀਆਂ ਤੈਹਾਂ ਹਿਲਦੀਆਂ ਹੋਣ - ਉਹ ਮੇਰੇ ਕੋਲੋਂ ਅੱਗ ਦੀ ਇੱਕ ਚਿਣਗ ਲੈਣ ਵਾਸਤੇ ਆਈ ਸੀ, ਮੈਂ ਉਸ ਚਿਣਗ ਦੀ ਖਾਤਰ ਬਲਣਾ ਸੀ, ਬਲਿਆ ਸਾਂ, ਪਰ ਨਹੀਂ ਸਾਂ ਜਾਣਦਾ-ਸ਼ਾਇਦ ਉਹ ਵੀ ਨਹੀਂ ਸੀ ਜਾਣਦੀ, ਕਿ ਚਿਣਗ ਨੂੰ ਧਾਰਣ ਕਰਨ ਲਈ ਉਸ ਨੂੰ ਵੀ ਅੱਗ ਦੇ ਸਰਾਪ ਵਿਚੋਂ ਲੰਘਣਾ ਪਵੇਗਾ, ਅੱਗ ਉਹਨੂੰ ਵੀ ਛੋਹ ਗਈ ਸੀ ਤਾਂ ਉਹ ਕੰਬ ਗਈ ਸੀ.. ਉਹ ਸਾਰੀ ਮੇਰੇ ਜਿਸਮ ਵਿੱਚ ਸਿਮਟ ਗਈ ਸੀ-ਜਿਵੇਂ ਉਹ ਆਪਣੀ ਲਾਟ ਤੋਂ ਸ਼ਰਮਾ ਗਈ ਹੋਵੇ.. ਤੇ ਹੁਣ ਐਸ ਰਾਖ ਵਿੱਚ ਉਹ ਵੀ ਬਲ ਕੇ ਬੁਝ ਕੇ ਆਪਣੀ ਰਾਖ ਰਲਾ ਗਈ ਏ... ਵੇਖ ਰਿਖੀ ਰਾਜ!...

ਸੁਰਤ ਦੇ ਹਨੇਰੇ ਵਿੱਚ ਇੱਕ ਆਕਾਰ ਜਿਹਾ ਉੱਭਰਿਆ-ਕੋਈ ਪੱਥਰ ਦੀ ਮੂਰਤੀ ਵਰਗਾ, ਸ਼ਾਇਦ ਸਮੇਂ ਨਾਲ ਸੱਚਮੁੱਚ ਪੱਥਰ ਹੋ ਚੁਕਾ, ਜਾਂ ਅਜੇ ਵੀ ਜੀਉਂਦਾ ਤੇ ਤਪੱਸਿਆ ਵਿੱਚ ਲੀਨ ਬੈਠਾ ਹੋਇਆ। ਬਲਦੇਵ ਨੇ ਹਨੇਰੇ ਵਿੱਚ ਬਾਂਹ ਪਸਾਰੀ, ਹੇਠਾਂ ਜ਼ਮੀਨ ਨੂੰ ਟੋਹ ਕੇ ਉਹਦੇ ਪੈਰਾਂ ਨੂੰ ਛੋਹਣ ਲਈ, ਤੇ ਕੰਬਦੀ ਬਾਂਹ ਵਾਂਗ ਉਹਦੀ ਆਵਾਜ਼ ਕੰਬੀ - ਮੈਂ ਭੁੱਲ ਗਿਆ ਰਿਖੀ ਰਾਜ! ਮੈਂ ਆਦਮ ਪੁੱਤਰ ਹੋ ਕੇ ਤੇਰੀ ਰੀਸ ਕੀਤੀ ਸੀ.. ਮੈਂ ਇੱਕ ਪਲ ਤੂੰ ਹੋ ਕੇ ਵੇਖਿਆ.. ਸਿਰਫ਼ ਇੱਕ ਪਲ.. ਮੈਂ ਜਿਵੇਂ ਇੱਕ ਪਲ ਲਈ ਤੇਰਾ ਆਸਣ ਚੁਰਾ ਲਿਆ, ਪਰ ਮੈਂ ਤੂੰ ਨਹੀਂ ਹੋ ਸਕਦਾ.. ਤੂੰ ਆਪਣੇ ਜੰਗਲ ਵਿੱਚ ਅਜੇ ਵੀ ਅਡੋਲ ਬੈਠਾ ਹੋਇਆ ਏਂ-ਮੈਂ ਆਪਣੇ ਜੰਗਲ ਵਿੱਚ ਭਟਕ ਰਿਹਾ ਹਾਂ.. ਮੈਨੂੰ ਸਿਰਫ਼ ਦੇਣ ਦਾ ਵਰ ਨਹੀਂ ਮਿਲਿਆ, ਲੈਣ ਦਾ ਸਰਾਪ ਵੀ ਮਿਲਿਆ ਹੈ... ਮੈਂ ਆਪਣੀ ਅੰਬਿਕਾ ਆਪਣੇ ਕੋਲ ਚਾਹੁੰਦਾ ਹਾਂ-ਆਪਣਾ ਬੱਚਾ ਵੀ.. ਵੇਖ! ਮੇਰੀਆਂ ਅੱਖਾਂ ਸਿਰਫ਼ ਮੇਰੇ ਮੂੰਹ ਉਤੇ ਨਹੀਂ, ਮੇਰੀ ਪਿੱਠ ਉੱਤੇ ਵੀ ਹਨ-ਉਹ ਪਿੱਛੇ ਦੂਰ ਉਥੇ ਵੇਖ ਰਹੀਆਂ ਹਨ-ਜਿੱਥੇ ਮੇਰੀ ਅੰਬਿਕਾ ਮੇਰੇ ਕੋਲ ਸੀ-ਮੇਰੀ ਵੱਖੀ ਨਾਲ ਲੱਗੀ ਹੋਈ-ਤੇ ਮੈਂ ਉਹਦੀ ਕੁੱਖ ਵਿਚ ਉੱਗ ਰਿਹਾ ਸਾਂ..

ਬਲਦੇਵ ਦੀ ਨੀਮ ਜਿਹੀ ਸੁਰਤ ਫੇਰ ਨੀਂਦਰ ਦੀ ਝੋਕ ਬਣ ਗਈ, ਤਾਂ ਕਮਰੇ ਦੀ ਖ਼ਾਮੋਸ਼ੀ ਨੇ ਇੱਕ ਚੈਨ ਦਾ ਸਾਹ ਲਿਆ।

ਸਿਰਫ਼ ਬਾਰੀ ਵਿਚੋਂ ਔਂਦੇ ਹਵਾ ਦੇ ਝੋਕਿਆਂ ਨਾਲ ਮੇਜ਼ ਉਤ ਪਈਆਂ ਹੋਈਆਂ ਕਿਤਾਬਾਂ ਦੇ ਕੁਝ ਵਰਕੇ ਇਸ ਤਰ੍ਹਾਂ ਹਿੱਲ ਰਹੇ ਸਨ-ਜਿਵੇਂ ਮਹਾਭਾਰਤ ਦੇ ਕਿਸੇ ਪਰਵ ਦਾ ਸਫ਼ਾ ਉੱਠ ਕੇ ਕਾਮੂ ਦੇ ਆਊਟ ਸਾਈਡਰ ਨੂੰ ਕੁਝ ਕਹਿ ਰਿਹਾ ਹੋਵੇ, ਜਾਂ ਪਾਸਤਰਨਾਕ ਦਾ ਜ਼ਿਵਾਗੋ ਅੱਖਾਂ ਮਲਦਾ ਹੋਇਆ ਮਹਾਰਿਖੀ ਪਰਾਸ਼ਰ ਕੋਲੋਂ ਮਤਸਯਗੰਧਾ ਦੇ ਯੋਜਨ-ਗੰਧਾ ਬਨਣ ਦਾ ਭੇਤ ਪੁੱਛ ਰਿਹਾ ਹੋਵੇ...

ਅਚਾਨਕ ਕਮਰੇ ਦੀ ਖ਼ਾਮੋਸ਼ੀ ਤ੍ਰਭਕ ਕੇ ਬਲਦੇਵ ਵੱਲ ਵੇਖਣ ਲੱਗ ਪਈ, ਉਹ ਤੜਪ ਕੇ ਬਿਸਤਰੇ ਤੋਂ ਉਠਦਾ ਆਖ ਰਿਹਾ ਸੀ - ਇਹ ਕਿਹਾ ਸਰਾਪ ਹੈ, ਵੇਦ ਵਿਆਸ! ਜਦੋਂ ਵੀ ਸੌਂਦਾ ਹਾਂ-ਅੱਗ ਵਾਂਗੂੰ ਬਲਣ ਲੱਗ ਪੈਂਦਾ ਹਾਂ, ਮੈਂ ਵੀ, ਮੇਰੀ ਅੰਬਿਕਾ ਵੀ-ਤੇ ਜਦੋਂ ਵੀ ਜਾਗਦਾ ਹਾਂ-ਰਾਖ ਦਾ ਇਕ ਢੇਰ ਬਣ ਜਾਂਦਾ ਹਾਂ... ਦੱਸ! ਮੇਰਾ ਬੱਚਾ ਵੱਡਾ ਹੋ ਕੇ ਇਸ ਰਾਖ ਵਿਚੋਂ ਆਪਣੀ ਵੰਸ਼ ਕਿਵੇਂ ਲੱਭੇਗਾ?

ਤੇ ਨਦੀ ਉਸੇ ਤਰ੍ਹਾਂ ਵਹਿੰਦੀ ਰਹੀ.. ਸਿਰਫ਼ ਉਹਦੇ ਪਾਣੀਆਂ ਨੇ ਕੁਝ ਨਿੰਮੋਝੂਣ ਹੋ ਕੇ ਵੇਖਿਆ-ਕਿ ਉਹ ਘਟਨਾ ਰਾਖ ਬਣ ਕੇ ਪਰ੍ਹਾਂ ਕੰਢੇ ਉਤੇ ਪਈ ਹੋਈ ਹੈ...

## ਕਾਨੂੰਨ ਦੀ ਉਲੰਘਣਾ

ਕੇਵਲ ਸਿੰਘ ਕਾਲਝਰਾਣੀ

ਰਮੇਸ਼ ਅਤੇ ਉਸ ਦੀ ਪਤਨੀ ਸੀਤਾ ਮਿਹਨਤ ਮਜ਼ਦੂਰੀ ਕਰਨ ਵਾਲੇ ਗ਼ਰੀਬ ਲੋਕ ਹਨ। ਪਰ ਅੱਜ ਰਮੇਸ਼ ਅਤੇ ਸੀਤਾ ਬਹੁਤ ਹੀ ਨਿਰਾਸ਼ ਅਤੇ ਦੁਖੀ ਸਨ ਕਿਉਂਕਿ ਲੰਮੇ ਸਮੇਂ ਤੋਂ ਹੋ ਰਹੇ ਛਾਤੀ ਦੇ ਦਰਦ ਦੀ ਜਾਂਚ ਲਈ ਅੱਜ ਸੀਤਾ ਨੂੰ ਰਮੇਸ਼ ਨਜ਼ਦੀਕੀ ਸਰਕਾਰੀ ਹਸਪਤਾਲ ਵਿੱਚ ਲੈ ਗਿਆ। ਡਾਕਟਰ ਨੇ ਉਨ੍ਹਾਂ ਨੂੰ ਆਖ਼ਰੀ ਸਟੇਜ ਦਾ ਕੈਂਸਰ ਦੱਸਿਆ।

ਹੁਣ ਰਮੇਸ਼ ਦੀ ਮਜ਼ਦੂਰੀ ਉਸ ਦੇ ਘਰ ਅਤੇ ਪਤਨੀ ਦੀ ਦਵਾਈ ਦੇ ਖ਼ਰਚੇ ਚੁੱਕਣ ਵਿੱਚ ਲਾਚਾਰ ਸੀ। ਉਸ ਨੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਮੱਦਦ ਦੀ ਗੁਹਾਰ ਲਗਾਈ, ਪਰ ਸਭ ਨੇ ਉਸ ਨਾਲੋਂ ਨਾਤੇ ਤੋੜ ਲਏ। ਅੰਤ ਨੂੰ ਰਮੇਸ਼ ਆਪਣੇ ਪੁਰਾਣੇ ਜਿਗਰੀ ਯਾਰ ਕਮਲ ਕੋਲ ਗਿਆ ਜੋ ਬੈਂਕ ਵਿੱਚ ਚਪੜਾਸੀ ਦੀ ਨੌਕਰੀ ਕਰਦਾ ਸੀ ਪਰ ਉਸ ਨੇ ਵੀ ਆਪਣੀਆਂ ਮਜਬੂਰੀਆਂ ਦਾ ਪੁਲੰਦਾ ਰਮੇਸ਼ ਸਾਹਮਣੇ ਖੋਲ੍ਹ ਦਿੱਤਾ। ਕਮਲ ਇੱਕ ਚੰਗਾ ਇਨਸਾਨ ਸੀ ਤੇ ਉਹ ਰਮੇਸ਼ ਦੀ ਮੱਦਦ ਕਰਨਾ ਵੀ ਚਾਹੁੰਦਾ ਸੀ ਪਰ ਹਾਲਾਤ ਤੋਂ ਮਜਬੂਰ ਸੀ। ਰਮੇਸ਼ ਨੇ ਬੈਂਕ ਦੀ ਦਹਿਲੀਜ਼ ਤੋਂ ਪੈਰ ਥੱਲੇ ਲਾਹਿਆ ਹੀ ਸੀ ਕਿ ਕਮਲ ਨੇ ਆਵਾਜ਼ ਮਾਰੀ, "ਰਮੇਸ਼, ਵਾਪਸ ਆਓ। ਮੈਂ ਤੁਹਾਡੇ ਬਾਰੇ ਮੈਨੇਜਰ ਸਾਹਿਬ ਨਾਲ ਗੱਲ ਕੀਤੀ ਹੈ। ਉਹ ਤੁਹਾਨੂੰ ਆਟੋ ਰਿਕਸ਼ਾ ਖਰੀਦਣ ਲਈ ਕਰਜ਼ ਦੇਣ ਲਈ ਤਿਆਰ ਹੋ ਜਾਣਗੇ, ਪਰ ਤੁਹਾਨੂੰ ਕਿਸੇ ਜਾਇਦਾਦ ਦੇ ਕਾਗ਼ਜ਼ ਦੇਣੇ ਪੈਣਗੇ ਤੇ ਗਵਾਹ ਵਜੋਂ ਦਸਤਖ਼ਤ ਮੈਂ ਆਪ ਕਰ ਦਿਆਂਗਾ।" ਇੱਕ ਵਾਰ ਤਾਂ ਗੱਲ ਸੁਣ ਕੇ ਰਮੇਸ਼ ਦੇ ਚਿਹਰੇ 'ਤੇ ਰੌਣਕ ਆ ਗਈ। " ਪਰ ਮੇਰੇ ਕੋਲ ਤਾਂ ਕੋਈ ਜਾਇਦਾਦ ਹੈ ਹੀ ਨਹੀਂ," ਪਲ ਭਰ ਮਗਰੋਂ ਰਮੇਸ਼ ਨੇ ਕਿਹਾ। ਕਮਲ ਬੋਲਿਆ, "ਕੋਈ ਗੱਲ ਨਹੀਂ। ਤੇਰੇ ਕੋਲ ਤੇਰਾ ਘਰ ਤਾਂ ਹੈ।"

ਕਮਲ ਨੇ ਰਮੇਸ਼ ਨੂੰ ਉਸ ਦਾ ਘਰ ਬੈਂਕ ਕੋਲ ਗਹਿਣੇ ਰੱਖ ਕੇ ਆਟੋ ਰਿਕਸ਼ਾ ਦਿਵਾ ਦਿੱਤਾ। ਹੁਣ ਉਹ ਆਪਣੀ ਰੋਜ਼ਾਨਾ ਦੀ ਮਜ਼ਦੂਰੀ ਤੋਂ ਕਿਤੇ ਜ਼ਿਆਦਾ ਪੈਸੇ ਕਮਾ ਸਕਦਾ ਸੀ। ਭਾਵੇਂ ਬੈਂਕ ਦੀ ਕਿਸ਼ਤ ਅਤੇ ਸੀਤਾ ਦੀ ਦਵਾਈ ਸਹੀ ਚੱਲ ਰਹੇ ਸਨ, ਪਰ ਰੋਟੀ ਰੋਜ਼ਾਨਾ ਦੋਵੇਂ ਸਮੇਂ ਕਦੇ ਕਦਾਈਂ ਹੀ ਮਿਲਦੀ ਸੀ। ਫਿਰ ਵੀ ਦੋਵੇਂ ਜੀਅ ਖ਼ੁਸ਼ ਸਨ।

ਇੱਕ ਦਿਨ ਰਮੇਸ਼ ਰੋਜ਼ਾਨਾ ਵਾਂਗ ਰੇਲਵੇ ਸਟੇਸ਼ਨ 'ਤੇ ਆਪਣੇ ਸਟੈਂਡ ਉੱਤੇ ਆਉਣ ਵਾਲੀ ਸਵਾਰੀ ਨੂੰ ਲਿਜਾਣ ਲਈ ਖੜ੍ਹਾ ਸੀ ਕਿ ਅਚਾਨਕ ਉਸ ਦੇ ਗੁਆਂਢੀ ਰਾਜੂ ਦਾ ਫੋਨ ਆ ਗਿਆ। ਉਸ ਨੇ ਦੱਸਿਆ, "ਰਮੇਸ਼, ਮੈਂ ਰਾਜੂ ਹਾਂ। ਭਾਬੀ ਸੀਤਾ ਦੀ ਹਾਲਤ ਅਚਾਨਕ ਵਿਗੜ ਗਈ ਹੈ। ਉਹ ਦਰਦ ਨਾਲ ਤੜਫ਼ ਰਹੀ ਹੈ ਅਤੇ ਉੱਚੀ ਉੱਚੀ ਚੀਕਾਂ ਮਾਰ ਰਹੀ ਹੈ। ਮੈਂ ਤੇ ਮੇਰੀ ਪਤਨੀ ਰਾਣੀ ਨੇ ਉਸ ਨੂੰ ਹਸਪਤਾਲ ਲਿਜਾਣ ਲਈ ਕਿਹਾ ਸੀ । ਪਰ ਉਸ ਨੇ ਮਨ੍ਹਾ ਕਰ ਦਿੱਤਾ ਅਤੇ ਕਿਹਾ ਜਲਦੀ ਰਮੇਸ਼ ਨੂੰ ਬੁਲਾ ਦਿਓ ਜਦੋਂ ਰਮੇਸ਼ ਆ ਜਾਵੇਗਾ ਮੈਂ ਆਪੇ ਹੀ ਠੀਕ ਹੋ ਜਾਵਾਂਗੀ।" ਰਮੇਸ਼ ਦਾ ਗਲਾ ਭਾਰੀ ਹੋ ਗਿਆ। ਪਲਕਾਂ ਨੇ ਇੱਕ ਪਲ ਲਈ ਝਪਕਣਾ ਬੰਦ ਕਰ ਦਿੱਤਾ, ਹੰਝੂ ਅੱਖਾਂ ਵਿੱਚ ਹੀ ਸੁੱਕ ਗਏ। ਰਾਜੂ ਦੇ ਬੋਲ ਉਸ ਦਾ ਸੀਨਾ ਚੀਰ ਰਹੇ ਸਨ ਅਤੇ ਇੰਝ ਲਗਦਾ ਸੀ ਜਿਵੇਂ ਸਰੀਰ ਬੁੱਤ ਬਣ ਗਿਆ ਹੋਵੇ।

ਆਪਣੇ ਹੋਸ਼ ਸੰਭਾਲਦੇ ਹੋਏ ਹੌਸਲਾ ਕਰਕੇ ਰਮੇਸ਼ ਕਾਹਲ਼ੀ ਨਾਲ ਘਰ ਵੱਲ ਨੂੰ ਚੱਲ ਪਿਆ। ਰਸਤੇ ਵਿੱਚ ਕਾਫ਼ੀ ਭੀੜ ਉੱਚੀ ਉੱਚੀ ਰੌਲਾ ਪਾਉਂਦੀ ਜਾ ਰਹੀ ਸੀ। ਇੱਕ ਇੱਕ ਮੋਟਰਸਾਈਕਲ ਉੱਤੇ ਚਾਰ ਚਾਰ ਜਣੇ ਸਵਾਰ ਸਨ।ਸਾਇਲੈਂਸਰ ਦੇ ਪਟਾਕੇ ਲੋਕਾਂ ਦੇ ਕੰਨ ਪਾੜ ਰਹੇ ਸਨ। ਲੰਡੀਆਂ ਜੀਪਾਂ ਵਿੱਚ ਬਾਹਰ ਲਮਕ ਲਮਕ ਨਾਹਰੇ ਲਾਉਂਦੇ ਨੌਜਵਾਨ ਰਾਹਗੀਰਾਂ ਨੂੰ ਅੱਗੇ ਨਹੀਂ ਸੀ ਲੰਘਣ ਦੇ ਰਹੇ। ਥੋੜ੍ਹੀ ਜਿਹੀ ਦਲੇਰੀ ਕਰਕੇ ਰਮੇਸ਼ ਨੇ ਜਿਉਂ ਹੀ ਅੱਗੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਅੱਗੇ ਖੜ੍ਹੀ ਪੁਲਿਸ ਨੇ ਉਸ ਨੂੰ ਪਾਸੇ ਕਰਕੇ ਰੋਕ ਲਿਆ ਕਿਉਂਕਿ ਆਵਾਜਾਈ ਮੰਤਰੀ ਜੀ ਦੀ ਰੈਲੀ ਸੀ ਅਤੇ ਇਹ ਸਭ ਉਨ੍ਹਾਂ ਦੀ ਪਾਰਟੀ ਦੇ ਸਮਰਥਕ ਸਨ। ਬੇਨੰਬਰੀ ਕਾਰਾਂ ਅਤੇ ਹੱਥਾਂ ਵਿੱਚ ਸੋਟੇ ਫੜੀ ਇਹ ਲੋਕ ਬੇਝਿਜਕ ਲੰਘ ਰਹੇ ਸਨ। "ਲਿਆ ਕਾਗ਼ਜ਼ ਓਏ," ਸਿਪਾਹੀ ਨੇ ਰਮੇਸ਼ ਵੱਲ ਇਸ਼ਾਰਾ ਕਰਦੇ ਹੋਏ ਕਿਹਾ। ਰਮੇਸ਼ ਆਪਣੇ ਆਟੋ ਰਿਕਸ਼ਾ ਦੇ ਕਾਗ਼ਜ਼ ਸਿਪਾਹੀ ਕੋਲ ਲੈ ਗਿਆ ਅਤੇ ਆਪਣੀ ਪਤਨੀ ਬਾਰੇ ਘਰੋਂ ਆਏ ਫੋਨ ਬਾਰੇ ਦੱਸਣ ਲੱਗਾ ਤਾਂ ਉਸ ਭਲੇਮਾਣਸ ਸਿਪਾਹੀ ਨੇ ਉਸ ਨੂੰ ਜਲਦੀ ਜਾਣ ਲਈ ਕਹਿ ਦਿੱਤਾ। ਫਿਰ ਵੀ ਸਾਹਮਣੇ ਬੈਠੇ ਉਨ੍ਹਾਂ ਦੇ ਸਾਬ੍ਹ ਨੇ ਉਸ ਨੂੰ ਰੋਕ ਲਿਆ ਅਤੇ ਸਿਪਾਹੀ ਨੂੰ ਵੀ ਝਾੜ ਪਾਈ, "ਉਏ ਤੈਨੂੰ ਪਤਾ ਨਹੀਂ ਮੰਤਰੀ ਜੀ ਟ੍ਰੈਫਿਕ ਨਿਯਮਾਂ ਬਾਰੇ ਕਿੰਨੇ ਸਖ਼ਤ ਨੇ। ਇਹਦਾ ਸਾਰਾ ਕੁਝ ਚੈੱਕ ਕਰੋ," ਸਾਹਮਣੇ ਬੈਠੇ ਅਫ਼ਸਰ ਨੇ ਸਿਪਾਹੀ ਨੂੰ ਗੁੱਸੇ ਨਾਲ ਕਿਹਾ। ਕਾਫ਼ੀ ਜਾਂਚ ਪੜਤਾਲ ਤੋਂ ਬਾਅਦ ਸਿਪਾਹੀ ਨੇ ਭਰੇ ਹਿਰਦੇ ਨਾਲ ਚਲਾਨ ਦੀ ਇੱਕ ਕਾਪੀ ਰਮੇਸ਼ ਨੂੰ ਫੜਾ ਦਿੱਤੀ, ਪਰ ਜਦੋਂ ਰਮੇਸ਼ ਆਪਣੇ ਆਟੋ ਵੱਲ ਨੂੰ ਤੁਰਿਆ ਤਾਂ ਅਫ਼ਸਰ ਨੇ ਫਿਰ ਆਵਾਜ਼ ਮਾਰੀ, "ਉਏ, ਇਸ ਨੂੰ ਬਾਊਂਡ ਕਰ ਦਿੱਤਾ ਗਿਆ ਹੈ। ਤੇਰੇ ਕਾਗਜ਼ਾਂ ਵਿੱਚ ਤਾਂ ਕਮੀਆਂ ਹੀ ਬਹੁਤ ਨੇ। ਤੂੰ ਟ੍ਰੈਫਿਕ ਨਿਯਮਾਂ ਨੂੰ ਤੋੜਿਆ ਹੈ। ਹੁਣ ਇਹ ਸਾਡੇ ਕੋਲ ਹੀ ਰਹੇਗਾ। ਅਦਾਲਤ ਵਿੱਚ ਜੁਰਮਾਨਾ ਭਰ ਕੇ ਇਸ ਨੂੰ ਛੁਡਾ ਲਵੀਂ।"

ਰਮੇਸ਼ ਦਿੱਤੀ ਹੋਈ ਪਰਚੀ ਨੂੰ ਖੀਸੇ ਵਿੱਚ ਪਾ ਕਾਹਲ਼ੀ ਨਾਲ ਘਰ ਵੱਲ ਨੂੰ ਪੈਦਲ ਚੱਲ ਪਿਆ। ਖੱਜਲ ਖੁਆਰ ਹੁੰਦਾ ਰਮੇਸ਼ ਆਖ਼ਰ ਘਰ ਪਹੁੰਚ ਹੀ ਗਿਆ। ਘਰ ਵਿੱਚ ਲੋਕਾਂ ਦਾ ਇਕੱਠ ਸੀ, ਪਰ ਕਿਸੇ ਦੇ ਦਰਦ ਨਾਲ ਚੀਕਣ ਦੀ ਆਵਾਜ਼ ਨਹੀਂ ਸੀ ਆ ਰਹੀ। ਸਾਰੇ ਪਾਸੇ ਸੰਨਾਟਾ ਛਾਇਆ ਹੋਇਆ ਸੀ। ਸੀਤਾ ਆਪਣੇ ਸਾਹਾਂ ਦੀ ਪੂੰਜੀ ਹਾਰ ਚੁੱਕੀ ਸੀ। ਪੱਥਰ ਹੋਇਆ ਰਮੇਸ਼ ਕਦੇ ਸੀਤਾ ਦੀ ਲਾਸ਼ ਵੱਲ ਅਤੇ ਕਦੇ ਚਲਾਨ ਵਾਲੀ ਪਰਚੀ ਵੱਲ ਵਾਰ ਵਾਰ ਦੇਖ ਰਿਹਾ ਸੀ।

# ਮੇਰੀ ਕਲਮ

## ਸੁਲਗਦੇ ਅਹਿਸਾਸ

ਪ੍ਰਸ਼ੋਤਮ ਪੱਤੋ

ਫ਼ਿਕਰ 'ਨ੍ਹੇਰੀਆਂ ਵਿੱਚ ਆਪਣਾ ਖ਼ਿਆਲ ਰੱਖੀਂ।
ਯੋਧਿਆਂ ਦੀ ਯਾਦਾਂ ਦੇ ਜੁਗਨੂੰ ਨਾਲ-ਨਾਲ ਰੱਖੀਂ।
ਕੀ ਪਤਾ ਕਦ ਚੰਦ ਬੱਦਲੀ ਦੇ ਓਹਲੇ ਹੋ ਜਾਵੇ,
ਆਪਣੀ ਦਹਿਲੀਜ਼ ਉੱਤੇ ਦੀਵਾ ਤੂੰ ਬਾਲ ਰੱਖੀਂ।
ਤੰਗੀਆਂ ਨੇ ਬਹੁਤ ਅੱਜ ਤੇਰੇ ਚਾਰ ਚੁਫ਼ੇਰੇ,
ਸੁਲਗਦੇ ਅਹਿਸਾਸੀ ਹਿਰਦਾ ਵਿਸ਼ਾਲ ਰੱਖੀਂ।
ਗਰਮ ਹਵਾਵਾਂ ਨਾਲ ਐਵੇਂ ਨਾ ਗਰਮ ਹੋ ਜਾਵੀਂ,
ਦਿਲ ਵਿੱਚ ਦਬਾ ਕੇ ਪਿਆਰ ਦਾ ਭੂਚਾਲ ਰੱਖੀਂ।
ਕਿਸ ਕਿਸ ਨੂੰ ਤੇਰੇ ਰੋਸ ਦਾ ਦੇਵਾਂਗਾ ਜਵਾਬ,
ਮਨੁੱਖੀ ਪਿਆਰ ਦੀ ਲੋਕਾਂ 'ਚ ਬੋਲਚਾਲ ਰੱਖੀਂ।
ਜੇ ਸੁਆਰਥਾਂ ਦੇ ਸੱਪ ਤੇਰੇ ਕੋਲ ਵੀ ਆ ਗਏ,
ਸ਼ੀਸ਼ੇ ਜਿਹਾ ਤੂੰ ਚਿਹਰਾ ਸਭ ਨੂੰ ਦਿਖਾਲ ਰੱਖੀਂ।
ਇਸ ਮਨੁੱਖੀ ਬਾਗ਼ 'ਚ ਜੋ ਵੀ ਫੁੱਲ ਆਪਣਾ ਹੈ,
ਮਹਿਕ ਉਸ ਦੀ ਉਮਰਾਂ ਤੀਕ ਸੰਭਾਲ ਰੱਖੀਂ।

## ਦੀਵੇ ਦੀ ਲੋਅ

ਅਜੀਤ ਖੰਨਾ

ਹਕੂਮਤ ਦੇ ਘਰਾਟ 'ਚ ਪਿਸਦੇ
ਕੰਮੀਆਂ ਦੀ ਮਿਹਨਤ
ਹੁਣ ਅਜਾਈਂ ਨਹੀਂ ਜਾਏਗੀ
ਇੱਕ ਨਾ ਇੱਕ ਦਿਨ ਉਹ
ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਪ੍ਰਾਚੀਨ ਕਾਲ ਤੋਂ ਵਰਤਮਾਨ ਤੱਕ
ਟੁੱਕ ਖ਼ਾਤਰ ਜੂਝਦੇ ਆ ਰਹੇ
ਇਨ੍ਹਾਂ ਕੰਮੀਆਂ ਦੀ ਆਵਾਜ਼ ਨੂੰ
ਹੁਣ ਹਕੂਮਤ ਨਹੀਂ ਦਬਾਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਸਭ ਨੂੰ ਮੁਫ਼ਤ ਮਿਲ ਗਈ
ਹੁਣ ਉਹ ਪਿਛਲੱਗ ਬਣ ਨਹੀਂ
ਸਗੋਂ ਆਗੂ ਬਣ ਵਿਚਰਨਗੇ
ਤੇ ਉਨ੍ਹਾਂ ਦੀ ਕਾਬਲੀਅਤ ਖੰਨੇ
ਇੱਕ ਵੱਖਰਾ ਰੰਗ ਲਿਆਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਸ਼ਾਹੂਕਾਰਾਂ ਦਾ ਗੋਹਾ ਕੂੜਾ ਸੁੱਟ
ਹੁਣ ਉਨ੍ਹਾਂ ਦਾ ਕਾਮਾ ਨਹੀਂ
ਅਫ਼ਸਰ ਬਣ ਹੁਕਮ ਚਲਾਏਗਾ
ਬੱਚਿਆਂ ਨੂੰ ਤਾਲੀਮ ਦਿਵਾ
ਜਿੰਦ ਸੁਖ ਦੀ ਜੂਨ ਹੰਢਾਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਲਿਖਤ ਨਾਲ ਬਦਲ ਤਕਦੀਰ
ਜਦ ਤਕਦੀਰ ਨਾਲ ਟਕਰਾਏਗੀ
ਕਰ ਖ਼ਤਮ ਪਾੜਾ ਨਿੱਕੇ ਵੱਡੇ ਦਾ
ਬਰਾਬਰੀ ਦਾ ਹੱਕ ਤੇ ਇਨਸਾਫ਼
ਅਜੀਤ ਦੀ ਕਲਮ ਦਿਵਾਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ।

## .ਗਜ਼ਲ

ਗੁਰਵਿੰਦਰ ਹਸਨਪੁਰ



ਭਾਵੇ ਜਿੱਤ ਜੇ ਝਾੜੂ ਮਿੱਤਰੋਂ ਭਾਵੇ ਜਿੱਤ ਜੇ ਪੰਜਾ।
ਤੱਕੜੀ ਦੇ ਵਿੱਚ ਪੂਰੇ ਤੁਲ ਜਿਓ ਨੇਤਾ ਚੁਣਿਓ ਚੰਗਾ।
ਆਪਾਂ ਆਪਣੇ ਮਿੱਤਰਾ ਨੂੰ ਹੈ ਇੱਕੋ ਗੱਲ ਸਮਝਾਉਣੀ।
ਵੋਟਾ ਪਾ ਦਿਓ ਜਿੱਥੇ ਮਰਜੀ , ਪਰ ਬੋਤਲ ਲੈ ਕੇ ਨੀ ਪਾਉਣੀ।
...
ਨਾ ਖਾਣੇ ਨੇ ਕਾਲੇ ਚਿੱਟੇ ਨਾ ਭੁੱਕੀ ਦੇ ਡੱਕੇ ।
ਚਾਰ ਦਿਨਾਂ ਦੀ ਮਸਤੀ ਕਰਕੇ ਪੰਜ ਸਾਲਾ ਲਈ ਧੱਕੇ ।
ਆਪਾ ਆਪਣੇ ਮਿੱਤਰਾ ਨੂੰ ਹੈ ਇੱਕੋ ਗੱਲ ਸਮਝਾਉਣੀ।
ਵੋਟ ਪਾ ਦਿਓ ਜਿੱਥੇ ਮਰਜੀ ਪਰ ਬੋਤਲ ਲੈ ਕੇ ਨੀ ਪਾਉਣੀ ।
.......
: ਗਲੀਆਂ ਨਾਲੀਆਂ ਪੱਕੀਆਂ ਹੋ ਜਾਣ ਚੁੱਕਿਆ ਜਾਵੇ ਟੋਭਾ ।
ਨਿਕਾਸ ਕਰਾਂਗੇ ਪਾਣੀ ਦਾ ਬਈ ਧਰਕੇ ਹਿੱਕ 'ਤੇ ਗੋਡਾ।
ਜੇ ਚਾਹੁੰਨੇ ਓ ਵੋਟਾਂ ਤਾਂ ਪਊ ਸੀਵਰੇਜ ਪਵਾਉਣੀ।
ਵੋਟ ਪਾ ਦਿਓ ਜਿੱਥੇ ਮਰਜੀ ਪਰ ਬੋਤਲ ਲੈ ਕੇ ਨੀ ਪਾਉਣੀ।....

ਪਿੰਡ ਦੇ ਵਿੱਚ ਸੁਸਾਇਟੀ ਬਣਜੇ ਹੋ ਜੂ ਪੂਰੀ ਝੰਡੀ।
ਛਿਪਦੇ ਪਾਸੇ ਆਲੀ ਸਿਆਮਲਾਟ ਵਿੱਚ ਬਣ ਸਕਦੀ ਆ ਮੰਡੀ।
ਜਿਹੜਾ ਸਾਡੇ ਇਹ ਕੰਮ ਕਰੂ ਆਪਾਂ ਉਹਦੀ ਝੰਡੀ ਲਾਉਣੀ।
ਵੋਟ ਪਾ ਦਿਓ ਜਿੱਥੇ ਮਰਜੀ ਪਰ ਬੋਤਲ ਲੈ ਕੇ ਨੀ ਪਾਉਣੀ
....
ਹਸਨਪੁਰ ਵਾਲੇ ਜੱਟ ਦੀ ਕਲਮ ਤਾਂ ਰਹੂ ਸਚਾਈਆਂ ਲਿਖਦੀ ।
ਛੱਕੇ ਮਾਰ ਕੇ ਵਿਕਣ ਖਿਡਾਰੀ ਜੱਟਾਂ ਤੇਰੀ ਫਸਲ ਨੀ ਵਿਕਦੀ।
ਡੈਮੋਕਰੇਸੀ ਬਸ ਲੀਡਰਾਂ ਕੋਲੇ ਕਦੇ ਸਾਡੇ ਹੱਥ ਨਹੀ ਆਉਣੀ।
ਵੋਟ ਪਾ ਦਿਓ ਜਿੱਥੇ ਮਰਜੀ ਪਰ ਬੋਤਲ ਲੈ ਕੇ ਨੀ ਪਾਉਣੀ।

ਆਪਾਂ ਨੂੰ ਕਿਹੜਾ ਠੰਡ ਨੀ ਲੱਗਦੀ ਤੁਸੀ ਛੱਡੋਂ ਰਾਤ ਨੂੰ ਲੈਟਾਂ ।
ਥੋਡੇ ਫੈਕਟਰੀ ਦੀਆਂ ਚਿਮਨੀ 'ਚੋ ਕਿਹੜਾ ਆਉਣ ਫੁੱਲਾਂ ਦੀਆਂ ਮਹਿਕਾਂ।
ਸਾਨੂੰ ਕਹਿੰਦੇ ਪ੍ਰਦੂਸ਼ਣ ਕਰਦਿਓ ਪਰਾਲੀ ਨੂੰ ਅੱਗ ਨੀ ਲਾਉਣੀ।
ਵੋਟ ਪਾ ਦਿਓ ਜਿੱਥੇ ਮਰਜੀ ਪਰ ਬੋਤਲ ਲੈ ਕੇ ਨੀ ਪਾਉਣੀ

## .ਗਜ਼ਲ

ਪ੍ਰਤਾਪ 'ਪਾਰਸ' ਗੁਰਦਾਸਪੁਰੀ



ਸੱਜਣ ਸ਼ਹਿਰ ਗਰਾਂ ਨਹੀਂ ਭੁੱਲੇ।
ਆਪਣੇ ਸੀ ਉਹ ਤਾਂ ਨਹੀਂ ਭੁੱਲੇ।
ਮੋੜ, ਚੁਰਾਹੇ, ਗਲੀਆਂ, ਸੜਕਾਂ,
ਕੌਡੂ ਮੱਲ੍ਹ ਸਰਾਂ ਨਹੀਂ ਭੁੱਲੇ।
ਲੁਕਣਮੀਚੀ ਛੂਹਣ-ਛਪਾਈਆਂ,
'ਵੇਲੀ ਖੰਡਰ-ਨੁਮਾ ਨਹੀਂ ਭੁੱਲੇ।
ਜੀਂਦੜ, ਖੁੰਡਾ, ਫੇਰੋਚੇਚੀ,
ਨਾਨੋਵਾਲ ਕਲਾਂ ਨਹੀਂ ਭੁੱਲੇ।
ਲੰਬੂ, ਬੋਣਾ, ਗੱਪੀ, ਸੜੀਅਲ,
ਨਾਂ ਦੇ ਪਾਏ ਕੁਨਾਂ ਨਹੀਂ ਭੁੱਲੇ।
ਦਾਣੇ ਝੋਲੀ ਵਿੱਚ ਭੁੰਨਾਏ,
ਭੱਠੀ ਵਾਲੀ ਥਾਂ ਨਹੀਂ ਭੁੱਲੇ।
ਦੁੱਧ, ਦਹੀਂ ਉਹ ਘਰਗ ਦੇ ਛੰਨੇ,
ਚੂਰੀ ਦਿੰਦੀ ਮਾਂ ਨਹੀਂ ਭੁੱਲੇ।
ਫੇਰ ਮਿਲਣ ਦਾ ਵਾਅਦਾ ਕੀਤਾ,
ਨਾਂਹ-ਨਾਂਹ ਕਹਿਕੇ ਹਾਂ ਨਹੀਂ ਭੁੱਲੇ।
ਛੱਡੇ ਪਿੰਡ ਦੀ ਪੀੜ ਨਾ ਭੁੱਲੇ,
ਮੋਹ ਦੀ ਠੰਢੀ ਛਾਂ ਨਹੀਂ ਭੁੱਲੇ।
ਬੋਲ ਬੋਲ 'ਤੋਂ ਜਾਨ ਵਾਰਦੇ,
ਯਾਰ ਜੋ ਸੱਜੀ ਬਾਂਹ ਨਹੀਂ ਭੁੱਲੇ।
ਅੱਲੜ੍ਹ ਉਮਰੇ ਹੋਈਆਂ ਭੁੱਲਾਂ,
ਦਿਲ 'ਚੋਂ 'ਪਾਰਸ' ਨਾਂ ਨਹੀਂ ਭੁੱਲੇ।

## ਰਿਸ਼ਤਿਆਂ ਦੀ ਲਾਸ਼

ਕੇਵਲ ਸਿੰਘ ਰੱਤੜਾ

ਪਿਆਰ ਦੇ ਰਾਹ ਤੇ ਕੋਈ ਬੰਦਾ, ਨਾ ਬੇਉਮੀਦ ਹੋਵੇ,
ਕੌਣ ਮਿਣਦਾ ਹੈ ਫਾਸਲੇ ਜਦੋਂ ਮੰਜ਼ਿਲ ਹੀ ਦੀਦ ਹੋਵੇ।
ਖੁਮਾਰੀ ਅੱਖਾਂ ਵਿੱਚ ਰਹਿੰਦੀ, ਸੋਚ ਤੇ ਗਲਬਾ ਵੀ ਹੁੰਦਾ,
ਚੁਫ਼ੇਰਾ ਜੰਨਤ ਜਿਹਾ ਲੱਗਦਾ, ਜਿਵੇਂ ਕੋਈ ਮੇਲਾ ਈਦ ਹੋਵੇ।
ਡਰੂ ਜਹੇ ਲੋਕਾਂ ਕੀ ਤੁਰਨਾ ਹੈ, ਧਾਰ-ਏ-ਤਲਵਾਰ ਦੇ ਉੱਤੇ,
ਕੋਈ ਦਸਮੇਸ਼ ਜਿਹਾ ਗੁਰੂ ਲੱਭੇ, ਤਾਂ ਹੀ ਬੰਦਾ ਮੁਰੀਦ ਹੋਵੇ।
ਲਹਿਰਾਂ ਹੀ ਪਾਣੀਆਂ ਨੂੰ ਜ਼ਿੰਦਾ ਰੱਖਕੇ ਹਸੀਨ ਬਣਾ ਦੇਣ,
ਵਰਨਾ ਉੱਜੜੇ ਕੰਢਿਆਂ ਲਈ ਕੌਣ ਸ਼ਹੀਦ ਹੋਵੇ।
ਵੰਡੀਆਂ ਦੇ ਕੈਂਸਰ ਨੇ ਅਪੰਗ ਕਰ ਛੱਡਿਆ ਸਮਾਜ ਨੂੰ,
ਰਲਕੇ ਦਵਾ ਲੱਭੀਏ ਭਾਵੇਂ ਹੋਵੇ ਕੌੜੀ ਪਰ ਮੁਫ਼ੀਦ ਹੋਵੇ।
ਸੋਹ ਦੇ ਤੱਕਲੇ ਦਾ ਟੂਣਾ ਕੌਣ ਕਰ ਗਿਆ ਸਾਡੇ ਦਰੀਂ
ਪਹਿਰਾ ਦੇ ਕੇ ਦਬੋਚੀਏ ਕਰੜਾ ਕਿ ਸਭ ਨੂੰ ਤਾਕੀਦ ਹੋਵੇ।
ਫ਼ਰਿਸ਼ਤੇ ਦੀ ਭਾਲ਼ ਵਿੱਚ ਯਾਰ ਹੀ ਨਾ ਗੁਆ ਬਹੀਏ
ਟੋਹਕੇ ਤਾਂ ਦੇਖ, ਕੀ ਪਤਾ ਨੀਲਮ ਜਾਂ ਹੀਰਾ ਮਜੀਦ ਹੋਵੇ।
ਕਿੰਨਾ ਚਿਰ ਢੋਏਂਗਾ ਮੋਢਿਆਂ 'ਤੇ ਰਿਸ਼ਤਿਆਂ ਦੀ ਲਾਸ਼,
'ਰੱਤੜਾ' ਰਾਤ ਹੋਵੇ ਰੁਖ਼ਸਤ ਨਾ ਕੋਈ ਚਸ਼ਮਦੀਦ ਹੋਵੇ।

## ਸਾਵਣ

ਜਸਵਿੰਦਰ ਸਿੰਘ ਰੁਪਾਲ



ਸੱਜਣਾ ਬਾਝੋਂ ਕਾਹਦਾ ਸਾਵਣ ?
ਕਾਹਦਾ ਨੱਚਣ ਕਾਹਦਾ ਗਾਵਣ ?
ਬੱਦਲ ਅੰਬਰ ਘਿਰ ਆਏ ਨੇ,
ਦਿਲ ਮੇਰੇ ਨੂੰ ਮੂਲ ਨ ਭਾਵਣ।
ਮੋਰ ਖੁਸ਼ੀ ਵਿੱਚ ਪੈਲਾਂ ਪਾਂਦੇ,
ਰੂਹ ਮੇਰੀ ਨੂੰ ਖਿੱਚ ਨਾ ਪਾਵਣ।
ਨੈਣ ਨਿਮਾਣੇ ਬਰਸਣ ਏਦਾਂ,
ਵਰ੍ਹਦਾ ਮੀਂਹ ਪਿੱਛੇ ਛੱਡ ਜਾਵਣ।
ਹੰਝੂਆਂ ਪੱਲੂ ਗਿੱਲਾ ਕੀਤਾ,
ਬੱਚੇ ਜਿਉਂ ਮੀਂਹਾਂ ਵਿੱਚ ਨਾਵਣ।
ਬਿਰਹੋਂ ਤੇਰਾ ਮੈਂ ਖਾਂਦੀ ਹਾਂ,
ਲੋਕੀਂ ਖੀਰਾਂ ਪੂੜੇ ਖਾਵਣ।
ਕੰਨਾਂ ਨੂੰ ਸਦ ਪੈਣ ਭੁਲੇਖੇ,
ਸ਼ਾਇਦ ਉਹ ਬੂਹਾ ਖੜਕਾਵਣ ।
ਅੱਜ ਨਾ ਆਏ ਕਦ ਆਵਣਗੇ ,
ਹੁਣ ਤਾਂ ਦੇਹ ਵੀ ਲੱਗੇ ਦਾਵਣ।

## ਜੇਕਰ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308

ਕਲੀਆਂ ਖਿੜਨਗੀਆਂ ਜ਼ਰੂਰ,
ਜੇਕਰ ਬਹਾਰ ਰੁੱਸ ਨਾ ਗਈ।
ਫ਼ੁਹਾਰਾਂ ਬਰਸਣਗੀਆਂ ਬੇਰੋਕ,
ਜੇ ਬਰਸਾਤ ਹੋ ਠੁੱਸ ਨਾ ਗਈ।
ਸ਼ਮ੍ਹਾ ਜਲਦੀ ਰਹੇਗੀ ਰੌਸ਼ਨੀ,
ਹਮੇਸ਼ਾ ਦੇਣ ਦੀ ਖ਼ਾਤਰ,
ਜੇਕਰ ਤੇਲ ਵਾਲੀ ਬੱਤੀ,
ਕਦੀ ਵੀ ਸੁੱਕ ਨਾ ਗਈ।
ਜ਼ਿੰਦਗੀ ਚੱਲਣੀ ਹੈ ਜਿਉਣ ਲਈ,
ਅਤੇ ਚੱਲਦੀ ਰਹੇਗੀ,
ਜੇਕਰ ਸਾਹਾਂ ਦੀ ਨਾਜ਼ੁਕ ਡੋਰ,
ਕਦੀ ਟੁੱਟ ਨਾ ਗਈ।
ਹੱਥ ਨਾਲ ਹੱਥ ਮਿਲੇਗਾ ਤਾਂ,
ਰਸਤਾ ਹੁਸੀਨ ਹੋਵੇਗਾ,
ਜੇਕਰ ਪਈ ਹੋਈ ਕੁੰਜੜੀ,
ਕਦੀ ਖੁੱਸ ਨਾ ਗਈ।
ਦਿਲ ਤੇ ਦਿਮਾਗ ਦੇ ਰਿਸ਼ਤੇ,
ਨਿਭਣਗੇ ਤਾਂ ਹੀ ਨੇ ਆਖ਼ਰ,
ਜੇਕਰ ਪਿਆਰ ਦੀ ਪਲ਼ਦੀ ਵੇਲ,
ਕਦੀ ਸੁੱਕ ਨਾ ਗਈ।
ਨਿਜ਼ਾਮ ਕੁਦਰਤ ਦਾ ਸਥਾਈ,
ਚੱਲ ਰਿਹਾ ਹੈ ਨਿਰੰਤਰ।
ਸ਼ੁਕਰ ਹੈ ਲੱਖ ਵਾਰ ਇਸਦਾ ਕਿ,
ਕਦੀ ਇਹ ਰੁਕ ਨਾ ਗਈ।
ਚੱਲ ਰਿਹਾ ਹੈਂ ਹੰਕਾਰ ਨਾਲ ਤੂੰ,
ਕਰ ਕੇ ਸਦਾ ਸਿਰ ਉੱਚਾ।
ਤੈਨੂੰ ਅਹਿਸਾਸ ਹੋਵੇਗਾ ਕਿਵੇਂ,
ਜੇ ਤੇਰੀ ਰਗ ਦੁਖ ਨਾ ਗਈ ?
ਫਟ ਜਾਵੇਂਗਾ ਇੱਕ ਦਿਨ,
ਅਫਰੇਵੇਂ ਦੀ ਮਾਰ ਦੇ ਹੇਠਾਂ,
ਜੇਕਰ ਹਾਲੇ ਤੱਕ ਵੀ ਤੇਰੀ,
ਲਾਲਚ ਦੀ ਭੁੱਖ ਨਾ ਗਈ।

## ਰੁੱਖਾਂ ਦੇ ਹਤਿਆਰੇ ਲੋਕ

ਹਰਪ੍ਰੀਤ ਪੱਤੋ



ਰੁੱਖਾਂ ਤੋਂ ਮਿਲਦੀ ਹਰਿਆਲੀ।
ਜੀਵਨ ਵਿੱਚ ਭਰਦੇ ਖੁਸ਼ਹਾਲੀ।
ਇਹ ਫ਼ਰਿਸ਼ਤੇ ਧਰਤ 'ਤੇ ਆਏ।
ਕਿੰਨੇ ਗੁਣ ਇਨ੍ਹਾਂ ਵਿੱਚ ਸਮਾਏ।
ਸੰਜੀਵਨੀ ਬੂਟੀ ਦਾ ਕੰਮ ਕਰਦੇ।
ਸਾਰੇ ਰੋਗ ਇਹੋ ਨੇ ਹਰਦੇ।
ਕਿੰਨੇ ਕੰਮ ਸੰਵਾਰ ਨੇ ਦਿੰਦੇ।
ਕਰ ਨਦੀਆਂ ਤੋਂ ਪਾਰ ਨੇ ਦਿੰਦੇ।
ਫ਼ਲ, ਫੁੱਲ, ਪੱਤੇ ਨੇ ਗੁਣਕਾਰੀ।
ਹਰੀ ਭਰੀ ਲੱਗੇ ਧਰਤੀ ਸਾਰੀ।
ਜਿਨ੍ਹਾਂ ਥਾਵਾਂ 'ਤੇ ਰੁੱਖ ਨਹੀਂ ਹੁੰਦੇ।
ਠੰਡੀਆਂ ਛਾਵਾਂ ਸੁਖ ਨਹੀਂ ਹੁੰਦੇ।
ਨਾ ਰੁੱਖਾਂ ਨੂੰ ਤੁਸੀਂ ਕੱਟੋ ਸਾੜੋ।
ਭੋਲੇ ਜੀਵਾਂ ਤਾਈਂ ਨਾ ਮਾਰੋ।
ਕੁਦਰਤ ਨੇ ਫਿਰ ਰੁੱਸ ਹੈ ਜਾਣਾ।
ਕੀਤੇ ਦਾ ਫ਼ਲ ਪੈਣਾ, ਪਾਉਣਾ।
ਰੁੱਖਾਂ ਦੇ ਜੋ ਹਤਿਆਰੇ ਲੋਕ।
ਭਾਲਣ ਕਿੱਥੋਂ ਸਹਾਰੇ ਲੋਕ।
ਵਰਤੇ ਜਦ ਕੁਦਰਤ ਦਾ ਕਹਿਰ।
ਉੱਜੜ ਜਾਂਦੇ ਨੇ ਵੱਸਦੇ ਸ਼ਹਿਰ।
'ਪੱਤੋ' ਜੇਕਰ ਜਾਗ ਜਾਓਗੇ।
ਬਹੁਤੇ ਸੁਖ ਝੋਲੀ 'ਚ ਪਾਓਗੇ।

## ਤੀਆਂ ਸਾਉਣ ਦੀਆਂ

-ਅਮਰਜੀਤ ਸਿੰਘ ਫ਼ੌਜੀ



ਸਾਉਣ ਮਹੀਨਾ ਦਿਨ ਤੀਆਂ ਦੇ
ਚੜ੍ਹੀਆਂ ਘੋਰ ਘਟਾਵਾਂ ਵੇ
ਛੰਮ ਛੰਮ ਕਰ ਕੇ ਸਾਵਣ ਵਰ੍ਹਿਆ
ਠੰਢੀਆਂ ਵਗਣ ਹਵਾਵਾਂ ਵੇ
ਬਣ ਠਣ ਕੇ ਮੈਂ ਸੰਗ ਸਖੀਆਂ ਦੇ ,
ਗਿੱਧੇ ਦੇ ਵਿੱਚ ਜਾਵਾਂ ਵੇ
ਮੱਥੇ ਟਿੱਕਾ, ਬੁੱਲ੍ਹ ਦੰਦਾਸਾ
ਸੁਰਮਾਂ ਅੱਖ ਮਟਕਾਵਾਂ ਵੇ
ਮਜਾਜ਼ਾਂ ਪੱਟੀਆਂ ਪਾਉਣ ਬੋਲੀਆਂ
ਮੈਂ ਵੀ ਜ਼ਿੱਦ ਜ਼ਿੱਦ ਪਾਵਾਂ ਵੇ
ਤੀਆਂ ਦੇ ਵਿੱਚ ਨੱਚਦੀ ਜਦ ਮੈਂ
ਦੂਹਰੀ ਹੁੰਦੀ ਜਾਵਾਂ ਵੇ
ਪੀਂਘ ਬਰੋਟੇ ਪਾਈ ਹਾਣਦੀਆਂ
ਮੈਂ ਵੀ ਝੂਟਣੀ ਚਾਹਵਾਂ ਵੇ
ਅੰਬਰੀਂ ਪੀਂਘ ਚੜ੍ਹਾਈ ਜਦ ਮੈਂ
ਪੱਤਿਆਂ ਨਾਲ ਖਹਿ ਜਾਵਾਂ ਵੇ
ਕਿਹੜੇ ਪਿੰਡੋਂ ਆਈ ਮਜਾਜਣ
ਗੱਭਰੂ ਪੁੱਛਣ ਸਿਰਨਾਵਾਂ ਵੇ
ਦੀਨੇ ਪਿੰਡ ਦੇ ਮੁੰਡਿਆਂ ਨੂੰ ਮੈਂ
ਉਂਗਲਾਂ ਉੱਤੇ ਨਚਾਵਾਂ ਵੇ।

# ਕੁਸ਼ਤੀ ਨੂੰ ਲੱਗਿਆ ਡੋਪਿੰਗ ਦਾ ਡੰਗ




ਕੌਮੀ ਡੋਪਿੰਗ ਰੋਕੂ ਏਜੰਸੀ (ਨਾਡਾ) ਵੱਲੋਂ ਮੁਅੱਤਲ ਕੀਤੇ ਗਏ ਅਥਲੀਟਾਂ ਦੀ ਸੂਚੀ ’ਤੇ ਨਜ਼ਰ ਮਾਰਨ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਸਾਰੀਆਂ ਖੇਡਾਂ ’ਚੋਂ ਕੁਸ਼ਤੀ ਵਿੱਚ ਡੋਪਿੰਗ ਦੇ ਮਾਮਲੇ ਦੂਜੇ ਨੰਬਰ ’ਤੇ ਹਨ। ਇਨ੍ਹਾਂ ਦੀ ਗਿਣਤੀ 19 ਹੈ ਪਰ ਚਿੰਤਾਜਨਕ ਗੱਲ ਇਹ ਹੈ ਕਿ ਇਨ੍ਹਾਂ ’ਚੋਂ ਪੰਜ ਨਾਬਾਲਗ ਹਨ। ਜੇ ਡੋਪਿੰਗ ਦਾ ਖ਼ਤਰਾ ਕੁਸ਼ਤੀ ਵਿੱਚ ਜੂਨੀਅਰ ਪੱਧਰ ਤੱਕ ਫੈਲ ਚੁੱਕਾ ਹੈ ਤਾਂ ਫੈਡਰੇਸ਼ਨਾਂ ਅਤੇ ਪਹਿਲਵਾਨਾਂ ਨੂੰ ਇਸ ਬਾਰੇ ਜਾਗਰੂਕ ਹੋਣ ਅਤੇ ਇਸ ਬਾਰੇ ਅਹਿਮ ਕਦਮ ਚੁੱਕਣ ਦੀ ਲੋੜ ਹੈ। ਅੰਡਰ-23 ਵਿਸ਼ਵ ਚੈਂਪੀਅਨ ਅਤੇ ਉਲੰਪੀਅਨ ਰਿਤਿਕਾ ਹੁੱਡਾ ਦੀ ਅਸਥਾਈ ਮੁਅੱਤਲੀ ਨੇ ਇੱਕ ਵਾਰ ਫਿਰ ਭਾਰਤੀ ਕੁਸ਼ਤੀ ਵਿੱਚ ਡੋਪਿੰਗ ਨੂੰ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ। ਪਿਛਲੇ ਕੁਝ ਸਾਲਾਂ ਵਿੱਚ ਭਾਰਤੀ ਪਹਿਲਵਾਨਾਂ, ਖਾਸ ਕਰਕੇ ਜੂਨੀਅਰ ਖਿਡਾਰੀਆਂ ਦਾ ਪ੍ਰਦਰਸ਼ਨ ਬਹੁਤ ਸ਼ਾਨਦਾਰ ਰਿਹਾ ਹੈ ਅਤੇ ਇਨ੍ਹਾਂ ਖਿਡਾਰੀਆਂ ਨੂੰ ਕੁਝ ਲੋਕਾਂ ਦੀਆਂ ਗਲਤੀਆਂ ਕਾਰਨ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ।ਸਮੇਂ-ਸਮੇਂ ’ਤੇ ਵਿਵਾਦਾਂ ਵਿੱਚ ਘਿਰੇ ਰਹਿਣ ਦੇ ਬਾਵਜੂਦ ਉਲੰਪਿਕ ਖੇਡ ਵਜੋਂ ਕੁਸ਼ਤੀ ਦਾ ਗ੍ਰਾਫ ਲਗਾਤਾਰ ਉੱਪਰ ਉੱਠਦਾ ਰਿਹਾ ਹੈ। ਭਾਰਤੀ ਪਹਿਲਵਾਨ ਹੁਣ ਵੱਕਾਰੀ ਟੂਰਨਾਮੈਂਟਾਂ ਵਿੱਚ ਤਗਮੇ ਦੇ ਦਾਅਵੇਦਾਰਾਂ ਵਜੋਂ ਹਿੱਸਾ ਲੈਂਦੇ ਹਨ। ਇਸ ਨਾਲ ਖਿਡਾਰੀਆਂ ਨੂੰ ਆਰਥਿਕ ਤੌਰ ’ਤੇ ਵੀ ਫਾਇਦਾ ਹੋਇਆ ਅਤੇ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਵੀ ਮਿਲੀਆਂ। ਇਸ ਦਾ ਖਿਡਾਰੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਮਾਨਸਿਕਤਾ ’ਤੇ ਡੂੰਘਾ ਪ੍ਰਭਾਵ ਪਿਆ ਹੈ। ਅਜਿਹੀ ਸਥਿਤੀ ਵਿੱਚ ਕੁਝ ਖਿਡਾਰੀਆਂ ਨੇ ਜਲਦੀ ਸਫਲਤਾ ਹਾਸਲ ਕਰਨ ਅਤੇ ਜਾਗਰੂਕਤਾ ਦੀ ਘਾਟ ਕਾਰਨ ਡੋਪਿੰਗ ਦਾ ਗਲਤ ਰਸਤਾ ਚੁਣਿਆ। ਡੋਪਿੰਗ ਦੇ ਮਾਮਲੇ ਵਿੱਚ ਮੁਕੱਦਮਾ ਲੜ ਰਹੇ ਇੱਕ ਨਾਬਾਲਗ ਪਹਿਲਵਾਨ ਦੇ ਪਿਤਾ ਨੇ ਕਿਹਾ, ‘ਮੈਂ ਖੇਡ ਜਗਤ ਤੋਂ ਨਹੀਂ ਹਾਂ, ਇਸ ਲਈ ਸਾਨੂੰ ਨਹੀਂ ਪਤਾ ਕਿ ਸਹੀ ਕਦਮ ਕੀ ਹੈ।’

**ਸਪਲੀਮੈਂਟ ਸਪਲਾਇਰਾਂ ’ਤੇ ਪਹਿਲਵਾਨਾਂ ਨੂੰ ਗੁੰਮਰਾਹ ਕਰਨ ਦਾ ਦੋਸ਼**

ਹਰਿਆਣਾ ਦੇ ਕਈ ਪਰਿਵਾਰਾਂ ਨਾਲ ਗੱਲ ਕਰਨ ’ਤੇ ਪਤਾ ਲੱਗਾ ਕਿ ਸੂਬੇ ਵਿੱਚ, ਖਾਸ ਕਰਕੇ ਰੋਹਤਕ ਵਿੱਚ, ਕਈ ਸਥਾਨਕ ਸਪਲੀਮੈਂਟ ਸਪਲਾਇਰ ਪਹਿਲਵਾਨਾਂ ਦੇ ਪ੍ਰਦਰਸ਼ਨ ਵਿੱਚ ਸੁਧਾਰ ਦਾ ਵਾਅਦਾ ਕਰਕੇ ਮਾਪਿਆਂ ਅਤੇ ਪਹਿਲਵਾਨਾਂ ਨੂੰ ਗੁੰਮਰਾਹ ਕਰ ਰਹੇ ਹਨ। ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਿਊਐੱਫਆਈ) ਨੇ ਕਿਹਾ ਕਿ ਸਪਲੀਮੈਂਟਾਂ ਦੀ ਅਣਅਧਿਕਾਰਤ ਵਿਕਰੀ ਉਨ੍ਹਾਂ ਦੇ ਧਿਆਨ ਵਿੱਚ ਆਈ ਹੈ। ਫੈਡਰੇਸ਼ਨ ਦੇ ਇੱਕ ਅਧਿਕਾਰੀ ਨੇ ਕਿਹਾ, ‘ਅਜਿਹੇ ਵਿਅਕਤੀ ਬਿਨਾਂ ਬਿੱਲ ਦੇ ਸਭ ਕੁਝ ਵੇਚਦੇ ਹਨ। ਜੇ ਇਹ ਪਹਿਲਵਾਨ ਨਾਡਾ ਦੇ ਸਾਹਮਣੇ ਬਿੱਲ ਪੇਸ਼ ਕਰ ਸਕਦੇ ਹਨ, ਤਾਂ ਉਹ ਸਪਲੀਮੈਂਟਸ ਨੂੰ ਜਾਂਚ ਲਈ ਭੇਜ ਸਕਦੇ ਹਨ। ਪਰ ਸਮੱਸਿਆ ਇਹ ਹੈ ਕਿ ਉਹ ਕਦੇ ਬਿੱਲ ਦਿੰਦੇ ਹੀ ਨਹੀਂ। ਅਸੀਂ ਆਪਣੇ ਪਹਿਲਵਾਨਾਂ ਨੂੰ ਸਲਾਹ ਦਿੰਦੇ ਹਾਂ ਕਿ ਉਹ ਅਣਅਧਿਕਾਰਤ ਲੋਕਾਂ ਤੋਂ ਸਪਲੀਮੈਂਟ ਨਾ ਲੈਣ।’

# ਕ੍ਰਿਕਟ: ਤਿੰਨ ਮੈਚਾਂ ਦੀ ਲੜੀ ’ਚ ਭਾਰਤੀ ਮਹਿਲਾ ਟੀਮ ਜੇਤੂ

## ਹਰਮਨਪ੍ਰੀਤ ਕੌਰ ਨੂੰ ‘ਪਲੇਅਰ ਆਫ਼ ਦਿ ਮੈਚ’ ਚੁਣਿਆ




ਲੰਡਨ/ਏ.ਟੀ.ਨਿਊਜ਼: ਕਪਤਾਨ ਹਰਮਨਪ੍ਰੀਤ ਕੌਰ ਦੇ ਸੈਂਕੜੇ ਤੇ ਤੇਜ਼ ਗੇਂਦਬਾਜ਼ ਕ੍ਰਾਂਤੀ ਗੌੜ ਵੱਲੋਂ ਝਟਕਾਈਆਂ ਛੇ ਵਿਕਟਾਂ ਸਦਕਾ ਭਾਰਤ ਨੇ ਤੀਜੇ ਤੇ ਫ਼ੈਸਲਾਕੁਨ ਇੱਕ ਰੋਜ਼ਾ ਮੈਚ ਵਿੱਚ ਇੰਗਲੈਂਡ ਖ਼ਿਲਾਫ਼ 13 ਦੌੜਾਂ ਨਾਲ ਜਿੱਤ ਦਰਜ ਕਰਦਿਆਂ ਲੜੀ 2-1 ਨਾਲ ਆਪਣੇ ਨਾਮ ਕਰ ਲਈ। ਪਹਿਲਾਂ ਬੱਲੇਬਾਜ਼ੀ ਕਰਦਿਆਂ ਹਰਮਨਪ੍ਰੀਤ ਕੌਰ ਦੀ 84 ਗੇਂਦਾਂ ’ਤੇ 102 ਦੌੜਾਂ ਦੀ ਪਾਰੀ ਤੇ ਜੈਮੀਮਾ ਰੌਡਰਿਗਜ਼ ਦੇ ਨੀਮ ਸੈਂਕੜੇ (50 ਦੌੜਾਂ) ਸਦਕਾ ਭਾਰਤੀ ਮਹਿਲਾ ਟੀਮ ਨੇ 50 ਓਵਰਾਂ ’ਚ ਪੰਜ ਵਿਕਟਾਂ ’ਤੇ 318 ਦੌੜਾਂ ਬਣਾਈਆਂ। ਇਸ ਮਗਰੋਂ ਕ੍ਰਾਂਤੀ ਗੌੜ ਤੇ ਹੋਰ ਗੇਂਦਬਾਜ਼ਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇੰਗਲੈਂਡ ਦੀ ਟੀਮ ਨੂੰ 49.5 ਓਵਰਾਂ ’ਚ 305 ਦੌੜਾਂ ’ਤੇ ਆਊਟ ਕਰ ਦਿੱਤਾ। ਆਪਣੇ ਚੌਥੇ ਇੱਕ ਦਿਨਾ ਮੈਚ ਵਿੱਚ ਕ੍ਰਾਂਤੀ ਗੌੜ ਨੇ 52 ਦੌੜਾਂ ਦੇ ਕੇ ਛੇ ਵਿਕਟਾਂ ਹਾਸਲ ਕੀਤੀਆਂ ਜਦਕਿ ਸਪਿੰਨ ਗੇਂਦਬਾਜ਼ ਸ੍ਰੀ ਚਰਨੀ ਨੇ ਦੋ ਵਿਕਟਾਂ ਝਟਕਾਈਆਂ। ਇੰਗਲੈਂਡ ਵੱਲੋਂ ਕਪਤਾਨ ਐੱਨ.ਸੀ. ਬਰੰਟ ਨੇ 98 ਦੌੜਾਂ ਤੇ ਐਮਾ ਲੈਂਬ ਨੇ 68 ਦੌੜਾਂ ਦੀ ਪਾਰੀ ਖੇਡੀ। ਦੋਵਾਂ ਨੇ ਤੀਜੀ ਵਿਕਟ ਲਈ 162 ਦੌੜਾਂ ਜੋੜੀਆਂ। ਇਸ ਤੋਂ ਪਹਿਲਾਂ ਭਾਰਤ ਨੇ ਪੰਜ ਟੀ-20 ਮੈਚਾਂ ਦੀ ਲੜੀ 3-2 ਨਾਲ ਜਿੱਤੀ ਸੀ।

ਭਾਰਤੀ ਕਪਤਾਨ ਹਰਮਨਪ੍ਰੀਤ ਦੇ ਕਰੀਅਰ ਦਾ ਇਹ ਸੱਤਵਾਂ ਤੇ ਇੰਗਲੈਂਡ ਖ਼ਿਲਾਫ਼ ਤੀਜਾ ਸੈਂਕੜਾ ਸੀ। ਆਪਣੀ ਸੈਂਕੜੇ ਵਾਲੀ ਪਾਰੀ ਵਿੱਚ ਉਸ ਨੇ 14 ਚੌਕੇ ਜੜੇ। ਇਸ ਦੌਰਾਨ ਹਰਮਨਪ੍ਰੀਤ ਨੇ ਇੱਕ ਦਿਨਾ ਮੈਚਾਂ ’ਚ ਆਪਣੀਆਂ 4,000 ਦੌੜਾਂ ਵੀ ਪੂਰੀਆਂ ਕੀਤੀਆਂ। ਮੈਚ ਦੌਰਾਨ ਭਾਰਤ ਵੱਲੋਂ ਸਮ੍ਰਿਤੀ ਮੰਧਾਨਾ ਤੇ ਹਰਲੀਨ ਦਿਓਲ ਨੇ 45-45 ਦੌੜਾਂ ਜਦਕਿ ਰਿਚਾ ਘੋਸ਼ ਨੇ 38 ਤੇ ਪੀ. ਰਾਵਲ ਨੇ 26 ਦੌੜਾਂ ਬਣਾਈਆਂ। ਸ਼ਾਨਦਾਰ ਪ੍ਰਦਰਸ਼ਨ ਲਈ ਹਰਮਨਪ੍ਰੀਤ ਕੌਰ ਨੂੰ ‘ਪਲੇਅਰ ਆਫ ਦਿ ਮੈਚ’ ਚੁਣਿਆ ਗਿਆ।

# ਯੂ.ਏ.ਈ. ’ਚ ਕਰਵਾਇਆ ਜਾਵੇਗਾ ਏਸ਼ੀਆ ਕੱਪ ਟੀ 20 ਟੂਰਨਾਮੈਂਟ



ਭਾਰਤੀ ਕ੍ਰਿਕਟ ਕੰਟਰੋਲ ਬੋਰਡ ਵੱਲੋਂ ਅਗਾਮੀ ਏਸ਼ੀਆ ਕੱਪ ਟੀ 20 ਟੂਰਨਾਮੈਂਟ ਦੀ ਮੇਜ਼ਬਾਨੀ ਯੂ.ਏ.ਈ. ਵਿੱਚ ਕੀਤੀ ਜਾਵੇਗੀ। ਇਹ ਦਾਅਵਾ ਏਸ਼ੀਅਨ ਕ੍ਰਿਕਟ ਕੌਂਸਲ ਵਿਚਲੇ ਸੂਤਰਾਂ ਨੇ ਕੀਤਾ ਹੈ। ਸਤੰਬਰ ਵਿੱਚ ਹੋਣ ਵਾਲੇ ਇਸ ਟੂਰਨਾਮੈਂਟ ਦੌਰਾਨ ਦੋ ਰਵਾਇਤੀ ਵਿਰੋਧੀ ਟੀਮਾਂ ਭਾਰਤ ਤੇ ਪਾਕਿਸਤਾਨ ਵਿੱਚ ਮਹਾਮੁਕਾਬਲਾ ਦੇਖਣ ਨੂੰ ਮਿਲੇਗਾ। ਟੂਰਨਾਮੈਂਟ ਯੂ.ਏ.ਈ. ਵਿੱਚ ਕਰਵਾਉਣ ਸਬੰਧੀ ਫ਼ੈਸਲਾ ਏ.ਸੀ.ਸੀ. ਦੀ ਬੈਠਕ ਵਿੱਚ ਲਿਆ ਗਿਆ, ਜਿਸ ਵਿੱਚ ਸਾਰੇ 25 ਮੈਂਬਰ ਸ਼ਾਮਲ ਹੋਏ।

ਬੀ.ਸੀ.ਸੀ.ਆਈ. ਦੀ ਨੁਮਾਇੰਦਗੀ ਬੋਰਡ ਦੇ ਉਪ ਪ੍ਰਧਾਨ ਰਾਜੀਵ ਸ਼ੁਕਲਾ ਵੱਲੋਂ ਕੀਤੀ ਗਈ, ਜੋ ਬੈਠਕ ਵਿੱਚ ਵਰਚੁਅਲੀ ਸ਼ਾਮਲ ਹੋਏ। ਏ.ਸੀ.ਸੀ. ਦੇ ਇੱਕ ਸੂਤਰ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਪੱਤਰਕਾਰਾਂ ਨੂੰ ਦੱਸਿਆ, “ਬੀ.ਸੀ.ਸੀ.ਆਈ. ਏਸ਼ੀਆ ਕੱਪ ਦੀ ਮੇਜ਼ਬਾਨੀ ਯੂ.ਏ.ਈ. ਵਿੱਚ ਕਰੇਗਾ। ਭਾਰਤ ਦੇ ਆਪਣੇ ਸਾਰੇ ਮੈਚ ਦੁਬਈ ਵਿੱਚ ਖੇਡਣ ਦੀ ਸੰਭਾਵਨਾ ਹੈ। ਸ਼ਡਿਊਲ ’ਤੇ ਅਜੇ ਵੀ ਵਿਚਾਰ-ਵਟਾਂਦਰਾ ਚੱਲ ਰਿਹਾ ਹੈ।”

ਇਹ ਟੂਰਨਾਮੈਂਟ ਯੂ.ਏ.ਈ. ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ ਕਿਉਂਕਿ ਭਾਰਤ ਅਤੇ ਪਾਕਿਸਤਾਨ ਨੇ ਆਪਸੀ ਸਹਿਮਤੀ ਨਾਲ 2027 ਤੱਕ ਸਾਰੇ ਬਹੁ-ਰਾਸ਼ਟਰੀ ਸਮਾਗਮਾਂ ਵਿੱਚ ਆਪਣੇ ਸਾਰੇ ਮੈਚ ਨਿਰਪੱਖ ਥਾਵਾਂ ’ਤੇ ਖੇਡਣ ਲਈ ਸਹਿਮਤੀ ਦਿੱਤੀ ਹੈ। ਏਸ਼ੀਆ ਕੱਪ ਦਾ ਇਹ ਐਡੀਸ਼ਨ ਟੀ-20 ਫ਼ਾਰਮੈਟ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ ਕਿਉਂਕਿ ਅਗਲਾ ਆਈ.ਸੀ.ਸੀ. ਵਿਸ਼ਵ ਕੱਪ ਫ਼ਰਵਰੀ 2026 ਵਿੱਚ ਭਾਰਤ ਅਤੇ ਸ੍ਰੀਲੰਕਾ ਵਿੱਚ ਸਭ ਤੋਂ ਛੋਟੇ ਫ਼ਾਰਮੈਟ ਵਿੱਚ ਹੋਵੇਗਾ।

# ਟੈਨਿਸ ਦੀ ਮਲਿਕਾ ਸਟੈਫ਼ੀ ਗ੍ਰਾਫ਼





ਪ੍ਰਿੰ. ਸਰਵਣ ਸਿੰਘ
+1-905-779-1661

ਜਰਮਨੀ ਦੀ ਜੰਮਪਲ ਸਟੈਫ਼ੀ ਗ੍ਰਾਫ਼ ਟੈਨਿਸ ਦੀ ਮਲਿਕਾ ਮੰਨੀ ਜਾਂਦੀ ਰਹੀ ਹੈ। ਟੈਨਿਸ ਦੇ ਅੰਬਰ ਵਿੱਚ ਉਹਦਾ ਨਾਂ ਧਰੂ ਤਾਰੇ ਵਾਂਗ ਲਿਸ਼ਕਦਾ ਰਹੇਗਾ। ਉਸ ਨੇ ਟੈਨਿਸ ਦੇ ਸਾਰੇ ਗਰੈਂਡ ਸਲਾਮ ਟੂਰਨਾਮੈਂਟ ਜਿੱਤੇ ਤੇ ਦੋ ਉਲੰਪਿਕ ਖੇਡਾਂ ’ਚੋਂ ਸੋਨੇ, ਚਾਂਦੀ ਤੇ ਕਾਂਸੀ ਦੇ ਤਿੰਨ ਮੈਡਲ ਹਾਸਲ ਕੀਤੇ। ਉਸ ਦੀ ਇਨਾਮੀ ਰਾਸ਼ੀ 2 ਕਰੋੜ ਡਾਲਰਾਂ ਤੋਂ ਟੱਪ ਗਈ ਸੀ ਅਤੇ ਮਾਨ ਸਨਮਾਨਾਂ ਦਾ ਕੋਈ ਅੰਤ ਨਹੀਂ ਰਿਹਾ। ਉਸ ਨੂੰ ਗੁੜਤੀ ਹੀ ਟੈਨਿਸ ਦੀ ਮਿਲੀ ਸੀ। ਉਸ ਦਾ ਪਿਤਾ ਪੀਟਰ ਗ੍ਰਾਫ਼ ਖ਼ੁਦ ਟੈਨਿਸ ਦਾ ਤਕੜਾ ਖਿਡਾਰੀ ਸੀ ਤੇ ਉਹੀ ਆਪਣੀ ਧੀ ਦਾ ਪਹਿਲਾ ਕੋਚ ਬਣਿਆ।

ਸਟੈਫ਼ੀ ਨੇ ਤਿੰਨ ਸਾਲ ਦੀ ਉਮਰੇ ਰੈਕੇਟ ਫੜਨਾ ਸਿੱਖ ਲਿਆ ਸੀ ਤੇ ਚੌਥੇ ਸਾਲ ਟੈਨਿਸ ਖੇਡਣ ਲੱਗ ਪਈ ਸੀ। ਫ਼ਿਰ ਉਸ ਨੇ ਏਨੀ ਮਿਹਨਤ ਕੀਤੀ, ਐਨਾ ਮੁੜਕਾ ਵਹਾਇਆ, ਏਨਾ ਸਿਦਕ ਤੇ ਸਿਰੜ ਪਾਲਿਆ ਕਿ 13 ਸਾਲ ਦੀ ਅੱਲ੍ਹੜ ਉਮਰ ਤੋਂ ਹੀ ਟੈਨਿਸ ਦੇ ਟੂਰਨਾਮੈਂਟ ਜਿੱਤਦੀ ਵੀਹਵੀਂ ਸਦੀ ਦੀ ਸਭ ਤੋਂ ਤਕੜੀ ਟੈਨਿਸ ਖਿਡਾਰਨ ਐਲਾਨੀ ਗਈ। ਉਸ ਨੂੰ ਵਿਸ਼ਵ ਪੱਧਰ ਦਾ ਹਰ ਮਾਨ ਸਨਮਾਨ ਮਿਲਿਆ। ਉਸ ਦਾ ਖੇਡ ਕਰੀਅਰ ਨਵੇਂ ਖਿਡਾਰੀਆਂ ਲਈ ਰਾਹ ਦਸੇਰਾ ਤੇ ਖੇਡਾਂ ਦੀ ਦੁਨੀਆ ਲਈ ਚਾਨਣ ਮੁਨਾਰਾ ਹੈ।

ਖੇਡ ਪ੍ਰਤਿਭਾ ਨਾਲ ਰੱਬ ਨੇ ਉਸ ਨੂੰ ਰੰਗ ਰੂਪ ਵੀ ਰੱਜ ਕੇ ਦਿੱਤਾ। ਉਸ ਦਾ ਕੱਦ 5 ਫ਼ੁੱਟ 9 ਇੰਚ ਹੈ। ਨੱਕ ਤਿੱਖਾ, ਧੌਣ ਲੰਮੀ, ਅੱਖਾਂ ਬਿੱਲੀਆਂ, ਵਾਲ ਭੂਰੇ ਤੇ ਜੁੱਸਾ ਸਡੌਲ ਹੈ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਉਹ ਆਪਣੀ ਮਾਂ, ਭਰਾ, ਪਤੀ, ਪੁੱਤਰ ਤੇ ਧੀ ਨਾਲ ਅਮਰੀਕਾ ਦੇ ਸ਼ਹਿਰ ਲਾਸ ਵੇਗਾਸ ਵਿੱਚ ਪੂਰੇ ਪਰਿਵਾਰ ਨਾਲ ਸੁਖੀ ਵਸਦੀ ਹੈ। ਉਸ ਦਾ ਪਤੀ ਆਂਦਰੇ ਅਗਾਸੀ ਵੀ ਟੈਨਿਸ ਦਾ ਸਟਾਰ ਖਿਡਾਰੀ ਰਿਹਾ ਹੈ।

ਸਟੈਫ਼ੀ ਦਾ ਪੂਰਾ ਨਾਂ ਸਟੈਫ਼ਾਨੀ ਮਾਰੀਆ ਗ੍ਰਾਫ਼ ਹੈ। ਉਸ ਦਾ ਜਨਮ 14 ਜੂਨ 1969 ਨੂੰ ਪੱਛਮੀ ਜਰਮਨੀ ਦੇ ਸ਼ਹਿਰ ਮਨਹਾਈਮ ਨੇੜੇ ਬਰੂਹਲ ਵਿੱਚ ਟੈਨਿਸ ਖਿਡਾਰੀ ਪੀਟਰ ਗ੍ਰਾਫ਼ ਦੇ ਘਰ ਹੋਇਆ ਸੀ। ਉਹਦਾ ਪਿਤਾ ਖ਼ੁਦ ਖਿਡਾਰੀ ਰਿਹਾ ਸੀ ਤੇ ਫ਼ਿਰ ਸਟੈਫ਼ੀ ਦੇ ਚੰਗੇ ਭਾਗਾਂ ਨੂੰ ਟੈਨਿਸ ਦਾ ਕੋਚ ਬਣ ਗਿਆ ਸੀ। ਉਸ ਨੇ ਆਪਣੀ ਧੀ ਨੂੰ ਟੈਨਿਸ ਦੀ ਖਿਡਾਰਨ ਬਣਾਉਣ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ। ਸਟੈਫ਼ੀ ਨੂੰ ਗੇਂਦ ਤੇ ਛੋਟਾ ਰੈਕੇਟ ਪਹਿਲੇ ਖਿਡਾਉਣੇ ਦੇ ਰੂਪ ਵਿੱਚ ਮਿਲੇ ਸਨ।

ਸਟੈਫ਼ੀ ਸਿਰਫ਼ ਚਾਰ ਸਾਲ ਦੀ ਹੋਈ ਸੀ ਕਿ ਪਿਤਾ ਨਾਲ ਟੈਨਿਸ ਖੇਡਣ ਲੱਗ ਪਈ ਸੀ। 13 ਸਾਲ ਦੀ ਹੋਈ ਤਾਂ ਪੇਸ਼ੇਵਰ ਖਿਡਾਰਨ ਵਜੋਂ ਟੈਨਿਸ ਦੇ ਟੂਰਨਾਮੈਂਟਾਂ ਵਿੱਚ ਭਾਗ ਲੈਣ ਲੱਗ ਪਈ। ਉਸ ਨੇ ਪਹਿਲਾ ਪੇਸ਼ੇਵਰਾਨਾ ਮੈਚ 1982 ਵਿੱਚ ਖੇਡਿਆ। ਉਦੋਂ ਤੋਂ ਉਹਦੀਆਂ ਜਿੱਤਾਂ ਦਾ ਐਸਾ ਦੌਰ ਸ਼ੁਰੂ ਹੋਇਆ ਕਿ ਉਹ 1987 ਵਿੱਚ ਫ਼ਰੈਂਚ ਓਪਨ ਦਾ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤ ਗਈ। ਉਸੇ ਸਾਲ ਉਹ ਵਿਸ਼ਵ ਦੀ ਸਰਬੋਤਮ ਟੈਨਿਸ ਖਿਡਾਰਨ ਐਲਾਨੀ ਗਈ। ਫ਼ਿਰ ਤਾਂ ਐਸੀ ਚੱਲ ਸੋ ਚੱਲ ਹੋਈ ਕਿ ਆਏ ਦਿਨ ਉਸ ਨੂੰ ਜਿੱਤਾਂ ’ਤੇ ਜਿੱਤਾਂ ਨਸੀਬ ਹੋਣ ਲੱਗੀਆਂ। ਉਹ ਵਿਸ਼ਵ ਦੀ ਟੈਨਿਸ ਮਲਿਕਾ ਕਹੀ ਜਾਣ ਲੱਗੀ। ਜਿੱਧਰ ਵੀ ਜਾਂਦੀ ਹੱਥੀਂ ਛਾਵਾਂ ਹੁੰਦੀਆਂ। ਫ਼ਰੈਂਚ ਓਪਨ ਦਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਣ ਪਿੱਛੋਂ ਉਹ ਵਿਸ਼ਵ ਦੀ ਨੰਬਰ 1 ਖਿਡਾਰਨ ਬਣਨ ਦਾ ਖ਼ਿਤਾਬ ਵੀ ਹਾਸਲ ਕਰ ਗਈ।


1988 ਵਿੱਚ ਸਟੈਫ਼ੀ ਗ੍ਰਾਫ਼ ਨੇ ਉਹ ਮਾਅਰਕਾ ਮਾਰਿਆ ਜੋ ਉਸ ਤੋਂ ਪਹਿਲਾਂ ਕਿਸੇ ਤੋਂ ਨਹੀਂ ਸੀ ਵੱਜਾ। ਉਸ ਨੂੰ ਕਹਿੰਦੇ ਹਨ: ਕੈਲੰਡਰ ਗ੍ਰੈਂਡ ਸਲੈਮ। ਉਸ ਵਿੱਚ ਵਿਸ਼ਵ ਭਰ ਦੇ ਵੱਡੇ ਟੈਨਿਸ ਟੂਰਨਾਮੈਂਟ ਆਸਟਰੇਲੀਅਨ ਓਪਨ, ਫ਼ਰੈਂਚ ਓਪਨ, ਵਿੰਬਲਡਨ ਤੇ ਯੂ ਐੱਸ ਓਪਨ ਆਦਿ, ਉਹ ਸਾਰੇ ਗਰੈਂਡ ਸਲੈਮ ਉਸ ਨੇ ਜਿੱਤੇ। ਨਾਲ ਲੋਹੜਾ ਇਹ ਮਾਰਿਆ ਕਿ 1988 ਦੀਆਂ ਉਲੰਪਿਕ ਖੇਡਾਂ ’ਚੋਂ ਇੱਕ ਗੋਲਡ ਤੇ ਇੱਕ ਕਾਂਸੀ ਦਾ ਮੈਡਲ ਵੀ ਜਿੱਤੇ।

ਇਹ ਇੱਕ ਸਾਧਾਰਨ ਪਰਿਵਾਰ ਵਿੱਚ ਜੰਮੀ ਪਲੀ ਲੜਕੀ ਦੀ ਪ੍ਰਾਪਤੀ ਸੀ ਨਾ ਕਿ ਸੋਨੇ ਦੇ ਚਮਚੇ ਨਾਲ ਗੁੜਤੀ ਲੈ ਕੇ ਜੰਮੀ ਕਿਸੇ ਅਮੀਰਜ਼ਾਦੀ ਦੀ। ਆਲੇ ਭੋਲੇ ਬਚਪਨ ਤੋਂ ਲੈ ਕੇ ਉਸ ਨੇ ਟੈਨਿਸ ਦੀ ਲੰਮੀ, ਥਕਾਉਣ ਵਾਲੀ ਪਰ ਉਤਸ਼ਾਹ ਭਰੀ ਜੰਗ ਲੜੀ ਸੀ। ਉਹ ਘਰੋਂ ਸਿੱਧੀ ਹਵਾਈ ਅੱਡਿਆਂ ’ਤੇ ਜਾਂਦੀ, ਜਹਾਜ਼ਾਂ ’ਤੇ ਚੜ੍ਹਦੀ ਉਤਰਦੀ, ਸਿੱਧੀ ਟੈਨਿਸ ਦੇ ਮੈਦਾਨਾਂ ’ਚ ਪਹੁੰਚਦੀ ਤੇ ਪ੍ਰੈਕਟਿਸ ਕਰ ਕੇ ਜਾਂ ਟੂਰਨਾਮੈਂਟ ਖੇਡ ਕੇ ਸਿੱਧੀ ਘਰ ਮੁੜਦੀ। ਉਸ ਕੋਲ ਕੋਈ ਵਕਤ ਨਹੀਂ ਜੋ ਫ਼ਜ਼ੂਲ ਗੱਲਾਂ ’ਚ ਗੁਆਇਆ ਜਾਵੇ।


13 ਸਾਲ ਦੀ ਅੱਲ੍ਹੜ ਉਮਰ ’ਚ ਉਸ ਨੇ ਪਹਿਲਾ ਪੇਸ਼ੇਵਰ ਮੈਚ ਖੇਡਿਆ, 18 ਸਾਲ ਦੀ ਉਮਰੇ ਪਹਿਲਾ ਗ੍ਰੈਂਡ ਸਲੈਮ ਖ਼ਿਤਾਬ ਜਿੱਤਿਆ, ਉਸੇ ਸਾਲ ਵਿਸ਼ਵ ਦੀ ਅੱਵਲ ਨੰਬਰ ਖਿਡਾਰਨ ਐਲਾਨੀ ਗਈ, 19ਵੇਂ ਸਾਲ ਦੀ ਉਮਰੇ ਮਹਾਨ ਪ੍ਰਾਪਤੀ ਕੈਲੰਡਰ ਸਲੈਮ ਜਿੱਤਣ ਦੀ ਹੋਈ ਜਿਸ ਨੂੰ ‘ਗੋਲਡਨ ਸਲੈਮ’ ਵੀ ਕਿਹਾ ਜਾਂਦਾ ਹੈ।

ਸਿਓਲ ਦੀਆਂ ਉਲੰਪਿਕ ਖੇਡਾਂ ’ਚ ਸਿੰਗਲਜ਼ ਦਾ ਗੋਲਡ ਤੇ ਡਬਲਜ਼ ਦਾ ਕਾਂਸੀ ਦਾ ਮੈਡਲ ਜਿੱਤ ਕੇ ਉਸ ਨੇ ਪੱਛਮੀ ਜਰਮਨੀ ਦਾ ਮਾਣ ਵਧਾਇਆ। ਫ਼ਿਰ ਬਰਲਿਨ ਦੀ ਦੀਵਾਰ ਢਾਹ ਕੇ ਈਸਟ ਜਰਮਨੀ ਤੇ ਵੈਸਟ ਜਰਮਨੀ ਇਕੱਠੇ ਹੋਏ ਤਾਂ 1992 ਵਿੱਚ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ ’ਚੋਂ ਸਟੈਫ਼ੀ ਗ੍ਰਾਫ਼ ਨੇ ਇੱਕ ਸਿਲਵਰ ਮੈਡਲ ਜਰਮਨੀ ਦੇ ਨਾਂ ’ਤੇ ਵੀ ਜਿੱਤਿਆ। ਜਰਮਨੀ ਦੀ ਸਿਟੀਜ਼ਨ ਤਾਂ ਉਹ ਜਮਾਂਦਰੂ ਸੀ। ਸਰਗਰਮ ਖੇਡ ਤੋਂ ਰਿਟਾਇਰ ਹੋਣ ਪਿੱਛੋਂ ਅਮਰੀਕਾ ਵਿੱਚ ਵਸੇ ਬੇ ਕਾਰਨ ਉਹ ਅਮਰੀਕਾ ਦੀ ਵੀ ਸਿਟੀਜ਼ਨ ਹੈ।

# ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਮੋਹ ਰੱਖਦਾ ਸੀ ਵਰਿੰਦਰ



ਪੰਜਾਬੀ ਸਿਨੇਮੇ ਲਈ ਅੱਸੀ-ਨੱਬੇ ਦਾ ਦੌਰ ਪੂਰੀ ਤਰ੍ਹਾਂ ਵਰਿੰਦਰ ਨੂੰ ਹੀ ਸਮਰਪਿਤ ਸੀ। ਜੇ ਗੱਲ ਕਰੀਏ 'ਸਰਪੰਚ', 'ਬਲਬੀਰੋ ਭਾਬੀ', 'ਨਿੰਮੋ', 'ਜਿਗਰੀ ਯਾਰ', 'ਸਰਦਾਰਾ ਕਰਤਾਰਾ', 'ਯਾਰੀ ਜੱਟ ਦੀ', ਇਨ੍ਹਾਂ ਫ਼ਿਲਮਾਂ ਵਿਚਲਾ 'ਜੀਤਾ', 'ਕਰਮਾ', 'ਸੁੱਚਾ' ਅੱਜ ਵੀ ਦਰਸ਼ਕਾਂ ਦੇ ਮਨਾਂ ਵਿੱਚ ਵਸਿਆ ਹੋਇਆ ਹੈ। ਵਰਿੰਦਰ ਇੱਕ ਅਜਿਹਾ ਅਦਾਕਾਰ ਸੀ ਜਿਸ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਹੁਤ ਨੇੜਿਓਂ ਫ਼ਿਲਮੀ ਪਰਦੇ 'ਤੇ ਉਤਾਰਿਆ। ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ, ਸਮਾਜਿਕ ਕੁਰੀਤੀਆਂ ਨੂੰ ਵਰਿੰਦਰ ਨੇ ਆਪਣੀਆਂ ਫ਼ਿਲਮਾਂ ਦਾ ਹਿੱਸਾ ਬਣਾਇਆ। ਫ਼ਿਲਮ 'ਸਰਪੰਚ' ਰਾਹੀਂ ਉਸ ਨੇ ਨਸ਼ਿਆਂ ਨਾਲ ਉੱਜੜਦੇ ਘਰਾਂ ਦੀ ਦਾਸਤਾਨ ਬਿਆਨ ਕਰਦਿਆਂ ਇਹ ਦਿਖਾਇਆ ਕਿ ਕਿਵੇਂ ਨਸ਼ੇ ਦੇ ਸੌਦਾਗਰ ਆਪਣੀਆਂ ਜੇਬਾਂ ਭਰਨ ਲਈ ਪੰਜਾਬ ਦੀ ਜਵਾਨੀ ਨੂੰ ਖ਼ਤਮ ਕਰਨ ਦੇ ਰਾਹ ਪੈਂਦੇ ਹਨ। ਇਸੇ ਤਰ੍ਹਾਂ ਫ਼ਿਲਮ 'ਨਿੰਮੋ' ਰਾਹੀਂ ਇੱਕ ਗਾਉਣ ਵਾਲੀ ਦੇ ਵਿਅਕਤਿਤਵ ਤੇ ਲੋਕਾਂ ਵਿਚਲੀ ਸ਼ੋਹਰਤ ਨੂੰ ਦੋ ਵੱਖ-ਵੱਖ ਪੱਖਾਂ ਤੋਂ ਪੇਸ਼ ਕੀਤਾ। 'ਬਲਬੀਰੋ ਭਾਬੀ' ਫ਼ਿਲਮ ਰਾਹੀਂ ਉਸ ਨੇ ਪੰਜਾਬੀ ਕਿੱਸਿਆਂ ਦੇ ਲੋਕ ਨਾਇਕ 'ਸੁੱਚਾ ਸੂਰਮੇ' ਨੂੰ ਫ਼ਿਲਮੀ ਪਰਦੇ 'ਤੇ ਉਤਾਰਿਆ। ਫ਼ਿਲਮ 'ਯਾਰੀ ਜੱਟ ਦੀ' ਵਿੱਚ ਇੱਕ ਅਜਿਹੀ ਖ਼ੂਬਸੂਰਤ ਮੁਟਿਆਰ ਦੀ ਕਹਾਣੀ ਨੂੰ ਮੂਲ ਬਣਾਇਆ ਜਿਸ ਦੀ ਮਤਰੇਈ ਮਾਂ ਡਾਲਰਾਂ ਦੇ ਲਾਲਚ ਵਿੱਚ ਆ ਕੇ ਉਸ ਦਾ ਵਿਆਹ ਕੈਨੇਡਾ ਦੇ ਇੱਕ ਬੁੱਢੇ ਨਾਲ ਕਰ ਦਿੰਦੀ ਹੈ।







ਵਰਿੰਦਰ ਦਾ ਜਨਮ 15 ਅਗਸਤ 1948 ਨੂੰ ਪੰਜਾਬ ਦੇ ਫਗਵਾੜਾ ਸ਼ਹਿਰ ਵਿੱਚ ਹੋਇਆ। ਨਾਮੀ ਫ਼ਿਲਮ ਸਟਾਰ ਧਰਮਿੰਦਰ ਤੇ ਵਰਿੰਦਰ ਆਪਸ ਵਿੱਚ ਮਾਮੇ-ਭੂਆ ਦੇ ਪੁੱਤ ਸਨ। ਫ਼ਿਲਮਾਂ ਵਿੱਚ ਆਉਣ ਤੋਂ ਪਹਿਲਾਂ ਵਰਿੰਦਰ ਫਗਵਾੜੇ ਇੱਕ ਪ੍ਰਾਈਵੇਟ ਇੰਡਸਟਰੀ ਵਿੱਚ ਬੁਕਿੰਗ ਕਲਰਕ ਵਜੋਂ ਕੰਮ ਕਰਦਾ ਸੀ। ਆਪਣੇ ਕੰਮ ਦੇ ਸਿਲਸਿਲੇ ਜਦੋਂ ਉਹ ਬੰਬੇ, ਕਲਕੱਤੇ ਜਾਂਦਾ ਤਾਂ ਅਕਸਰ ਧਰਮਿੰਦਰ ਕੋਲ ਠਹਿਰਦਾ। ਫ਼ਿਲਮਾਂ ਦੀ ਚਕਾਚੌਂਧ ਨੇ ਵਰਿੰਦਰ ਨੂੰ ਪ੍ਰਭਾਵਿਤ ਕੀਤਾ ਅਤੇ ਉਸ ਨੇ ਫ਼ਿਲਮਾਂ ਵੱਲ ਆਉਣ ਦਾ ਮਨ ਬਣਾਇਆ। ਵਰਿੰਦਰ ਦੀ ਪਹਿਲੀ ਫ਼ਿਲਮ 'ਤੇਰੀ ਮੇਰੀ ਇੱਕ ਜਿੰਦੜੀ' ਸੀ ਜਿਸ ਵਿੱਚ ਉਸ ਨੇ ਪਹਿਲੀ ਵਾਰ ਬਤੌਰ ਨਾਇਕ ਕੈਮਰੇ ਦਾ ਸਾਹਮਣਾ ਕੀਤਾ। ਪ੍ਰਸਿੱਧ ਗੀਤਕਾਰ ਇੰਦਰਜੀਤ ਹਸਨਪੁਰੀ ਵੱਲੋਂ 'ਲੁਧਿਆਣਾ ਫ਼ਿਲਮਜ਼' ਦੇ ਬੈਨਰ ਹੇਠ ਬਣਾਈ ਇਸ ਫ਼ਿਲਮ ਵਿੱਚ ਧਰਮਿੰਦਰ ਨੇ ਵੀ ਕੰਮ ਕੀਤਾ ਸੀ। ਵਰਿੰਦਰ ਬਹੁਤ ਸੰਗਾਊ ਸੁਭਾਅ ਵਾਲਾ ਸੀ। ਇਸ ਫ਼ਿਲਮ ਦੀ ਸ਼ੂਟਿੰਗ ਦੌਰਾਨ ਉਸ ਨੇ ਅਦਾਕਾਰਾ ਮੀਨਾ ਰਾਏ ਨਾਲ ਦ੍ਰਿਸ਼ ਬਹੁਤ ਹੀ ਸੰਗ-ਸੰਗ ਦਿੱਤੇ ਸਨ। ਨਰਿੰਦਰ ਬੀਬਾ ਦੀ ਆਵਾਜ਼ ਵਿੱਚ ਹਿੱਟ ਗਾਣਾ 'ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ, ਦੱਸ ਕੀ ਕਰਾਂ' ਵਰਿੰਦਰ 'ਤੇ ਹੀ ਫ਼ਿਲਮਾਇਆ ਗਿਆ। ਇਸ ਫ਼ਿਲਮ ਤੋਂ ਬਾਅਦ ਉਹ ਪੂਰੀ ਤਰ੍ਹਾਂ ਪੰਜਾਬੀ ਫ਼ਿਲਮਾਂ ਨੂੰ ਸਮਰਪਿਤ ਹੋ ਗਿਆ। ਅਦਾਕਾਰੀ ਦੇ ਨਾਲ-ਨਾਲ ਉਸ ਨੇ ਫ਼ਿਲਮ ਨਿਰਦੇਸ਼ਨ ਵਿੱਚ ਵੀ ਚੰਗਾ ਗਿਆਨ ਹਾਸਲ ਕੀਤਾ।

ਵਰਿੰਦਰ ਆਪਣੀ ਫ਼ਿਲਮ ਦੀ ਕਹਾਣੀ, ਸੰਵਾਦਾਂ, ਲੁਕੇਸ਼ਨਾਂ ਅਤੇ ਗੀਤਾਂ ਦਾ ਖ਼ਾਸ ਧਿਆਨ ਰੱਖਦਾ ਸੀ। ਉਹ ਫ਼ਿਲਮ ਦੇ ਨਾਇਕ ਦੀ ਆਵਾਜ਼ ਨਾਲ ਮਿਲਦੀ-ਆਵਾਜ਼ ਤੋਂ ਹੀ ਗੀਤ ਗਵਾਉਂਦਾ ਸੀ। ਮਹਿੰਦਰ ਕਪੂਰ ਉਸ ਦਾ ਮਨਪਸੰਦ ਗਾਇਕ ਸੀ। ਇਹੋ ਕਾਰਨ ਸੀ ਕਿ ਉਸ ਦੀ ਫ਼ਿਲਮ ਦਾ ਸੰਗੀਤ ਕੋਈ ਨਾਮੀ ਮਿਊਜ਼ਕ ਕੰਪਨੀ ਸਜ-ਧਜ ਕੇ ਰਿਲੀਜ਼ ਕਰਦੀ ਹੁੰਦੀ ਸੀ। ਵਰਿੰਦਰ ਦੀਆਂ ਫ਼ਿਲਮਾਂ ਦੀ ਦਰਸ਼ਕ ਬੇਸਬਰੀ ਨਾਲ ਉਡੀਕ ਕਰਦੇ ਸਨ। ਉਸ ਦੀ ਫ਼ਿਲਮ ਕਈ-ਕਈ ਹਫ਼ਤੇ ਇੱਕੋ ਸਿਨੇਮੇ ਵਿੱਚ ਲੱਗੀ ਰਹਿੰਦੀ ਸੀ। ਦਰਸ਼ਕਾਂ ਦਾ ਜਿਹੜਾ ਪਿਆਰ ਵਰਿੰਦਰ ਦੀਆਂ ਫ਼ਿਲਮਾਂ ਦੇ ਹਿੱਸੇ ਆਇਆ, ਉਹ ਕਿਸੇ ਹੋਰ ਦੇ ਹਿੱਸੇ ਬਹੁਤ ਘੱਟ ਆਇਆ ।

ਵਰਿੰਦਰ ਨੇ ਆਪਣੇ 12 ਸਾਲ ਦੇ ਫ਼ਿਲਮੀ ਕੈਰੀਅਰ ਦੌਰਾਨ ਬਤੌਰ ਲੇਖਕ, ਨਿਰਮਾਤਾ-ਨਿਰਦੇਸ਼ਕ ਅਤੇ ਨਾਇਕ ਲਗਪਗ 25 ਫ਼ਿਲਮਾਂ ਪੰਜਾਬੀ ਦਰਸ਼ਕਾਂ ਨੂੰ ਦਿੱਤੀਆਂ। 'ਲੰਬੜਦਾਰਨੀ', 'ਲਾਜੋ', 'ਵੈਰੀ ਜੱਟ', 'ਸੈਦਾ ਜੋਗਣ', 'ਬਟਵਾਰਾ', 'ਬਲਬੀਰੋ ਭਾਬੀ', 'ਰਾਣੋ', 'ਸਰਪੰਚ', 'ਸੰਤੋ-ਬੰਤੋ', 'ਤੇਰੀ ਮੇਰੀ ਇੱਕ ਜਿੰਦੜੀ', 'ਸਰਦਾਰਾ ਕਰਤਾਰਾ', 'ਜਿਗਰੀ ਯਾਰ', 'ਜੱਟ ਸੂਰਮੇ', 'ਕੁਆਰਾ ਮਾਮਾ', 'ਗਿੱਧਾ', 'ਟਾਕਰਾ', 'ਧਰਮਜੀਤ', 'ਯਾਰੀ ਜੱਟ ਦੀ', 'ਜੱਟ ਤੇ ਜ਼ਮੀਨ', 'ਨਿੰਮੋ' ਆਦਿ ਉਸ ਦੀਆਂ ਚਰਚਿਤ ਫ਼ਿਲਮਾਂ ਹਨ। ਉਸ ਨੇ ਦੋ ਹਿੰਦੀ ਫ਼ਿਲਮਾਂ 'ਖੇਲ ਮੁਕੱਦਰ ਕਾ' ਅਤੇ 'ਦੋ ਚਿਹਰੇ' ਵਿੱਚ ਵੀ ਕੰਮ ਕੀਤਾ। ਉਂਝ ਤਾਂ ਵਰਿੰਦਰ ਨਾਲ ਕਈ ਹੀਰੋਇਨਾਂ ਨੇ ਕੰਮ ਕੀਤਾ ਪਰ ਪ੍ਰੀਤੀ ਸਪਰੂ ਨਾਲ ਵਰਿੰਦਰ ਦੀ ਜੋੜੀ ਵਧੇਰੇ ਪ੍ਰਵਾਨ ਚੜ੍ਹੀ।

ਨੌਜਵਾਨ ਫ਼ਿਲਮਕਾਰ ਨਵਤੇਜ ਸੰਧੂ ਦੀ ਵਰਿੰਦਰ ਨਾਲ ਦਿਲੀ ਸਾਂਝ ਰਹੀ। ਨਵਤੇਜ ਦਾ ਕਹਿਣਾ ਹੈ ਕਿ ਵਰਿੰਦਰ ਵਰਗਾ ਪੰਜਾਬ ਦੀ ਮਿੱਟੀ ਨਾਲ ਜੁੜਿਆ ਕਲਾਕਾਰ ਦੁਬਾਰਾ ਪੈਦਾ ਨਹੀਂ ਹੋਣਾ। ਉਸ ਨੇ ਆਪਣੀਆਂ ਫ਼ਿਲਮਾਂ ਵਿੱਚ ਹਮੇਸ਼ਾ ਲੋਕਾਂ ਦੀ ਗੱਲ ਕੀਤੀ। ਉਸ ਦੀਆਂ ਫ਼ਿਲਮਾਂ ਵਿੱਚ ਕੋਈ ਬਨਾਉਟੀਪਣ ਨਹੀਂ ਸੀ ਹੁੰਦਾ। ਜੇ ਅੱਜ ਵਰਿੰਦਰ ਜਿਊਂਦਾ ਹੁੰਦਾ ਤਾਂ ਪੰਜਾਬੀ ਸਿਨੇਮਾ ਕਿਤੇ ਦਾ ਕਿਤੇ ਹੁੰਦਾ। ਵਰਿੰਦਰ ਆਪ ਤਾਂ ਚੰਗਾ ਕਲਾਕਾਰ ਹੈ ਹੀ ਸੀ, ਦੂਜੇ ਕਲਾਕਾਰਾਂ ਨੂੰ ਵੀ ਉਹ ਚੰਗੀਆਂ ਗੱਲਾਂ ਦੱਸਦਾ ਸੀ। ਯੋਗਰਾਜ ਸਿੰਘ, ਪ੍ਰੀਤੀ ਸਪਰੂ, ਗੁਰਚਰਨ ਪੋਹਲੀ, ਸਰੂਪ ਪਰਿੰਦਾ, ਮੇਹਰ ਮਿੱਤਲ, ਸੁਖਜਿੰਦਰ ਸ਼ੇਰਾ, ਨਿਰਦੇਸ਼ਕ ਰਵਿੰਦਰ ਰਵੀ, ਮੋਹਨ ਬੱਗੜ ਆਦਿ ਨੇ ਵਰਿੰਦਰ ਦੀਆਂ ਫ਼ਿਲਮਾਂ ਤੋਂ ਹੀ ਆਪਣੇ ਫ਼ਿਲਮੀ ਕੈਰੀਅਰ ਦੀ ਸ਼ੁਰੂਆਤ ਕੀਤੀ। ਵਰਿੰਦਰ ਅਕਸਰ ਕਹਿੰਦਾ ਹੁੰਦਾ ਸੀ ਕਿ ਪੰਜਾਬ ਮੇਰਾ ਆਪਣਾ ਹੈ। ਮੈਂ ਪੰਜਾਬ ਦੀ ਮਿੱਟੀ ਨਾਲ ਜੁੜਿਆ ਹੋਇਆ ਕਲਾਕਾਰ ਹਾਂ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਅੰਤਾਂ ਦਾ ਮੋਹ ਰੱਖਣ ਵਾਲਾ ਪੰਜਾਬੀ ਸਿਨੇਮੇ ਦਾ ਇਹ ਹੋਣਹਾਰ ਅਦਾਕਾਰ 6 ਦਸੰਬਰ 1988 ਨੂੰ ਪੰਜਾਬ 'ਚ ਚੱਲੇ ਕਾਲੇ ਦੌਰ ਦਾ ਸ਼ਿਕਾਰ ਹੋ ਗਿਆ। ਉਹ ਉਸ ਵਕਤ ਪਿੰਡ ਤਲਵੰਡੀ ਵਿਖੇ ਫ਼ਿਲਮ 'ਜੱਟ ਤੇ ਜ਼ਮੀਨ' ਦੀ ਸ਼ੂਟਿੰਗ ਕਰ ਰਿਹਾ ਸੀ। ਵਰਿੰਦਰ ਦੀ ਮੌਤ ਤੋਂ ਬਾਅਦ ਪੰਜਾਬੀ ਸਿਨੇਮੇ ਵਿੱਚ ਵਿਰਾਨੀ ਛਾ ਗਈ।

ਭਾਵੇਂ ਅੱਜ ਪੰਜਾਬੀ ਸਿਨੇਮਾ ਕੌਮਾਂਤਰੀ ਪੱਧਰ 'ਤੇ ਪਛਾਣ ਰੱਖਦਾ ਹੈ ਪਰ ਵਰਿੰਦਰ ਦੀ ਪੰਜਾਬੀ ਸਿਨੇਮੇ ਵਿੱਚ ਪਈ ਘਾਟ ਕਦੇ ਪੂਰੀ ਨਹੀਂ ਹੋ ਸਕਦੀ। ਨਵੇਂ ਫ਼ਿਲਮਕਾਰਾਂ ਨੂੰ ਵਰਿੰਦਰ ਦੀਆਂ ਫ਼ਿਲਮਾਂ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਇਹੋ ਉਸ ਮਹਾਨ ਕਲਾਕਾਰ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਕਿਵੇਂ ਬਣੀ ਭਾਰਤ ਦੀ ਪਹਿਲੀ ਫ਼ਿਲਮ ?

ਭਾਰਤੀ ਫ਼ਿਲਮ ਉਦਯੋਗ ਫ਼ਿਲਮ ਨਿਰਮਾਣ ਦੇ ਆਧਾਰ 'ਤੇ ਦੁਨੀਆ ਦੇ ਸਭ ਤੋਂ ਵੱਡੇ ਫ਼ਿਲਮ ਉਦਯੋਗਾਂ ਵਿੱਚੋਂ ਇੱਕ ਹੈ ਕਿਉਂਕਿ ਭਾਰਤ ਬਹੁਤ ਸਾਰੀਆਂ ਭਾਸ਼ਾਵਾਂ ਦਾ ਦੇਸ਼ ਹੈ, ਇਸ ਲਈ ਇੱਥੇ ਤਾਮਿਲ, ਮਲਿਆਲਮ, ਤੇਲਗੂ, ਪੰਜਾਬੀ ਆਦਿ ਸਮੇਤ ਸਾਰੀਆਂ ਖੇਤਰੀ ਭਾਸ਼ਾਵਾਂ ਦੇ ਆਪਣੇ ਉਦਯੋਗ ਹਨ।

**ਬਾਲੀਵੁੱਡ ਫ਼ਿਲਮਾਂ ਦਾ ਗੜ੍ਹ ਮੁੰਬਈ** : ਜਿੱਥੋਂ ਤੱਕ ਅਸੀਂ ਦੇਸ਼ ਦੀ ਰਾਸ਼ਟਰੀ ਭਾਸ਼ਾ ਹਿੰਦੀ ਦੀ ਗੱਲ ਕਰਦੇ ਹਾਂ, ਇਸ ਦੇ ਅਧੀਨ ਬਣੀਆਂ ਫ਼ਿਲਮਾਂ ਨੂੰ ਬਾਲੀਵੁੱਡ ਇੰਡਸਟਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮੁੰਬਈ ਨੂੰ ਦੇਸ਼ ਦੀ ਵਿੱਤੀ ਰਾਜਧਾਨੀ, ਬਾਲੀਵੁੱਡ ਫ਼ਿਲਮਾਂ ਦਾ ਗੜ੍ਹ ਮੰਨਿਆ ਜਾਂਦਾ ਹੈ। ਬਾਲੀਵੁੱਡ ਫ਼ਿਲਮਾਂ ਦੇ ਜ਼ਿਆਦਾਤਰ ਪ੍ਰੋਡਕਸ਼ਨ ਹਾਊਸ ਮੁੰਬਈ 'ਚ ਹੀ ਮੌਜੂਦ ਹਨ। ਮੁੰਬਈ ਨੂੰ ਸੁਪਨਿਆਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ ਕਿਉਂਕਿ ਇੱਥੇ ਜ਼ਿਆਦਾਤਰ ਲੋਕ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਜਾਂਦੇ ਹਨ।



**ਭਾਰਤ ਦੀ ਪਹਿਲੀ ਫ਼ਿਲਮ**

ਭਾਰਤ ਦੀ ਪਹਿਲੀ ਫ਼ਿਲਮ ਰਾਜਾ ਹਰੀਸ਼ਚੰਦਰ ਸੀ, ਜੋ ਸਾਲ 1913 ਵਿੱਚ ਬਣੀ ਸੀ। ਇਸ ਫ਼ਿਲਮ ਨੂੰ ਬਣਾਉਣ ਦਾ ਸਿਹਰਾ ਦਾਦਾ ਸਾਹਿਬ ਫ਼ਾਲਕੇ ਨੂੰ ਦਿੱਤਾ ਜਾਂਦਾ ਹੈ। ਦਾਦਾ ਸਾਹਿਬ ਫ਼ਾਲਕੇ ਦਾ ਜਨਮ 30 ਅਪ੍ਰੈਲ 1870 ਨੂੰ ਹੋਇਆ ਸੀ ਅਤੇ 16 ਫ਼ਰਵਰੀ 1944 ਨੂੰ ਮੌਤ ਹੋ ਗਈ ਸੀ।




ਫ਼ਾਲਕੇ ਨੇ ਆਪਣੇ ਜੀਵਨ ਕਾਲ ਦੌਰਾਨ 95 ਫ਼ੀਚਰ ਫ਼ਿਲਮਾਂ ਅਤੇ 27 ਲਘੂ ਫ਼ਿਲਮਾਂ ਬਣਾਈਆਂ, ਫ਼ਾਲਕੇ ਇੱਕ ਫ਼ਿਲਮ ਨਿਰਮਾਤਾ ਦੇ ਨਾਲ-ਨਾਲ ਇੱਕ ਨਿਰਦੇਸ਼ਕ ਅਤੇ ਪਟਕਥਾ ਲੇਖਕ ਵੀ ਸਨ। ਉਨ੍ਹਾਂ ਨੂੰ ਭਾਰਤੀ ਸਿਨੇਮਾ ਵਿੱਚ ਉਨ੍ਹਾਂ ਦੇ ਅਥਾਹ ਯੋਗਦਾਨ ਲਈ ਭਾਰਤੀ ਸਿਨੇਮਾ ਦੇ ਪਿਤਾਮਾ ਵਜੋਂ ਜਾਣਿਆ ਜਾਂਦਾ ਹੈ।


ਭਾਰਤੀ ਫ਼ਿਲਮ ਇੰਡਸਟਰੀ ਦਾ ਇਤਿਹਾਸ ਸੌ ਸਾਲ ਤੋਂ ਵੀ ਵੱਧ ਪੁਰਾਣਾ ਹੈ, ਅਜਿਹੇ 'ਚ ਭਾਰਤੀ ਫ਼ਿਲਮਾਂ 'ਚ ਕਈ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲੇ ਹਨ, ਭਾਵੇਂ ਅੱਜ ਸਾਨੂੰ ਰੰਗੀਨ ਫ਼ਿਲਮਾਂ ਦੇਖਣ ਨੂੰ ਮਿਲਦੀਆਂ ਹਨ, ਪਰ ਪਹਿਲਾਂ ਫ਼ਿਲਮ ਨਿਰਮਾਣ ਦੀ ਤਕਨੀਕ ਇੰਨੀ ਵਿਕਸਿਤ ਨਹੀਂ ਸੀ। ਹਾਲਾਤ ਅਜਿਹੇ ਸਨ ਕਿ ਪਹਿਲੀ ਫ਼ਿਲਮ ਸਾਈਲੈਂਟ ਬਣਾਈ ਗਈ ਸੀ, ਭਾਵ ਇਹ ਫ਼ਿਲਮ ਬਿਨਾਂ ਆਵਾਜ਼ ਦੇ ਬਲੈਕ ਐਂਡ ਵ੍ਹਾਈਟ ਸਕ੍ਰੀਨ 'ਤੇ ਬਣੀ ਸੀ।

**ਭਾਰਤ ਦੀ ਪਹਿਲੀ ਫ਼ਿਲਮ ਕਿਵੇਂ ਬਣੀ ?**

ਫ਼ਾਲਕੇ ਨੂੰ ਫ਼ਿਲਮ ਬਣਾਉਣ ਦੀ ਪ੍ਰੇਰਨਾ ਉਦੋਂ ਮਿਲੀ ਜਦੋਂ ਉਹ ਮੁੰਬਈ ਦੇ ਇੱਕ ਸਿਨੇਮਾ ਹਾਲ ਵਿੱਚ ਇੱਕ ਅੰਗਰੇਜ਼ੀ ਫ਼ਿਲਮ 'ਦ ਲਾਈਫ਼ ਆਫ਼ ਕਰਾਈਸਟ' (1906) ਦੇਖ ਰਹੇ ਸਨ। ਇਸ ਫ਼ਿਲਮ ਤੋਂ ਬਾਅਦ ਉਨ੍ਹਾਂ ਨੇ ਫ਼ਿਲਮ ਬਣਾਉਣ ਬਾਰੇ ਸੋਚਿਆ ਅਤੇ ਇਸ ਦੀ ਤਿਆਰੀ ਸ਼ੁਰੂ ਕਰ ਦਿੱਤੀ। ਫ਼ਾਲਕੇ ਫ਼ਿਲਮ ਬਣਾਉਣ ਦੀ ਤਕਨੀਕ ਸਿੱਖਣ ਲਈ ਲੰਡਨ ਗਏ।

ਇਸ ਤੋਂ ਬਾਅਦ ਉਹ ਭਾਰਤ ਆ ਗਿਆ ਅਤੇ ਫ਼ਿਲਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ, ਕਿਉਂਕਿ ਉਸ ਸਮੇਂ ਭਾਰਤ ਵਿੱਚ ਫ਼ਿਲਮ ਬਣਾਉਣ ਦਾ ਸਮਾਨ ਨਹੀਂ ਸੀ, ਇਸ ਲਈ ਉਸਨੇ ਫ਼ਰਾਂਸ, ਇੰਗਲੈਂਡ, ਅਮਰੀਕਾ ਅਤੇ ਜਰਮਨੀ ਵਰਗੇ ਦੇਸ਼ਾਂ ਤੋਂ ਫ਼ਿਲਮ ਬਣਾਉਣ ਦਾ ਸਮਾਨ ਮੰਗਵਾਇਆ ਸੀ।

ਕੁਝ ਚੁਣੌਤੀਆਂ ਨੂੰ ਪਾਰ ਕਰਨ ਤੋਂ ਬਾਅਦ, ਫ਼ਾਲਕੇ ਨੇ ਭਾਰਤ ਦੀ ਪਹਿਲੀ ਫ਼ਿਲਮ, ਰਾਜਾ ਹਰੀਸ਼ਚੰਦਰ ਦਾ ਨਿਰਮਾਣ ਕੀਤਾ। ਇਹ 3 ਮਈ 1913 ਨੂੰ ਰਿਲੀਜ਼ ਹੋਈ ਸੀ। ਇਸ ਫ਼ਿਲਮ ਨੂੰ ਬਣਾਉਣ ਵਿੱਚ ਲਗਭਗ 7 ਮਹੀਨੇ ਲੱਗੇ ਸਨ। ਇਸ ਫ਼ਿਲਮ ਦੀ ਮਿਆਦ ਲਗਭਗ 40 ਮਿੰਟ ਸੀ, ਕਿਉਂਕਿ ਇਹ ਇੱਕ ਮੂਕ ਫ਼ਿਲਮ ਸੀ, ਇਸ ਦੇ ਸ਼ਬਦਾਂ ਨੂੰ ਸ਼ਬਦਾਂ ਦੁਆਰਾ ਦਰਸਾਇਆ ਗਿਆ ਸੀ, ਇਸਦੇ ਨਾਲ ਹੀ ਇਸਦੇ ਸਿਰਲੇਖ ਲਈ ਤਿੰਨ ਭਾਸ਼ਾਵਾਂ ਹਿੰਦੀ, ਅੰਗਰੇਜ਼ੀ ਅਤੇ ਮਰਾਠੀ ਦੀ ਵਰਤੋਂ ਕੀਤੀ ਗਈ ਸੀ।




ਫ਼ਿਲਮ ਵਿੱਚ ਡੀ.ਡੀ. ਡਬਕੇ (ਰਾਜਾ ਹਰੀਸ਼ਚੰਦਰ), ਪੀ.ਜੀ. ਸਾਨੇ (ਤਾਰਾਮਤੀ), ਭਲਚੰਦਰ ਡੀ.ਫ਼ਾਲਕੇ (ਰੋਹਿਤਾਸ) ਜੀ.ਵੀ. ਸਾਨੇ (ਵਿਸ਼ਵਾਮਿੱਤਰ) ਆਦਿ ਕਲਾਕਾਰਾਂ ਨੇ ਕੰਮ ਕੀਤਾ। ਇਸ ਫ਼ਿਲਮ ਦੀ ਕਹਾਣੀ ਰਾਜਾ ਹਰੀਸ਼ਚੰਦਰ ਦੇ ਜੀਵਨ 'ਤੇ ਆਧਾਰਿਤ ਸੀ, ਰਾਜਾ ਹਰੀਸ਼ਚੰਦਰ ਇੱਕ ਮਹਾਨ ਰਾਜਾ ਸੀ ਜਿਸਦਾ ਜ਼ਿਕਰ ਰਾਮਾਇਣ, ਮਹਾਭਾਰਤ ਅਤੇ ਭਾਗਵਤ ਵਰਗੀਆਂ ਪੌਰਾਣਿਕ ਕਹਾਣੀਆਂ ਵਿੱਚ ਮਿਲਦਾ ਹੈ।

## 1964 ਦੀ ਬੀੜ ਵਿੱਚ ਕਿਉਂ ਕੀਤੀਆਂ

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੀ ਉਲੰਘਣਾ:

ਇਸ ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਏਕਾਧਿਕਾਰ ਹਾਸਲ ਹੈ। ਪਰ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਵਿੱਚ ਕਮੇਟੀ ਪਾਰਦਰਸ਼ੀ ਅਤੇ ਜਵਾਬਦੇਹ ਨਹੀਂ ਰਹੀ। ਸੰਗਤਾਂ ਨੇ ਇਹ ਵੀ ਸਵਾਲ ਉਠਾਇਆ ਹੈ ਕਿ ਇਸ ਐਕਟ ਦੀ ਮਨਮਰਜ਼ੀ ਨਾਲ ਵਿਆਖਿਆ ਕੀਤੀ ਜਾ ਰਹੀ ਹੈ, ਜਿਸ ਦੇ ਨਤੀਜੇ ਵਜੋਂ ਐਮਾਜ਼ਾਨ ਵਰਗੇ ਪਲੈਟਫ਼ਾਰਮਾਂ 'ਤੇ ਗੁਰਬਾਣੀ ਆਧਾਰਿਤ ਕਿਤਾਬਾਂ, ਜਿਵੇਂ ਪ੍ਰੋਫ਼ੈਸਰ ਸਾਹਿਬ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਦਰਪਨ', ਹਟਾਈਆਂ ਗਈਆਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮੁੱਦੇ 'ਤੇ ਅਜੇ ਤੱਕ ਕੋਈ ਸਪੱਸ਼ਟ ਅਤੇ ਸਰਵਪ੍ਰਵਾਨਿਤ ਜਵਾਬ ਨਹੀਂ ਦਿੱਤਾ। ਹਾਲਾਂਕਿ, ਸਮੇਂ-ਸਮੇਂ ਸਿਰ ਕਮੇਟੀ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵਿੱਚ ਪੂਰੀ ਸਾਵਧਾਨੀ ਅਤੇ ਸਤਿਕਾਰ ਨਾਲ ਕੰਮ ਕੀਤਾ ਜਾਂਦਾ ਹੈ। ਕਮੇਟੀ ਦਾ ਕਹਿਣਾ ਹੈ ਕਿ ਪਾਠ-ਭੇਦਾਂ ਦੀ ਸੁਧਾਈ ਲਈ ਵਿਦਵਾਨਾਂ ਦੀਆਂ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ ਅਤੇ ਇਹ ਕੰਮ ਸਿੱਖ ਪੰਥ ਦੀਆਂ ਪਰੰਪਰਾਵਾਂ ਅਤੇ ਸਿਧਾਂਤਾਂ ਅਨੁਸਾਰ ਹੀ ਕੀਤਾ ਜਾ ਰਿਹਾ ਹੈ।

******

## ਵਿਦੇਸ਼ੀ ਜੇਲ੍ਹਾਂ ਵਿੱਚ ਇੱਕ

ਕਈ ਵਾਰ ਨੌਜਵਾਨਾਂ ਨੂੰ ਜਾਣ ਤੋਂ ਪਹਿਲਾਂ ਪਤਾ ਵੀ ਨਹੀਂ ਹੁੰਦਾ ਕਿ ਉਹ ਗ਼ੈਰ ਕਾਨੂੰਨੀ ਤਰੀਕੇ ਨਾਲ ਜਾ ਰਹੇ ਹਨ। ਜਦੋਂ ਉਹ ਵਿਦੇਸ਼ ਪਹੁੰਚਦੇ ਹਨ, ਤਾਂ ਵੀਜ਼ਾ ਨਿਯਮਾਂ ਦੀ ਉਲੰਘਣਾ ਜਾਂ ਹੋਰ ਕਾਨੂੰਨੀ ਸਮੱਸਿਆਵਾਂ ਕਾਰਨ ਉਹ ਜੇਲ੍ਹ ਵਿੱਚ ਫ਼ਸ ਜਾਂਦੇ ਹਨ।

ਇਸ ਸਮੱਸਿਆ ਨੂੰ ਰੋਕਣ ਲਈ ਸਰਕਾਰ ਨੂੰ ਠੋਸ ਅਤੇ ਲੰਬੇ ਸਮੇਂ ਦੀਆਂ ਨੀਤੀਆਂ ਬਣਾਉਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਪੰਜਾਬ ਵਿੱਚ ਰੁਜ਼ਗਾਰ ਦੇ ਮੌਕੇ ਵਧਾਉਣ ਦੀ ਜ਼ਰੂਰਤ ਹੈ। ਸਰਕਾਰ ਨੂੰ ਸਕਿੱਲ ਡਿਵੈਲਪਮੈਂਟ ਪ੍ਰੋਗਰਾਮਾਂ 'ਤੇ ਜ਼ੋਰ ਦੇਣਾ ਚਾਹੀਦਾ, ਜਿਸ ਨਾਲ ਨੌਜਵਾਨਾਂ ਨੂੰ ਸਥਾਨਕ ਪੱਧਰ 'ਤੇ ਹੀ ਨੌਕਰੀਆਂ ਮਿਲ ਸਕਣ। ਦੂਜਾ, ਗ਼ੈਰ ਕਾਨੂੰਨੀ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਦੀ ਲੋੜ ਹੈ। ਸਰਕਾਰ ਨੇ ਹਾਲਾਂਕਿ ਕੁਝ ਏਜੰਟਾਂ ਨੂੰ ਬਲੈਕ ਲਿਸਟ ਕੀਤਾ ਹੈ, ਪਰ ਅਜੇ ਵੀ ਬਹੁਤ ਸਾਰੇ ਅਣਰਜਿਸਟਰਡ ਏਜੰਟ ਸਰਗਰਮ ਹਨ। ਪੁਲਿਸ ਅਤੇ ਸਰਕਾਰ ਨੂੰ ਅਜਿਹੇ ਏਜੰਟਾਂ ਦੀ ਪਛਾਣ ਅਤੇ ਗ੍ਰਿਫ਼ਤਾਰੀ ਲਈ ਹੋਰ ਸਖ਼ਤ ਕਦਮ ਚੁੱਕਣੇ ਪੈਣਗੇ।

ਤੀਜਾ, ਸਮਾਜਿਕ ਜਾਗਰੂਕਤਾ ਵਧਾਉਣ ਦੀ ਲੋੜ ਹੈ। ਸਕੂਲਾਂ, ਕਾਲਜਾਂ ਅਤੇ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮਾਂ ਚਲਾ ਕੇ ਨੌਜਵਾਨਾਂ ਨੂੰ ਗ਼ੈਰ ਕਾਨੂੰਨੀ ਮਾਈਗ੍ਰੇਸ਼ਨ ਦੇ ਜੋਖਮਾਂ ਬਾਰੇ ਦੱਸਣਾ ਚਾਹੀਦਾ ਹੈ। ਸਰਕਾਰ ਨੂੰ ਕਾਨੂੰਨੀ ਮਾਈਗ੍ਰੇਸ਼ਨ ਦੇ ਰਸਤਿਆਂ ਨੂੰ ਸਰਲ ਅਤੇ ਪਹੁੰਚਯੋਗ ਬਣਾਉਣ ਦੀ ਵੀ ਜ਼ਰੂਰਤ ਹੈ।

***

## ਕਦੋਂ ਤੱਕ ਦਰਿੰਦਗੀ ਦਾ ਸ਼ਿਕਾਰ ਹੋਣਗੀਆਂ

ਇਲਾਵਾ ਹੋਰ ਸਕੂਲਾਂ ਵਿੱਚ ਵੀ ਅਜਿਹੇ ਹੀ ਮਾਮਲੇ ਸਾਹਮਣੇ ਆ ਚੁੱਕੇ ਹਨ। ਕੁਝ ਸਮਾਂ ਪਹਿਲਾਂ ਪੰਜਾਬ ਦੇ ਬਿਆਸ ਸ਼ਹਿਰ ਦੇ ਇੱਕ ਨਿੱਜੀ ਸਕੂਲ ਵਿੱਚ ਦੂਸਰੀ ਜਮਾਤ ਦੀ ਬੱਚੀ ਨਾਲ ਸਕੂਲ ਦੇ 10ਵੀਂ ਜਮਾਤ ਦੇ ਵਿਦਿਆਰਥੀ ਵੱਲੋਂ ਜਬਰ-ਜਨਾਹ ਕਰਨ ਦੀ ਘਟਨਾ ਨੇ ਹਰ ਸੂਝਵਾਨ ਵਿਅਕਤੀ ਨੂੰ ਫ਼ਿਕਰਾਂ ਵਿੱਚ ਪਾ ਦਿੱਤਾ ਹੈ ਕਿ ਹੁਣ ਬੱਚੀਆਂ ਵਿਦਿਆ ਦੇ ਮੰਦਰ ਕਹੇ ਜਾਂਦੇ ਸਕੂਲਾਂ ਵਿੱਚ ਵੀ ਸੁਰੱਖਿਅਤ ਨਹੀਂ ਰਹੀਆਂ। ਮਾਸੂਮ ਕਲੀਆਂ ਨੂੰ ਦਰਿੰਦਗੀ ਦਾ ਸ਼ਿਕਾਰ ਬਣਾਉਣ ਵਾਲੇ ਵਾਸ਼ਨਾ ਦੇ ਭੁੱਖੇ ਭੇੜੀਏ ਸਕੂਲੀ ਵਿਦਿਆਰਥੀਆਂ ਵਿੱਚ ਵੀ ਪੈਦਾ ਹੋ ਚੁੱਕੇ ਹਨ, ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

ਅੱਜ ਦੇ ਆਧੁਨਿਕ ਕਹੇ ਜਾਂਦੇ ਹਾਈ ਫ਼ਾਈ ਜ਼ਮਾਨੇ ਵਿੱਚ ਬਾਲੜੀਆਂ ਨਾਲ ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਦੇ ਮਾਮਲੇ ਪਹਿਲਾਂ ਨਾਲੋਂ ਵੀ ਵਧ ਗਏ ਹਨ। ਸਿਤਮਜ਼ਰੀਫ਼ੀ ਵੇਖੋ ਕਿ ਸਿਰਫ਼ ਬਾਲੜੀਆਂ ਹੀ ਨਹੀਂ ਸਗੋਂ ਛੋਟੀ ਤੇ ਅੱਲ੍ਹੜ ਉਮਰ ਦੇ ਮੁੰਡੇ ਵੀ ਬਦਫ਼ੈਲੀ ਅਤੇ ਜਿਨਸੀ ਸ਼ੋਸ਼ਣ ਦੇ ਸ਼ਿਕਾਰ ਬਣ ਰਹੇ ਹਨ, ਜੋ ਕਿ ਗਹਿਰੀ ਚਿੰਤਾ ਦਾ ਵਿਸ਼ਾ ਹੈ।

ਪ੍ਰਾਪਤ ਸਰਕਾਰੀ ਅੰਕੜਿਆਂ ਅਨੁਸਾਰ ਸਾਲ 2012 ਵਿੱਚ 8541 ਮਾਮਲੇ ਬਾਲੜੀਆਂ ਤੇ ਛੋਟੀ ਉਮਰ ਦੇ ਮੁੰਡਿਆਂ ਨਾਲ ਜਿਨਸੀ ਸ਼ੋਸ਼ਣ ਦੇ ਦਰਜ ਕੀਤੇ ਗਏ ਸਨ, ਜਦੋਂ ਕਿ ਸਾਲ 2016 ਵਿੱਚ ਬਾਲਾਂ ਤੇ ਬਾਲੜੀਆਂ ਨਾਲ ਕੁਕਰਮ ਕਰਨ ਦੇ 19765 ਮਾਮਲੇ ਦਰਜ ਕੀਤੇ ਗਏ ਸਨ। ਸਾਡੇ ਮੁਲਕ ਦਾ ਹਾਲ ਇਹ ਹੈ ਕਿ ਇਥੇ ਹਰ ਦਿਨ ਬਾਲਾਂ ਤੇ ਬਾਲੜੀਆਂ ਨਾਲ ਕੁਕਰਮ ਕਰਨ ਦੇ ਔਸਤਨ 55 ਮਾਮਲੇ ਦਰਜ ਹੋ ਰਹੇ ਹਨ। ਇੱਕ ਅੰਦਾਜ਼ੇ ਅਨੁਸਾਰ ਹਰ 4 ਵਿੱਚੋਂ ਇੱਕ ਕੁੜੀ ਅਤੇ ਹਰ 6 ਵਿੱਚੋਂ ਇੱਕ ਮੁੰਡਾ 18 ਸਾਲ ਦਾ ਹੋਣ ਤੋਂ ਪਹਿਲਾਂ ਜਿਨਸੀ ਹਿੰਸਾ ਦਾ ਸ਼ਿਕਾਰ ਹੁੰਦਾ ਹੈ, ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਸਾਡੇ ਸਮਾਜ ਵਿੱਚ ਬੱਚੇ ਕਿੰਨੇ ਅਸੁਰੱਖਿਅਤ ਹਨ। ਇਸ ਤੋਂ ਇਲਾਵਾ ਬਾਲਾਂ ਤੇ ਬਾਲੜੀਆਂ ਨਾਲ ਕੁਕਰਮ ਤੇ ਜਿਨਸੀ ਸ਼ੋਸ਼ਣ ਦੀਆਂ ਉਹਨਾਂ ਘਟਨਾਵਾਂ ਦੀ ਗਿਣਤੀ ਵੀ ਬਹੁਤ ਜਿਆਦਾ ਹੈ, ਜਿਨ੍ਹਾਂ ਘਟਨਾਵਾਂ ਬਾਰੇ ਕਦੇ ਭਾਫ਼ ਹੀ ਬਾਹਰ ਨਹੀਂ ਨਿਕਲਦੀ ਜਾਂ ਫ਼ਿਰ ਸੱਤਾ, ਤਾਕਤ, ਪੈਸੇ ਦੇ ਜੋਰ ਨਾਲ ਅਜਿਹੇ ਕੁਕਰਮ ਦੇ ਮਾਮਲੇ ਰਫ਼ਾ ਦਫ਼ਾ ਕਰ ਦਿੱਤੇ ਜਾਂਦੇ ਹਨ। ਕਈ ਵਾਰ ਤਾਂ ਅਣਭੋਲ ਬਾਲ ਤੇ ਬਾਲੜੀਆਂ ਆਪਣੇ ਸਕੇ ਰਿਸ਼ਤੇਦਾਰਾਂ ਅਤੇ ਆਂਢੀਆਂ ਗੁਆਂਢੀਆਂ ਤੇ ਹੋਰ ਜਾਣ ਪਹਿਚਾਣ ਵਾਲਿਆਂ ਦੀ ਦਰਿੰਦਗੀ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਇਹਨਾਂ ਬਾਲਾਂ ਤੇ ਬਾਲੜੀਆਂ ਨੂੰ ਇਸ ਦਰਿੰਦਗੀ ਬਾਰੇ ਕਿਸੇ ਨੂੰ ਨਾ ਦੱਸਣ ਲਈ ਬਹੁਤ ਜ਼ਿਆਦਾ ਡਰਾਇਆ ਧਮਕਾਇਆ ਜਾਂਦਾ ਹੈ, ਜਿਸ ਕਰਕੇ ਇਸ ਤਰ੍ਹਾਂ ਦੀ ਦਰਿੰਦਗੀ ਦਾ ਸ਼ਿਕਾਰ ਹੋਏ ਬੱਚੇ ਆਪਣੇ ਨਾਲ ਵਾਪਰੀ ਘਟਨਾ ਬਾਰੇ ਡਰ ਕਾਰਨ ਕਿਸੇ ਨੂੰ ਦਸ ਵੀ ਨਹੀਂ ਸਕਦੇ ਅਤੇ ਉਹ ਅੰਦਰੋਂ ਅੰਦਰੀਂ ਘੁੱਟਦੇ ਰਹਿੰਦੇ ਹਨ, ਜਿਸ ਕਰਕੇ ਅਜਿਹੇ ਬੱਚੇ ਸਰੀਰਕ ਤੇ ਮਾਨਸਿਕ ਵਿਕਾਰ ਦੇ ਸ਼ਿਕਾਰ ਵੀ ਹੋ ਜਾਂਦੇ ਹਨ।

ਕੁਝ ਸਮਾਂ ਪਹਿਲਾਂ ਭਾਰਤ ਦੇ ਕੇਂਦਰੀ ਮੰਤਰੀ ਮੰਡਲ ਨੇ ਬੱਚਿਆਂ ਨੂੰ ਕੁਕਰਮ, ਦਰਿੰਦਗੀ ਅਤੇ ਜਿਨਸੀ ਸ਼ੋਸ਼ਣ ਤੋਂ ਬਚਾਉਣ ਲਈ ਪਾਕਸੋ ਕਾਨੂੰਨ 2012 (ਪ੍ਰੋਟੈਕਸ਼ਨ ਆਫ਼ ਚਿਲਡਰਨ ਫ਼ਰਾਮ ਸੇਕਸ਼ੁਅਲ ਆਫ਼ੇਂਸੇਜ ਐਕਟ) ਵਿੱਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਸੀ। ਇਸ ਤੋਂ ਬਾਅਦ ਕੁਕਰਮ ਅਤੇ ਬਲਾਤਕਾਰ ਵਰਗੇ ਮਾਮਲਿਆਂ ਵਿੱਚ ਦੋਸ਼ੀ ਪਾਏ ਜਾਣ ਵਾਲੇ ਅਪਰਾਧੀਆਂ ਲਈ ਮੌਤ ਦੀ ਸਜ਼ਾ ਦਾ ਪ੍ਰਾਵਧਾਨ ਕੀਤਾ ਗਿਆ। ਕਾਨੂੰਨ ਦੀ ਸਖ਼ਤੀ ਦੇ ਬਾਵਜੂਦ ਸਮਾਜ ਵਿੱਚ ਬਾਲਾਂ ਅਤੇ ਬਾਲੜੀਆਂ ਨਾਲ ਕੁਕਰਮ ਕਰਨ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਸਿਤਮਜ਼ਰੀਫ਼ੀ ਦੀ ਗੱਲ ਇਹ ਹੈ ਕਿ ਵੱਡੀ ਗਿਣਤੀ ਕੁਕਰਮ ਦੇ ਮਾਮਲਿਆਂ ਵਿੱਚ ਦੋਸ਼ੀ ਬੱਚਿਆਂ ਦੇ ਪਰਿਵਾਰਕ ਮੈਂਬਰ ਜਾਂ ਫ਼ਿਰ ਜਾਣ ਪਹਿਚਾਣ ਵਾਲੇ ਹੀ ਹੁੰਦੇ ਹਨ। ਇਸ ਤਰ੍ਹਾਂ ਬੱਚਾ ਨਾ ਤਾਂ ਘਰ ਵਿੱਚ ਸੁਰੱਖਿਅਤ ਹੈ, ਨਾ ਹੀ ਬੱਚਾ ਸਕੂਲ ਵਿੱਚ ਸੁਰੱਖਿਅਤ ਹੈ ਤੇ ਨਾ ਹੀ ਬੱਚਾ ਕਿਸੇ ਆਂਢੀ-ਗੁਆਂਢੀ ਜਾਂ ਰਿਸ਼ਤੇਦਾਰ ਦੇ ਘਰ ਖੇਡਣ ਜਾਂ ਪੜ੍ਹਨ ਜਾਂ ਕਿਸੇ ਹੋਰ ਕੰਮ ਗਿਆ ਹੀ ਸੁਰੱਖਿਅਤ ਹੈ। ਇਸ ਤਰ੍ਹਾਂ ਬੱਚਿਆਂ ਲਈ ਹਰ ਪਾਸੇ ਖਤਰਾ ਹੀ ਖਤਰਾ ਹੈ, ਇਹ ਖਤਰਾ 'ਬੇਗਾਨਿਆਂ' ਨਾਲੋਂ ਵੀ ਵੱਧ ਬੱਚੇ ਦੇ 'ਆਪਣਿਆਂ' ਤੋਂ ਹੈ, ਜੋ ਕਿ ਕਿਸੇ ਲਾਲਚ ਵਿੱਚ ਬੱਚੇ ਨੂੰ ਫ਼ਸਾ ਕੇ ਉਸ ਨਾਲ ਕੁਕਰਮ ਕਰ ਦਿੰਦੇ ਹਨ। ਵੱਡੀ ਗਿਣਤੀ ਛੋਟੇ ਬੱਚੇ ਇਹ ਸਮਝ ਹੀ ਨਹੀਂ ਸਕਦੇ ਕਿ ਉਹਨਾਂ ਨਾਲ ਕੁਕਰਮ ਵਰਗੀ ਮੰਦਭਾਗੀ ਘਟਨਾ ਵਾਪਰ ਗਈ ਹੈ, ਇਸ ਕਾਰਨ ਉਹ ਇਸ ਗਲਤ ਕੰਮ ਬਾਰੇ ਨਾ ਤਾਂ ਕਿਸੇ ਨੂੰ ਦਸ ਸਕਦੇ ਹਨ ਤੇ ਨਾ ਹੀ ਇਸ ਤੋਂ ਬਚਣ ਦੀ ਕੋਈ ਚਾਰਾਜੋਈ ਕਰ ਸਕਦੇ ਹਨ, ਬਸ ਫ਼ਿਰ ਉਹ ਅੰਦਰੋਂ ਅੰਦਰੀਂ ਘੁਟਦੇ ਰਹਿੰਦੇ ਹਨ। ਹੋਰ ਤਾਂ ਹੋਰ ਹੁਣ ਤਾਂ ਮੰਦ ਬੁੱਧੀ ਬੱਚਿਆਂ ਨਾਲ ਵੀ ਕੁਕਰਮ ਕਰਨ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਸਮਾਜ ਵਿੱਚ ਰਹਿੰਦੇ ਲੋਕਾਂ ਵਿਚਾਲੇ ਵੱਧਦੀ ਆਪਸੀ ਦੂਰੀ ਕਾਰਨ ਵੀ ਬੱਚਿਆਂ ਨਾਲ ਕੁਕਰਮ ਕਰਨ ਦੀਆਂ ਘਟਨਾਵਾਂ ਵੱਧ ਰਹੀਆਂ ਹਨ, ਪਹਿਲਾਂ ਹਰ ਪਿੰਡ ਸ਼ਹਿਰ ਤੇ ਕਸਬੇ ਵਿੱਚ ਹਰ ਕੋਈ ਇੱਕ ਦੂਜੇ ਨੂੰ ਪੂਰੀ ਚੰਗੀ ਤਰ੍ਹਾਂ ਜਾਣਦਾ ਪਹਿਚਾਣਦਾ ਹੁੰਦਾ ਸੀ, ਪਰ ਹੁਣ ਆਧੁਨਿਕਤਾ ਦੀ ਆੜ ਹੇਠ ਗੁਆਢੀਂ ਨੂੰ ਗੁਆਂਢੀਂ ਬਾਰੇ ਵੀ ਪਤਾ ਨਹੀਂ ਹੁੰਦਾ ਕਿ ਉਹ ਕੌਣ ਹੈ ?, ਜਿਸ ਕਰਕੇ ਬੱਚਿਆਂ ਨਾਲ ਕੁਕਰਮ ਵਧ ਰਹੇ ਹਨ।

ਬਾਲਾਂ ਤੇ ਬਾਲੜੀਆਂ ਨਾਲ ਕੁਕਰਮ ਇੱਕ ਵੱਡੀ ਸਮਾਜਿਕ ਅਲਾਮਤ ਹੈ, ਜਿਸ ਨੂੰ ਰੋਕਣ ਲਈ ਸਮਾਜ ਨੂੰ ਇੱਕਜੁਟ ਹੋਣਾ ਹੀ ਪਵੇਗਾ। ਬੱਚਿਆਂ ਨਾਲ ਕੁਕਰਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ਅਤੇ ਉਹਨਾਂ ਦਾ ਸਮਾਜਿਕ ਬਾਈਕਾਟ ਵੀ ਕਰਨਾ ਚਾਹੀਦਾ ਹੈ। ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਬੱਚਿਆਂ ਨਾਲ ਹੋ ਰਹੇ ਕੁਕਰਮ ਰੋਕਣ ਲਈ ਜਦੋ-ਜਹਿਦ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਇਹ ਵੀ ਚਾਹੀਦਾ ਹੈ ਕਿ ਬੱਚਿਆਂ ਨੂੰ ਬਚਪਣ ਵਿੱਚ ਹੀ ਇਸ ਸਬੰਧੀ ਜਾਗਰੂਕ ਕੀਤਾ ਜਾਵੇ ਅਤੇ ਸਕੂਲਾਂ ਵਿੱਚ ਕੁਝ ਹੱਦ ਤੱਕ ਸੈਕਸ ਸਿੱਖਿਆ ਲਾਜ਼ਮੀ ਬਣਾਈ ਜਾਵੇ ਅਤੇ ਬੱਚਿਆਂ ਨੂੰ ਵਿਸ਼ਵਾਸ ਵਿੱਚ ਲੈ ਕੇ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਆਪਣੇ ਨਾਲ ਵਾਪਰਦੀ ਹਰ ਚੰਗੀ ਮੰਦੀ ਘਟਨਾ ਦੀ ਜਾਣਕਾਰੀ ਆਪਣੇ ਮਾਪਿਆਂ ਨੂੰ ਜਾਂ ਫ਼ਿਰ ਆਪਣੇ ਵੱਡੇ ਭੈਣ ਭਰਾਵਾਂ ਨੂੰ ਜ਼ਰੂਰ ਦੇਣ। ਜੇ ਅਸੀਂ ਬਚਪਣ ਵਿੱਚ ਹੀ ਬੱਚਿਆਂ ਨੂੰ ਇਸ ਸਬੰਧੀ ਜਾਗਰੂਕ ਕਰਾਂਗੇ ਤਾਂ ਬੱਚਿਆਂ ਨਾਲ ਵਾਪਰ ਰਹੀਆਂ ਕੁਕਰਮ ਵਰਗੀਆਂ ਘਟਨਾਵਾਂ ਨੂੰ ਕਾਫ਼ੀ ਹੱਦ ਤੱਕ ਠੱਲ੍ਹ ਪਾਈ ਜਾ ਸਕਦੀ ਹੈ।

***

## ਕੀ ਏਲੀਅਨ ਧਰਤੀ ਉੱਤੇ

ਪਰ ਵਿਗਿਆਨਕ ਭਾਈਚਾਰੇ ਦਾ ਵੱਡਾ ਹਿੱਸਾ ਇਸ ਨੂੰ ਸਿਰਫ਼ ਇੱਕ ਕੁਦਰਤੀ ਅੰਤਰਿਕਸ਼ੀ ਪਦਾਰਥ ਮੰਨਦਾ ਹੈ। ਇਸ ਲਈ, ਅਜੇ ਘਬਰਾਉਣ ਦੀ ਲੋੜ ਨਹੀਂ ਹੈ। ਸਾਨੂੰ ਵਿਗਿਆਨਕ ਖੋਜਾਂ 'ਤੇ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਅਫ਼ਵਾਹਾਂ ਤੋਂ ਬਚਣਾ ਚਾਹੀਦਾ ਹੈ।

ਕੀ ਇਹ ਦਾਅਵਾ ਸੱਚ ਹੈ ?

ਅਵੀ ਲੋਏਬ ਦੇ ਇਸ ਦਾਅਵੇ ਨੂੰ ਵਿਗਿਆਨਕ ਭਾਈਚਾਰੇ ਵਿੱਚ ਵਿਵਾਦਪੂਰਨ ਮੰਨਿਆ ਜਾ ਰਿਹਾ ਹੈ। ਕਈ ਵਿਗਿਆਨਕ ਮੰਨਦੇ ਹਨ ਕਿ 39/ਐਟਲਸ ਸਿਰਫ਼ ਇੱਕ ਧੂਮਕੇਤੂ ਜਾਂ ਉਲਕਾ ਹੈ, ਨਾ ਕਿ ਕੋਈ ਅੰਤਰਿਕਸ਼ੀ ਜਹਾਜ਼। ਇਸ ਦੀ ਗਤੀ ਅਤੇ ਅਕਾਰ ਨੂੰ ਦੇਖਦਿਆਂ ਵੀ ਇਹ ਕੁਦਰਤੀ ਪਦਾਰਥ ਹੋ ਸਕਦਾ ਹੈ। ਅਵੀ ਲੋਏਬ ਪਹਿਲਾਂ ਵੀ ਅਜਿਹੇ ਦਾਅਵੇ ਕਰਦੇ ਰਹੇ ਹਨ। 2017 ਵਿੱਚ ਉਹਨਾਂ ਨੇ 'ਉਮੁਆਮੁਆ' ਨਾਂ ਦੇ ਇੱਕ ਅੰਤਰਿਕਸ਼ੀ ਪਦਾਰਥ ਨੂੰ ਏਲੀਅਨ ਜਹਾਜ਼ ਦੱਸਿਆ ਸੀ, ਪਰ ਬਾਅਦ ਵਿੱਚ ਸਾਬਤ ਹੋਇਆ ਕਿ ਇਹ ਸਿਰਫ਼ ਇੱਕ ਧੂਮਕੇਤੂ ਸੀ। ਇਸ ਲਈ, ਲੋਏਬ ਦੇ ਨਵੇਂ ਦਾਅਵੇ 'ਤੇ ਵੀ ਸਵਾਲ ਉੱਠਦੇ ਹਨ।

***

## ਮੋਦੀ ਦੀਆਂ 33 ਵਿਦੇਸ਼ ਯਾਤਰਾਵਾਂ 'ਤੇ 362 ਕਰੋੜ ਦਾ

ਉਹਨਾਂ ਅਨੁਸਾਰ, ਬ੍ਰਿਟੇਨ ਅਤੇ ਅਮਰੀਕਾ ਵਰਗੇ ਦੇਸ਼ਾਂ ਨਾਲ ਵਪਾਰਕ ਸਮਝੌਤਿਆਂ ਨੇ ਭਾਰਤੀ ਉਦਯੋਗਾਂ ਲਈ ਨਵੇਂ ਮੌਕੇ ਪੈਦਾ ਕੀਤੇ ਹਨ।

ਦੂਜੇ ਪਾਸੇ, ਕੁਝ ਮਾਹਿਰ ਜਿਵੇਂ ਕਿ ਜਯਤੀ ਘੋਸ਼ ਮੰਨਦੇ ਹਨ ਕਿ ਇਹਨਾਂ ਯਾਤਰਾਵਾਂ ਦਾ ਖਰਚ ਅਤੇ ਲਾਭ ਅਨੁਪਾਤ ਸਪਸ਼ਟ ਨਹੀਂ ਹੈ। ਉਹਨਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਹਨਾਂ ਯਾਤਰਾਵਾਂ ਦੇ ਆਰਥਿਕ ਲਾਭਾਂ ਦੀ ਸਪਸ਼ਟ ਜਾਣਕਾਰੀ ਜਨਤਾ ਨਾਲ ਸਾਂਝੀ ਕਰਨੀ ਚਾਹੀਦੀ। ਇਹਨਾਂ ਯਾਤਰਾਵਾਂ ਨਾਲ ਦੇਸ਼ ਨੂੰ ਕੋਈ ਵੱਡਾ ਲਾਭ ਨਹੀਂ ਹੋਇਆ, ਸਗੋਂ ਇਹ ਸਿਰਫ਼ ਕੁਝ ਉਦਯੋਗਪਤੀਆਂ ਲਈ ਲਾਭਕਾਰੀ ਹਨ।

***

## ਭਾਰਤ ਦੇ ਪਾਸਪੋਰਟ ਦੀ ਰੈਂਕਿੰਗ ਵਿੱਚ

ਸਥਾਨ ਹਾਸਲ ਕੀਤਾ ਹੈ।

ਜਪਾਨ ਅਤੇ ਦੱਖਣੀ ਕੋਰੀਆ: ਇਹ ਦੋਵੇਂ ਦੇਸ਼ ਦੂਜੇ ਸਥਾਨ 'ਤੇ ਹਨ, ਜਿਨ੍ਹਾਂ ਨੂੰ 192 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ ਹੈ।

ਡੈਨਮਾਰਕ ਅਤੇ ਫ਼ਿਨਲੈਂਡ: ਇਹ ਦੋਵੇਂ ਦੇਸ਼ 191 ਦੇਸ਼ਾਂ ਦੀ ਪਹੁੰਚ ਨਾਲ ਤੀਜੇ ਸਥਾਨ 'ਤੇ ਹਨ।

ਆਸਟਰੀਆ, ਫ਼ਰਾਂਸ, ਜਰਮਨੀ, ਇਟਲੀ, ਨੀਦਰਲੈਂਡਜ਼ ਅਤੇ ਸਵੀਡਨ: ਇਹ ਸਾਰੇ ਦੇਸ਼ ਚੌਥੇ ਸਥਾਨ 'ਤੇ ਹਨ, ਜਿਨ੍ਹਾਂ ਨੂੰ 190 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ ਹੈ।

ਆਇਰਲੈਂਡ, ਨਿਊਜ਼ੀਲੈਂਡ, ਸਪੇਨ ਅਤੇ ਸਵਿਟਜ਼ਰਲੈਂਡ: ਇਹ ਦੇਸ਼ ਪੰਜਵੇਂ ਸਥਾਨ 'ਤੇ ਹਨ, ਜਿਨ੍ਹਾਂ ਨੂੰ 189 ਦੇਸ਼ਾਂ ਦੀ ਪਹੁੰਚ ਮਿਲਦੀ ਹੈ।

ਬੈਲਜੀਅਮ, ਕੈਨੇਡਾ, ਗ੍ਰੀਸ, ਨਾਰਵੇ ਅਤੇ ਯੂਨਾਈਟਿਡ ਕਿੰਗਡਮ: ਇਹ ਦੇਸ਼ ਛੇਵੇਂ ਸਥਾਨ 'ਤੇ ਹਨ, ਜਿਨ੍ਹਾਂ ਨੂੰ 188 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ ਹੈ।

ਆਸਟ੍ਰੇਲੀਆ ਅਤੇ ਪੁਰਤਗਾਲ: ਸੱਤਵੇਂ ਸਥਾਨ 'ਤੇ, 187 ਦੇਸ਼ਾਂ ਦੀ ਪਹੁੰਚ ਹੈ।

ਹੰਗਰੀ, ਪੋਲੈਂਡ ਅਤੇ ਸੰਯੁਕਤ ਅਰਬ ਅਮੀਰਾਤ: ਅੱਠਵੇਂ ਸਥਾਨ 'ਤੇ, 186 ਦੇਸ਼ਾਂ ਦੀ ਪਹੁੰਚ ਹੈ।

ਮਾਲਟਾ ਅਤੇ ਅਮਰੀਕਾ: ਨੌਵੇਂ ਸਥਾਨ 'ਤੇ, 185 ਦੇਸ਼ਾਂ ਦੀ ਪਹੁੰਚ ਹੈ।

ਚੈੱਕ ਗਣਰਾਜ, ਐਸਟੋਨੀਆ ਅਤੇ ਲਕਸਮਬਰਗ: ਦਸਵੇਂ ਸਥਾਨ 'ਤੇ, 184 ਦੇਸ਼ਾਂ ਦੀ ਪਹੁੰਚ ਹੈ।

ਭਾਰਤ ਨੂੰ ਵੀਜ਼ਾ-ਮੁਕਤ ਯਾਤਰਾ ਦੀ ਸਹੂਲਤ ਦੇਣ ਵਾਲੇ ਦੇਸ਼

ਭਾਰਤੀ ਪਾਸਪੋਰਟ ਧਾਰਕ 59 ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾਂ ਵੀਜ਼ਾ-ਆਨ-ਅਰਾਈਵਲ ਸਹੂਲਤ ਨਾਲ ਯਾਤਰਾ ਕਰ ਸਕਦੇ ਹਨ। ਇਨ੍ਹਾਂ ਵਿੱਚੋਂ ਕੁਝ ਮਹੱਤਵਪੂਰਨ ਦੇਸ਼ ਇਸ ਪ੍ਰਕਾਰ ਹਨ:

ਏਸ਼ੀਆਈ ਦੇਸ਼: ਮਲੇਸ਼ੀਆ, ਇੰਡੋਨੇਸ਼ੀਆ, ਥਾਈਲੈਂਡ, ਮਾਲਦੀਵ, ਸ਼੍ਰੀਲੰਕਾ, ਫ਼ਿਲੀਪੀਨਜ਼, ਮਕਾਊ (ਵੀਜ਼ਾ-ਆਨ-ਅਰਾਈਵਲ), ਮਿਆਂਮਾਰ (ਵੀਜ਼ਾ-ਆਨ-ਅਰਾਈਵਲ)।

ਅਫ਼ਰੀਕੀ ਦੇਸ਼: ਮੌਰੀਸ਼ਸ, ਸੇਸ਼ੇਲਸ, ਮੈਡਾਗਾਸਕਰ, ਕੇਨੀਆ, ਤਨਜ਼ਾਨੀਆ।

ਕੈਰੇਬੀਅਨ ਦੇਸ਼: ਬਾਰਬਾਡੋਸ, ਜਮਾਇਕਾ, ਸੇਂਟ ਵਿੰਸੈਂਟ ਅਤੇ ਗ੍ਰੇਨਾਡੀਨਜ਼।

ਹੋਰ ਦੇਸ਼: ਨੇਪਾਲ, ਭੂਟਾਨ, ਕੰਬੋਡੀਆ, ਵੀਅਤਨਾਮ (ਵੀਜ਼ਾ-ਆਨ-ਅਰਾਈਵਲ), ਲਾਓਸ।

ਸ਼੍ਰੀਲੰਕਾ ਅਤੇ ਫ਼ਿਲੀਪੀਨਜ਼ ਨੇ 2025 ਵਿੱਚ ਭਾਰਤੀਆਂ ਨੂੰ ਵੀਜ਼ਾ-ਮੁਕਤ ਪਹੁੰਚ ਦੀ ਸਹੂਲਤ ਦਿੱਤੀ, ਜੋ ਭਾਰਤ ਦੀ ਰੈਂਕਿੰਗ ਵਿੱਚ ਸੁਧਾਰ ਦਾ ਇੱਕ ਮੁੱਖ ਕਾਰਨ ਹੈ।






### ਕੀ ਲੈਂਡ ਪੂਲਿੰਗ ਨੀਤੀ ਦੇ ਪ੍ਰਤੀਕਰਮ

ਜਿਸ ਵਿੱਚ ਕਿਸਾਨਾਂ ਨੂੰ ਸਿਰਫ਼ 'ਸਿਕਿਊਰਿਟੀ ਗਾਰਡ' ਜਾਂ ਮਜ਼ਦੂਰ ਦੀ ਭੂਮਿਕਾ ਵਿੱਚ ਲਿਆਂਦਾ ਜਾਵੇਗਾ। ਪੰਜਾਬ ਦੀਆਂ ਜ਼ਮੀਨਾਂ 'ਤੇ ਨਿਰਭਰ ਨਾ ਸਿਰਫ਼ ਕਿਸਾਨ, ਸਗੋਂ ਮਜ਼ਦੂਰ, ਛੋਟੇ ਦੁਕਾਨਦਾਰ ਅਤੇ ਹੋਰ ਕਈ ਵਰਗ ਵੀ ਹਨ। ਜ਼ਮੀਨਾਂ ਦੇ ਖੇਤੀ ਵਿੱਚੋਂ ਬਾਹਰ ਜਾਣ ਨਾਲ ਇਨ੍ਹਾਂ ਸਾਰਿਆਂ ਦੀ ਰੋਜ਼ੀ-ਰੋਟੀ 'ਤੇ ਅਸਰ ਪਵੇਗਾ। ਇਸ ਤੋਂ ਇਲਾਵਾ, ਪੰਜਾਬ ਦੀਆਂ ਜ਼ਰਖੇਜ਼ ਜ਼ਮੀਨਾਂ ਨੂੰ ਕਲੋਨੀਆਂ ਵਿੱਚ ਬਦਲਣ ਨਾਲ ਵਾਤਾਵਰਣ ਨੂੰ ਵੀ ਭਾਰੀ ਨੁਕਸਾਨ ਹੋਵੇਗਾ। ਜ਼ਮੀਨਾਂ ਦੀ ਖੇਤੀ ਹਟਾਏ ਜਾਣ ਨਾਲ ਉਤਪਾਦਨ ਘਟੇਗਾ, ਜਿਸ ਨਾਲ ਖੁਰਾਕੀ ਸੁਰੱਖਿਆ 'ਤੇ ਵੀ ਸੰਕਟ ਆ ਸਕਦਾ ਹੈ।

***

### ਮਹਾਨ ਸਿੱਖ ਯੋਧਾ

ਇਸ ਤੋਂ ਬਾਅਦ ਉਹ ਹਿਰਾਸਤ ਵਿੱਚ ਲੈਣ ਵਾਲੇ ਪੁਲਿਸ ਅਧਿਕਾਰੀਆਂ ਨੂੰ ਪੁੱਛਦਾ ਹੈ ਕਿ ਕੀ ਦੂਜਾ ਦੋਸ਼ੀ ਜੈੱਟਲੈਂਡ ਵੀ ਮਾਰਿਆ ਗਿਆ ਹੈ?

ਉਹ ਵੀ ਮੌਤ ਦਾ ਹੱਕਦਾਰ ਸੀ। ਮੈਂ ਉਸ ਉੱਤੇ ਵੀ ਦੋ ਰੌਂਦ ਦਾਗੇ ਸਨ। ਊਧਮ ਸਿੰਘ ਨੇ ਅਦਾਲਤ ਵਿੱਚ ਬਿਆਨ ਦਿੰਦਿਆਂ ਕਿਹਾ ਕਿ ਮੈਂ ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਦਾ ਬਦਲਾ ਲੈ ਲਿਆ ਹੈ। ਮੈਂ ਆਪਣੇ ਦੇਸ਼ ਦੀ ਸ਼ਾਨ ਵਿਰੁੱਧ ਓਡਵਾਇਰ ਦਾ ਘ੍ਰਿਣਾ ਭਰਿਆ ਲੈਕਚਰ ਸਹਾਰ ਨਹੀਂ ਸਕਿਆ। ਮੈਂ ਜੋ ਕੁਝ ਕੀਤਾ ਹੈ ਆਪਣੇ ਲੋਕਾਂ ਲਈ ਕੀਤਾ ਹੈ। ਇਕ ਵਹਿਸ਼ੀ ਨੂੰ ਸੋਧਿਆ ਹੈ। ਊਧਮ ਸਿੰਘ ਇੱਕ ਧਰਮ ਨਿਰਪੱਖ ਅਤੇ ਅਗਾਂਹਵਧੂ ਸੋਚ ਦੇ ਮਾਲਕ ਸਨ। ਜਦੋਂ ਲੰਡਨ ਦੀ ਅਦਾਲਤ ਵੱਲੋਂ ਉਨ੍ਹਾਂ ਨੂੰ ਉਨ੍ਹਾਂ ਦੇ ਨਾਮ ਬਾਰੇ ਪੁੱਛਿਆ ਗਿਆ ਤਾਂ ਊਧਮ ਸਿੰਘ ਨੇ ਆਪਣਾ ਨਾਮ 'ਮੁਹੰਮਦ ਸਿੰਘ ਆਜ਼ਾਦ' ਦੱਸਿਆ ਸੀ। ਦਰਅਸਲ ਊਧਮ ਸਿੰਘ ਦੇ ਅਜਿਹੇ ਨਾਮ ਰੱਖਣ ਦਾ ਮਤਲਬ ਸਮੂਹ ਧਰਮਾਂ, ਜਾਤਾਂ, ਕਬੀਲਿਆਂ ਨੂੰ ਬਰਾਬਰ ਅਤੇ ਇੱਕੋ ਨਜ਼ਰੀਏ ਨਾਲ ਵੇਖਣ ਅਤੇ ਧਰਮ ਨਿਰਪੱਖਤਾ ਦਾ ਪ੍ਰਤੀਕ ਸੀ।

ਓਡਵਾਇਰ ਕਤਲ ਮਾਮਲੇ ਵਿੱਚ ਪਹਿਲੀ ਅਪਰੈਲ 1940 ਨੂੰ ਊਧਮ ਸਿੰਘ ਨੂੰ ਲੰਡਨ ਦੀ ਇੱਕ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਹ ਕਿ 4 ਜੂਨ 1940 ਨੂੰ ਪੇਸ਼ੀ ਸਮੇਂ ਜਦੋਂ ਜੱਜ ਨੇ ਉਸ ਨੂੰ ਮਾਈਕਲ ਓਡਵਾਇਰ ਨੂੰ ਮਾਰਨ ਦਾ ਕਾਰਨ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ ਕਿ, ਉਹ ਸਾਡਾ ਪੁਰਾਣਾ ਦੁਸ਼ਮਣ ਸੀ ਅਤੇ ਉਹ ਇਸ ਸਜ਼ਾ ਦਾ ਹੱਕਦਾਰ ਸੀ। ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 31 ਜੁਲਾਈ 1940 ਨੂੰ ਭਾਰਤ ਦੇ ਇਸ ਮਹਾਨ ਸਪੂਤ ਨੂੰ ਪੈਂਟੋਨਵਿਲੇ ਜੇਲ੍ਹ ਲੰਡਨ ਵਿੱਚ ਫ਼ਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਦੇਹ ਨੂੰ ਜੇਲ੍ਹ ਵਿੱਚ ਹੀ ਦਬਾ ਦਿੱਤਾ ਗਿਆ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਯਤਨਾਂ ਸਦਕਾ 31 ਜੁਲਾਈ 1974 ਨੂੰ ਇੰਗਲੈਂਡ ਨੇ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਨੂੰ ਸੌਂਪੀਆਂ ਅਤੇ ਸਸਕਾਰ ਸੁਨਾਮ ਵਿਖੇ ਕੀਤਾ ਗਿਆ।

***

### ਗੱਲਾਂ ਗੱਲਾਂ ਵਿੱਚ ਰਾਣੀਹਾਰ

ਉਹ ਇਕੱਲਾ ਹੀ ਬਿਨਾਂ ਹਥਿਆਰਾਂ ਤੋਂ ਗੁੰਡਿਆਂ ਦੀ ਧਾੜ ਦਾ 'ਮੁਕਾਬਲਾ' ਕਰਕੇ ਹਰੋਇਨ ਦੀ ਇੱਜ਼ਤ ਨੂੰ ਬਚਾਉਣ ਦੀ ਸਮਰੱਥਾ ਰੱਖਦਾ ਹੈ। ਟੀ.ਵੀ. ਚੈਨਲਾਂ 'ਤੇ ਵੱਖ ਵੱਖ ਵਸਤਾਂ ਦੀ ਇਸ਼ਤਿਹਾਰਬਾਜ਼ੀ ਵੀ ਨਿਰਾ ਝੂਠ ਹੀ ਹੁੰਦੀ ਹੈ। ਝੂਠ ਦੇ ਸਹਾਰੇ ਹੀ ਕੰਪਨੀਆਂ ਲੋਕਾਂ ਨੂੰ ਲੁੱਟੀ ਜਾ ਰਹੀਆਂ ਹਨ।

ਸਿਆਣੇ ਕਹਿੰਦੇ ਹਨ ਕਿ ਬਚਪਨ ਵਿੱਚ ਬੋਲਿਆ ਝੂਠ ਕਿਸੇ ਨੂੰ ਬਹੁਤਾ ਅੱਖਰਦਾ ਨਹੀਂ, ਇਸ ਨੂੰ ਬੱਚੇ ਦੀ ਮਾਸੂਮੀਅਤ ਕਹਿ ਕੇ ਛੱਡ ਦਿੱਤਾ ਜਾਂਦਾ ਹੈ। ਜੁਆਨੀ ਵਿੱਚ ਵੀ ਥੋੜ੍ਹਾ-ਬਹੁਤਾ ਝੂਠ ਹਊ-ਪਰੇ ਕਰ ਦਿੱਤਾ ਜਾਂਦਾ ਹੈ, ਪਰ ਜ਼ਿੰਦਗੀ ਦੇ ਆਖ਼ਰੀ ਪਹਿਰ ਜੇ ਕੋਈ 'ਝੂਠ' ਦਾ ਸਹਾਰਾ ਲਵੇ ਤਾਂ ਉਹ ਕਿਸੇ ਨੂੰ ਘੱਟ ਹੀ ਸੁਖਾਉਂਦਾ ਹੈ।

***

### ਕਾਲੀਆਂ ਘਟਾਵਾਂ ਚੜ੍ਹ

ਸਾਵਣ ਦਾ ਸੌ, ਭਾਦਰੋਂ ਦਾ ਇੱਕ
ਜਿਹੜਾ ਲਾਹ ਦੇਵੇ ਸਿੱਕ
***
ਸਾਵਣ ਦੀ ਝੜੀ, ਕੋਠਾ ਛੱਡੇ ਨਾ ਕੜੀ
***
ਸਾਵਣ ਪੁੱਤਰ ਸਿਆਲ ਦਾ
***
ਸਾਵਣ ਮਾਹੇ ਦਾ ਪੁਰਾ ਉਹ ਵੀ ਬੁਰਾ
ਬੁੱਢੀ ਮੱਝ ਤੇ ਖੁੰਢਾ ਛੁਰਾ ਉਹ ਵੀ ਬੁਰਾ
***
ਸਾਵਣ ਵੱਸੇ ਨਿੱਤ ਨਿੱਤ ਭਾਦਰੋਂ ਦੇ ਦਿਨ ਚਾਰ,
ਅੱਸੂ ਮੰਗੇ ਮੇਘਲਾ ਮੂਰਖ ਜੱਟ ਗਵਾਰ।

ਲੋਕ ਸਿਆਣਪਾਂ ਲੋਕਾਂ ਦੀ ਜੀਵਨ ਜਾਚ, ਨਿੱਜੀ ਤਜਰਬਿਆਂ ਦਾ ਸਮੂਹ ਅਤੇ ਪੈਦਾਇਸ਼ ਹੁੰਦੇ ਹਨ। ਵੱਖ ਵੱਖ ਮਹੀਨਿਆਂ ਦੇ ਖਾਣ ਪਾਣ ਅਤੇ ਦੂਸਰੀਆਂ ਆਦਤਾਂ ਸਬੰਧੀ ਲੋਕ ਤਜਰਬਿਆਂ ਦੇ ਆਧਾਰ 'ਤੇ ਕਾਫ਼ੀ ਕੁਝ ਲੋਕ ਵਿਸ਼ਵਾਸਾਂ ਦਾ ਹਿੱਸਾ ਹਨ। ਇਸ ਦੇ ਪਿੱਛੇ ਵਿਗਿਆਨਕ ਕਾਰਨ ਹਨ। ਸਾਉਣ ਮਹੀਨੇ ਸਬੰਧੀ ਵੀ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਚੇਤੇ ਗੁੜ, ਵੈਸਾਖੇ ਤੇਲ
ਜੇਠੇ ਪੰਧ, ਹਾੜ ਬੇਲ
ਸਾਵਣ ਸਾਗ, ਨਾ ਭਾਦੋਂ ਦਹੀਂ
ਅੱਸੂ ਕਰੇਲਾ, ਨਾ ਕੱਤਕ ਮਹੀ।

ਕੁਝ ਇਸੇ ਤਰ੍ਹਾਂ ਹੀ ਦੂਸਰੀਆਂ ਕੁਝ ਲੋਕ ਸਿਆਣਪਾਂ ਵਿੱਚ ਮਹੀਨਿਆਂ ਸਬੰਧੀ ਕਾਫ਼ੀ ਕੁਝ ਪਿਰੋਇਆ ਮਿਲਦਾ ਹੈ। ਲੰਬੇ ਸਮੇਂ ਦੇ ਤਜਰਬਿਆਂ ਦੇ ਆਧਾਰ 'ਤੇ ਵੱਖ ਵੱਖ ਮਹੀਨਿਆਂ ਦੇ ਮੌਸਮ ਅਨੁਸਾਰ ਕੁਝ ਕੰਮਾਂ ਤੋਂ ਪ੍ਰਹੇਜ਼ ਅਤੇ ਕੁਝ ਕਰਨ ਲਈ ਕਾਫ਼ੀ ਕੁਝ ਇਨ੍ਹਾਂ ਲੋਕ ਸਿਆਣਪਾਂ ਦਾ ਹਿੱਸਾ ਹੈ। ਸਾਉਣ ਸਬੰਧੀ ਵੀ ਲੋਕ ਸਿਆਣਪਾਂ ਵਿੱਚ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ;

ਚੇਤ ਵਿਸਾਖ ਭਵੇਂ, ਜੇਠ ਹਾੜ ਸਵੇਂ।
ਸਾਉਣ ਭਾਦੋਂ ਨਹਾਵੇ, ਅੱਸੂ ਕੱਤੇ ਥੋੜ੍ਹਾ ਖਾਵੇ।
***
ਚੇਤ ਨਿੰਮ, ਵਿਸਾਖ ਭਾਤ।
ਜੇਠ ਹਾੜ ਸਵੇ ਦਿਨ ਰਾਤ।
ਸਾਵਣ ਹਰੜ, ਭਾਦਰੋਂ ਚਿੱਤਰਾ।
ਅੱਸੂ ਗੁੜ ਖਾਵੀਂ ਤੂੰ ਮਿੱਤਰਾ।

ਹੋਰਨਾਂ ਮਹੀਨਿਆਂ ਵਾਂਗ ਇਸ ਮਹੀਨੇ ਸਬੰਧੀ ਵੀ ਕਈ ਲੋਕ ਵਿਸ਼ਵਾਸ ਪ੍ਰਚੱਲਿਤ ਹਨ। ਇੱਕ ਵਿਸ਼ਵਾਸ ਅਨੁਸਾਰ ਇਸ ਮਹੀਨੇ ਘੋੜੀ ਦਾ ਸੂਣਾ ਮਾੜਾ ਮੰਨਿਆ ਜਾਂਦਾ ਰਿਹਾ ਹੈ। ਜੇਕਰ ਕੋਈ ਘੋੜੀ ਇਸ ਮਹੀਨੇ ਸੂਣ ਵਾਲੀ ਹੁੰਦੀ ਤਾਂ ਅਜਿਹੇ ਵਿਸ਼ਵਾਸ ਕਾਰਨ ਉਸ ਨੂੰ ਵੇਚ ਦਿੱਤਾ ਜਾਂਦਾ ਸੀ। ਅਜਿਹਾ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇਕਰ ਜੇਠ ਮਹੀਨੇ ਮੀਂਹ ਪੈ ਜਾਵੇ ਤਾਂ ਸਾਉਣ ਮਹੀਨੇ ਮੀਂਹ ਪੈਣ ਦੀ ਸੰਭਾਵਨਾ ਕਾਫ਼ੀ ਘੱਟ ਹੁੰਦੀ ਹੈ। ਸ਼ਾਇਦ ਅਜਿਹਾ ਹੋਣ ਦਾ ਵਿਗਿਆਨਕ ਕਾਰਨ ਮੌਸਮੀ ਹਵਾਵਾਂ, ਜਿਹੜੀਆਂ ਸਾਉਣ ਮਹੀਨੇ ਦੀਆਂ ਬਰਸਾਤਾਂ ਦਾ ਕਾਰਨ ਹੁੰਦੀਆਂ, ਉਨ੍ਹਾਂ ਲਈ ਅਨੁਕੂਲ ਵਾਤਾਵਰਨ ਪੈਦਾ ਨਾ ਹੋਣਾ ਹੋਵੇ;

ਜੇਠ ਮੀਂਹ ਪਿਆ
ਸਾਵਣ ਸੁੱਕਾ ਗਿਆ।

ਇਸ ਤਰ੍ਹਾਂ ਸਾਲ ਦੇ ਸਾਰੇ ਮਹੀਨਿਆਂ ਵਿੱਚੋਂ ਪ੍ਰਮੁੱਖ ਤੇ ਵਿਲੱਖਣ ਮਹੀਨੇ ਸਾਉਣ ਦਾ ਬਹੁਪੱਖੀ ਮਹੱਤਵ ਅਤੇ ਪਛਾਣ ਹੈ। ਇਸ ਮਹੀਨੇ ਚੜ੍ਹ ਚੜ੍ਹ ਆਉਂਦੀਆਂ ਕਾਲੀਆਂ ਘਟਾਵਾਂ ਜੇਠ-ਹਾੜ ਵਿੱਚ ਤਪਦੀ ਧਰਤੀ ਨੂੰ ਠੰਢਕ ਪਹੁੰਚਾ ਕੇ ਜੀਵ-ਜੰਤੂਆਂ ਨੂੰ ਰਾਹਤ ਪ੍ਰਦਾਨ ਕਰਦੀਆਂ ਹਨ। ਮੌਸਮ ਸੁਹਾਵਣਾ ਹੋਣ ਦੇ ਨਾਲ ਬਨਸਪਤੀ ਨਿੱਖਰਦੀ ਹੈ। ਖੇਤੀਬਾੜੀ ਪ੍ਰਧਾਨ ਖਿੱਤਾ ਹੋਣ ਕਾਰਨ ਖੇਤੀਬਾੜੀ ਲਈ ਇਨ੍ਹਾਂ ਬਰਸਾਤਾਂ ਦਾ ਖ਼ਾਸ ਮਹੱਤਵ ਹੈ। ਇਸ ਮਹੀਨੇ ਪੈਂਦੇ ਮੀਂਹ ਨਾਲ ਫ਼ਸਲਾਂ ਹਰੀਆਂ ਭਰੀਆਂ ਹੁੰਦੀਆਂ ਹਨ ਅਤੇ ਸਾਉਣੀ ਦੀਆਂ ਭਰਪੂਰ ਫ਼ਸਲਾਂ ਪੈਦਾ ਹੋਣ ਦੀ ਸੰਭਾਵਨਾ ਪੈਦਾ ਹੁੰਦੀ ਹੈ। ਇਸ ਦੇ ਉਲਟ ਇਸ ਮਹੀਨੇ ਮੀਂਹ ਨਾ ਪੈਣ ਦਾ ਅਸਰ ਆਰਥਿਕ ਰੂਪ ਵਿੱਚ ਸਪਸ਼ਟ ਵਿਖਾਈ ਦਿੰਦਾ ਹੈ।

***

### ਸਪਸ਼ਟ ਹੋਵੇ ਭਾਰਤ ਦੀ ਸਮੁੱਚੀ

ਭਾਰਤ ਵਿੱਚ ਸਿਰਫ਼ 25 ਫ਼ੀਸਦੀ ਔਰਤਾਂ ਲਗਾਤਾਰ ਆਮਦਨ ਕਮਾਉਣ ਵਾਲਾ ਰੁਜ਼ਗਾਰ ਕਰ ਰਹੀਆਂ ਹਨ ਜਦਕਿ ਉਹ ਦੇਸ਼ ਜਿਨ੍ਹਾਂ ਨੂੰ ਪਿੱਛੇ ਛੱਡ ਕੇ ਭਾਰਤ ਇੰਗਲੈਂਡ, ਕੈਨੇਡਾ, ਆਸਟ੍ਰੇਲੀਆ ਆਦਿ ਤੋਂ ਉੱਪਰ ਆਇਆ ਹੈ, ਉੱਥੇ 92 ਫ਼ੀਸਦੀ ਔਰਤਾਂ ਲਗਾਤਾਰ ਆਮਦਨ ਕਮਾਉਣ ਵਾਲਾ ਕੰਮ ਕਰ ਰਹੀਆਂ ਹਨ।

ਉੱਥੇ ਬੱਚਿਆਂ ਤੇ ਬਜ਼ੁਰਗਾਂ ਦਾ ਖ਼ਿਆਲ ਰੱਖਣ ਵਾਲਾ ਇਕ ਪੂਰਾ ਵਿਭਾਗ ਹੈ ਜਿਸ ਦੀ ਭਾਰਤ ਵਿੱਚ ਲੋੜ ਹੈ ਤੇ ਔਰਤਾਂ ਦਾ ਕੰਮ ਵਿੱਚ ਅਨੁਪਾਤ ਵਧਾਉਣਾ ਬਹੁਤ ਜ਼ਰੂਰੀ ਹੈ। ਭਾਰਤ ਦਾ ਟੈਕਸ ਦੇਣ ਵਾਲਾ ਹਿੱਸਾ ਬਹੁਤ ਹੀ ਛੋਟਾ ਹੈ ਜਿਹਾ ਵਿਕਸਤ ਦੇਸ਼ਾਂ ਤੋਂ 6-7 ਗੁਣਾ ਘੱਟ ਹੈ। ਇਹ ਸਮਾਜਿਕ ਸੁਰੱਖਿਆ ਦੇ ਘੇਰੇ ਨੂੰ ਛੋਟਾ ਕਰ ਦਿੰਦਾ ਹੈ। ਇਸ ਲਈ ਕਾਰਪੋਰੇਟ ਟੈਕਸ ਜਿਹੜਾ ਕਾਂਗਰਸ ਦੀ ਸਰਕਾਰ ਦੇ ਸਮੇਂ 30 ਫ਼ੀਸਦੀ ਸੀ, ਬਾਅਦ ਵਿੱਚ ਉਸ ਨੂੰ ਘਟਾ ਕੇ 25 ਫ਼ੀਸਦੀ ਕੀਤਾ ਗਿਆ।

ਇਸ ਵਿੱਚ ਵਾਧਾ ਕਰਨਾ ਇਸ ਕਰਕੇ ਜ਼ਰੂਰੀ ਹੈ ਕਿ ਇਹੋ ਉਹ ਥੋੜ੍ਹੇ ਲੋਕ ਹਨ ਜਿਹੜੇ ਕਾਰਪੋਰੇਟ ਆਮਦਨ ਵਜੋਂ ਕਈ ਹਜ਼ਾਰ ਕਰੋੜ ਰੁਪਏ ਕਮਾ ਰਹੇ ਹਨ। ਕੈਪੀਟਲ ਗੇਨ ਟੈਕਸ ਪੂੰਜੀ ਦੇ ਮੁੱਲ ਵਿਚ ਹੋਏ ਵਾਧੇ ਦੇ ਟੈਕਸ ਅਤੇ ਆਮਦਨ ਦੇ ਵਧਣ ਨਾਲ ਵੱਧ ਟੈਕਸ ਦਾ ਅਨੁਪਾਤ ਟੈਕਸਾਂ ਦੀ ਆਮਦਨ ਵਿਚ ਵਾਧਾ ਕਰ ਸਕਦਾ ਹੈ। ਦੂਸਰੀ ਤਰਫ਼ ਸਬਸਿਡੀ ਸਿਰਫ਼ ਉਨ੍ਹਾਂ ਕੰਮਾਂ ਲਈ ਹੀ ਦੇਣੀ ਚਾਹੀਦੀ ਹੈ ਜਿਹੜੇ ਉਤਪਾਦਨ ਅਤੇ ਰੁਜ਼ਗਾਰ ਵਧਾਉਂਦੇ ਹਨ। ਬੱਸਾਂ ਵਿੱਚ ਮੁਫ਼ਤ ਸਫ਼ਰ ਵਰਗੀਆਂ ਸਹੂਲਤਾਂ ਸਾਧਨਾਂ ਦੀ ਦੁਰਵਰਤੋਂ ਤੋਂ ਵੱਧ ਕੁਝ ਨਹੀਂ। ਦਿਨ-ਬ-ਦਿਨ ਵਧਦਾ ਪ੍ਰਤੀ ਘਰ ਕਰਜ਼ਾ ਅਤੇ ਘਟਦਾ ਰੁਜ਼ਗਾਰ ਇਸ ਗੱਲ ਦੀ ਕਦੇ ਵੀ ਗਵਾਹੀ ਨਹੀਂ ਦਿੰਦਾ ਕਿ ਉਹ ਵਿਕਸਤ ਦੇਸ਼ਾਂ ਦੇ ਲੋਕਾਂ ਜਿੰਨਾ ਖ਼ੁਸ਼ਹਾਲ ਹੋ ਗਿਆ ਹੈ।

ਦੇਸ਼ ਆਜ਼ਾਦ ਹੋਏ ਨੂੰ ਲੰਬਾ ਸਮਾਂ ਹੋ ਗਿਆ ਹੈ, ਤਾਂ ਵੀ ਵੱਡੀ ਗਿਣਤੀ 'ਚ ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ ਅਤੇ ਇਹ ਫਿਰ ਬਾਲ ਕਿਰਤ ਲਈ ਮਜਬੂਰ ਹੋ ਜਾਂਦੇ ਹਨ। ਦੁਨੀਆ ਵਿਚ ਸਭ ਤੋਂ ਵੱਧ ਬਾਲ ਕਿਰਤੀ ਭਾਰਤ ਵਿੱਚ ਹਨ। ਇਸੇ ਤਰ੍ਹਾਂ ਹੀ ਦੁਨੀਆ ਵਿਚ ਸਭ ਤੋਂ ਵੱਧ ਬੇਰੁਜ਼ਗਾਰੀ ਵੀ ਭਾਰਤ ਵਿੱਚ ਹੈ।

ਜਦੋਂ ਭਾਰਤ ਜਰਮਨੀ ਨੂੰ ਪਿੱਛੇ ਛੱਡ ਕੇ ਤੀਜੇ ਨੰਬਰ ਦੀ ਆਰਥਿਕਤਾ ਬਣ ਜਾਵੇਗਾ ਤਾਂ ਵੀ ਜਰਮਨੀ ਦੇ ਆਮ ਨਾਗਰਿਕਾਂ ਤੇ ਭਾਰਤ ਦੇ ਆਮ ਲੋਕਾਂ 'ਚ ਰਹਿਣ-ਸਹਿਣ ਦਾ ਬਹੁਤ ਵੱਡਾ ਫ਼ਰਕ ਹੋਵੇਗਾ। ਚੀਨ ਦੀ ਆਰਥਿਕਤਾ ਅਮਰੀਕਾ ਤੋਂ ਬਾਅਦ ਦੂਸਰੇ ਨੰਬਰ 'ਤੇ ਹੈ ਪਰ ਚੀਨ ਦੀ ਪ੍ਰਤੀ ਵਿਅਕਤੀ ਆਮਦਨ ਵੀ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਤੋਂ ਚਾਰ ਗੁਣਾ ਜ਼ਿਆਦਾ ਹੈ।

ਇਨ੍ਹਾਂ ਸਾਰੇ ਦੱਸੇ ਗਏ ਤੱਥਾਂ ਨੂੰ ਸਾਹਮਣੇ ਰੱਖ ਕੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਕੁੱਲ ਘਰੇਲੂ ਉਤਪਾਦਨ ਆਰਥਿਕਤਾ ਵਿੱਚ ਭਾਵੇਂ ਉਤਪਾਦਨ ਦਾ ਵਿਖਾਵਾ ਕਰਦਾ ਹੈ ਪਰ ਉਸ ਦਾ ਆਮ ਲੋਕਾਂ ਦੇ ਰਹਿਣ-ਸਹਿਣ ਅਤੇ ਖ਼ਰੀਦ ਸ਼ਕਤੀ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ, ਨਾ ਹੀ ਇਹ ਦੇਸ਼ ਦੀ ਸਮੁੱਚੀ ਖ਼ੁਸ਼ਹਾਲੀ ਦੀ ਤਸਵੀਰ ਸਪਸ਼ਟ ਕਰਦਾ ਹੈ।

***

### ਆਰਥਿਕ ਬਰਾਬਰੀ ਦੇ ਪੱਖ ਤੋਂ

ਜਿਸ ਵਿੱਚ ਮਕਾਨ ਦਾ ਖ਼ਰਚਾ/ਕਿਰਾਇਆ, ਯਾਤਰਾ ਦਾ ਖ਼ਰਚਾ, ਭੋਜਨ, ਸਿੱਖਿਆ, ਸਿਹਤ ਤੇ ਹੋਰ ਖ਼ਪਤ ਸ਼ਾਮਿਲ ਹਨ। ਵਿਸ਼ਵ ਬੈਂਕ ਦੇ ਇਹ ਗ਼ਰੀਬੀ ਦੇ ਪੱਧਰ ਬਹੁਤ ਹੀ ਨੀਵੇਂ ਅਤੇ ਅਸਲੀਅਤ ਤੋਂ ਕੋਹਾਂ ਦੂਰ ਜਾਪਦੇ ਹਨ ਤੇ ਇਨ੍ਹਾਂ ਨੂੰ ਧਰਾਤਲ ਦੀਆਂ ਸਥਿਤੀਆਂ ਮੁਤਾਬਕ ਸੋਧਿਆ ਜਾਣਾ ਚਾਹੀਦਾ ਹੈ ਜਾਂ ਭਾਰਤ ਨੂੰ ਇੱਕ ਪ੍ਰਤੀਨਿਧ ਸਰਵੇਖਣ ਕਰਕੇ ਜ਼ਮੀਨੀ ਹਕੀਕਤਾਂ ਦੇ ਅਨੁਸਾਰ ਸਮੇਂ-ਸਮੇਂ 'ਤੇ ਆਪਣੀ ਗ਼ਰੀਬੀ ਰੇਖਾ ਖ਼ੁਦ ਨਿਰਧਾਰਤ ਕਰਨੀ ਚਾਹੀਦੀ ਹੈ।

2024 'ਚ ਭਾਰਤ ਵਿਸ਼ਵਵਿਆਪੀ ਭੁੱਖ ਸੂਚਕ ਅੰਕ ਵਿੱਚ 127 ਦੇਸ਼ਾਂ 'ਚੋਂ 105ਵੇਂ ਸਥਾਨ 'ਤੇ ਹੈ ਤੇ ਇਹ ਭੁੱਖਮਰੀ ਦੀ ਗੰਭੀਰ ਸ਼੍ਰੇਣੀ 'ਚ ਆਉਂਦਾ ਹੈ। ਇਹ ਦਰਜਾਬੰਦੀ ਬੱਚਿਆਂ 'ਚ ਕੁਪੋਸ਼ਣ, ਵਿਕਾਸ, ਤੰਦਰੁਸਤੀ ਤੇ ਬਾਲ ਮੌਤ ਦਰ ਨਾਲ ਸੰਬੰਧਿਤ ਚੁਣੌਤੀਆਂ ਨੂੰ ਵੀ ਦਰਸਾਉਂਦੀ ਹੈ। ਇਸੇ ਤਰ੍ਹਾਂ ਦੇਸ਼ 'ਚ ਵੱਡੇ ਪੱਧਰ 'ਤੇ ਖੁੱਲ੍ਹੀ ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ ਤੇ ਪੜ੍ਹੇ-ਲਿਖੇ ਨੌਜਵਾਨਾਂ 'ਚ ਉੱਚ ਬੇਰੁਜ਼ਗਾਰੀ ਦਾ ਪ੍ਰਸਾਰ ਅਸਮਾਨਤਾਵਾਂ ਨੂੰ ਘਟਾਉਣ ਅਤੇ ਸਮਾਨਤਾ ਦਾ ਦਾਅਵਾ ਕਰਨ 'ਚ ਮੁੱਖ ਰੁਕਾਵਟਾਂ ਹਨ। ਇਹ ਸਥਿਤੀ ਸਪਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਦੇਸ਼ ਦੀਆਂ ਸਾਰੀਆਂ ਆਰਥਿਕ ਤੇ ਹੋਰ ਸੰਬੰਧਿਤ ਨੀਤੀਆਂ ਨੂੰ, ਭਾਰਤੀ ਸਮਾਜ 'ਚ ਅਣਗੌਲਿਆ, ਵਾਂਝਿਆਂ, ਦੱਬੇ-ਕੁਚਲੇ ਅਤੇ ਗ਼ਰੀਬ ਵਰਗਾਂ ਦੇ ਹੱਕ 'ਚ ਜਲਦੀ ਤੋਂ ਜਲਦੀ ਬਦਲਣ ਦੀ ਲੋੜ ਹੈ, ਤਾਂ ਕਿ ਦੇਸ਼ 'ਚ ਵੱਡੇ ਪੱਧਰ 'ਤੇ ਪਾਈਆਂ ਜਾਂਦੀਆਂ ਤਰ੍ਹਾਂ ਤਰ੍ਹਾਂ ਦੀਆਂ ਨਾਬਰਾਬਰੀਆਂ ਨੂੰ ਘਟਾਇਆ ਜਾ ਸਕੇ ਤੇ ਸਭ ਲੋਕਾਂ ਦਾ ਬਰਾਬਰਤਾ ਦੇ ਆਧਾਰ 'ਤੇ ਵਿਕਾਸ ਸੰਭਵ ਹੋ ਸਕੇ।

***

### ਕਾਂਵੜ ਯਾਤਰਾ ਨੂੰ ਕੌਣ ਬਦਨਾਮ ਕਰ ਰਿਹਾ

ਜਿਸ ਨਾਲ ਮਾਲਕ ਦਾ ਨਾਂ ਪਤਾ ਲੱਗੇ। ਇਸ ਦੇ ਖ਼ਿਲਾਫ਼ ਵੀ ਅਦਾਲਤ ਦਾ ਦਰਵਾਜ਼ਾ ਖੜਕਾਇਆ ਗਿਆ ਹੈ।

ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ, ਯਾਤਰਾ ਦੇ ਰਸਤੇ ਵਿੱਚ ਪੈਂਦੇ ਢਾਬਿਆਂ ਤੇ ਦੁਕਾਨਾਂ ਦੀ ਹਾਲਤ ਇਹ ਹੈ ਕਿ ਮੁਸਲਮਾਨ ਜ਼ਿਆਦਾਤਰ ਆਪਣੀਆਂ ਦੁਕਾਨਾਂ ਬੰਦ ਕਰ ਦਿੰਦੇ ਹਨ ਤੇ ਮੁਸਲਮਾਨ ਕਾਮਿਆਂ ਨੂੰ ਮਹੀਨੇ ਭਰ ਲਈ ਕੰਮ ਛੱਡਣਾ ਪੈਂਦਾ ਹੈ। ਹਿੰਦੂਤਵਵਾਦੀ ਜਥੇਬੰਦੀਆਂ 'ਮੈਂ ਹਿੰਦੂ ਹਾਂ' ਲਿਖੀਆਂ ਝੰਡੀਆਂ ਠੇਲਿਆਂ, ਦੁਕਾਨਾਂ 'ਤੇ ਲਾ ਰਹੀਆਂ ਹਨ। ਇਸ ਨਾਲ ਸਪੱਸ਼ਟ ਵੰਡ ਦਿਖਾਈ ਦਿੰਦੀ ਹੈ। ਇਸ਼ਾਰਾ ਹੈ ਕਿ ਜਿਨ੍ਹਾਂ ਦੁਕਾਨਾਂ 'ਤੇ ਇਹ ਝੰਡੀ ਨਹੀਂ, ਉੱਥੋਂ ਕੁਝ ਨਾ ਖ਼ਰੀਦੋ।

ਇਸ ਕਦਮ ਨੂੰ ਜਾਇਜ਼ ਠਹਿਰਾਉਣ ਲਈ ਕਿਹਾ ਜਾ ਰਿਹਾ ਹੈ ਕਿ ਮੁਸਲਮਾਨ ਵੀ ਹਲਾਲ ਸਰਟੀਫ਼ਿਕੇਟ ਦੇਖ ਕੇ ਸਮਾਨ ਖ਼ਰੀਦਦੇ ਹਨ। ਪਰ ਇਹ ਭੁੱਲ ਜਾਂਦੇ ਹਨ ਕਿ ਮੁਸਲਮਾਨ ਇਹ ਨਹੀਂ ਦੇਖਦੇ ਕਿ ਦੁਕਾਨ ਹਿੰਦੂ ਦੀ ਹੈ ਜਾਂ ਇਸਾਈ ਦੀ। ਉਹ ਸਿਰਫ਼ ਹਲਾਲ ਸਰਟੀਫ਼ਿਕੇਟ ਦੇਖਦੇ ਹਨ। ਪਰ ਅਸਲ ਮਕਸਦ ਸ਼ਾਕਾਹਾਰੀ ਭੋਜਨ ਨਹੀਂ, ਮੁਸਲਮਾਨਾਂ ਦਾ ਆਰਥਿਕ ਬਾਈਕਾਟ ਹੈ।

ਇਸ ਤਰ੍ਹਾਂ ਕਾਂਵੜ ਯਾਤਰਾ ਦਾ ਮਕਸਦ ਹੀ ਬਦਲ ਦਿੱਤਾ ਗਿਆ। ਹੁਣ ਇਸ ਦਾ ਮਕਸਦ ਸ਼ਿਵ ਦਾ ਅਸ਼ੀਰਵਾਦ ਲੈਣਾ ਨਹੀਂ, ਮੁਸਲਮਾਨਾਂ ਨੂੰ ਪਰੇਸ਼ਾਨ ਕਰਨਾ ਹੈ। ਇਸ ਬਹਾਨੇ ਹਿੰਦੂਆਂ ਨੂੰ ਇਹ ਵੀ ਕਿਹਾ ਜਾ ਰਿਹਾ ਹੈ ਕਿ ਸੜਕਾਂ ਉਨ੍ਹਾਂ ਦੀਆਂ ਹਨ, ਜਨਤਕ ਥਾਂਵਾਂ 'ਤੇ ਉਨ੍ਹਾਂ ਦਾ ਕਬਜ਼ਾ ਹੈ, ਤੇ ਉਹ ਜਿਵੇਂ ਚਾਹੁਣ, ਵਿਹਾਰ ਕਰ ਸਕਦੇ ਹਨ।

ਕਾਂਵੜ ਯਾਤਰੀਆਂ ਨੂੰ ਪੂਰੀ ਛੂਟ ਦੇ ਨਾਲ ਮੁਸਲਮਾਨਾਂ 'ਤੇ ਵਧਦੀਆਂ ਪਾਬੰਦੀਆਂ ਨੂੰ ਜੋੜ ਕੇ ਵੇਖੋ। ਮੁਸਲਮਾਨ ਸੜਕ 'ਤੇ ਨਮਾਜ਼ ਨਹੀਂ ਪੜ੍ਹ ਸਕਦੇ, ਬਿਨਾਂ ਕਾਰਨ ਕਿਸੇ ਮੁਸਲਮਾਨ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ, ਮੁਸਲਮਾਨ ਆਪਣੀ ਛੱਤ 'ਤੇ ਵੀ ਸਮੂਹਕ ਨਮਾਜ਼ ਨਹੀਂ ਪੜ੍ਹ ਸਕਦੇ। ਸਰਕਾਰ ਸਾਫ਼ ਕਹਿ ਰਹੀ ਹੈ ਕਿ ਜਨਤਕ ਥਾਂਵਾਂ 'ਤੇ ਹਿੰਦੂਆਂ ਦਾ ਪੂਰਾ ਅਧਿਕਾਰ ਹੈ, ਮੁਸਲਮਾਨਾਂ ਨੂੰ ਆਪਣੀ ਹੱਦ ਵਿੱਚ ਰਹਿਣਾ ਹੋਵੇਗਾ।

ਇਹ ਸਭ ਉੱਤਰ ਪ੍ਰਦੇਸ਼, ਉੱਤਰਾਖੰਡ ਤੇ ਦਿੱਲੀ ਵਿੱਚ ਹੋ ਰਿਹਾ ਹੈ। ਪਰ ਬਿਹਾਰ ਤੇ ਝਾਰਖੰਡ ਵਿੱਚ ਸੁਲਤਾਨਗੰਜ ਤੋਂ ਬੈਦਯਨਾਥ ਧਾਮ ਤੱਕ ਦੀ ਕਾਂਵੜ ਯਾਤਰਾ ਵਿੱਚ ਉਹ ਗੁੰਡਾਗਰਦੀ, ਹਿੰਸਾ ਨਹੀਂ ਵੇਖੀ ਜਾਂਦੀ ਜੋ ਯੂ.ਪੀ., ਉੱਤਰਾਖੰਡ ਜਾਂ ਦਿੱਲੀ ਵਿਚ ਹੈ। ਇੱਥੇ ਮਾਸ ਨੂੰ ਲੈ ਕੇ ਕੋਈ ਬੇਚੈਨੀ ਨਹੀਂ। ਹਾਲ ਹੀ ਵਿੱਚ ਜਨਤਾ ਦਲ (ਯੂ) ਦੇ ਆਗੂ ਲਲਨ ਸਿੰਘ ਨੇ ਭੋਜ ਕਰਵਾਇਆ, ਜਿਸ 'ਚ ਮਾਸ ਵੀ ਪਰੋਸਿਆ ਗਿਆ। ਉਨ੍ਹਾਂ ਕਿਹਾ ਕਿ ਸਾਵਣ ਮੰਨਣ ਵਾਲਿਆਂ ਲਈ ਵੱਖਰਾ ਭੋਜਨ ਸੀ, ਨਾ ਮੰਨਣ ਵਾਲਿਆਂ ਲਈ ਵੱਖਰਾ। ਜ਼ਿਆਦਾਤਰ ਹਿੰਦੂ ਹੀ ਸਨ, ਕਿਸੇ ਨੇ ਇਤਰਾਜ਼ ਨਾ ਕੀਤਾ।

ਇਸ ਦਾ ਮਤਲਬ ਸਾਫ਼ ਹੈ: ਆਮ ਹਿੰਦੂਆਂ ਦਾ ਸੁਭਾਅ ਹਿੰਦੂਤਵਵਾਦੀ ਸ਼ਾਕਾਹਾਰ ਤੇ ਸ਼ਾਕਾਹਾਰੀ ਨਾਲ ਵਿਗੜਿਆ ਨਹੀਂ। ਬੀ.ਜੇ.ਪੀ. ਨੇ ਕੋਸ਼ਿਸ਼ ਨਾ ਕੀਤੀ ਹੋਵੇ, ਅਜਿਹਾ ਨਹੀਂ, ਪਰ ਬਿਹਾਰ ਤੇ ਝਾਰਖੰਡ ਵਿੱਚ ਸਰਕਾਰਾਂ ਨੇ ਇਸ ਮੌਕੇ ਨੂੰ ਸਿਆਸੀ ਨਹੀਂ ਬਣਨ ਦਿੱਤਾ। ਇਸੇ ਕਰਕੇ ਇਨ੍ਹਾਂ ਸੂਬਿਆਂ ਵਿੱਚ ਕਾਂਵੜ ਯਾਤਰਾ 'ਤੇ ਹਿੰਦੂਤਵ ਦਾ ਰੰਗ ਨਹੀਂ ਚੜ੍ਹਿਆ। ਇਹ ਨਾ ਸੋਚੋ ਕਿ ਬਿਹਾਰ, ਝਾਰਖੰਡ ਜਾਂ ਪੰਢਰਪੁਰ ਦੀ ਵਾਰੀ ਯਾਤਰਾ ਇੰਝ ਹੀ ਬਚੀ ਰਹੇਗੀ। ਹਿੰਦੂਆਂ ਦੇ ਹਰ ਧਾਰਮਿਕ ਮੌਕੇ ਨੂੰ ਹਿੰਦੂਤਵਵਾਦੀ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਹੁਣ ਸਰਕਾਰ ਵੀ ਇਸ ਵਿੱਚ ਸ਼ਾਮਲ ਹੋ ਗਈ ਹੈ। ਕੀ ਹਿੰਦੂ ਕਦੇ ਸਮਝ ਪਾਉਣਗੇ ਕਿ ਉਹ ਹੁਣ ਹਿੰਦੂਤਵਵਾਦੀ ਪ੍ਰੋਜੈਕਟ ਦੇ ਹਥਿਆਰ ਬਣ ਕੇ ਰਹਿ ਗਏ ਹਨ?

***

### ਵੱਖ-ਵੱਖ ਰਾਜਾਂ 'ਚ ਮਜ਼ਬੂਤ ਹੋਈਆਂ

ਵਿਰੋਧੀ ਪਾਰਟੀਆਂ ਕੋਲ ਆਪਣੀ ਸੂਬਾਈ ਲੀਡਰਸ਼ਿਪ ਬਹੁਤ ਮਜ਼ਬੂਤ ਹੈ; ਭਾਜਪਾ ਨੇ ਸੂਬਾਈ ਆਗੂ ਛਾਂਗ ਦਿੱਤੇ ਹਨ ਤੇ ਪਾਰਟੀ ਸਿਰਫ਼ ਮੋਦੀ ਜਾਪ ਕਰ ਰਹੀ ਹੈ। ਇਸ ਦੇ ਨਤੀਜੇ ਮੁਲਕ ਅਤੇ ਭਾਜਪਾ, ਦੋਹਾਂ ਲਈ ਵਚਿੱਤਰ ਹੋਣਗੇ।

ਭਾਜਪਾ ਨੇ ਆਪਣੀ ਸਿਆਸਤ ਖ਼ਾਤਿਰ ਅਸਦੂਦੀਨ ਓਵੈਸੀ ਨੂੰ ਤੱਤੇ ਮੁਸਲਿਮ ਲੀਡਰ ਵਜੋਂ ਉਭਾਰਿਆ। ਉਹ ਕਈ ਥਾਈਂ ਵਿਰੋਧੀ ਵੋਟਾਂ ਵੰਡ ਕੇ ਭਾਜਪਾ ਨੂੰ ਜਿਤਾਉਣ ਵਾਲਾ ਹਥਿਆਰ ਬਣ ਗਿਆ ਸੀ। ਪਿਛਲੀ ਬਿਹਾਰ ਸਰਕਾਰ ਇਵੇਂ ਹੀ ਬਣੀ ਸੀ ਲੇਕਿਨ ਮੋਦੀ ਵੱਲੋਂ ਅਪਰੇਸ਼ਨ ਸੰਧੂਰ ਦਾ ਵਿਦੇਸ਼ਾਂ ਵਿੱਚ ਪ੍ਰਚਾਰ ਕਰਨ ਲਈ ਭੇਜੀ ਸੰਸਦ ਮੈਂਬਰਾਂ ਦੀ ਟੀਮ ਵਿੱਚ ਓਵੈਸੀ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨੇ ਉਸ ਨੂੰ ਵੱਡਾ ਦੇਸ਼ਭਗਤ ਮੁਸਲਿਮ ਲੀਡਰ ਬਣਾ ਦਿੱਤਾ ਹੈ। ਖ਼ਬਰਾਂ ਵਾਲੇ ਚੈਨਲ ਵੀ ਓਵੈਸੀ ਦੀਆਂ ਸਿਫ਼ਤਾਂ ਕਰ ਬੈਠੇ। ਹੁਣ ਓਵੈਸੀ ਦੇ 'ਇੰਡੀਆ' ਗਠਜੋੜ ਵਿੱਚ ਸ਼ਾਮਿਲ ਹੋਣ ਦੀ ਸੰਭਾਵਨਾ ਬਣ ਗਈ ਹੈ। ਉਸ ਦੀ ਪਾਰਟੀ ਨੇ ਲਾਲੂ ਯਾਦਵ ਨੂੰ ਚਿੱਠੀ ਲਿਖੀ ਹੈ ਕਿ ਉਹ ਬਿਹਾਰ ਵਿੱਚ ਮਹਾਂ ਗੱਠਜੋੜ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹਨ; ਅੱਗਿਓਂ ਉਨ੍ਹਾਂ ਵੀ ਸਵਾਗਤ ਕੀਤਾ ਹੈ। ਇੰਝ ਭਾਜਪਾ ਨੂੰ ਓਵੈਸੀ ਨੂੰ ਉਭਾਰਨ ਵਾਲਾ ਦਾਅ ਪੁੱਠਾ ਪੈ ਗਿਆ ਹੈ।

11 ਸਾਲ ਦੇ ਰਾਜ ਪਿੱਛੋਂ ਵੀ ਮੋਦੀ ਸਰਕਾਰ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਕਾਰੋਬਾਰੀਆਂ ਦੇ 'ਅੱਛੇ ਦਿਨ' ਆ ਜਾਣ ਦਾ ਦਾਅਵਾ ਨਹੀਂ ਕਰਦੀ। ਮਹਿੰਗਾਈ ਬੇਕਾਬੂ ਹੈ। ਰੁਜ਼ਗਾਰ ਦੇਣ ਵਰਗਾ ਪਰਉਪਕਾਰ ਕਰਨਾ ਤਾਂ ਵਪਾਰੀ ਜਮਾਤ ਦਾ ਮੁੱਢੋਂ ਕਿਰਦਾਰ ਹੀ ਨਹੀਂ। ਆਜ਼ਾਦੀ ਅੰਦੋਲਨ ਦੀ ਵਿਰਾਸਤ ਭੁਲਾਉਣ ਦੀ ਜ਼ੋਰਦਾਰ ਮੁਹਿੰਮ ਚੱਲ ਰਹੀ ਹੈ। ਸਰਕਾਰੀ ਅਦਾਰੇ ਭਾਜਪਾ ਦੇ ਬੇਲੀ ਕਾਰੋਬਾਰੀਆਂ ਨੂੰ ਵੇਚੇ ਜਾ ਰਹੇ ਹਨ। 2014 ਤੱਕ ਭਾਰਤ ਸਿਰ ਕੁੱਲ ਕਰਜ਼ਾ 49 ਲੱਖ ਕਰੋੜ ਸੀ ਜੋ 11 ਸਾਲਾਂ ਵਿੱਚ ਵਧ ਕੇ 197 ਲੱਖ ਕਰੋੜ ਰੁਪਏ ਹੋ ਗਿਆ ਹੈ। ਅਮੀਰ ਕਾਰੋਬਾਰੀਆਂ ਦੇ ਲੱਖਾਂ ਕਰੋੜਾਂ ਦੇ ਕਰਜ਼ੇ ਮੁਆਫ਼ ਕੀਤੇ ਜਾ ਰਹੇ ਹਨ। 85 ਕਰੋੜ ਗਰੀਬ ਭੁੱਖੇ ਲੋਕ ਮੰਗਤਿਆਂ ਵਾਂਗ ਹਰ ਮਹੀਨੇ 5 ਕਿਲੋ ਆਟਾ ਦਾਣਾ ਲੈਣ ਲਈ ਮੂੰਹ ਟੱਡਦੇ ਹਨ ਤੇ ਹਾਕਮ ਅੱਗਿਓਂ ਇਵਜ਼ ਵਿੱਚ ਵੋਟਾਂ ਮੰਗਦਾ। ਇਹ ਨਿਰਾਸ਼ਾਜਨਕ ਹਾਲਾਤ ਹਨ। ਇਸ ਵਿੱਚੋਂ ਭਾਰਤ ਨੂੰ ਕੱਢਣ ਲਈ ਵਿਰੋਧੀ ਪਾਰਟੀਆਂ ਨੂੰ ਬਦਲਵਾਂ ਪ੍ਰੋਗਰਾਮ ਦੇਣਾ ਪਵੇਗਾ ਜੋ ਲੋਕ ਪੱਖੀ, ਰੁਜ਼ਗਾਰ ਮੁਖੀ ਅਤੇ ਭਾਈਚਾਰਕ ਸਾਂਝ ਵਾਲਾ ਹੋਵੇ। ਇਸ ਤਬਦੀਲੀ ਲਈ ਵਿਰੋਧੀ ਪਾਰਟੀਆਂ ਨੂੰ ਵਿਸ਼ਾਲ ਦੇਸ਼ਭਗਤ ਮੋਰਚਾ ਵਿਸ਼ਾਲ ਹਿਰਦੇ ਨਾਲ ਬਣਾਉਣਾ ਪਵੇਗਾ ਤੇ ਸਾਂਝੇਦਾਰੀ ਨਾਲ ਚਲਾਉਣਾ ਵੀ ਹੋਵੇਗਾ। ਆਮ ਲੋਕ ਕਹਿੰਦੇ ਨੇ ਕਿ ਜਦ 'ਵੋਟ ਰੁੱਤ' ਆਈ ਤਾਂ ਪਤਾ ਨਹੀਂ ਉਦੋਂ ਕੀ ਕੁਝ ਹੋ ਜਾਵੇ ਅਤੇ ਲੋਕ ਆਪਣੇ ਰੋਟੀ ਟੁੱਕ ਵਾਲੇ ਮੁੱਦੇ ਭੁੱਲ ਕੇ ਇੱਕ ਦੂਜੇ ਵੱਲ ਘੂਰ-ਘੂਰ ਕੇ ਦੇਖਣ ਲੱਗ ਪੈਣ। ਉਂਝ ਵੀ ਅਗਲਿਆਂ ਨੇ ਵਿਰੋਧੀ ਧਿਰ ਦੀ ਸਿਆਸੀ 'ਸਿਆਣਪ' ਟੋਹ ਕੇ ਦੇਖ ਲਈ ਹੈ। ਅਪਰੇਸ਼ਨ ਸੰਧੂਰ ਮੌਕੇ ਅਤੇ ਮਗਰੋਂ ਦੇਸ਼ ਦੁਨੀਆ ਵਿੱਚ ਜਿਵੇਂ ਮੋਦੀ ਸਰਕਾਰ ਦਾ ਸੋਹਣਾ ਸਾਥ ਦਿੱਤਾ, ਗੁਣਗਾਨ ਕੀਤਾ, ਕੀ ਪਤਾ 2029 ਵਾਲੀ ਅਗਲੀ ਪਾਰਲੀਮੈਂਟ ਚੋਣ ਤੋਂ ਐਨ ਪਹਿਲਾਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਵਿਰੋਧੀ ਪਾਰਟੀਆਂ ਨੂੰ ਇਸ ਤੋਂ ਵੀ ਵੱਡੀ ਕੋਈ 'ਰਾਸ਼ਟਰਵਾਦੀ ਸੇਵਾ' ਦੇਣ ਦੀ ਵਿਸ਼ਵ ਪੱਧਰੀ ਯੋਜਨਾ ਬਣਾ ਲੈਣ।

***

### ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸਥਾਪਿਤ

ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਚੇਅਰ ਉਤੇ ਸਿੱਖ ਧਰਮ ਨੂੰ ਆਧੁਨਿਕ ਦੌਰ ਵਿੱਚ ਸਿਧਾਂਤਕ, ਇਤਿਹਾਸਕ ਪੱਖ ਤੋਂ ਦਰਪੇਸ਼ ਚੁਣੌਤੀਆਂ ਦੇ ਅਕਾਦਮਿਕ ਪੱਧਰ ਉਤੇ ਢੁੱਕਵੇਂ ਹਲ ਤਲਾਸ਼ਣ ਦੇ ਨਾਲ-ਨਾਲ ਸਿੱਖ ਸਰੋਤਾਂ ਦੀ ਪੁਨਰ-ਸਮੀਖਿਆ ਲਈ ਉਪਰਾਲੇ ਕੀਤੇ ਜਾਣਗੇ। ਸਿੱਖ ਧਰਮ ਦੀ ਅਮੀਰ ਧਾਰਮਿਕ ਵਿਰਾਸਤ ਨਾਲ ਨੌਜਵਾਨ ਪੀੜ੍ਹੀ ਨੂੰ ਕਿਵੇਂ ਜੋੜਿਆ ਜਾਵੇ ਇਸ ਮਸਲੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਚੇਅਰ ਵੱਲੋਂ ਇੱਕ ਵਿਸ਼ੇਸ਼ ਲੈਕਚਰ ਲੜੀ ਆਰੰਭ ਕੀਤੀ ਜਾਵੇਗੀ ਜਿਸ ਵਿੱਚ ਸਮੇਂ-ਸਮੇਂ ਪ੍ਰਬੁੱਧ ਸਿੱਖ ਵਿਦਵਾਨਾਂ ਨੂੰ ਬੁਲਾ ਕੇ ਭਖਵੇਂ ਸਿੱਖ ਮੁੱਦਿਆਂ ਬਾਰੇ ਲੈਕਚਰ ਕਰਵਾਏ ਜਾਣਗੇ। ਇਥੇ ਵਰਣਨਯੋਗ ਹੈ ਕਿ ਇਸ ਚੇਅਰ ਦੀ ਸਥਾਪਤੀ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੀ ਅਗਵਾਈ ਵਿੱਚ ਇਹ ਸਮਝੌਤਾ ਜੂਨ ਮਹੀਨੇ ਦੇ ਆਰੰਭ ਵਿੱਚ ਕੀਤਾ ਗਿਆ ਸੀ ਅਤੇ ਵਾਈਸ ਚਾਂਸਲਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਕੁਸ਼ਲਤਾ ਨਾਲ ਕਰਵਾਏ ਗਏ ਕਾਰਜਾਂ ਸਦਕਾ ਜੁਲਾਈ ਦੇ ਮੱਧ ਵਿੱਚ ਇਹ ਚੇਅਰ ਯੂਨੀਵਰਸਿਟੀ ਵਿਖੇ ਸਥਾਪਤ ਕਰ ਦਿੱਤੀ ਗਈ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




ON

jus PUNJABI HD — sling

CREDIBILITY — RELIABILITY

**Minute to Minute Coverage of Punjab Elections**

## Punjabi Super Pack

20 channels for only $25/month on sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com